

## ਸ਼ਮਸ਼ੇਰ ਸਿੰਘ ਸੰਧੂ ਰਚਿਤ ਪੁਸਤਕਾਂ

1. ਗਾ ਜ਼ਿੰਦਗੀ ਦੇ ਗੀਤ ਤੂੰ — ਗ਼ਜ਼ਲ ਸੰਗ੍ਰਹਿ 2003
2. ਜੋਤ ਸਾਹਸ ਦੀ ਜਗਾ — ਕਾਵਿ ਸੰਗ੍ਰਹਿ 2005
3. ਬਣ ਸ਼ੁਆ ਤੂੰ — ਗ਼ਜ਼ਲ ਸੰਗ੍ਰਹਿ 2006
4. ਰੌਸ਼ਨੀ ਦੀ ਭਾਲ — ਗ਼ਜ਼ਲ ਸੰਗ੍ਰਹਿ 2007
5. ਸੁਲਗਦੀ ਲੀਕ — ਗ਼ਜ਼ਲ ਸੰਗ੍ਰਹਿ 2008
6. ਕਸ਼ਮੀਰਾ ਸਿੰਘ ਚਮਨ ਦੀਆਂ ਚੋਣਵੀਂਆਂ ਗ਼ਜ਼ਲਾਂ (ਸੰਪਾਦਨ) 2007

# ਗੀਤ ਤੋਂ ਸੁਲਗਦੀ ਲੀਕ ਤਕ

(ਗ਼ਜ਼ਲ ਸੰਗ੍ਰਹਿ)

*ਪ੍ਰੋ. ਸ਼ਮਸ਼ੇਰ ਸਿੰਘ ਸੰਧੂ*

# Poetry / Punjabi Poetry / Gazal

**© 2009, Author**

# Geet Ton Sulagdi Leek Takk

**(Punjabi Gazals)**

***Shamsher Singh Sandhu M.A;MEd***
***Retired Dy. Director of Public Instructions,***
***Punjab, Chandigarh.***

***213 Santana Mews N.W***
***Calgary, Alberta, Canada. T3K 3N8***
***Phone/Fax: 403-285-5609***
***Cell: 403-613-8887***
**Email : ssandhu37@yahoo.ca**

2009

**Published by Lokgeet Parkashan**
S.C.O. 26-27, Sector 34 A, Chandigarh-160022 India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

Produced and bound in India

**Price: 500 ਰੁਪੈ $ 25**

# ਤਤਕਰਾ


ਸ਼ਮਸ਼ੇਰ ਸਿੰਘ ਸੰਧੂ ਦੀ ਪੰਜਾਬੀ ਗ਼ਜ਼ਲ ਨੂੰ ਦੇਣ– ਕਸ਼ਮੀਰਾ ਸਿੰਘ ਚਮਨ 11


# ਗਾ ਜ਼ਿੰਦਗੀ ਦੇ ਗੀਤ ਤੂੰ


ਦੋ ਸ਼ਬਦ 25
1 ਗਾ ਜ਼ਿੰਦਗੀ ਦੇ ਗੀਤ ਤੂੰ 27
2 ਵੇਖ ਕੈਸੀ ਸੁੰਨ ਸਾਰੇ 28
3 ਮਹਿਕ ਤੇਰੀ ਦੋਸਤੀ ਦੀ 29
4 ਲੈਂਦੇ ਰਹੇ ਹਨੇਰੇ 30
5 ਗੁਜ਼ਰਦੇ ਨਾ ਪਲ ਘੜੀ 31
6 ਨਾਮ ਤੇਰਾ ਲੈ ਰਿਹਾਂ 32
7 ਵੇਖ ਕੈਸਾ ਹੈ ਬਦਰਦਾਂ 33
8 ਜਦ ਵੀ ਕੋਲ ਬੁਲਾਵੇ ਚੰਨ 34
9 ਦੋਸਤੋ ਜਾਦੂ ਭਰੀ ਇਹ 35
10 ਦੋਸ਼ ਲਗਾ ਕੇ ਮੱਥੇ ਮੇਰੇ 36
11 ਨਾ ਕਰਾਂ ਤੇਰੀ ਮੁਹੱਬਤ 37
12 ਤੇਰਾ ਹਰ ਇਕ ਬੋਲ 38
13 ਪਾ ਦਿਲਾ ਤੂੰ ਪ੍ਰੀਤ ਇਕ 39
14 ਤੇਰੇ ਆਵਣ ਦੀ ਖੁਸ਼ੀ 40
15 ਕਾਲੀ ਵੀ ਰੁਸ਼ਨਾਵੇ ਰਾਤ 41
16 ਲਾਲਚੀ ਜਦ ਨਾਲ ਨਜ਼ਰਾਂ 42
17 ਕਿੱਥੇ ਤੁਰ ਗਈ ਨੀਂਦ 43
18 ਆਪੇ ਉਗਾ ਨਾ ਤੋੜੀਂ 44
19 ਸ਼ੌਕ ਨੂੰ ਨਾ ਰੋਕ ਕੋਈ 45
20 ਹੈ ਲੁੱਟ ਖਾਧਾ ਲੀਡਰਾਂ 46
21 ਯਾਰ ਚਾਹੇ ਪਿਆਰ ਦਾ 47
22 ਜਦ ਵੀ ਸਾਡੇ ਘਰ ਦੇ 48
23 ਨਿਹੁ ਦਾ ਦੀਰਘ ਰੋਗ 49
24 ਬੇਰੁਖੀ ਵੀ ਜਾਪਦੀ 50
25 ਹੋ ਗਿਆ ਕੀ ਚਾਨਣੇ ਨੂੰ 51
26 ਤਸੱਵਰ ਦਾਂਝ ਦਾ ਜੇ ਕਰ 52
27 ਮਿਹਨਤਾਂ ਕਰ ਹੋਂਵਦੀ 53
28 ਗੁਰ ਬਲੀ ਗੋਬਿੰਦ 54
29 ਤੇਰੇ ਨਿੱਘ ਤੋਂ ਵਾਂਝੀ 55
30 ਵਿੱਚ ਥਲ ਵੀ ਖਿੜ ਪਵੇ 56
31 ਇਹ ਦੁੱਖਾਂ ਦੇ ਹੰਝੂ 57
32 ਬੇਵਫਾ ਨੇ ਪ੍ਰੀਤ 58
33 ਹੈ ਕਿਹੀ ਇਹ ਦੋਸਤੋ 59
34 ਰੋਜ਼ ਇਹ ਕਾਲੀ ਜਹੀ 60
35 ਮੇਲ ਰੂਹਾਂ ਦੇ ਲਈ ਨੇ 61
36 ਮਾਨ ਹੈ ਗੁਰਦੇਵ ਦਾ 62
37 ਓਦਰੇ ਨੇ ਚਾਅ ਤੁਧ ਬਿਨ 63
38 ਸਦਕੇ ਤੇਰੇ ਮੈਂ ਯਾਰਾ 64
39 ਚਾਹਿ ਆ ਜਾਵੇਂ ਵਟਾਕੇ 65
40 ਹੋਰ ਮੇਰੇ ਸੱਜਨਾ 66
41 ਤਜ ਅਕਲਾਂ 67
42 ਉਹ ਮੁਹੱਬਤ ਵੀ ਭਲਾ 68
43 ਬਸ ਕਰੋ ਹੁਣ ਲੀਡਰੋ 69
44 ਗ਼ਮ ਸਲਾਮਤ ਪਿਆਰ 70
45 ਰੰਗ ਤੇਰੀ ਦੋਸਤੀ ਦਾ 71
46 ਜ਼ਿੰਦਗੀ ਭਰ ਆਸ ਦੇ 72
47 ਗੂੰਜਦੀ ਕੰਨਾਂ ‘ਚ 73
48 ਵੇਖਕੇ ਵੀ ਫੇਰ ਦੀਦੇ 75
49 ਨਫਰਤਾਂ ਦੀ ਕਾਂਗ ਅੱਗੇ 76
50 ਟਹਿਕਦੀ ਸੀ ਵਾਂਗ ਫੁੱਲਾਂ 77
51 ਨਿਕਲ ਤੁਰਦਾ ਹਾਂ ਘਰੋਂ 79
52 ਪਿਆਰ ਤੇਰਾ ਦਿਲ ‘ਚ 80
53 ਹੋ ਚੁਕੇ ਬੇਗੈਰਤੇ ਸਨ 81
54 ਚੰਦ ਨਿੱਕਾ ਵੀਰ 82
55 ਹੈ ਅਨੋਖਾ ਚਲਨ ਯਾਰੋ 83
56 ਉਮਰ ਸਾਰੀ ਤੱਕਿਆ ਹੈ 84
57 ਸਹਿਕਦਾ ਇਤਹਾਸ 85
58 ਸੌਂ ਗਈ ਕਿਰਪਾਨ ਤੇਰੀ 86
59 ਬਣਕੇ ਤਸੱਵਰ ਸਾਂਝ ਦਾ 88
60 ਜ਼ਿੰਦਗੀ ਵਿੱਚ ਆ ਗਿਆ 89
61 ਕਿਉ ਬੁਝਿਆ ਹੈ ਦਿਲ 90
62 ਦੇ ਰਹੇ ਆਵਾਜ਼ 91
63 ਗੀਤ ਗ਼ਜ਼ਲਾਂ ਕਹਿਣ 92
64 ਵੰਡ ਕਿਓਂ ਇਨਸਾਨ ਪਾਵੇ 93
65 ਜਦ ਤਿਰੇ ਤੁਰ ਜਾਣ ਦੀ 94
66 ਵਿਚ ਬੇਬਸੀ ਦੇ ਦੋਸਤੋ 95
67 ਸੁਰ ਜ਼ਰਾ ਕਮਜ਼ੋਰ ਚਾਹੇ 96

68 ਵਹਿਮ ਤੇ ਅਗਿਆਨ 97
69 ਹੌਸਲਾ ਕਰ ਪਾਰ ਕਰ 98
70 ਕਰਨ ਜੋ ਕਰਤੂਤ ਕਾਲੀ 99
71 ਨਜ਼ਰ ਆਵੇਂ ਹਰ ਜਗ੍ਹਾ 100
72 ਨਾਲ ਤੇਰੇ ਸੁਰਗ ਮੇਰਾ 101
73 ਦਿਲ ਨਿਮਾਣਾ ਰੋਜ਼ ਚਾਹੇ 102
74 ਹਰ ਸ਼ਾਮ ਤੈਨੂੰ 'ਡੀਕਦੇ 103
75 ਕੀ ਸਿਲਾ ਇਸ ਜ਼ਿੰਦਗੀ 104
76 ਹੈਂ ਸਦਾ ਪਹਿਚਾਨ 105
77 ਹਰ ਘੜੀ ਹਰ ਰੰਗ ਤੈਨੂੰ 106
78 ਸੱਜਨਾ ਵੇ ਸੱਜਨਾ 107
79 ਸਾਰ ਪਹਿਲਾਂ ਲੈ ਲਵਾਂ 108
80 ਨਾ ਮਿਰੀ ਆਵਾਜ਼ 109
81 ਧਰਮ ਮੇਰਾ 110
82 ਸਦਾ ਉਹ ਕੌਮ ਪਛੜੇ 111
83 ਜੋ ਮੇਰੇ ਜੀਵਨ 'ਚ 112
84 ਪਿਆਰ ਨੂੰ ਆਧਾਰ 113
85 ਹਸਰਤਾਂ ਦੇ ਵਿੱਚ ਵਿਹੜੇ 114
86 ਹੋ ਗਏ ਪਰਧਾਨ ਡਾਲਰ 115
87 ਰੂਹੋਂ ਸੱਖਣੇ ਅਕਲੋਂ ਹੀਣੇ 116
88 ਜਦ ਵਤਨ ਦੀ ਯਾਦ 117
89 ਸਾਥ ਤੇਰਾ ਗੋਰੀਏ 118
90 ਨਜ਼ਰ ਔਂਦਾ ਹੈ ਫਰੰਗੀ 119
91 ਕੌਣ ਰਾਕਸ਼ ਆ 120
92 ਯਾਦ ਤੇਰੀ ਦਾ ਸਵੇਰਾ 121
93 ਯਾਰਾ ਦਿਲੇ ਦੀ ਨਬਜ਼ 122
94 ਖੇਡਿਆ ਸੀ ਪੁੱਤ ਧੀ 123
95 ਕਿਉਂ ਭਲਾ ਹੈ ਇਹ 124
96 ਤੋਰ ਮੁੜਕੇ ਨਾਨਕਾ ਤੂੰ 125
97 ਇਹ ਘੜੀ ਵੀ ਬੀਤ 126
98 ਤਾਰਿਆਂ ਦੀ ਝੋਲ 127
99 ਯਾਦ ਵਤਨਾ ਦੀ ਸਤਾਵੇ 128

# ਜੋਤ ਸਾਹਸ ਦੀ ਜਗਾ

100 ਜੋਤ ਸਾਹਸ ਦੀ ਜਗਾ 131
101 ਫਿਰ ਫ਼ਰੰਗੀ ਕਰ 132
102 ਮਨ ਦਾ ਬੇੜਾ 133
103 ਵੇਖਕੇ ਪਰਤੌਂ ਤਿਰਾ 134
104 ਰੋਜ਼ ਚੜਦੇ ਰੋਜ਼ ਲਹਿੰਦੇ 135
105 ਬਹੁਤ ਸਾਰੇ ਨੇ ਖਡੌਣੇ 136
106 ਵੇਖ ਯਾਰਾ ਆਪ ਘਰ 137
107 ਦੀਵਾ ਸਦਾ ਮੈਂ ਰੱਖਿਆ 138
108 ਹਰ ਬਿਰਹਾ ਦੀ ਰਾਤ 139
109 ਸਜਨਾ ਤੁਧ ਬਿਨ 140
110 ਸੁਪਨਿਆਂ ਵਿਚ ਸੁਪਨ 141
111 ਹਨ ਉਡੀਕਾਂ ਤੇਰੀਆਂ 142
112 ਅੱਗ ਤੇ ਅਸਪਾਤ ਦਾ 143
113 ਰੁੱਸ ਜਾਣਾ ਓਸ ਦਾ 144
114 ਪ੍ਰੇਮ ਝੂਲਾ ਤੂੰ ਝੁਲਾਕੇ 145
115 ਕਰਦਾ ਰਹੇ ਜੋ ਸਾਮਨਾ 146
116 ਸਿਰ ਤੋਂ ਸਾਇਆ ਉਠ 147
117 ਚਾਰ ਦਿਨ ਦੀ ਜ਼ਿੰਦਗੀ 148
118 ਨਾ ਚੈਣ ਏਥੇ ਨਾ ਖੁਸ਼ੀ 149
119 ਘਰ 'ਚ ਅਪਣੇ ਆਖਰੀ 150
120 ਜੋ ਦੇ ਸਕੇ ਨਾ ਹੌਸਲਾ 151
121 ਓਸ ਦਿਲ ਨੂੰ 152
122 ਲੁੱਟ ਕੈਸੀ ਮੱਚਗੀ ਹੈ 153
123 ਸਫ਼ਰ ਤੇ ਜਾਣ ਲੱਗੇ 154
124 ਨਿਸ ਦਿਨ ਵੇਖਾਂ 155
125 ਨਾ ਆਵੇ ਰਾਤ ਯਾਰੋ 156
126 ਜੇ ਅਪਣੇ ਸਾਏ ਤੋਂ ਹੀ 157
127 ਡੁਬ ਡੁਬਾਂਦੇ ਨੈਣ ਮੇਰੇ 158
128 ਸੀਮਤ ਕਰੋ ਨਾ ਅਰਥ 159
129 ਹਰ ਥਾਂ ਹੀ ਦੇਸ਼ਾਂ ਦੀ 160
130 ਤੇਰੇ ਬਿਨ ਤਾਂ 161
131 ਸੂਹੇ ਸਾਵੇ ਰੰਗਾਂ ਨੇ ਹੈ 162
132 ਘਾਣ ਕਰਦੇ ਆ ਰਹੇ ਨੇ 163
133 ਡਿੱਗਿਆ ਹਰਏਕ ਅੱਥਰ 164
134 ਦੂਰ ਸੁਣਾਂ ਜਦ ਬਨਸੀ 165
135 ਰੋਜ਼ ਖਾਓ ਦੋਸਤੋ 166
136 ਇਕ ਸਾਥ ਹੈ ਤਨਹਾਈ 167
137 ਸਮਝਦਾ ਸਾਂ ਜੇਸ ਨੂੰ 168
138 ਹੈ ਭੁਲਾਣੀ ਬਹੁਤ 169
139 ਕਾਲੇ ਬਦਲਾਂ ਦੇ ਜਦ 170

# ਬਣ ਸ਼ੁਆ ਤੂੰ


140 ਬਣ ਸ਼ੁਆ ਤੂੰ 173
141 ਸੋਚਾਂ ਉਸ ਦੀ ਯਾਦ 174
142 ਦੇਖੇ ਕਈ ਨਜ਼ਾਰੇ 175
143 ਦਿਲ ਦੀਆਂ ਸਜਨਾ ਜਾਣੇ 176
144 ਦਿਲ ਮੇਰਾ ਹੈ ਖੁਸਦਾ 177
145 ਮੰਨਿਆਂ ਹੈ ਖ਼ੂਨ ਦਾ 178
146 ਸਰਸਰਾਂਦੇ ਪੱਤਿਆਂ ਤੇ 179
147 ਹਿੱਸੇ 'ਚ ਹਰ ਇਕ 180
148 ਹਰ ਦਰ ਅਤੇ ਦੀਵਾਰ ਤੇ 181
149 ਬਿਨ ਤਿਰੇ ਰੰਗੀਨ ਮੌਸਮ 182
150 ਆਸ ਕਰਨੀ ਪੀ ਲਵਾਂ 183
151 ਚੱਪੂ ਬਣਾਕੇ ਹੱਥ ਤੂੰ 184
152 ਇਹ ਮਸਤ ਬੜੀ 185
153 ਕਾਫਲੇ ਇਹ ਜੁਗਨੁਆਂ 186
154 ਹੋਤ ਚਾਹੇ ਲੈ ਗਏ ਸਨ 187
155 ਡੁਬ ਡੁਬਾਂਦੇ ਨੈਣ 188
156 ਤੇਜ਼ ਹਵਾ ਵਿਚ ਕਦ ਤਕ 189
157 ਹਰ ਘੜੀ ਹੀ ਇਕ ਘੜੀ 190
158 ਹੈ ਅਨੋਖਾ ਚਲਨ ਯਾਰੋ 191
159 ਬਿਜਲੀਆਂ ਨੇ ਕੀ ਜਲਾਨਾ 192
160 ਹਰ ਘੜੀ ਪਲ ਯਾਦ 193
161 ਐ ਮੇਰੇ ਮਹਿਬੂਬ ਤੇਰੀ 194
162 ਬੰਦ ਕਰੋ ਜਦ ਬੂਹਾ ਬਾਰੀ 195
163 ਜ਼ਿੰਦਗੀ ਦੇ ਗੀਤ ਗਾਵਣ 196
164 ਐਸੇ ਵੀ ਨੇ ਮੇਰੇ ਯਾਰ 197
165 ਮਨ ਮੀਤੇ ਤੋਂ ਜਦ ਤਕ 198
166 ਯਾਰਾ ਕਿ ਅੱਖਾਂ ਮੇਰੀਆਂ 199
167 ਆਖਣ ਜੋ ਵੀ ਲੁੱਟ ਦਾ 200
168 ਨਾਮ ਹੈ ਬਦਨਾਮ ਮੇਰਾ 201
169 ਯਾਦ ਅਪਣੀ ਤੂੰ ਪਿਆਰੀ 202
170 ਯਾਦਾਂ ਪਰਿੰਦੇ ਬਣ ਜਿਵੇਂ 203
171 ਦਰਦ ਹੋਵਣਗੇ ਦਵਾ 204
172 ਦੂਰ ਜਾ ਬੇਆਸਰਾ ਤੂੰ 205
173 ਸਰਦੀਆਂ ਨੂੰ ਹੈ ਨਿਤਾਣੀ 206
174 ਪਹਿਚਾਨ ਮੇਰੀ ਨਾਨਕਾ 207
175 ਕਰ ਬਸੇਰਾ ਏਸ ਥਾਂ ਤੇ 208
176 ਨਾ ਸਵੇਰਾ ਨਾ ਦੁਪਹਿਰਾਂ 209
177 ਪੱਥਰ ਬਣਦੇ ਜਾਂਦੇ ਦਿਲ 210
178 ਬਾਬਾ ਕਿਹੇ ਧਰਮਾਂ ਦੇ 211
179 ਲੱਗਦਾ ਕਿੰਨਾ ਲੁਭੌਣਾ 212
180 ਸਾਡੇ ਬੋਲਾਂ ਉੱਤੇ 213
181 ਕਰਕੇ ਬਹਾਨਾ ਸੌਣ ਦਾ 214
182 ਹੈ ਯਤਨ ਤੇ ਇਨਸਾਨ ਨੇ 215
183 ਨਾ ਅਸਰ ਕਰਦਾ ਚੰਨ ਤੇ 216
184 ਓਨਾਂ ਚਿਰ ਤਾਂ ਸਾਰੇ ਮਿੱਤਰ217
185 ਛੇੜਿਆ ਕੀ ਸਿਲਸਲਾ 218
186 ਚਲਦੇ ਫਿਰਦੇ ਸਾਏ ਦੇ ਸੰਗ219
187 ਚੁੱਪ ਕਰਕੇ ਬੈਠ ਜਾਣਾ 220
188 ਸਭਸ ਖੁਸ਼ੀਆਂ ਹੈ ਚੁਰਾਕੇ 221
189 ਕੈਸੀ ਅਦਾ ਹੈ 222
190 ਗੁਰ ਬਲੀ ਗੋਬਿੰਦ 223
191 ਤੱਤੀ ਹਵਾ ਦੇ ਝੋਕਿਆਂ 224
192 ਤੜਪ ਐਸੀ ਲਗਾਈ ਹੈ 225
193 ਜਿਸ ਦੇ ਛੁਹਿਆਂ ਫੁਲ 226
194 ਤਿਰਾ ਆਣਾ ਸਜਨ 227
195 ਵੇਖਣ ਨੂੰ ਤਾਂ ਵੇਖੋ ਯਾਰੋ 228
196 ਬਿਨ ਤਿਰੇ ਮੈਂ 229
197 ਜਦ ਆਸਰਾ ਬਣਾਇਆ 230
198 ਪਕੜ ਸੰਧੂ ਤੂੰ ਡੰਗੋਰੀ 231
199 ਸਾਂਝ ਪਾਕੇ ਨਾਲ ਪੂਰੇ 232
200 ਕਰਦਾ ਰਿਹਾਂ ਹਰ ਬਾਰ 233
201 ਸਚ ਸੂਰਜ ਜਦ 234
202 ਚੜ੍ਹਤ ਮੇਰੇ ਪਿਆਰ ਵਾਲੀ235
203 ਹੋ ਰਹੀ ਹੈ ਅਕਲ ਤੇਰੀ 236
204 ਰੋਟੀ ਕਪੜੇ ਸਭ ਮਸਲੇ 237
205 ਕੈਸੀ ਪਿਆਸ ਮਿਟਾਵਣ 238
206 ਜਦ ਤਕ ਖਿਆਲ ਤੇਰਾ 239
207 ਬਣਕੇ ਸੂਰਜ ਰਾਤ ਮੇਰੀ 240
208 ਵਾਂਗ ਸੀਜ਼ਰ ਦੋਸਤਾਂ ਨੇ 241
209 ਟਿਮਟਿਮਾਕੇ ਨ੍ਹੇਰਿਆਂ ਨੂੰ 242
210 ਹਾਲੇ ਉਡੀਕੇ ਮਹਿੰਦੀਆਂ 243
211 ਦੋਸਤਾਂ ਦੀ ਦੋਸਤੀ ਵੀ 244
212 ਚੁੰਝ ਚਰਚਾ ਹੈ ਬੜੀ 245
213 ਭੀਲਣੀ ਦੇ ਬੇਰ ਰਾਮਾ 246
214 ਵਰ੍ਹ ਰਹੀ ਇਸ ਬਰਫ 247
215 ਆਓ ਸਾਰੇ ਰਲ ਕੇ ਭਾਲੋ 248

216 ਨਾ ਮਿਲਨ ਦਾ ਨਾ ਖੁਸ਼ੀ 249
217 ਨਾ ਕਦੇ ਤੂੰ 250
218 ਨਾਂ ਤੇਰੇ ਦਾ ਚੇਤਾ 251
219 ਇਸ ਬਰੇਤੀ ਧਰਤ ਲੀ 252
220 ਪੈਂਤੜੇ ਕੁਛ ਬਦਲਦੇ ਨੇ 253
221 ਮਹਿਕ ਉਠਿਆ ਧਰਤ 254
222 ਛਾਂਗਿਆ ਹੈ ਪੱਤਿਆਂ 255
223 ਚਮਤਕਾਰੇ ਸੋਚ ਦੇ 256
224 ਯਾਰਾਂ ਆਣ ਵਰ੍ਹਾਈਆਂ 257
225 ਜਾ ਰਿਹਾਂ 258
226 ਯਾਦ ਤੇਰੀ ਦਾ ਪਰਿੰਦਾ 259
227 ਮਹਿਕਾਂ ਬਣ ਬਣ ਛਾਵਣ 260
228 ਜੋ ਰੰਗ ਰੱਤੇ ਤੇਰੇ 261
229 ਤੇਰੇ ਬਿਨ ਨਾ ਕੁਛ ਵੀ 262
230 ਬਲਨ ਬਰੂਹੀਂ ਦੀਪਕ 263
231 ਆਪਣੀਆਂ ਨਾ ਛਾਂਵਾਂ 264
232 ਮੇਲ ਵਿਹੂਣੇ ਪਲ ਛਿਣ 265
233 ਕੀ ਕੰਮ ਸਿਆਸਤ ਆ 266
234 ਹੌਕੇ ਨਾ ਤੂੰ ਜਾਮ ਬਣਾ 267
235 ਆਵੇਂ ਦਿਲ ਚੌੜਾਂ ਕਰਦਾ 268
236 ਰਾਤ ਕਾਲੀ ਵਾਂਗ ਪਸਰੀ 269
237 ਚਲਨ ਐਸਾ ਦੋਸਤੀ ਦਾ 270
238 ਦਰਸ ਵਿਹੂਣਾ ਦੀਦ ਨੂੰ 271
239 ਕੇ ਸੁਪਨਾ ਸੁਪਨਿਆਂ 272
240 ਮਿੱਠੀ ਜੇਕਰ ਗੱਲ ਕਰੇਂਗਾ 273
241 ਥਾਂ ਝਗੜੇ ਪੌਂਦੇ ਫਿਰਦੇ 274
242 ਵਿਚ ਉਡੀਕਾਂ ਸ਼ਾਮੀਂ 275
243 ਖੋਹਕੇ ਚਾਨਣ ਲੈ ਗਈ 276
244 ਇਸ ਚਮਨ ਦਾ ਮੈਂ 277
245 ਯਾਰ ਮੇਰੇ ਫਿਕਰ ਬਹੁਤਾ 278
246 ਫੇਰ ਕਬੂਤਰ ਦਾ ਇਕ 279
247 ਦੋਸਤਾਂ ਦੀ ਦੁਸ਼ਮਨੀ 280
248 ਬਿਨ ਤੇਰੇ ਇਹ ਸੰਮਤ 281
249 ਜਦ ਤੂੰ ਨਹੀਂ 282
250 ਨਾਮ ਤੇਰਾ ਪਾਣੀਆਂ ਤੇ 283
251 ਵੇਖੋਂ ਦਰਸ ਤਿਹਾਈਆਂ 284

# ਰੌਸ਼ਨੀ ਦੀ ਭਾਲ

252 ਥਲ ਜਹੀ ਇਸ 289
253 ਤੇਰੇ ਬਿਨਾ ਹੈ ਜੀਵਣ 290
254 ਆਕੇ ਤੂੰ ਵੇਖ ਯਾਰਾ 291
255 ਦਿਲ ਦੀ ਇਹ ਧਰਤ 292
256 ਹਵਾਓ ਡੁਬ ਗਿਆ 293
257 ਅਜ ਹੈ ਪਿਆਰ 294
258 ਦਰ ਉਦਾਸਾ ਤੇ 295
259 ਹਾਰੇ ਸਦਾ ਹੀ ਲੀਡਰ 296
260 ਜਾਲਮਾਂ ਤੂੰ ਕਤਲਗਾਹਾਂ 297
261 ਕਿਰਨ ਤੇਰੀ ਮੈਂ ਹਾਂ 298
262 ਡੂੰਘਾ ਕੋ ਦਰਦ ਤੇਰੀ 299
263 ਬਸ ਕਰ ਸਜਨਾ 300
264 ਗੁਲਾਬੀ ਗੁਲਾਬੀ 301
265 ਇਸ਼ਕ ਕਰਦਾ 302
266 ਮੈਨੂੰ ਮਿਲਣ ਉਹ 303
267 ਦੀਪਕ ਦੀ ਮੈਂ ਜੂਨ 304
268 ਦੁੱਖਾਂ ‘ਚ ਜਾਨ ਮੇਰੀ 305
269 ਕਰਦ ਉਡੀਕ ਉਹ ਨਾ 306
270 ਲਗਰ ਵਾਂਗੂੰ ਝੂਮਦੀ 307
271 ਗ਼ਮ ਨਾ ਹੁੰਦਾ ਖ਼ਾਰਨੂੰ 308
272 ਨਾਮ ਤੇਰੇ ਤੇ ਮੈਂ ਯਾਰਾ 309
273 ਦੋ ਭਾਈਆਂ ਨੇ ਗੁੱਸੇ 310
274 ਹੈ ਪਾਰ ਜੇ ਤੂੰ ਹੋਣਾ 311
275 ਸ਼ਾਇਰਾਂ ਦੀ ਸ਼ਾਇਰੀ 312
276 ਬੜਾ ਮਾਣ ਰਾਵਣ 313
277 ਸਾਹਾਂ ‘ਚ ਮਹਿਕ 314
278 ਚਾਹਤ ਨੇ ਯਾਰ ਤੇਰੀ 315
279 ਮੁਅਜਜ਼ਾ ਉਸ ਕਰ 316
280 ਖਿੱਚ ਪਾਂਦੇ ਨੇ ਅਜੇਵੀ 317
281 ਪੰਛੀ ਦੇ ਵਾਂਗ ਉਡਦਾ 318
282 ਕਹਿੰਦੇ ਵੀ ਰਹਿਣਾ 319
283 ਜ਼ਖਮਾਂ ਤੇ ਲੂਣ ਛਿੜਕੋ 320

284 ਸ਼ਬੋ ਰੋਜ਼ ਚਰਚਾ ਹੈ 321
285 ਪਰਾਂ ਰਹਿ ਕੇ ਆਵੇਂ 322
286 ਯਾਰ ਮੇਰਾ ਤੁਰ ਗਿਆ 323
287 ਅਜ ਮੇਰੀ ਸਰਕਾਰ 324
288 ਜੀਵਨ ਦੇ ਹਰ ਮੌਸਮ 325
289 ਲਗਦੀ ਇਹ ਚਾਨਣੀ 326
290 ਦਿਨ ਰਾਤ ਅਪਣੀ 327
291 ਕੇਸ ਟਹਿਣੀ ਤੇ 328
292 ਕਾਲ਼ਖ ਹਨੇਰਿਆਂ ਦੀ 329
293 ਕੀਕਣ ਮੈਂ ਯਾਦ ਤੇਰੀ 330
294 ਕਦ ਤਕ ਸੀ ਸਾਥ 331
295 ਕੂ ਕੂ ਕਰਦੀ ਕੋਇਲ 332
296 ਤੇਰਾ ਨਾ ਯਾਰ ਮੈਨੂੰ 333
297 ਆਇਆ ਨਿਰਾਸ ਕੈਸਾ 334
298 ਆ ਗਿਆ ਹੈ ਫੇਰ ਚੇਤੇ 335
299 ਗੁਜ਼ਾਰਾਂ ਗੁਜ਼ਾਰਾਂ ਮੈਂ 336
300 ਹਾਸਿਆਂ ਦੀ ਖਾਨ ਵਿੱਚੋਂ 337
301 ਬਣ ਹਨੂੰ ਤੇ ਅੱਗ ਥਾਂਥਾਂ 338
302 ਸਾਸ ਅਪਣੇਵੀ ਅਮਾਨਤ 340
303 ਯਾਦ ਤਿਰੀ ਦਾ ਹਰਦਮ 341
304 ਭੁਲਾਵਾਂ ਮੈਂ ਤੈਨੂੰ ਬਥੇਰਾ 342
305 ਵਾਰੇ ਨੇ ਪੁੱਤ ਚਾਰੇ 343
306 ਦਰਦਾਂ ਨੇ ਘਰ ਬਣਾਯਾ 344
307 ਦੀਪਕ ਦੇ ਵਾਂਗ ਮੇਰਾ 345
308 ਲੈਣੀ ਖ਼ਬਰ ਹੈ ਬਣਦੀ 346
309 ਸੂਰਜ ਹੈ ਆਣ ਚੜ੍ਹਿਆ 347
310 ਚੰਦਾ ਦੇ ਵਾਂਗ ਰੌਸ਼ਨ 348
311 ਦੇ ਦੀਦ ਤੂੰ ਪਿਆਰੇ 349
312 ਤੇਰੀ ਤਲਬ ਹੈ ਦਿਲ ਨੂੰ 350
313 ਲੱਖਾਂ ਹੁਸੀਨ ਚਿਹਰੇ 351
314 ਮਹਿਕਾਂ ਵਰਗੇ ਪੈਰ ਸੀ 352
315 ਅਜਨਬੀ ਦੇ ਵਾਂਗ ਵੇਖੇ 353
316 ਪਾਲਿਆ ਹੈ ਭਾਈਚਾਰਾ 354
317 ਮਾਨ ਵਧਾਵੇ ਉਸ ਦਾ 355
318 ਜਾਂਦਾ ਹੈ ਯਾਰ ਬੁਝਦਾ 355
319 ਇਹ ਵਿਰਚੇ ਨਾ ਮੈਥੋਂ 357
320 ਫੁੱਲਾਂ ਦੀ ਬਾਲ ਹੋਲੀ 359
321 ਜਦ ਵੀ ਗ਼ਜ਼ਲ ਮੈਂ ਛੇੜੀ 360
322 ਤੇਰੇ ਮੈਂ ਸੰਗ ਯਾਰਾ 361
323 ਬਣਕੇ ਭੌਰਾ ਕਲੀਆਂ 362
324 ਲਗਦੀ ਇਹ ਗੱਲ ਚਾਹੇ 363
325 ਨੈਣਾ ‘ਚ ਯਾਦ ਤੇਰੀ 364
326 ਸੁੱਕੀ ਨਦੀ ਦੇ ਤਟ ਤੇ 365
327 ਮੰਜ਼ਲ ਦੀ ਦੂਰੀ ਵਧ 366
328 ਸ਼ਿਕਵੇ ਗਿਲੇ ਗੁਜ਼ਾਰੀਆਂ 367
329 ਦੱਸੀਂ ਭਲਾ ਮੈਂ ਕੀਤਾ 368
330 ਚਾਨਣ ‘ਚ ਨ੍ਹਾਕੇ ਯਾਰਾ 369
331 ਖਟਖਟਾਵੇ ਜਦ ਹਵਾ 370
332 ਲੱਖਾਂ ਹੀ ਪਾਣ ਗੁੰਝਲ 371
333 ਹਰ ਕੋ ਜਾਣਾ ਲੋੜੇ 372
334 ਨ੍ਹੇਰੇ ਉਹ ਰਸਤਿਆਂ ਤੇ 373
335 ਸੋਚੋ ਜ਼ਰੂਰ ਬਹਿਕੇ 374
336 ਫਿਰ ਸਿਆਸਤ ਖ਼ੂਨ 375
337 ਤੇਰਾ ਚਕੋਰ ਬਣ ਕੇ 376
338 ਕਿਹੜੀ ਹੈ ਗੱਲ ਯਾਰਾ 377
339 ਹੱਥਾਂ ‘ਚ ਸਭ ਜਹਾਨ ਦੀ 378

# ਸੁਲਗਦੀ ਲੀਕ

**340** ਪੈਰ ਨੰਗੇ ਬਿਖਮ ਰਸਤਾ 381
**341** ਨ੍ਹੇਰੀ ਤੁਫਾਨ ਵਾਲੀ 382
**342** ਮੈਂ ਜ਼ਿੰਦਗੀ ਚੋਂ ਕਿਸਤਰ੍ਹਾਂ 383
**343** ਗਲੀਆਂ ਉਦਾਸ ਹੋਈਆਂ 384
**344** ਬੜਾ ਜ਼ੋਰ ਨ੍ਹੇਰੇ ਨੇ 385
**345** ਰਹਿੰਦਾ ਹੈ ਯਾਰ 386
**346** ਦੇਖੋ ਨਾ ਡੁੱਬ ਜਾਏ 387
**347** ਔਂਦੇ ਖ਼ਿਆਲ ਤੇਰੇ 388
**348** ਜਦੋਂ ਆਣ ਛੋਹੇਂ ਤੂੰ 389
**349** ਕਰੋ ਕੋਈ ਚਾਰਾ 390
**350** ਬਣਿਆਂ ਲਠੈਤ ਅੱਗੇ 391
**351** ਅਪਣੇ ਲਹੂ ਦੀ ਲਾਟ ਨੂੰ 392
**352** ਨਾ ਅਪਣਾ ਬਗਾਨਾ 393
**353** ਬੰਦਗੀ ਦਾ ਮੁੱਲ ਪਾਣਾ 394
**354** ਬੇਕਸ ਖਿਆਲ ਮੇਰੇ 395
**355** ਰਾਂਝੇ ਦਾ ਇਕ ਰਿਸ਼ਤਾ 396
**356** ਦਿਲ ਨੇ ਜਦੋਂ ਦੀ ਕੀਤੀ 397
**357** ਤੇਰੀ ਅਦਾ ਦੇ ਸਦਕੇ 398

**358** ਤੇਰੇ ਪਿਆਰ ਦੀ ਹੈ 399
**359** ਬਿਸਮਿਲ ਦਾ ਰਕਸ ਵੇਖੇਂ 400
**360** ਕੈਸਾ ਪਿਆਰ ਤੇਰਾ 401
**361** ਕੀਤਾ ਹੈ ਆਣ ਜਦ ਤੂੰ 402
**362** ਥਰਕੇ ਤੇ ਥਰ ਥਰਾਵੇ 403
**363** ਧੀਆਂ ਤੇ ਪੁੱਤ ਦੋਵੇਂ 404
**364** ਭੌਰਾ ਜਿਵੇਂ ਹੈ ਭੌਂਦਾ 405
**365** ਤੇਰੀ ਨਜ਼ਰ ਤੋਂ ਪੀਕੇ 406
**366** ਬਿਸਮਿਲ ਦੇ ਵਾਂਗ ਤੜਪਾਂ 407
**367** ਸਾਹਾਂ 'ਚ ਤੂੰ ਕਥੂਰੀ 408
**368** ਘਰ ਵੀ ਪਿਆਰ ਨਾਹੀਂ 409
**369** ਥਾਂ ਥਾਂ ਪਈ ਰੁਲਾਵੇ 410
**370** ਆਸਾਂ ਦੇ ਦੀਪ ਯਾਰਾ 411
**371** ਹਰਗਿਜ਼ ਨਾ ਲੈਕੇ ਜਾਣਾ 412
**372** ਤਕ ਆਸਮਾਨ ਹਸਿਆ 413
**373** ਜਿਸ ਰਾਹ ਦੀ ਨਾ ਮੈਨੂੰ 414
**374** ਖ਼ੁਸ਼ਬੂ ਖੇੜੇ ਮਸਤ ਹਵਾਵਾਂ 415
**375** ਕੀਕਣ ਕਰਾਰ ਆਵੇ 416
**376** ਕਾਲੀ ਇਹ ਰਾਤ ਗ਼ਮਦੀ 417
**377** ਬਣ ਲੀਕ ਰੌਸ਼ਨੀ ਦੀ 418
**378** ਕਾਤਿਲ 'ਚ ਯਾਰ ਮੇਰੇ 419
**379** ਖਿੜਿਆ ਹੈ ਆ ਤਦੋਂ ਦਾ 420
**380** ਬੀਤੇਗਾ ਹੋਰ ਇਕ ਦਿਨ 421
**381** ਸ਼ਬਨਮ ਦੀ ਪੀਕੇ ਮਦਰਾ 422
**382** ਜਾਨੇ ਬਹਾਰ ਆ ਜਾ 423
**383** ਆਈ ਉਹ ਬਣਕੇ ਬਦਲੀ 424
**384** ਮਸਤੀ ਜੋ ਨੈਣ ਤੇਰੇ 425
**385** ਤੇਰਾ ਜਿਵੇਂ ਹੈ ਰਹਿੰਦਾ 426
**386** ਤੂੰ ਹੀ ਤੇ ਪਾਰ ਲੌਣੈ 427
**387** ਮਰਿਆ ਨਹੀਂ ਮੈਂ ਚਾਹੇ 428
**388** ਮੁਸ਼ਕਲ ਜੁਦਾਈ ਪਲ ਦੀ 429
**389** ਮੈਨੂੰ ਤੇ ਰੱਬ ਦਿਸਦਾ 430
**390** ਜੋ ਕਹਿਣੀ ਤੇ ਕਰਨੀ 431
**391** ਬੇਖ਼ੁਦ ਤੇ ਬੇਖ਼ਿਆਲਾ 432
**392** ਕਿਰਨਾ ਦੇ ਵਾਂਗ ਨੱਚੇ 433
**393** ਧਰਤੀ ਹੈ ਕੰਬ ਜਾਂਦੀ 434
**394** ਕੀਕਣ ਦੱਸਾਂ ਤੈਨੂੰ ਯਾਰਾ 435
**395** ਪੱਤੇ ਜਿਵੇਂ ਨੇ ਨਚਦੇ 436
**396** ਜੰਗਾਂ ਗਲੀ ਗਲੀ ਹੁਣ 437
**397** ਮੇਲੇ ਤਾਂ ਦੀਵਿਆਂ ਦੇ 438
**398** ਬਣ ਵੇਲ ਆਕੇ ਲਿਪਟੇਂ 439
**399** ਸਜਨਾ ਦੇ ਨਾਲ ਸੁਹਣੇ 440
**400** ਜਿਸ ਦੀ ਉਡੀਕ ਮੈਨੂੰ 441
**401** ਬੁਰਦਾਂ ਮੈਂ ਲਾ ਲੀਆਂ ਨੇ 442
**402** ਵਕਤ ਕੈਸੀ ਕਰ ਲਈ ਹੈ 443
**403** ਮੈਂ ਉਡੀਕਾਂ ਨੀਂਦ ਆਵੇ 444
**404** ਫਿਰ ਯਾਰ ਓਝਲ ਹੋ ਗਿਆ 445
**405** ਖਾਧੀ ਸੀ ਜੋ ਕਸਮ ਤੂੰ 446
**406** ਮੋਮ ਬੱਤੀ ਵਾਂਗ ਮੇਰੀ 447
**407** ਦੱਸਾਂ ਕੀ ਹਾਲ ਤੈਨੂੰ 448
**408** ਲਖ ਲਖ ਸਲਾਮ ਕਰਦੇ 449
**409** ਤੇਰਿਆਂ ਹੀ ਝੋਰਿਆਂ ਵਿਚ 450
**410** ਆਵੀਂ ਤੂੰ ਯਾਰ ਮੇਰੇ 451
**411** ਮਨਫੀ ਦਿਨਾਂ ਨੂੰ ਗਿਣ ਗਿਣ 452
**412** ਸ਼ਾਇਰ ਜੋ ਸਾਂਭ ਲਫਜ਼ੀਂ 453
**413** ਦੀਵਾਨਗੀ ਦਾ ਪੱਲਾ 454
**414** ਬਹਿੰਦਾ ਹੈ ਆਣ ਬੂਹੇ 455
**415** ਲਿਖੀਆਂ ਹਜ਼ਾਰ ਗ਼ਜ਼ਲਾਂ 456
**416** ਸੋਚਦੇ ਹੀ ਰਹਿ ਗਏ 457
**417** ਫਿਰ ਯਾਦਾਂ ਦੀ ਵਛੜ 458
**418** ਤੜਪਦੀ ਆਵਾਜ਼ ਮੇਰੀ 459
**419** ਪੀੜ ਵਿਲਕੇ ਚਸਕ ਬਣਕੇ 460
**420** ਪਾਈ ਹਰੇਕ ਮੰਜ਼ਲ 461
**421** ਨ੍ਹੇਰਿਆਂ ਨੂੰ ਹਰ ਜਗ੍ਹਾ ਤੋਂ 462
**422** ਸ਼ਾਮ ਦੀ ਝੋਲੀ 'ਚ ਪਾਕੇ 463
**423** ਗੰਗਾ ਜਲ ਤੇ ਆਬੇ ਜ਼ਮਜ਼ਮ 464

# ਸ਼ਮਸ਼ੇਰ ਸਿੰਘ ਸੰਧੂ ਦੀ ਪੰਜਾਬੀ .ਗਜ਼ਲ ਨੂੰ ਦੇਣ

ਸ਼ਮਸ਼ੇਰ ਸਿੰਘ ਸੰਧੂ ਨੇ ਆਪਣਾ ਪਹਿਲਾ .ਗਜ਼ਲ ਸੰਗ੍ਰਹਿ 'ਗਾ ਜ਼ਿੰਦਗੀ ਦੇ ਗੀਤ ਤੂੰ' ਆਪਣੀ ਉਮਰ ਦੇ 66ਵੇਂ ਸਾਲ ਵਿੱਚ ਕੈਲਗਰੀ ਵਿਖੇ ਮਾਰਚ 2003 ਵਿੱਚ ਛਪਵਾ ਕੇ ਪਾਠਕਾਂ ਦੀ ਝੋਲੀ ਪਾਕੇ ਇਕ ਅਚੰਭਾ ਕਰ ਵਖਾਇਆ ਸੀ। ਜਿੱਥੇ ਇਹ ਸੰਧੂ ਦੀ ਪਹਿਲੀ ਰਚਨਾ ਸੀ ਓਥੇ ਕੈਲਗਰੀ ਵਿੱਚ ਛਪਣ ਵਾਲੀ ਪੰਜਾਬੀ ਦੀ ਵੀ ਪਹਿਲੀ ਕਿਤਾਬ ਸੀ। 'ਗਾ ਜ਼ਿੰਦਗੀ ਦੇ ਗੀਤ ਤੂੰ' .ਗਜ਼ਲ ਸੰਗ੍ਰਹਿ ਵਿੱਚ 99 .ਗਜ਼ਲਾਂ ਹਨ। ਜਿੱਥੇ ਇਸ ਸੰਗ੍ਰਹਿ ਦਾ ਨਾਮ ਬੜਾ ਸੰਕੇਤਕ ਹੈ ਓਥੇ 99 .ਗਜ਼ਲਾਂ ਦੀ ਗਿਣਤੀ ਵੀ ਬੜੀ ਸੰਕੇਤਕ ਹੈ।

99 ਦੇ ਨਾ ਪੂਰੇ ਹੋਣ ਵਾਲੇ ਚੱਕਰ ਦਾ ਸਬੂਤ ਦੇਂਦਿਆਂ ਸੰਧੂ ਨੇ 2005 ਵਿੱਚ ਆਪਣਾ ਦੂਜਾ ਨਵਾਂ ਕਾਵਿ ਸੰਗ੍ਰਹਿ 'ਜੋਤ ਸਾਹਸ ਦੀ ਜਗਾ' ਪੰਜਾਬੀ ਸਾਹਿਤ ਦੀ ਝੋਲੀ ਪਾਇਆ। ਇਹ ਪੁਸਤਕ ਵੀ ਕੈਲਗਰੀ ਵਿੱਚ ਹੀ ਛਪੀ ਸੀ। 'ਜੋਤ ਸਾਹਸ ਦੀ ਜਗਾ' ਕਾਵਿ ਸੰਗ੍ਰਹਿ ਵਿੱਚ 40 .ਗਜ਼ਲਾਂ, 10 ਗੀਤ ਅਤੇ 29 ਕਵਿਤਾਵਾਂ ਸਨ। 2006 ਵਿੱਚ 112 .ਗਜ਼ਲਾਂ ਤੇ ਅਧਾਰਿਤ 'ਬਣ ਸ਼ੁਆ ਤੂੰ' .ਗਜ਼ਲ ਸੰਗ੍ਰਹਿ ਅਤੇ 2007 ਵਿੱਚ 88 .ਗਜ਼ਲਾਂ ਤੇ ਅਧਾਰਿਤ 'ਰੌਸ਼ਨੀ ਦੀ ਭਾਲ' .ਗਜ਼ਲ ਸੰਗ੍ਰਹਿ ਕੈਲਗਰੀ ਵਿੱਚ ਹੀ ਛਪੇ ਹਨ। 2008 ਵਿੱਚ ਛਪਿਆ .ਗਜ਼ਲ ਸੰਗ੍ਰਹਿ 'ਸੁਲਗਦੀ ਲੀਕ' ਉਸ ਦੀ ਪੰਜਵੀਂ ਕਾਵਿ ਪੁਸਤਕ ਹੈ। ਜਿਸ ਲਗਨ ਨਾਲ ਸੰਧੂ ਹੋਰਾਂ 65 ਸਾਲ ਦੀ ਉਮਰ ਵਿੱਚ .ਗਜ਼ਲ ਰਚਨਾ ਦੇ ਖੇਤਰ ਵਿੱਚ ਪੈਰ ਧਰਿਆ ਤੇ ਪ੍ਰਾਪਤੀਆਂ ਕੀਤੀਆਂ ਉਸ ਦੀ ਭਰਪੂਰ ਦਾਦ ਦੇਣੀ ਬਣਦੀ ਹੈ।

ਸ. ਸ਼ਮਸ਼ੇਰ ਸਿੰਘ ਸੰਧੂ ਨੂੰ, ਆਪਣੇ ਪਿਤਾ ਸ. ਮੋਹਨ ਸਿੰਘ ਸੰਧੂ ਦੇ ਜਮਾਤੀ ਤੇ ਦੋਸਤ, ਪੰਜਾਬੀ ਦੇ ਮਹਾਨ ਸਾਹਿਤਕਾਰ ਸੋਹਣ ਸਿੰਘ ਸੀਤਲ ਦਾ ਦਾਮਾਦ ਹੋਣ ਦਾ ਸ਼ਰਫ ਹਾਸਲ ਹੈ। ਸੰਧੂ ਹੋਰੀਂ 1995 ਵਿੱਚ ਚੰਡੀਗੜ੍ਹ ਤੋਂ ਡਿਪਟੀ ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਪੀ.ਈ.ਐਸ (1) ਦੇ ਉਚ ਉਹਦੇ ਤੋਂ ਰੀਟਾਇਰ ਹੋਕੇ 1997 ਵਿੱਚ ਪੱਕੇ ਤੌਰ ਤੇ ਆਪਣੇ ਬੇਟੇ ਹਰਪ੍ਰੀਤ ਸਿੰਘ ਸੰਧੂ ਕੋਲ ਕੈਲਗਰੀ, ਕੈਨੇਡਾ ਆ ਵੱਸੇ ਸਨ। ਉਨ੍ਹਾਂ ਦੇ ਪਿਤਾ ਜੀ ਸ. ਮੋਹਨ ਸਿੰਘ ਸੰਧੂ 92 ਸਾਲ ਦੀ ਆਯੂ ਭੋਗਕੇ, 26 ਜਨਵਰੀ 2004 ਨੂੰ ਗੁਜ਼ਰ ਗਏ। ਸ. ਸੋਹਣ ਸਿੰਘ ਸੀਤਲ ਦੀ ਪੰਜਾਬੀ ਸਾਹਿਤ ਨੂੰ ਅਮੁੱਲ ਦੇਣ ਹੈ। ਉਹ 28 ਸਤੰਬਰ 1998 ਨੂੰ 89 ਸਾਲ ਦੀ ਉਮਰ ਭੋਗਕੇ ਸਾਨੂੰ ਸਦੀਵੀ ਵਛੋੜਾ ਦੇ ਗਏ ਸਨ। ਉਨ੍ਹਾਂ ਦੇ ਮਸ਼ਹੂਰ ਨਾਵਲ 'ਜੁਗ ਬਦਲ ਗਿਆ' ਤੇ ਉਨ੍ਹਾਂ ਨੂੰ ਸਾਹਿਤ ਅਕੈਡੀ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਦੀਆਂ ਢਾਡੀ ਵਾਰਾਂ ਸਦੀਆਂ ਤਕ ਢਾਡੀ ਗਾਉਂਦੇ ਰਹਿਣਗੇ। ਉਨ੍ਹਾਂ ਦਾ ਨਾਵਲ 'ਤੂਤਾਂ ਵਾਲਾ ਖੂਹ' ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵੱਲੋਂ ਕਰੀਬਨ ਵੀਹ ਸਾਲ ਨਾਂਵੀਂ ਦਸਵੀਂ ਦੇ ਕੋਰਸ ਵਿੱਚ ਲੱਗਾ ਰਿਹਾ।

ਸੰਧੂ ਨੂੰ ਸ਼ਾਇਰ ਬਣਾਉਣ ਵਿੱਚ ਸ. ਸੋਹਣ ਸਿੰਘ ਸੀਤਲ ਤੇ ਹੋਰ ਪੰਜਾਬੀ ਕਵੀਆਂ ਤੇ ਸਾਹਿਤਕਾਰਾਂ ਦੀਆਂ ਲਿਖਤਾਂ ਦੇ ਨਾਲ ਨਾਲ ਬੀਬੀ ਮੁਹਿੰਦਰ ਕੌਰ

ਦੇ ਪਿਆਰ ਦਾ ਵੀ ਵੱਡਾ ਯੋਗਦਾਨ ਹੈ। ਉਹਨਾਂ ਦਾ ਪਿਆਰ ਪਰਵਾਨ ਚੜ੍ਹਿਆ ਤੇ 3 ਦਸੰਬਰ 1960 ਨੂੰ ਉਨ੍ਹਾਂ ਦੀ ਸ਼ਾਦੀ ਹੋ ਗਈ। ਸੰਧੂ ਹੁਰਾਂ ਦਾ ਕਥਨ ਹੈ ਕਿ 'ਕਵਿਤਾ ਲਿਖਣ ਦਾ ਸ਼ੌਕ ਮੈਨੂੰ 1954 ਤੋਂ ਹੀ ਸੀ। ਮੁਹਿੰਦਰ ਦੇ ਪਿਆਰ ਨੇ ਆਪ ਮੁਹਾਰੇ ਮੈਨੂੰ ਕਵਿਤਾ ਲਿਖਣੀ ਸਿਖਾ ਦਿੱਤੀ ਸੀ'।

ਪਿਆਰ ਤਿਰੇ ਇਉ ਰਾਹਾਂ ਨੂੰ ਰੁਸ਼ਨਾਇਆ ਹੈ
ਚਾਨਣ ਦਾ ਇਕ ਦਰਿਆ ਜੀਕਣ ਵਗਦਾ ਹੈ। .........ਅਤੇ
ਹੈ ਪਿਆਰ ਤੇਰੇ ਤੇ ਸਦਾ, ਇਕ ਮਾਨ ਹੀ ਅਜੀਬ
ਲਾਇਆ ਕਿਨਾਰੇ ਆਪ ਤੂੰ, ਮੈਨੂੰ ਨਸੀਬ ਵਾਂਗ।

ਸੁਜੱਗ ਚੇਤਨਾ ਵਾਲੇ ਮਨੁੱਖ ਦੀ ਸੋਚ ਤੇ ਪਰਵਾਜ਼, ਉਮਰ ਵੱਡੀ ਹੋਣ ਨਾਲ ਕਮਜ਼ੋਰ ਨਹੀਂ ਹੁੰਦੀ। ਢਲੀ ਉਮਰਾ ਦੇ ਬਾਵਜੂਦ ਚੇਤਨਾ ਦੇ ਖੰਭ ਲਾਈ ਸੰਧੂ ਨ੍ਹੇਰਿਆ ਨੂੰ ਸੁਬਹ ਦੀ ਲਾਲੀ ਬਣਕੇ ਚੀਰਦਾ ਹੈ।

ਚਾਹਿ ਉਮਰਾ ਢਲ ਗਈ ਤੇ ਵਕਤ ਪੀਰੀ ਆ ਗਿਆ
ਪਰ ਖਿਆਲਾਂ ਦੀ ਉਡਾਰੀ ਹੈ ਅਜੇ ਵੀ ਬਾਜ਼ ਦੀ। .........ਅਤੇ
ਵਾਂਗੂੰ ਹਵਾ ਦੇ ਉੱਡਾਂ ਲਾ ਖੰਭ ਚੇਤਨਾ ਦੇ
ਨ੍ਹੇਰਾ ਮਿਟਾਕੇ ਆਵੇ ਜੀਕਣ ਸੁਬਹ ਦੀ ਲਾਲੀ।

ਸੰਧੂ ਹੁਰੀਂ ਗੌਰਮਿੰਟ ਕਾਲਜ ਲੁਧਿਆਣੇ ਤੋਂ ਐਮ. ਏ. ਕਰਦਿਆਂ 1956-57 ਵਿੱਚ ਕਾਲਜ ਮੈਗਜ਼ੀਨ 'ਸਤਲੁਜ' ਦੇ ਐਡੀਟਰ ਰਹੇ ਤੇ ਫੇਰ 1957-58 ਵਿੱਚ ਮਾਲਵਾ ਟ੍ਰੇਨਿੰਗ ਕਾਲਜ ਲੁਧਿਆਣਾ ਤੋਂ ਬੀ.ਟੀ. ਕਰਦਿਆਂ ਕਾਲਜ ਮੈਗਜ਼ੀਨ 'ਮਾਲਵਾ' ਦੇ ਐਡੀਟਰ ਵੀ ਰਹੇ।

ਆਨੰਦ ਨਾਲ ਭੋਗੀ ਜਵਾਨੀ ਤੇ ਲੰਮਾਂ ਸਮਾਂ ਕੀਤੀ ਅਫਸਰੀ ਤੋਂ ਰੀਟਾਇਰ ਹੋਕੇ ਆਪਣੇ ਸੁੱਖਾਂ ਲੱਦੇ ਘਰ ਦਾ ਤਿਆਗ ਕਰਕੇ ਪਰਵਾਸੀ ਹੋਣ ਦਾ ਮੂਹ ਬੱਧੀ ਮਜਬੂਰੀ ਵੱਸ ਕੀਤਾ ਫੈਸਲਾ ਸੰਧੂ ਵਰਗੇ ਹਸਾਸ ਮਨ ਲਈ ਬੜਾ ਅਸਹਿ ਹੁੰਦਾ ਹੈ। ਕੈਨੇਡਾ ਆਉਣ ਲਈ ਲੰਮੀਆਂ ਸਾਂਝਾਂ ਦਾ ਖਿਲਾਰਾ ਸਾਂਭਦਿਆਂ ਉਨ੍ਹਾਂ ਤੋਂ ਇਕ ਵੱਡੀ ਭੁੱਲ ਹੋ ਗਈ। ਸੰਧੂ ਦਾ ਆਪਣਾ ਕਥਨ ਹੈ ਕਿ 'ਲੰਮੀ ਮਾਨਸਿਕ ਖਿੱਚੋ ਤਾਣ ਉਪਰੰਤ ਜਦੋਂ ਜਾਣ ਦਾ ਫੈਸਲਾ ਕਰ ਲਿਆ ਤਾਂ ਘਰ ਦੀਆਂ ਲੰਮੀਆਂ ਸਾਂਝਾਂ ਦਾ ਖਲਾਰਾ ਸਾਂਭਦਿਆਂ ਤਨਾਅ ਵਿੱਚ ਇਕ ਦੁੱਖਦਾਈ ਫੈਸਲਾ ਕਰ ਲਿਆ ਕਿ 1954 ਤੋਂ 1995 ਤਕ ਜੋ ਕੁਛ ਲਿਖਿਆ ਹੈ ਉਹ ਅਗਨ ਭੇਂਟ ਕਰ ਦਿਆਂ। ਸੋ ਕਰ ਦਿੱਤਾ ! ਅਫਸੋਸ !! ਸਦ ਅਫਸੋਸ' !!!

1997 ਵਿੱਚ ਕੈਲਗਰੀ ਆਉਣ ਤੋਂ ਕੁਛ ਦਿਨ ਮਗਰੋਂ ਹੀ ਉਹ ਪੰਜਾਬੀ ਸਾਹਿਤ ਸਭਾ ਦੇ ਮੈਂਬਰ ਬਣ ਗਏ ਤੇ ਫੇਰ ਲਿਖਣਾ ਸ਼ੁਰੂ ਕਰ ਦਿੱਤਾ। ਮੇਰਾ ਉਨ੍ਹਾਂ ਨਾਲ ਮੇਲ ਪੰਜਾਬੀ ਸਾਹਿਤ ਸਭਾ ਵਿੱਚ ਹੀ ਹੋਇਆ। ਉਹ ਵਧੇਰੇ ਤੁਕਾਂਤ ਬੱਧ ਕਵਿਤਾ ਲਿਖਦੇ ਸਨ, ਖੁੱਲ੍ਹੀ ਕਵਿਤਾ ਵੀ ਤੇ ਟਾਂਵਾਂ ਟਾਂਵਾਂ ਗੀਤ ਵੀ। .ਗ਼ਜ਼ਲ ਲਿਖਣ ਦਾ ਸ਼ੌਕ ਉਨ੍ਹਾਂ ਨੂੰ ਮੇਰੇ ਸੰਪਰਕ ਤੇ ਪ੍ਰੇਰਨਾ ਨਾਲ ਪਿਆ।

ਇਕਬਾਲ ਅਰਪਨ (ਕੈਲਗਰੀ) ਦੇ ਕਥਨ ਅਨੁਸਾਰ 'ਸ਼ਮਸ਼ੇਰ ਸਿੰਘ ਸੰਧੂ ਕੈਲਗਰੀ ਵਿਚ ਇੱਕ ਚਰਚਿਤ ਨਾਂ ਹੈ। ਸ਼ਾਇਦ ਹੀ ਪੰਜਾਬੀ ਭਾਈਚਾਰੇ ਚੋਂ ਕੋਈ ਐਸਾ ਵਿਅਕਤੀ ਹੋਵੇ ਜਿਹੜਾ ਇਸ ਨਾਂ ਤੋਂ ਵਾਕਫ ਨਾ ਹੋਵੇ। ਉਹ ਹਰ

ਖੇਤਰ ਵਿੱਚ, ਚਾਹੇ ਉਹ ਧਾਰਮਿਕ ਹੋਵੇ ਜਾਂ ਰਾਜਨੀਤਿਕ, ਸਾਹਿਤਕ ਜਾਂ ਸੱਭਿਆਚਾਰਕ, ਪੂਰੀ ਤਰ੍ਹਾਂ ਸਰਗਰਮ ਹੈ। ਸਾਹਿਤਕ ਹਲਕਿਆਂ ਵਿੱਚ ਉਸ ਨੂੰ ਸਾਰੇ ਹੀ ਚੰਗੀ ਤਰ੍ਹਾਂ ਜਾਣਦੇ ਹਨ। ਉਹ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਉਸ ਦੀਆਂ ਰਚਨਾਵਾਂ ਸਥਾਨਕ ਮੈਗਜ਼ੀਨਾਂ ਦਾ ਸ਼ਿੰਗਾਰ ਬਣਦੀਆਂ ਰਹਿੰਦੀਆਂ ਹਨ'।

ਬੰਦਗੀ ਦੇ ਵਾਂਗ ਜੋ ਨੇ ਲਿਵ ਲਗਾਂਦੇ ਯਾਰ ਦੀ
ਜ਼ਿੰਦਗੀ ਭਰਪੂਰ ਦੇਵੇ ਉਸ ਮੁਹੱਬਤ ਦਾ ਸਿਲਾ।

ਪ੍ਰੋਫੈਸਰ ਊਧਮ ਸਿੰਘ ਸ਼ਾਹੀ ਦੇ ਕਥਨ ਅਨੁਸਾਰ "ਗ਼ਜ਼ਲ ਸਿੱਕੇ-ਬੰਦ ਅਤੇ ਕਰੜੇ ਸਿਰਜਨ-ਵਿਧਾਨ ਦੀ ਪਾਲਣਾ ਕਰਨ ਵਾਲੀ ਸਿਨਫ ਹੈ। ਇਕ ਵਿਸ਼ੇਸ਼ ਅਰੂਜ਼ੀ-ਜ਼ਬਤ ਵਿਚ ਰਚਨਾ ਨੂੰ ਬੰਨ੍ਹਣਾ ਅਤੇ ਸਿਰਜਣਾ ਹਾਰੀ ਸਾਰੀ ਦਾ ਕੰਮ ਨਹੀਂ ਹੈ । ਆਪਣੇ ਸੈਟ ਸਿਰਜਣ ਨੇਮਾਂ ਕਾਰਣ ਹੀ ਗ਼ਜ਼ਲ ਨੇ ਆਪਣੇ ਰੂਪਾਕਾਰ ਵਿੱਚ ਰਲੇਵਾ ਨਹੀਂ ਪੈਣ ਦਿੱਤਾ। ਹੋਰਨਾ ਰੂਪਾਕਾਰਾਂ ਦੇ ਟਾਕਰੇ ਉਤੇ ਇਹ ਰੂਪਾਕਾਰ ਵਧੇਰੇ ਸ਼ੁੱਧ ਹੈ। ਇਸ ਨੇ ਆਪਣੇ ਸ਼ਿਲਪੀ ਬੰਧੇਜ ਦਾ ਪਾਲਣ ਕਰਨਾ ਹੀ ਕਰਨਾ ਹੈ। ਗ਼ਜ਼ਲ ਵਿੱਚ ਤਮਾਮ ਸ਼ਿਅਰਾਂ ਦੀ ਬਣਤਰ ਇੱਕੋ ਹੀ ਰਹਿੰਦੀ ਹੈ ਪਰੰਤੂ ਹਰ ਸ਼ਿਅਰ ਨੂੰ ਵਿਚਾਰਧਾਰਿਕ-ਅਲਹਿਦਗੀ ਦਾ ਹੱਕ ਹਾਸਲ ਹੈ। ਸ਼ਿਅਰਾਂ ਦੀ ਸੰਰਚਨਿਕ ਏਕਤਾ ਅਤੇ ਵਿਚਾਰਧਾਰਿਕ ਅਨੇਕਤਾ ਦੀ ਆਪਸੀ ਸਾਂਝ ਬੜੀ ਮਹੱਤਵਪੂਰਨ ਹੈ। ਗ਼ਜ਼ਲ ਦੇ ਯਾਨਰ ਵਿੱਚ ਰਹਿਕੇ ਸ਼ਾਇਰ ਆਪਣੇ ਅਤਿ ਕੋਮਲ ਭਾਵਾਂ ਅਤੇ ਸੂਖਮ ਅਨੁਭਵਾਂ ਨਾਲ ਰਚਨਾ ਦੀ ਫੁਲਕਾਰੀ ਕੱਢਦਾ ਹੈ। ਤਰ੍ਹਾਂ ਤਰ੍ਹਾਂ ਦੇ ਅਹਿਸਾਸਾਂ ਦੀਆਂ ਫੁੱਲ ਬੂਟੀਆਂ ਪਾਉਂਦਾ ਹੈ। ਇਕ ਬੂਟੀ ਜੇ ਪਿਆਰ ਦੀ ਹੈ ਤਾਂ ਦੂਜੀ ਵਿਛੋੜੇ ਦੀ, ਤੀਜੀ ਰੋਹ ਦੀ, ਚੌਥੀ ਵਿਸ਼ਵਾਸ ਦੀ...ਆਸ ਦੀ...ਉਦਾਸੀ ਦੀ...ਭੁੱਖ ਦੀ...ਜੰਗ ਦੀ...ਅਮਨ ਦੀ... ਖੁਸ਼ਹਾਲੀ ਦੀ ...। ਗ਼ਜ਼ਲ ਦਾ ਸ਼ਾਇਰ ਮਧੂ-ਮੱਖੀ ਵਾਂਗ ਜ਼ਿੰਦਗੀ ਦੇ ਬਾਗ਼ ਵਿੱਚੋਂ ਭਾਂਤ ਭਾਂਤ ਦੇ ਰੰਗਾਂ-ਸੁਗੰਧਾਂ ਦਾ ਅਮਿਉਂ ਇਕੱਠਾ ਕਰਕੇ ਇਸ ਦੇ ਛੱਤੇ ਨੂੰ ਭਰਦਾ ਹੈ। ਛੋਟੇ ਆਕਾਰ ਵਾਲੀ ਗ਼ਜ਼ਲ ਵਿਚਾਰਾਂ ਦੀ ਵਿਸ਼ਾਲ ਕਹਿਕਸ਼ਾਂ ਹੈ।'ਸ਼ਾਇਰ ਜਜ਼ਬਾਤੀ ਤੌਰ ਤੇ ਜਾਗਰੁਕ, ਬੌਧਿਕ ਤੌਰ ਤੇ ਰੈਸ਼ਨਲ ਅਤੇ ਸਦਾਚਾਰਕ ਤੌਰ ਤੇ ਈਮਾਨਦਾਰ ਹੁੰਦਾ ਹੈ। ਸ਼ਾਇਰੀ ਉਸ ਦੀਆਂ ਕਰਤਾਰੀ ਘੜੀਆਂ ਦੀ ਘਾਲਣਾ ਹੁੰਦੀ ਹੈ"।

ਸੰਧੂ ਨੂੰ ਜਿੱਥੇ ਆਪਣੀ ਜਨਮ ਭੂਮੀਂ ਹਿੰਦੋਸਤਾਨ ਨਾਲ ਅਥਾਹ ਪਿਆਰ ਹੈ ਓਥੇ ਪਰਵਾਸ ਲਈ ਆਪ ਚੁਣੇ ਦੇਸ਼ ਕੈਨੇਡਾ ਨਾਲ ਵੀ ਕੋਈ ਘੱਟ ਪਿਆਰ ਨਹੀਂ। ਜਿੱਥੇ ਉਸ ਨੂੰ ਆਪਣੀ ਵਿੱਛੜੀ ਜਨਮ ਭੂਮੀਂ ਦਾ ਹੇਰਵਾ ਹੈ ਓਥੇ ਇਸ 'ਗਰਾਂ' ਨੂੰ ਛੱਡਣਾ ਵੀ ਹੁਣ ਉਸ ਲਈ ਓਨਾਂ ਹੀ ਮੁਸ਼ਕਲ ਹੈ। ਪਰ ਦੋਂਹ ਬੇੜੀਆਂ ਵਿੱਚ ਤਰਨਾ ਵੀ ਬੜਾ ਔਖਾ ਹੈ!

ਜਦ ਵਤਨ ਦੀ ਯਾਦ ਆਵੇ ਕੀ ਕਰਾਂ
ਡੁਬ ਡੁਬਾਂਦੇ ਨੈਣ ਧੀਰਜ ਕਿਵ ਧਰਾਂ।
ਫੜ ਫੜਾਵਾਂ ਵਾਂਗ ਜ਼ਖਮੀ ਪੰਛੀਆਂ
ਕੀ ਕਰਾਂ ਨਾ ਉੱਡ ਪਾਵਾਂ ਬਿਨ ਪਰਾਂ।

ਇੱਕ ਪਾਸੇ  ਖਿੱਚ  ਪਾਂਦੀ  ਧਰਤ ਉਹ
ਛੱਡਣਾ ਮੁਸ਼ਕਲ ਬੜਾ ਪਰ ਇਹ ਗਰਾਂ।
ਇਸ  ਗਰਾਂ  ਵੀ  ਵੰਸ਼  ਮੇਰੀ  ਵੱਸਦੀ
ਬੇੜੀਆਂ  ਦੋਹਾਂ ‘ਚ ਕੱਠਾ ਕਿਵ  ਤਰਾਂ।

ਉਸ ਲਈ ਤਾਂ ਸਾਰੀ ਧਰਤੀ ਹੀ ਉਸ ਦੀ ਧਰਤੀ ਮਾਤਾ ਹੈ। ਜਿਸ ਦੇਸ਼ ਵਿੱਚ ਅਸੀਂ ਹੁਣ ਵੱਸਦੇ ਹਾਂ, ਜਿੱਥੋਂ ਦਾ ਅੰਨ ਪਾਣੀ ਰੋਜ਼ ਖਾਂਦੇ ਪੀਂਦੇ ਹਾਂ ਉਸ ਨੂੰ ਭਲਾ ਕਿਵੇਂ ਵਿਸਾਰ ਸਕਦੇ ਹਾਂ, ਉਸ ਨਾਲ ਅਪਨੱਤ ਕਿਵੇਂ ਨਾ ਪਾਈਏ। ਇਕ .ਗ਼ਜ਼ਲ ਵਿੱਚ ਉਹ ਲਿਖਦਾ ਹੈ:

ਦਿਲ  ਨਿਮਾਣਾ  ਰੋਜ਼  ਚਾਹੇ, ਦੇਸ  ਜਾਵਾਂ  ਦੋਸਤੋ
ਬਾਪ ਤੇ  ਘਰ ਬਾਰ ਬੱਚੇ, ਕਿਵ  ਭੁਲਾਵਾਂ  ਦੋਸਤੋ।
ਨਾਲ ਮਿੱਟੀ  ਮੋਹ ਬਣਿਆਂ,ਤੋੜ ਹੋਇਆ ਨਾ ਅਜੇ
ਜਾਨ  ਵੀ ਮੈਂ ਵਾਰ  ਦੇਵਾਂ, ਨਾਲ  ਚਾਵਾਂ  ਦੋਸਤੋ।
ਅੰਨ  ਪਾਣੀ ਏਸ ਥਾਂ ਵੀ, ਨਿੱਤ ਜੋ ਮੈਂ ਲੈ  ਰਿਹਾਂ
ਕਰਜ਼ ਇਹਜੋ ਲੈ ਰਿਹਾਂ ਕਿਉਂ,ਨਾ ਚੁਕਾਵਾਂ ਦੋਸਤੋ?
ਇਹ ਵੀ ਮੇਰੀ ਉਹ ਵੀ ਮੇਰੀ,ਵੰਡ ਪਾਵਾਂ ਕਿੰਜ ਮੈਂ
ਧਰਤ ਮਾਂ  ਤੇ ਹਰ ਜਗ੍ਹਾ ਤੇ, ਲੈ ਬਲਾਵਾਂ  ਦੋਸਤੋ।

ਸਾਰੀ ਧਰਤੀ ਨੂੰ ਮਾਂ ਸਮਝਣ ਵਾਲੇ ਇਸ ਸ਼ਾਇਰ ਨੇ ਏਸੇ ਭਾਵਨਾ ਅਧੀਨ 2003 ਵਿੱਚ ਕੈਨੇਡਾ ਦੇ ਰਾਸ਼ਟਰੀ ਗੀਤ ‘ਓ ਕੈਨੇਡਾ’ ਦਾ ਪੰਜਾਬੀ ਰੂਪ ਤਿਆਰ ਕਰਕੇ ਕੈਨੇਡਾ ਭਰ ਵਿੱਚ ਨਾਮਨਾ ਖੱਟਿਆ ਜਿਸ ਤੇ ਸਾਨੂੰ ਸਾਰਿਆਂ ਨੂੰ ਬੜਾ ਮਾਨ ਹੈ। ਉਸ ਨੇ ‘ਓ ਕੈਨੇਡਾ’ ਦਾ ਹਿੰਦੀ ਰੂਪਾਂਤਰ ਤਿਆਰ ਕਰਕੇ ਇਕ ਹੋਰ ਮੱਲ ਮਾਰ ਵਖਾਈ ਹੈ। 2005 ਵਿੱਚ ਜਦ ਕੈਨੇਡਾ ਦਾ ਅਲਬਰਟਾ ਸੂਬਾ ਆਪਣਾ 100ਵਾ ਜਨਮ ਦਿਨ ਮਨਾ ਰਿਹਾ ਸੀ ਤਾਂ ਸ਼ਮਸ਼ੇਰ ਸਿੰਘ ਸੰਧੂ ਨੇ ਮੈਰੀ ਕੈਫਟਨਬੈਲਡ ਦੁਆਰਾ ਲਿਖੇ ਗੀਤ ‘ਅਲਬਰਟਾ’ ਦਾ ਬਹੁਤ ਖੁਬਸੂਰਤ ਪੰਜਾਬੀ ਅਨੁਵਾਦ ਕੀਤਾ। ਉਸ ਦੀਆਂ ਇਹ ਪ੍ਰਾਪਤੀਆਂ ਕੈਨੇਡਾ ਦੇ ਇਤਹਾਸ ਵਿੱਚ ਸਦਾ ਜਾਣੀਆਂ ਤੇ ਸਰਾਹੀਆਂ ਜਾਣਗੀਆਂ। ਸੰਧੂ ਦਾ ਤਿਆਰ ਕੀਤਾ ‘ਓ ਕੈਨੇਡਾ’ ਦਾ ਪੰਜਾਬੀ ਰੂਪ ਕੈਨੇਡਾ ਦੇ ਅਰਕਾਈਵਜ਼ ਵਿੱਚ ਰੱਖਿਆ ਗਿਆ ਹੈ ਅਤੇ ‘ਓ ਕੈਨੇਡਾ’ ਦਾ ਪੰਜਾਬੀ ਰੂਪ ਅਤੇ ‘ਅਲਬਰਟਾ’ ਦਾ ਪੰਜਾਬੀ ਅਨੁਵਾਦ ਅਲਬਰਟਾ ਅਸੈਂਬਲੀ ਦੇ ਸ਼ਥਾਈ ਰੀਕਾਰਡ ਤੇ ਰੱਖੇ ਗਏ ਹਨ।

ਸੰਧੂ ਬਹੁਤ ਨਰੋਈ ਸੋਚ ਤੇ ਜਾਗ੍ਰਿਤਿ ਤੀਖਣ ਬੁੱਧੀ ਦਾ ਮਾਲਕ ਹੈ। ਅਮਰੀਕਾ ਦੇ ਈਰਾਕ ਤੇ ਹਮਲਾ ਕਰਨ ਤੋਂ ਪਹਿਲਾਂ ਦੇ ਹਾਲਾਤ ਤੋਂ ਹੀ ਸਥਿਤੀ ਦਾ ਅੰਦਾਜ਼ਾ ਲਗਾਕੇ ਉਸ ਨੇ ਆਪਣੀ ਇਕ .ਗ਼ਜ਼ਲ ਵਿੱਚ ਲਿਖਿਆ ਸੀ ਕਿ:

ਨਜ਼ਰ  ਔਂਦਾ ਹੈ ਫਰੰਗੀ, ਹੋਰ ਇਕ  ਕਾਰਾ  ਕਰੂ
ਛੈਲ  ਬਾਂਕੇ  ਪੁਤ ਬਗਾਨੇ, ਮਾਰਕੇ  ਖੱਪਰ  ਭਰੂ।
ਵੀਤਨਾਮੀ  ਮਾਰ ਦਿੱਤੇ, ਏਸ ਨੇ ਜਿਵ  ਖ਼ੂਹਨੀਆਂ
ਜਾਪਦਾ  ਈਰਾਕ ਦਾ ਵੀ, ਘੁੱਟ ਇਹ  ਛੇਤੀ ਭਰੂ!

ਤੇਲ ਪੀਣੇ ਅੱਗ ਖਾਣੇ, ਹਾਬੜੇ ਇਸ ਦੈਂਤ ਦਾ
ਮਾਰਕੇ ਖਲਕੇ ਖੁਦਾ ਹੀ, ਕਾਲਜਾ ਜਾਪੇ ਠਰੂ।
ਕਰ ਰਿਹਾ ਹੈ ਧਾਕਿਆਂ ਤੋਂ, ਮਾਨਸਾਂ ਦਾ ਘਾਣ ਇਹ
ਹੋਰ ਕਿੰਨੀ ਦੇਰ ਧਰਤੀ, ਕਤਲ ਬੇਦੋਸੇ ਜਰੂ।
ਹਨ ਉਡੀਕਾਂ ਪਹੁਫੁਟਾਲਾ, ਏਕਤਾ ਦਾ ਦੂਰ ਪਰ
ਅਮਨ ਸੀਤਾ ਹਰਨ ਕਰਕੇ, ਮੌਤ ਇਹ ਰਾਵਣ ਵਰੂ।

ਇਸ ਉਪਰੰਤ ਜਦੋਂ ਅਮਰੀਕਾ ਨੇ ਈਰਾਕ ਤੇ ਹਮਲਾ ਕਰ ਦਿੱਤਾ ਤਾਂ ਸੰਧੂ ਦਾ ਜੰਗ ਵਿਰੋਧੀ ਕਵੀ ਮਨ ਤੜਪ ਉਠਿਆ ਤੇ ਉਸ ਨੇ ਅਪਣੀ ਗ਼ਜ਼ਲ 'ਫਿਰ ਫਰੰਗੀ ਕਰ ਵਖਾਇਆ' ਲਿਖੀ ਜੋ ਜੂਨ 2003 ਵਿੱਚ ਵੈਨਕੂਵਰ ਵਿਖੇ ਹੋਈ ਵਰਲਡ ਪੰਜਾਬੀ ਕਾਨਫਰੰਸ ਸਮੇਂ 13 ਜੂਨ ਨੂੰ ਹੋਏ ਕਵੀ ਦਰਬਾਰ ਵਿੱਚ ਪੜ੍ਹੀ ਗਈ ਸੀ। ਸਾਰੇ ਕਵੀ ਦਰਬਾਰ ਵਿੱਚ ਆਪਣੀ ਕਿਸਮ ਦੀ ਇਹ ਇਕੋ ਇਕ ਕਾਵਿ ਰਚਨਾ ਸੀ ਅਤੇ ਏਸ ਨੂੰ ਸੂਝਵਾਨ ਸਰੋਤਿਆਂ ਤੋਂ ਭਰਪੂਰ ਦਾਦ ਮਿਲੀ।

ਫਿਰ ਫਰੰਗੀ ਕਰ ਵਖਾਇਆ, ਹੋਰ ਕਾਰਾ ਦੋਸਤੋ
ਘੁੱਗ ਵਸਦਾ ਦੇਸ ਢਾਇਆ, ਏਸ ਸਾਰਾ ਦੋਸਤੋ।
ਇਹ ਅਜ਼ਾਦੀ ਵੰਡਦਾ ਹੈ, ਸਾੜਕੇ ਘਰ ਬਾਰ ਨੂੰ
ਜ਼ੁਲਮ ਇਸ ਦਾ ਵਧ ਗਿਆ ਹੈ, ਬੇਸ਼ੁਮਾਰਾ ਦੋਸਤੋ।
ਏਕਤਾ ਦਾ ਪਾਠ ਪੜ੍ਹਕੇ, ਤੋਰ ਤੋਰੋ ਅਮਨ ਦੀ
ਧਰਤ ਦਾ ਹਰ ਬਸ਼ਰ ਮਾਣੇ, ਇਹ ਨਜ਼ਾਰਾ ਦੋਸਤੋ।
ਤੂਤਨੀ ਇਹ ਜੰਗ ਦੀ ਨਿਤ, ਘਾਣ ਮਾਨਸ ਦਾ ਕਰੇ
ਬਣ ਬਲੀ ਦਿਉ ਮਾਰ ਅਮਨਾਂ, ਦਾ ਨਗਾਰਾ ਦੋਸਤੋ।
ਰੰਗ ਨਸਲਾਂ ਮਜ਼ਹਬਾਂ ਵਿਚ, ਲੋਕ ਵੰਡੇ ਨਾ ਰਹੋ
ਰਲ ਮਿਟਾਓ ਨਫਰਤਾਂ ਦਾ, ਧੁੰਦਕਾਰਾ ਦੋਸਤੋ।

ਵੱਡੇ ਦੁੱਖ ਦੀ ਗੱਲ ਤਾਂ ਇਹ ਹੈ ਕਿ ਇਕ ਪਾਸੇ ਸਾਰਾ ਸੰਸਾਰ ਰੰਗ ਨਸਲਾਂ ਮਜ਼ਹਬਾਂ ਤੇ ਨਫਰਤਾਂ ਵਿੱਚ ਵੰਡਿਆ ਪਿਆ ਹੈ ਤੇ ਜੰਗਬਾਜ਼ ਸਾਰੀ ਧਰਤੀ ਤੇ ਤਬਾਹੀ ਮਚਾ ਰਹੇ ਹਨ। ਸਾਮਰਾਜੀ ਤਾਕਤਾਂ ਲੋਕ ਤੰਤਰ ਦਾ ਮਖੌਟਾ ਪਾਕੇ ਸਾਰੀ ਦੁਨੀਆਂ ਨੂੰ ਡਰਾ ਰਹੀਆਂ ਹਨ। ਥਾਂ ਥਾਂ ਨਿਰਦੋਸ਼ਾਂ ਦਾ ਖੂਨ ਡੁਲ੍ਹਦਾ ਵੇਖ ਇਸ ਸਥਿਤੀ ਵਿੱਚ ਸ਼ਾਇਰ ਨੂੰ ਪਿਆਰ ਦੇ ਗੀਤ ਗਾਉਣੇ ਮੁਸ਼ਕਲ ਜਾਪਦੇ ਹਨ।

ਲੋਕਤੰਤਰ ਦਾ ਮਖੌਟਾ, ਪਾ ਫਰੰਗੀ ਭੂਤਿਆ
ਅੱਗ ਤੇ ਅਸਪਾਤ ਵਰਤੇ, ਜਗਤ ਸਾਰਾ ਲੈ ਡਰਾ।
ਪਿਆਰ ਦੇ ਹੁਣ ਗੀਤ ਕੀਕਣ, ਗਾ ਸਕੇਗੀ ਜ਼ਿੰਦਗੀ
ਜਦ ਤਲਕ ਨਿਰਦੋਸ਼ ਦਾ ਹੀ, ਖ਼ੂਨ ਡੁਲ੍ਹੇ ਜਾ ਬਜਾ।

ਕੁਟਲ ਸਾਮਰਾਜੀ ਜੰਗਬਾਜ਼ ਆਪ ਹਥਿਆਰ ਵੰਡਦੇ ਤੇ ਵੇਚਦੇ ਹਨ ਅਤੇ ਅਮਨ ਕਰਾਉਣ ਦਾ ਪਖੰਡ ਵੀ ਕਰਦੇ ਹਨ। ਉਨ੍ਹਾਂ ਦੇ ਅਸਲ ਰੂਪ ਨੂੰ ਨੰਗਿਆਂ ਕਰਦਾ ਉਹ ਲਿਖਦਾ ਹੈ

ਆਪ ਵਣਜੀ ਅੱਗਦਾ ਤੇ, ਖੁਦ ਕਰਾਵੇ ਅਮਨ ਇਹ
ਰਾਵਨਾਂ ਦੁਰਯੋਧਨਾਂ ਦਾ, ਲੱਗਦਾ ਵੱਡਾ ਭਰਾ।
ਲਾਇਲਮ ਲਾਚਾਰ ਲੋਕੀਂ,ਜਾਲ ਇਸ ਦੇ ਆ ਫਸਣ

ਪੁੱਤ ਖੋਹੇ ਮਾਪਿਆਂ ਤੋਂ, ਭੈਣ ਤੋਂ ਖੋਹੇ ਭਰਾ।

ਲੋਕ ਤੰਤਰ ਤੇ ਸਾਰੀ ਦੁਨੀਆਂ ਨੂੰ ਬੜੀਆਂ ਆਸਾਂ ਸਨ ਪਰ ਮਾਨਵੀ ਸੋਚਾਂ ਤੇ ਕਦਰਾਂ ਕੀਮਤਾਂ ਦੀ ਗਿਰਾਵਟ ਅਤੇ ਘਾਟ ਕਰਕੇ ਹੁਣ ਤਾਂ ਐਂ ਜਾਪਦਾ ਹੈ ਜਿਵੇਂ ਚੋਰ ਡਾਕੂ ਵੀ ਇਸ ਲੋਕ ਤੰਤਰ ਦਾ ਅੰਗ ਬਣ ਗਏ ਹੋਣ:

ਲੋਕ ਤੰਤਰ ਖੇਲ੍ਹ ਐਸੀ, ਬਣ ਗਿਆ ਹੈ ਜਾਪਦਾ
ਚੋਰ ਡਾਕੂ ਬਣ ਗਏ ਨੇ, ਏਸ ਦਾ ਹੀ ਅੰਗ ਵੇਖ। .........ਅਤੇ
ਲੋਕਾਂ ਦੇ ਇਸ ਰਾਜ ਦੇ ਅੰਦਰ ਰਾਜ ਨਾ ਦਿਸਦਾ ਲੋਕਾਂ ਦਾ
ਐਸੀ ਹੁਣ ਕੋ ਬਣਤ ਬਣਾਈਏ ਲੋਕਾਂ ਦਾ ਇਹ ਰਾਜ ਬਣੇ।

ਸੰਧੂ ਲੁੱਟ ਖਸੁੱਟ ਤੇ ਜੰਗ ਜਦਲ ਦਾ ਡਟਕੇ ਵਰੋਧ ਕਰਦਾ ਹੈ, ਅਮਨ ਦਾ ਹਾਮੀਂ ਹੈ ਤੇ ਜਲ ਰਹੀ ਸਾਰੀ ਧਰਤੀ ਤੇ ਉਹ ਏਕਤਾ ਤੇ ਅਮਨ ਦੀ ਵਰਖਾ ਨੂੰ ਤਾਂਘਦਾ ਹੈ:

ਦਿਲ ਚਾਹੇ ਰੰਗ ਐਸਾ ਬਦਲੇ ਸਾਰੀ ਲੋਕਾਈ ਮਾਣੇ
ਯਾਰੋ ਅਮਨਾਂ ਦਾ ਰੰਗ ਪੂਰੀ ਧਰਤੀ ਨੂੰ ਕੋਈ ਲਾਦੇ। .........ਅਤੇ
ਜਲ ਰਹੇ ਇਸ ਜਗਤ ਨੂੰ ਹੈ,ਲੋੜ ਅਮਨਾਂ ਦੀ ਬੜੀ
ਇਸ ਧੁਆਂਖੀ ਧਰਤ ਉੱਤੇ, ਮੀਂਹ ਅਮਨਾਂ ਦਾ ਵਸਾ।

ਐਂਵੇਂ ਭੰਗ ਦੇ ਭਾੜੇ ਮਾਰੀ ਜਾ ਰਹੀ ਮਨੁੱਖਤਾ ਦੀ ਪੀੜ ਨਾਲ ਉਹ ਤੜਪ ਉਠਦਾ ਹੈ ਅਤੇ ਮਿਹਨਤਾਂ ਦੇ ਬਲ ਧਰਤੀ ਤੇ ਸੁਰਗ ਲਿਆਉਣ ਤੇ ਏਕਤਾ ਦਾ ਮੈਕਦਾ ਵਸਾਉਣ ਲਈ ਰੰਗ ਨਸਲਾਂ ਦੇ ਭੇਦ ਮਿਟਾਉਣ ਲਈ ਵੰਗਾਰਦਾ ਹੈ।

ਇਸ ਧਰਤ ਨੂੰ ਸ਼ਾਹਾਂ ਸਦਾ ਹੈ ਵੰਡੀਆਂ ਵਿੱਚ ਵੰਡਿਆ
ਤੂੰ ਛੱਡ ਦੇ ਹੁਣ ਬੰਦਿਆਂ ਨੂੰ ਰੰਗ ਨਸਲੀਂ ਵੰਡਣਾ।

ਸਾਰੀ ਮਖਲੂਕ ਨੂੰ ਇਕ ਨਜ਼ਰ ਨਾਲ ਵੇਖਣ ਵਾਲੇ ਇਸ ਕਵੀ ਨੂੰ ਪਿਆਰ ਵਿੱਚ ਵੀ ਇਨਸਾਨੀ ਥੁੜਾਂ ਤੇ ਜੰਗ ਜਦਲ ਦੀ ਪੀੜ ਨਹੀਂ ਭੁੱਲਦੀ ਤੇ ਕੁਲਹਿਣੀ ਬਰਬਰੀਅਤ ਦੇ ਵਧਦੇ ਜ਼ੋਰ ਤੇ ਉਹ ਅਤਿਅੰਤ ਚਿੰਤਾਤੁਰ ਹੋ ਵਿਲ੍ਹਕ ਉਠਦਾ ਹੈ:

ਦਰਦ ਇਨਸਾਨੀ ਥੁੜਾਂ ਤੇ, ਜੰਗ ਜਦਲੀ ਪੀੜ ਦਾ
ਕਿਵ ਭਲਾ ਮੈਂ ਪਿਆਰ ਵਿਚ ਵੀ, ਭੁੱਲ ਜਾਵਾਂ ਦੋਸਤਾ।
ਚੰਦਰੀ ਜ਼ਿੱਲਤ ਗੁਲਾਮੀ, ਦਾ ਅਜੋਕਾ ਦੌਰ ਜੋ
ਬਰਬਰੀਅਤ ਦਾ ਕੁਲਹਿਣਾ, ਜ਼ੋਰ ਵਧਦਾ ਜਾ ਰਿਹਾ।

ਅੰਧਵਿਸ਼ਵਾਸ ਤੇ ਕਰਮ ਕਾਂਡਾਂ ਦੇ ਪਿਛਲਗਾਂ ਵਾਲੇ ਧਰਮ ਉਸ ਲਈ ਬੇਕਾਰ ਹਨ ਤੇ ਇਨਸਾਨ ਬਣਕੇ ਜਿਓਣਾ ਹੀ ਉਸ ਲਈ ਉੱਤਮ ਧਰਮ ਹੈ। ਉਹ ਏਕ ਪਿਤਾ ਏਕਸ ਕੇ ਹਮ ਬਾਰਿਕ ਦਾ ਅਨੁਯਾਈ ਹੈ।

ਕਰਮ ਕਾਂਡੀ ਧਰਮ ਸਾਰੇ, ਨਾ ਕਿਸੇ ਵੀ ਕੰਮ ਦੇ
ਧਰਮ ਹੈ ਇਨਸਾਨ ਹੋਣਾ, ਸੱਚ ਕਰਕੇ ਦੇ ਵਖਾ।
ਧਰਮ ਹੈ ਇਨਸਾਨ ਦਾ ਤੇ, ਜੀਵਣਾ ਇਨਸਾਨ ਹੋ
ਸਬਕ ਵਾਧੂ ਕਰਮਕਾਂਡੀ, ਵੀਰ ਸਾਨੂੰ ਨਾ ਪੜ੍ਹਾ।

ਧਾਰਮਿਕ ਪਾਖੰਡੀ ਟੋਲਿਆਂ ਬਾਰੇ ਉਹ ਕਹਿੰਦਾ ਹੈ:

ਮੰਦਰ ਮਸਜਦ ਮੱਲੀ ਬੈਠੇ ਹਰ ਥਾਂ ਟੋਲੇ ਠੱਗਾਂ ਦੇ
ਤਾੜੀ ਲਾਕੇ ਬੈਠੇ ਸਾਰੇ ਕਿਸ ਛਤਰੀ ਤੇ ਆਵੇਂਗਾ।

ਕਵੀ ਧਰਮ ਬਿਨਾ ਵੀ ਜ਼ਿੰਦਗੀ ਨੂੰ ਬੇਤੁਕੀ ਸਮਝਦਾ ਹੈ ਪਰ ਜੋ ਧਰਮ ਸਾਨੂੰ ਵੱਖ ਵੱਖ ਟੋਲਿਆਂ ਵਿੱਚ ਪਾੜਦਾ ਹੈ ਇਸ ਤਰ੍ਹਾਂ ਦਾ ਵੱਖਵਾਦੀ ਧਰਮ ਇਨਸਾਨ ਦਾ ਧਰਮ ਨਹੀਂ ਹੋ ਸਕਦਾ:

ਧਰਮ ਬਿਨ ਵੀ ਬੇਤੁਕੀ ਹੈ ਜ਼ਿੰਦਗੀ ਤੂੰ ਜਾਣ ਲੈ
ਧਰਮ ਹੀ ਕਰਦਾ ਅਸਾਂ ਨੂੰ ਵੀ ਸਮੇਂ ਦੇ ਹਾਣ ਦਾ।
ਜੋ ਅਸਾਂ ਨੂੰ ਵੱਖ ਕਰਦਾ ਪਾੜਦਾ ਵਿੱਚ ਟੋਲਿਆਂ
ਇਸ ਤਰ੍ਹਾਂ ਦਾ ਵੱਖਵਾਦੀ ਧਰਮ ਨਾ ਇਨਸਾਨ ਦਾ।

ਰੱਬ ਨੂੰ ਮੰਦਰ ਮਸਜਦ ਜਾਂ ਹੋਰ ਦੁਆਰੇ ਭਾਲਣ ਦੀ ਥਾਂ ਹਰ ਬੰਦੇ ਵਿੱਚ ਵੇਖਣ ਲਈ ਕਹਿੰਦਾ ਹੈ:

ਛੱਡ ਦੁਆਰੇ ਮੰਦਰ ਮਸਜਦ ਜੇ ਤੂੰ ਉਸ ਨੂੰ ਪਾਣਾ ਹੈ
ਪਹਿਚਾਨ ਸ਼ਕਲ ਹਰ ਬੰਦੇ ਵਿਚ ਜੋ ਉਸ ਚੋਜੀ ਧਾਰੀ ਹੈ।

ਪਰ ਉਹ ਰੱਬ ਹੈ ਕਿਸ ਤਰ੍ਹਾਂ ਦਾ ਜਿਸ ਨੂੰ ਕਵੀ ਮੰਨਦਾ ਹੈ? ਉਹ ਤਾਂ ਕਹਿੰਦਾ ਕਿ ਮੈਨੂੰ ਮੇਰੇ ਗੁਰੂ ਜਾਂ ਮੁਰਸ਼ਦ ਨੇ ਤਾਂ ਸੌਖਾ ਰਾਹ ਦੱਸਿਆ ਹੈ। ਮੈਂ ਤਾਂ ਆਪਣੇ ਯਾਰ ਤੇ ਰੱਬ ਦੀ ਸ਼ਕਲ ਵੀ ਇੱਕੋ ਮਿਥ ਲਈ ਹੈ। ਐਸੀ ਸੂਰਤ ਵਿੱਚ ਫੇਰ ਸਵੇਰੇ ਉਠਕੇ ਬਾਂਗਾਂ ਦੇਣ ਦੀ ਕੀ ਲੋੜ ਹੈ। ਉਸਦਾ ਨਾਮ ਤਾਂ ਹਰ ਘੜੀ ਪਲ ਮੇਰੇ ਖਿਆਲਾਂ ਵਿੱਚ ਵੱਸਦਾ ਹੈ।

ਵੱਸਦਾ ਜਦ ਵਿਚ ਖਿਆਲਾਂ, ਵਿਰਦ ਉਸਦਾ ਦਮ ਬਦਮ
ਨਾ ਇਬਾਦਤ ਵਾਸਤੇ ਫਿਰ, ਲੋੜ ਹੈ ਈਜ਼ਾਨ ਦੀ।
ਸਦਕੜੇ ਮੈਂ ਮੁਰਸ਼ਦਾ ਤੂੰ, ਰਾਹ ਸੌਖਾ ਦੱਸਿਆ
ਸ਼ਕਲ ਇਕੋ ਮਿਥ ਲਈ ਮੈਂ, ਯਾਰ ਤੇ ਭਗਵਾਨ ਦੀ।

ਉਹ ਸੱਚ ਨੂੰ ਪਹਿਚਾਨਣ ਲਈ ਪ੍ਰੇਰਦਾ ਤੇ ਜਿਨ੍ਹਾਂ ਧਰਮਾਂ ਦੇ ਨਾਮ ਤੇ ਸਦੀਆਂ ਜ਼ੁਲਮ ਹੋਏ, ਐਸੇ ਅਣਮਨੁੱਖੀ ਧਰਮ ਤਿਅਗਣ ਲਈ ਵੰਗਾਰਦਾ ਹੈ।

ਜਾਗ ਮਾਨਵ ਸੱਚ ਨੂੰ ਪਹਿਚਾਨ ਤੂੰ
ਕਰਮ ਤੇਰਾ ਹੀ ਬਣਾਵੇ ਲੇਖ ਨੂੰ
ਧਰਮ ਦੇ ਨਾਂ ਜ਼ੁਲਮ ਸਦੀਆਂ ਜੋ ਕਰੇ
ਅਣਮਨੁੱਖੀ ਧਰਮ ਐਸੇ ਛੇਕ ਤੂੰ। .........ਅਤੇ
ਸਹਿਜ ਧਾਰੀ ਨਾਮ ਧਾਰੀ ਕੇਸ ਧਾਰੀ ਨੇ ਬੜੇ
ਕੂੜ ਦੀ ਜੋ ਪਾਲ ਢਾਵੇ ਇਸ਼ਟ ਐਸਾ ਤੂੰ ਧਿਆ।

ਰਸਤਿਆਂ ਦੇ ਬਿਖੜੇ ਹੋਣ ਦੇ ਬਾਵਜੂਦ ਵੀ ਸੰਧੂ ਸਾਹਸ ਦੀ ਜੋਤ ਜਗਾਉਣ ਲਈ ਉਤਸਾਹ ਦੇਣ ਵਾਲਾ ਕਵੀ ਹੈ। ਗੁਲਾਬ ਵਾਂਗ ਕੰਡਿਆਂ ਵਿੱਚ ਘਿਰੇ ਹੋਣ ਤੇ ਵੀ ਉਹ ਤਾਂ ਖੁਸ਼ਬੋ ਵੰਡਣ ਲਈ ਪ੍ਰੇਰਦਾ ਹੈ।

ਜੋਤ ਸਾਹਸ ਦੀ ਜਗਾ ਤੂੰ, ਜੋਤ ਸਾਹਸ ਦੀ ਜਗਾ
ਰਾਹ ਬਿਖੜੇ ਹੋਣ ਤੇ ਵੀ, ਸਾਥੀਆ ਤੂੰ ਮੁਸਕਰਾ। .........ਅਤੇ
ਹੈ ਕੰਡਿਆਂ ਨੇ ਘੇਰਿਆ, ਚਾਹੇ ਗੁਲਾਬ ਨੂੰ
ਫਿਰ ਵੀ ਤੂੰ ਯਾਰਾ ਵੇਖ ਲੈ, ਮਹਿਕਾਂ ਖਲੇਰਦਾ।

ਸੰਧੂ ਦਲੇਰੀ ਨਾਲ ਸਿਰ ਉੱਚਾ ਕਰਕੇ ਜਿਓਣਾ ਜਾਣਦਾ ਹੈ ਅਤੇ ਵਹਿਮ ਤੇ ਅਗਿਆਨ ਦੇ ਫਰੇਬਾਂ ਨੂੰ ਜਰਨ ਤੋਂ ਡਟਕੇ ਇਨਕਾਰੀ ਹੈ।

ਜਦ ਨਾਲ ਜੀਣਾ ਬੁਜ਼ਦਿਲੀ, ਮੈਂ ਸਿੱਖਿਆ ਨਾ ਦੋਸਤੋ

ਫਿਰ ਵਹਿਮ ਤੇ ਅਗਿਆਨ ਦੇ, ਮੈਂ ਕਿਵ ਫਰੇਬਾਂ ਨੂੰ ਜਰਾਂ

ਅਮਨ ਹਾਮੀਂ ਹੋਣ ਦਾ ਭਾਵ ਇਹ ਤਾਂ ਨਹੀਂ ਕਿ ਆਪਣੇ ਹੱਕਾਂ ਲਈ ਲੜਨਾ ਛੱਡ ਦਿੱਤਾ ਜਾਵੇ, ਸਗੋਂ ਆਪਣੇ ਹੱਕਾਂ ਲਈ ਜੀਵਣ ਭਰ ਨਿਰੰਤਰ ਘੋਲ ਦੀ ਲੋੜ ਹੈ।

ਬੁਜ਼ਦਿਲ ਨਹੀਂ ਗੇ ਜ਼ਾਲਮਾਂ, ਵਾਰਾਂ ਗੇ ਜਾਨ ਵੀ
ਲੜਦੇ ਰਹਾਂਗੇ ਹੱਕ ਲੀ, ਰਹਿੰਦੇ ਜਹਾਨ ਤਕ।

ਉਸਦਾ ਪੱਕਾ ਵਿਸ਼ਵਾਸ ਹੈ ਕਿ ਕਾਮਯਾਬੀ ਸਿਰਫ ਸੰਘਰਸ਼ ਕਰਨ ਵਾਲੇ ਨੂੰ ਹੀ ਨਸੀਬ ਹੁੰਦੀ ਹੈ ਤੇ ਉਹੀ ਸੂਹੀ ਸਵੇਰ ਦਾ ਮੱਥਾ ਚੁੰਮਦਾ ਹੈ।

ਕਰਦਾ ਰਹੇ ਜੋ ਸਾਮਨਾ, ਛਾਏ ਹਨੇਰ ਦਾ
ਮੱਥਾ ਜ਼ਰੂਰੀ ਚੁੰਮਸੀ, ਸੂਹੀ ਸਵੇਰ ਦਾ।

ਸਮਾਜਿਕ ਵਾਤਾਵਰਨ ਅਜਿਹਾ ਦੂਸ਼ਿਤ ਹੋ ਚੁੱਕਾ ਹੈ ਕਿ ਹਰ ਥਾਂ ਹੈਂਕੜ ਹੌਂਮੇ ਤੇ ਗੁੱਟ ਬੰਦੀ ਪਰਧਾਨ ਬਣੀ ਬੈਠੀ ਹੈ। ਇਹ ਉਲਾਰ ਮਨਾਂ ਦੀ ਸੋਚਣੀ ਕਰਕੇ ਹੈ। ਐਸੀਆਂ ਸਭਾਵਾਂ ਤੱਜਣਾ ਹੀ ਯੋਗ ਹੈ

ਹੈਂਕੜ ਹੌਂਮੇ ਤੇ ਗੁਟ ਬੰਦੀ, ਹਰ ਥਾਵੇਂ ਪਰਧਾਨ ਬਣੀ
ਚੋਰ ਸਭਾਵਾਂ ਐਸੀਆਂ ਨੇ ਜੋ,ਛਡਦੇ ਨਾ ਤੂੰ ਵਕਤ ਗਵਾਲ।

ਦੇਸ ਦੀ ਵੰਡ ਵੇਲੇ ਸੰਧੂ ਖ਼ਾਲਸਾ ਕਾਲਜੀਏਟ ਹਾਈ ਸਕੂਲ ਲਾਇਲਪੁਰ ਪੜ੍ਹਦਾ ਸੀ।ਜਨਮ ਭੂਮੀਂ ਦੀ ਯਾਦ ਤੇ ਵੰਡੇ ਜਾਣ ਦੀ ਝਰੀਟ ਹਾਲੀ ਵੀ ਉਸ ਦੇ ਮਨ ਤੇ ਹੈ।

ਇਕ ਤੋਂ ਦੋ ਪੰਜਾਬ ਬਣਾਏ ਧਰਮਾਂ ਦੇ ਟਕਰਾਵਾਂ ਨੇ
ਮੋਹਨ ਆਕੇ ਫਿਰ ਵੀ ਸਾਨੂੰ ਕਿੱਸੇ ਪੰਜ ਦਰਿਆਵਾਂ ਦੇ। .........ਅਤੇ
ਨ੍ਹੇਰੀ ਤੁਫਾਨ ਵਾਲੀ ਪੰਛੀ ਤੇ ਰਾਤ ਗੁਜ਼ਰੀ
ਤੁਰਦੇ ਉਜਾੜ ਪੈਂਡੇ ਮੇਰੀ ਹਯਾਤ ਗੁਜ਼ਰੀ।
ਮੁਲਕਾਂ ਦੀ ਵੰਡ ਯਾਰੋ ਕੀਤਾ ਸੀ ਘਾਣ ਐਸਾ
ਜੜ੍ਹ ਹੀ ਪਕੜ ਨਾ ਪਾਏ ਉਮਰਾ ਹੀ ਮਾਤ ਗੁਜ਼ਰੀ। .........ਜਾਂ
ਵੰਡੇ ਨਾਨਕ ਤੇ ਮਰਦਾਨਾ ਸਿੰਘ ਫਤਿਹ ਤੇ ਫਤਿਹ ਮੁਹੰਮਦ
ਰਾਮ ਰਹੀਮਾਂ ਦੀ ਇਸ ਵੰਡੀ ਵੰਡਿਆ ਪੰਜਾਂ ਹੀ ਦਰਿਆਵਾਂ।
ਮਾਂ ਬੋਲੀ ਪਰ ਮੁੜ ਆ ਜੋੜੇ ਲੰਘ ਸਤ ਸਮੁੰਦਰ ਘਰ ਤੋਂ ਦੂਰੇ
ਏਸ ਪਲਾਤੀ ਆਸਾ ਸਦਕੇ ਫੋਲਾਂ ਮੰਦਰ ਤੇ ਦਰਗਾਵ੍ਹਾਂ।

ਡਾ. ਬਲਬੀਰ ਸਿੰਘ ਪੂੰਨੀ (ਵੈਨਕੂਵਰ) ਆਪਣੀ ਪੁਸਤਕ 'ਕਨੇਡੀਅਨ ਪੰਜਾਬੀ ਕਵਿਤਾ' ਦੇ ਲੇਖ 'ਸ਼ਮਸ਼ੇਰ ਸਿੰਘ ਸੰਧੂ ਦਾ ਕਾਵਿ ਜਗਤ' ਵਿੱਚ ਲਿਖਦੇ ਹਣ ਹੈ ਕਿ "ਸ਼ਮਸ਼ੇਰ ਸਿੰਘ ਸੰਧੂ ਨੇ ਜਿੱਥੇ ਵਿਭਿੰਨ ਵਿਸ਼ਿਆਂ ਨੂੰ ਆਪਣੀਆਂ ਗ਼ਜ਼ਲਾਂ, ਕਵਿਤਾਵਾਂ ਵਿੱਚ ਪੇਸ਼ ਕੀਤਾ ਹੈ ਓਥੇ ਉਹ ਰੂਪਕ ਪੱਖ ਤੋਂ ਕਲਾਤਮਕ ਜੁਗਤਾਂ ਦੀ ਵਰਤੋਂ ਕਰਦਾ ਹੈ। ਉਸ ਨੇ ਨਵੇਂ ਪ੍ਰਤੀਕ ਬਿੰਬਾਂ ਦੀ ਸਿਰਜਣਾ ਕੀਤੀ ਹੈ। ਉਹ ਅਮਨ ਪਸੰਦ ਸ਼ਾਇਰ ਹੈ ਜਿਸ ਨੂੰ ਜੰਗ ਨਾਲ ਨਫਰਤ ਹੈ। ਉਹ ਸਰਬੱਤ ਦੇ ਭਲੇ ਦੀ ਗੱਲ ਕਰਦਾ ਹੈ। ... ਉਹ ਇਕ ਪ੍ਰੌੜ ਕਵੀ ਹੈ। ਗਿਣਵੇਂ ਤੋਲਵੇਂ ਸ਼ਬਦਾਂ ਦੀ ਉਹ ਵਰਤੋਂ ਕਰਦਾ ਹੈ।"।

ਇਕਬਾਲ ਅਰਪਨ (ਕੈਲਗਰੀ) ਦਾ ਕਹਿਣਾ ਹੈ ਕਿ "ਗ਼ਜ਼ਲ ਦੇ ਖੇਤਰ ਵਿੱਚ ਸ਼ਮਸ਼ੇਰ ਸਿੰਘ ਸੰਧੂ ਨੇ......ਪਾਠਕਾਂ ਨੂੰ ਨਿਰਾਸ਼ ਨਹੀਂ ਕੀਤਾ। ਸ਼ਮਸ਼ੇਰ ਸਿੰਘ ਸੰਧੂ ਦੀਆਂ ਗ਼ਜ਼ਲਾਂ ਦੇ ਦੋ ਪਹਿਲੂ ਹਨ। ਉਸ ਦੀ ਪੂਰੀ ਦੀ ਪੂਰੀ ਸ਼ਾਇਰੀ ਪਿਆਰ ਦੇ ਰੰਗ ਅਤੇ ਸਮਾਜ ਵਿੱਚ ਵਾਪਰ ਰਹੀਆਂ ਕੁਰੀਤੀਆਂ ਦੁਆਲੇ ਘੁੰਮਦੀ ਹੈ। ਲੋਕਾਂ ਨਾਲ ਪਿਆਰ ਜਾਂ ਸਮੁੱਚੀ ਮਨੁੱਖਤਾ ਨਾਲ ਪਿਆਰ ਅਤੇ ਮਹਿਬੂਬ ਜਾਂ ਮਹਿਬੂਬਾ ਨਾਲ ਪਿਆਰ। ...ਸ਼ਮਸ਼ੇਰ ਸਿੰਘ ਸੰਧੂ ਦਾ ਗ਼ਜ਼ਲ ਦੇ ਖੇਤਰ ਵਿੱਚ ਇਕ ਵਧੀਆ ਉਪਰਾਲਾ ਹੈ। ਪੰਜਾਬੀ ਸਾਹਿਤ ਵਿੱਚ ਉਸ ਦਾ ਨਿੱਘਾ ਸਵਾਗਤ ਹੈ"।

ਪ੍ਰੋ. ਮੋਹਨ ਸਿੰਘ ਔਜਲਾ ਦਾ ਕਥਨ ਹੈ ਕਿ 'ਜਿਸ ਲਗਣ ਅਤੇ ਮਿਹਨਤ ਨਾਲ ਸੰਧੂ ਗ਼ਜ਼ਲ ਰਚਨਾ ਦੇ ਖੇਤਰ ਵਿੱਚ ਨਿੱਤਰਿਆ ਹੈ ਉਹ ਬਹੁਤ ਸਰਾਹਣਾ ਯੋਗ ਹੈ। ਸੰਧੂ ਦਾ ਇਹ ਗ਼ਜ਼ਲ ਸੰਗ੍ਰਹਿ ਸ਼ਬਦ ਚੋਣ, ਸ਼ਬਦ ਜੜਤ ਤੇ ਰਵਾਨੀ ਦੇ ਪੱਖ ਤੋਂ ਬਹੁਤ ਉੱਤਮ ਰਚਨਾ ਹੈ। ਵਿਸ਼ੇ ਅਤੇ ਵਰਤੀਆਂ ਬਹਿਰਾਂ ਤੇ ਉਸ ਨੂੰ ਪੂਰਾ ਅਬੂਰ ਹੈ ਅਤੇ ਉਸ ਨੇ ਉਤਮ ਢੰਗ ਨਾਲ ਉਹਨਾ ਨੂੰ ਨਿਭਾਇਆ ਹੈ। ਪੰਜਾਬੀ ਸਾਹਿਤ ਨੂੰ ਇਸ ਸਲਾਘਾ ਯੋਗ ਦੇਣ ਸਦਕਾ ਉਹ ਵਧਾਈ ਦਾ ਪਾਤਰ ਹੈ।

ਪ੍ਰੋ। (ਡਾ.) ਹਰਭਜਨ ਸਿੰਘ ਢਿੱਲੋਂ ਦਾ ਵਿਚਾਰ ਹੈ ਕਿ 'ਸ਼ਮਸ਼ੇਰ ਸਿੰਘ ਸੰਧੂ ਨੇ ... ਵਿਭਿੰਨ ਕਾਵਿ ਬਹਿਰਾਂ ਦੀ ਵਰਤੋਂ ਕਰਦਿਆਂ ਅਜੋਕੇ ਮਾਨਵੀ ਸਰੋਕਾਰਾਂ ਨੂੰ ਕਾਵਿਕ ਮੁਹਾਵਰੇ ਰਾਹੀਂ ਸਿਰਜਣ ਅਤੇ ਵਿਆਖਿਆਉਣ ਦਾ ਸਫਲ ਯਤਨ ਕੀਤਾ ਹੈ ਜੋ ਸੰਧੂ ਦੀ ਤੀਖਣ ਦਰਿਸ਼ਟੀ ਤੇ ਮਾਨਵਵਾਦੀ ਸੋਚ ਦਾ ਲਖਾਇਕ ਹੈ। ਇਸ ਵਿੱਚ ਸਥਿਤੀਆਂ, ਮਾਨਵ, ਮਨੁੱਖੀ ਰਿਸ਼ਤਿਆਂ ਅਤੇ ਮਾਨਵੀ ਮੁੱਲਾਂ ਦੀ ਸੁਚੱਜੀ ਪੇਸ਼ਕਾਰੀ ਤਾਂ ਹੈ ਹੀ ਇਹਨਾ ਦੇ ਆਰ ਪਾਰ ਦੇਖਕੇ ਇਹਨਾ ਨਾਲ ਗੰਭੀਰ ਸੰਵਾਦ ਰਚਾਉਣ ਦਾ ਯਤਨ ਵੀ ਕੀਤਾ ਗਿਆ ਹੈ।'

ਲੁਧਿਆਣਾ ਸਥਿੱਤ ਪਰਮੁੱਖ ਸਾਹਿਤਕ ਸੰਸਥਾ 'ਸਿਰਜਨਧਾਰਾ' ਨੇ ਸ਼ਮਸ਼ੇਰ ਸਿੰਘ ਸੰਧੂ ਦੇ ਗ਼ਜ਼ਲ ਸੰਗ੍ਰਹਿ 'ਗਾ ਜ਼ਿੰਦਗੀ ਦੇ ਗੀਤ ਤੂੰ' ਤੇ ਉਨ੍ਹਾਂ ਨੂੰ 2004 ਵਿੱਚ 'ਪੰਜਾਬ ਦੀ ਖੁਸ਼ਬੂ' ਅਵਾਰਡ ਨਾਲ ਸਨਮਾਨਿਤ ਕੀਤਾ। ਸ. ਕਰਮਜੀਤ ਸਿੰਘ ਔਜਲਾ ਇਸ ਸੰਸਥਾ ਦੇ ਪ੍ਰਧਾਨ ਤੇ ਸ. ਪ੍ਰੋ. ਕੁਲਵੰਤ ਸਿੰਘ ਜਗਰਾਉਂ ਜਨਰਲ ਸਕੱਤਰ ਸਨ।

ਸੰਧੂ ਦੀਆਂ ਇਨ੍ਹਾਂ ਪੰਜਾਂ ਪੁਸਤਕਾਂ ਵਿੱਚ ਕੁਲ 99+40+112+88+84 =423 ਗ਼ਜ਼ਲਾਂ ਇਸ ਪੁਸਤਕ ਰਾਹੀਂ ਇਕ ਜਿਲਦ ਵਿੱਚ ਪੇਸ਼ ਹਨ। ਸਮੁੱਚੇ ਤੌਰ ਤੇ ਵਜ਼ਨ ਪੱਖੋਂ ਇਨ੍ਹਾਂ ਗ਼ਜ਼ਲਾਂ ਵਿੱਚ ਕੋਈ ਕਮੀਂ ਨਹੀਂ। ਤ਼ਗ਼ਜ਼ਲ ਵੀ ਹੈ ਤੇ ਰਵਾਨੀ ਵਿੱਚ ਵੀ ਕਿਤੇ ਫਰਕ ਨਹੀਂ। ਸੰਧੂ ਨੇ ਮੁਹਾਵਰੇ, ਬਿੰਬ, ਪਰਤੀਕਾਂ, ਨੈਤਿਕਤਾ, ਜੀਵਨ ਜਾਚ, ਘਰ ਦਾ ਪਿਆਰ, ਦੇਸ਼ ਵਿਛੋੜੇ ਦੀ ਕਸਕ, ਸਮਾਜਿਕ ਜ਼ੁੰਮੇਵਾਰੀਆਂ ਭਰਿਆ ਪਿਆਰ ਅਨੁਭਵ, ਸੁਹਜ ਸੁਆਦ, ਸਮਕਾਲੀ ਸਮਾਜਿਕ-ਰਾਜਨੀਤਿਕ ਚੋਭਾਂ, ਆਪਾ ਵਾਰਦੀ ਸਵੈ ਪੜਚੋਲ ਦੀਆਂ ਝਲਕੀਆਂ ਨੂੰ ਦਿਲਕਸ਼ ਤੇ ਨਵੀਨ ਢੰਗ ਨਾਲ ਇਨ੍ਹਾਂ ਗ਼ਜ਼ਲਾਂ ਵਿੱਚ ਪੇਸ਼ ਕੀਤਾ ਹੈ।

ਸ਼ਮਸ਼ੇਰ ਸਿੰਘ ਸੰਧੂ ਨੇ ਆਪਣੀਆਂ .ਗ਼ਜ਼ਲਾਂ ਰਾਹੀਂ ਆਪਣੀ ਜ਼ਿੰਦਗੀ ਦੇ ਭਰਪੂਰ ਤਜਰਬੇ ਤੇ ਅਨੁਭਵ ਬਹੁਤ ਹੀ ਸੁਹਣੇ ਤੇ ਕਾਵਿਮਈ ਢੰਗ ਨਾਲ ਪੇਸ਼ ਕੀਤੇ ਹਨ। ਆਸ ਹੈ ਸੂਝਵਾਨ ਪਾਠਕ ਇਨ੍ਹਾਂ ਦਾ ਪੂਰਾ ਆਨੰਦ ਮਾਨਣਗੇ।

ਗੀਤ ਮੈਨੂੰ ਰਾਗ ਬਣਕੇ, ਨਿੱਤ ਵਾਜਾਂ ਮਾਰਦੇ
ਚਾਹਤਾਂ ਸੁਰਤਾਲ ਬਣਕੇ, ਹਰ ਤਰਫ ਛਾਇਆ ਕਰੇ।
ਯਾਰ ਮਿੱਤਰ ਵੇਖਕੇ ਹਨ, ਹੋ ਰਹੇ ਹੈਰਾਨ ਹੀ
ਉਮਰ ਪੀਰੀ ਰਾਗ ਸੰਧੂ, ਇਸ਼ਕ ਦੇ ਗਾਇਆ ਕਰੇ।

ਮੈਂ ਸ਼ਮਸ਼ੇਰ ਸਿੰਘ ਸੰਧੂ ਨੂੰ .ਗ਼ਜ਼ਲ ਦੇ ਖੇਤਰ ਵਿੱਚ ਉਹਨਾਂ ਦੀਆਂ ਮੁੱਲਵਾਨ ਪ੍ਰਾਪਤੀਆਂ ਲਈ ਵਧਾਈ ਪੇਸ਼ ਕਰਦਾ ਹਾਂ ਅਤੇ ਉਨ੍ਹਾਂ ਦੀਆਂ ਵਧੀਆ ਸਾਹਿਤਕ ਰਚਨਾਵਾਂ ਦਾ ਇਸਤਕਬਾਲ ਕਰਦਾ ਹਾਂ!

ਕਸ਼ਮੀਰਾ ਸਿੰਘ ਚਮਨ
8231 ਸੈਡਲਰਿਜ ਡਰਾਈਵ ਨਾਰਥ ਈਸਟ, ਕੈਲਗਰੀ
ਅਲਬਰਟਾ, ਕੈਨੇਡਾ **T3J 4K7**
Phone/ Fax (403) 248-2841

# ਦੋ ਸ਼ਬਦ

ਚੰਡੀਗੜ ਤੋਂ 1995 ਵਿੱਚ ਮੇਰੇ ਬਤੌਰ ਡਿਪਟੀ ਡਾਇਰੈਕਟਰ (P.E.S.1) ਸਿਖਿਆ ਵਿਭਾਗ, ਪੰਜਾਬ, ਰੀਟਾਇਰ ਹੋਣ ਪਿੱਛੋਂ, 1997 ਵਿੱਚ ਅਸੀਂ ਦੋਵੇਂ ਜੀ ਆਪਣੇ ਵੱਡੇ ਬੇਟੇ ਹਰਪ੍ਰੀਤ ਸਿੰਘ ਸੰਧੂ ਕੋਲ ਕੈਲਗਰੀ, ਕੈਨੇਡਾ ਆ ਗਏ ਸਾਂ। ਪਰ

ਜਦ ਵਤਨ ਦੀ ਯਾਦ ਆਵੇ ਕੀ ਕਰਾਂ
ਡੁਬ ਡੁਬਾਂਦੇ ਨੈਣ ਧੀਰਜ ਕਿਵ ਧਰਾਂ।
ਇੱਕ ਪਾਸੇ ਖਿੱਚ ਪਾਂਦੀ ਧਰਤ ਉਹ
ਛੱਡਣਾ ਮੁਸ਼ਕਲ ਬੜਾ ਪਰ ਇਹ ਗਰਾਂ।
ਇਸ ਗਰਾਂ ਵੀ ਵੰਸ਼ ਮੇਰੀ ਵੱਸਦੀ
ਬੇੜੀਆਂ ਦੋਹਾਂ 'ਚ ਕੱਠਾ ਕਿਵ ਤਰਾਂ।

ਕਵਿਤਾ ਲਿਖਣ ਦਾ ਸ਼ੌਕ ਮੈਨੂੰ 1954 ਤੋਂ ਹੀ ਸੀ।ਮੁਹਿੰਦਰ ਦੇ ਪਿਆਰ ਨੇ ਆਪ ਮੁਹਾਰੇ ਕਵਿਤਾ ਲਿਖਣੀ ਸਿਖਾ ਦਿੱਤੀ ਸੀ।

ਹੈ ਪਿਆਰ ਤੇਰੇ ਤੇ ਸਦਾ, ਇਕ ਮਾਨ ਹੀ ਅਜੀਬ
ਲਾਇਆ ਕਿਨਾਰੇ ਆਪ ਤੂੰ, ਮੈਨੂੰ ਨਸੀਬ ਵਾਂਗ।

ਮੈਂ ਗੌਰਮਿੰਟ ਕਾਲਜ ਲੁਧਿਆਣੇ ਤੋਂ ਐਮ. ਏ. ਕਰਦਿਆਂ 1956-57 ਵਿੱਚ ਕਾਲਜ ਮੈਗਜ਼ੀਨ ਸਤਲੁਜ ਦਾ ਐਡੀਟਰ ਤੇ ਫੇਰ 1957-58 ਵਿੱਚ ਮਾਲਵਾ ਟ੍ਰੇਨਿੰਗ ਕਾਲਜ ਲੁਧਿਆਣਾ ਤੋਂ ਬੀ.ਟੀ. ਕਰਦਿਆਂ ਕਾਲਜ ਮੈਗਜ਼ੀਨ ਦਾ ਐਡੀਟਰ ਵੀ ਰਿਹਾ ਸਾਂ।

ਕੈਲਗਰੀ ਨਿਵਾਸੀ ਗ਼ਜ਼ਲ-ਗੋ ਸ. ਕਸ਼ਮੀਰਾ ਸਿੰਘ ਚਮਨ (403-248-2841) ਕਿੰਨਾ ਚਿਰ ਮੈਨੂੰ ਗ਼ਜ਼ਲ ਲਿਖਣ ਲਈ ਪ੍ਰੇਰਤ ਕਰਦੇ ਰਹੇ। ਉਹ ਕਹਿੰਦੇ ਸਨ ਕਿ ਤੇਰੀਆਂ ਕਵਿਤਾਵਾਂ ਗ਼ਜ਼ਲ ਦੇ ਕਾਫੀ ਲਾਗੇ ਹਨ, ਸ਼ਬਦ-ਭੰਡਾਰ ਦੀ ਵੀ ਘਾਟ ਨਹੀਂ, ਇਸ ਲਈ ਜੇ ਤੂੰ ਯਤਨ ਕਰੇਂ ਤਾਂ ਸਹਿਜੇ ਹੀ ਗ਼ਜ਼ਲ ਲਿਖ ਸਕਦਾ ਹੈਂ।

ਚਮਨ ਹੋਰਾਂ ਮੇਰੀਆਂ ਕੁਛ ਕਵਿਤਾਵਾਂ ਵਿੱਚ ਗ਼ਜ਼ਲ ਦਾ ਰੰਗ ਦੱਸਕੇ, ਵਜ਼ਨ ਦੀ ਅਟਕਲ ਸਮਝਾਕੇ, ਸੇਧ ਦੇ ਕੇ ਮੈਨੂੰ ਗ਼ਜ਼ਲ ਲਿਖਣ ਲਈ ਪ੍ਰੇਰ ਹੀ ਲਿਆ ਤੇ ਪਹਿਲੀਆਂ ਕੁਛ ਗ਼ਜ਼ਲਾਂ ਵਿੱਚ ਅਗਵਾਈ ਵੀ ਦਿੱਤੀ। ਇਸ ਪ੍ਰੇਰਨਾ ਤੇ ਅਗਵਾਈ ਲਈ ਮੈਂ ਉਨ੍ਹਾਂ ਦਾ ਬਹੁਤ ਰਿਣੀ ਹਾਂ।ਨਵੇਂ ਉਭਰਦੇ ਸ਼ਾਇਰਾਂ ਦੀ ਅਗਵਾਈ ਲਈ ਉਹ ਸਦਾ ਤਤਪਰ ਰਹਿੰਦੇ ਹਨ।

ਉਨ੍ਹਾਂ ਅਤੇ ਹੋਰ ਪੰਜਾਬੀ ਸਾਹਿਤ ਪ੍ਰੇਮੀਆਂ ਦੇ ਉਪਰਾਲੇ ਸਦਕਾ ਕੈਲਗਰੀ ਵਿੱਚ ਪੰਜਾਬੀ ਸਾਹਿਤ ਸਭਾ ਅਤੇ ਪੰਜਾਬੀ ਲਿਖਾਰੀ ਸਭਾ ਹੋਂਦ ਵਿਚ ਆਈਆਂ

ਜੋ ਲਿਖਾਰੀਆਂ ਨੂੰ ਪ੍ਰੇਰਨਾ ਤੇ ਉਤਸਾਹ ਦੇਕੇ ਪੰਜਾਬੀ ਸਾਹਿਤ ਰਚਨਾ ਖੇਤਰ ਵਿਚ ਯੋਗ ਦਾਨ ਪਵਾ ਰਹੀਆਂ ਹਨ।

'ਗਾ ਜ਼ਿੰਦਗੀ ਦੇ ਗੀਤ' ਪੁਸਤਕ ਵਿੱਚ ਵਧੇਰੇ ਗ਼ਜ਼ਲਾਂ ਮੇਰੇ 65 ਸਾਲ ਦੇ ਹੋ ਜਾਣ ਮਗਰੋਂ ਸਾਲ 2002 ਦੀ ਕਿਰਤ ਹਨ।

ਚਾਹਿ ਉਮਰਾ ਢਲ ਗਈ ਤੇ ਵਕਤ ਪੀਰੀ ਆ ਗਿਆ
ਪਰ ਖਿਆਲਾਂ ਦੀ ਉਡਾਰੀ ਹੈ ਅਜੇ ਵੀ ਬਾਜ਼ ਦੀ।-----ਅਤੇ:
ਵਾਂਗੂੰ ਹਵਾ ਦਿ ਉੱਡਾਂ ਲਾ ਖੰਭ ਚੇਤਨਾ ਦੇ
ਨ੍ਹੇਰਾ ਮਿਟਾਕੇ ਆਵੇ ਜੀਕਣ ਸੁਬਹ ਦੀ ਲਾਲੀ।

ਪਿਤਾ ਜੀ ਸੋਹਣ ਸਿੰਘ ਸੀਤਲ ਹੋਰਾਂ, ਗੀਤਾਂ ਦੀ ਪੁਸਤਕ ਕੇਸਰੀ ਦੁਪੱਟਾ, ਆਪਣੀ ਉਮਰ ਦੇ 50ਵੇਂ ਸਾਲ ਵਿਚ ਲਿਖੀ ਸੀ।ਉਨ੍ਹਾਂ ਦਾ ਇਕ ਸ਼ੇਅਰ ਹੈ:

ਜਦੋਂ ਮੈਂ ਗੀਤ ਲਿਖਦਾ ਹਾਂ ਜਵਾਨੀ ਨੂੰ ਬੁਲਾ ਲੈਂਦਾਂ
ਜੋ ਸੁੱਤੀਆਂ ਥੱਕ ਕੇ ਰੀਝਾਂ ਉਨ੍ਹਾਂ ਨੂੰ ਫਿਰ ਜਗਾ ਲੈਂਦਾਂ।

ਜ਼ਿੰਦਗੀ ਦੇ ਹਰ ਖੇਤਰ ਵਿੱਚ ਤਰੱਕੀ ਦੇ ਬਾਵਜੂਦ ਸਿਆਸਤਦਾਨ ਅਤੇ ਧਰਮ ਦੇ ਠੇਕੇਦਾਰ, ਲੋਕਾਂ ਨੂੰ ਕੁਰਾਹੇ ਪਾ, ਲੁੱਟ ਰਹੇ ਹਨ:

ਅੰਧ ਵਿਸ਼ਵਾਸਾਂ ਥਾਂ ਧਰਮਾਂ ਦੀ ਮੱਲੀ ਹੈ,
ਬੌਰੇ ਕੀਤੇ ਲੋਗ ਬਚਾਵੇ ਕੌਣ ਭਲਾ।-----ਅਤੇ:
ਆਸਮਾਨੀ ਰਹਿਣ ਵਾਲੇ ਦੇਵਤੇ ਕਿਸ ਕੰਮ ਦੇ
ਰਾਜ ਧਰਤੀ ਜੇ ਰਹੇਗਾ ਪਸਰਿਆ ਸ਼ੈਤਾਨ ਦਾ।

ਸਾਰੀ ਦੁਨੀਆਂ ਉੱਤੇ ਜੰਗ ਦੇ ਸਹਿਮ ਦੇ ਛਾ ਰਹੇ ਬੱਦਲ ਵੇਖਕੇ:

ਦਿਲ ਚਾਹੇ ਰੰਗ ਐਸਾ ਬਦਲੇ ਸਾਰੀ ਲੋਕਾਈ ਮਾਣੇ
ਯਾਰੋ ਅਮਨਾਂ ਦਾ ਰੰਗ ਪੂਰੀ ਧਰਤੀ ਨੂੰ ਕੋਈ ਲਾ ਦੇ।

ਉਮੀਦ ਹੈ ਪਾਠਕਾਂ ਨੂੰ ਮੇਰਾ ਇਹ ਗ਼ਜ਼ਲ-ਸੰਗ੍ਰਹਿ ਪਸੰਦ ਆਏਗਾ। ਗ਼ਜ਼ਲ ਦੀ ਤਕਨੀਕ ਬਾਰੇ ਮੇਰਾ ਕੋਈ ਦਾਅਵਾ ਤਾਂ ਨਹੀਂ ਪਰ ਆਸ ਹੈ ਪਾਠਕ ਨਿਰਾਸ ਵੀ ਨਹੀਂ ਹੋਣਗੇ ਤੇ ਅਨੇਕਾਂ ਸ਼ਿਅਰ ਉਨ੍ਹਾਂ ਨੂੰ ਮੁਹਾਵਰੇ ਵਾਂਗ ਕੰਮ ਆਉਣਗੇ।

ਮੰਦਰਾਂ ਤੇ ਮਸਜਦਾਂ ਦੇ ਵਿਤਕਰੇ ਤੂੰ ਛੱਡ ਦੇ
ਸਾਂਝ ਦੇ ਤੂੰ ਮੈਕਦੇ ਚੋਂ ਜਾਮ ਸਭ ਨੂੰ ਦੇ ਪਿਲਾ।
ਸੱਲ ਖਾਕੇ ਤੂੰ ਕਲੇਜੇ ਮਿੱਠੜੇ ਹੀ ਗੀਤ ਗਾ
ਛੇਕ ਸੀਨੇ ਬੰਸਰੀ ਦੇ ਹਨ ਜ਼ਰੂਰੀ ਨਾ ਭੁਲਾ।

ਕੈਲਗਰੀ ਮਾਰਚ 2003

*ਸ਼ਮਸ਼ੇਰ ਸਿੰਘ ਸੰਧੂ*
**ਐਮ.ਏ; ਐਮ.ਐਡ: ਪੀ.ਈ.ਐਸ. (1)**
**ਰੀ. ਡਿਪਟੀ ਡੀ. ਪੀ. ਆਈ, ਪੰਜਾਬ, ਚੰਡੀਗੜ੍ਹ।**

-1-

ਗਾ ਜ਼ਿੰਦਗੀ ਦੇ ਗੀਤ ਤੂੰ, ਬਾਂਕੀ ਰਬਾਬ ਵਾਂਗ
ਆਪਾ ਖਿੜੇਗਾ ਦੋਸਤਾ, ਸੂਹੇ ਗੁਲਾਬ ਵਾਂਗ।

ਪੈਰਾਂ 'ਚ ਛਾਲੇ ਰੜਕਦੇ, ਰਸਤਾ ਸਕੇ ਨ ਰੋਕ,
ਤੁਰਦੇ ਰਹਾਂਗੇ ਤਾਣਕੇ, ਛਾਤੀ ਨਵਾਬ ਵਾਂਗ।

ਹਾਏ ਅਦਾ ਤੇਰੀ ਧਰੇਂ, ਤੂੰ ਪੈਰ ਸਾਂਭ ਸਾਂਭ
ਹਾਂ ਵੀ ਕਹੇਂਗਾ ਸੋਹਣਿਆਂ, ਨਾਹ ਦੇ ਜਵਾਬ ਵਾਂਗ।

ਹੈ ਮਰਦ ਹੋ ਕੇ ਜੀਵਣਾ, ਇਸ ਜ਼ਿੰਦਗੀ ਦੀ ਸ਼ਾਨ
ਮਾਣੀ ਅਸਾਂ ਹੈ ਜ਼ਿੰਦਗੀ, ਅਣਖੀ ਪੰਜਾਬ ਵਾਂਗ।

ਜਦ ਬੱਦਲਾਂ ਨੇ ਘੇਰਕੇ, ਪਰਵਾਰਿਆ ਏ ਚੰਨ,
ਹਰ ਵਾਰ ਉਹ ਹੈ ਚਮਕਿਆ, ਮੁਖੜੇ ਮਤਾਬ ਵਾਂਗ।

ਜੇ ਰੁਖ ਮੁਖਾਲਿਫ ਤੇਜ਼ ਹੈ, ਵਗਦੀ ਹਵਾ ਨ ਡੋਲ
ਉੱਚੀ ਉਡਾਰੀ ਸੇਧ ਲੈ, ਤੂੰ ਵੀ ਉਕਾਬ ਵਾਂਗ।

ਆਇਆ ਨ ਮੇਰੀ ਜੀਭ ਤੇ, ਕੋਈ ਕਦੇ ਸਵਾਲ
ਬਹੁੜੇ ਹੋ ਯਾਰੋ ਫੇਰ ਵੀ, ਪੂਰੇ ਹਿਸਾਬ ਵਾਂਗ।

ਜੀਣਾ ਨੇ ਜਿਹੜੇ ਜਾਣਦੇ, ਜਰ ਔਕੜਾਂ ਅਨੇਕ
ਰੌਣਕ ਤਿਨਾਂ ਦੇ ਮੂੰਹ ਤੇ, ਚਮਕੇ ਸ਼ਬਾਬ ਵਾਂਗ।

ਸੋਕੇ ਨੇ ਚਾਹੇ ਆ ਗਏ, ਰਾਹੀਂ ਅਨੇਕ ਵਾਰ
ਪਰ ਦਿਲ ਬੜਾ ਭਰਪੂਰ ਹੈ, ਡੂੰਘੇ ਤਲਾਬ ਵਾਂਗ।

ਹਰ ਥਾਂ ਰਹੇ ਹਾਂ ਤੱਕਦੇ, ਤੇਰਾ ਹੀ ਰੂਪ ਰੰਗ,
ਮਸਤੀ ਰਹੀ ਹੈ ਮੂੰਹ ਤੇ, ਪੀਤੀ ਸ਼ਰਾਬ ਵਾਂਗ।

ਹਨ ਤੌਰ ਸਿੱਧੇ ਰੱਖਣੇ, ਤੇ ਤੋਰ ਤੀਰ ਵਾਂਗ
ਸੰਧੂ ਨਹੀਂ ਗੇ ਆਂਵਦੇ, ਨਖਰੇ ਜਨਾਬ ਵਾਂਗ।

-2-

ਵੇਖ ਕੈਸੀ ਸੁੰਨ ਸਾਰੇ, ਛਾ ਗਈ ਹੈ ਦੋਸਤਾ
ਜਾਪਦਾ ਹੈ ਸੋਚ ਵੀ ਪਥਰਾ ਗਈ ਹੈ ਦੋਸਤਾ।

ਫੰਧਿਆਂ ਦੇ ਤੰਦ ਸਾਰੇ, ਹੋਰ ਸੰਘਣੇ ਹੋ ਗਏ
ਨਸ ਤਿਰੇ ਮਕਤੂਲ ਦੀ ਨਰਮਾ ਗਈ ਹੈ ਦੋਸਤਾ।

ਰਾਜ ਹਰ ਪਾਸੇ ਹੀ ਦਿਸਦੈ, ਵਹਿਮ ਤੇ ਅਗਯਾਨ ਦਾ
ਅਕਲ ਤੇ ਲਗਦਾ ਜਿਵੇਂ ਸ਼ਰਮਾ ਗਈ ਹੈ ਦੋਸਤਾ।

ਨਾ ਇਹੋ ਘਰਬਾਰ ਅਪਣਾ, ਨਾ ਇਹੋ ਹੈ ਦੇਸ਼ ਹੀ
ਰੱਬ ਜਾਣੇ ਚੀਜ਼ ਕੀ ਭਰਮਾ ਗਈ ਹੈ ਦੋਸਤਾ।

ਮਿਹਰਬਾਨੀ ਯਾਦ ਤੇਰੀ, ਮੈਂ ਭੁਲਾਵਾਂ ਮੂਲ ਨਾ
ਮੌਜ ਕਿਸ਼ਤੀ ਨੂੰ ਕਿਨਾਰੇ, ਲਾ ਗਈ ਹੈ ਦੋਸਤਾ।

-3-

ਮਹਿਕ ਤੇਰੀ ਦੋਸਤੀ ਦੀ ਆਪਦੀ ਹੈ ਦੋਸਤਾ
ਬਾਸ ਮਿੱਠੀ ਫੁੱਲ ਵਾਂਗੂੰ ਜਾਪਦੀ ਹੈ ਦੋਸਤਾ।

ਕ੍ਰਿਤਕ੍ਰਿਤਾਵੇ ਜ਼ਿੰਦਗੀ ਨੂੰ ਨਾਲ ਮਿੱਠੇ ਹਾਸਿਆਂ
ਗੀਤ ਮਿੱਠੇ ਪਿਆਰ ਦੇ ਆਲਾਪਦੀ ਹੈ ਦੋਸਤਾ।

ਦੋਸਤਾ ਇਹ ਦੋਸਤੀ ਹੈ ਸ਼ੈ ਅਨੋਖੀ ਜਾਪਦੀ
ਗੱਲ ਦਿਲ ਦੀ ਨਾਲ ਦਿਲ ਦੇ ਨਾਪਦੀ ਹੈ ਦੋਸਤਾ।

ਊਚ ਜਾਪੇ ਨੀਚ ਇਸ ਨੂੰ ਨੀਚ ਜਾਪੇ ਊਚ ਹੀ
ਵੱਖਰੇ ਹੀ ਮਾਪ ਇਹ ਤੇ ਥਾਪਦੀ ਹੈ ਦੋਸਤਾ।

ਸੱਚ ਵਾਂਗੂੰ ਆਸ਼ਕੀ ਹੈ ਪਨਪਦੀ ਵਿਚ ਆਸ਼ਕਾਂ
ਵਲਗਣਾ ਦੈ ਤੋੜ, ਜੋ ਜੜ੍ਹ, ਪਾਪ ਦੀ ਹੈ ਦੋਸਤਾ।

-4-

ਲੈਂਦੇ ਰਹੇ ਹਨੇਰੇ ਹਰ ਯੁਗ ਸਿਰਾਂ ਦੀ ਬਾਜ਼ੀ
ਕਟ ਕਟ ਵੀ ਇਹ ਫਸਲ ਤਾਂ ਹੁੰਦੀ ਰਹੀ ਏ ਤਾਜ਼ੀ।

ਬੁੱਤਾਂ ਤੇ ਮਰਨ ਵਾਲੇ ਹੂਰਾਂ ਦੇ ਖ਼ੁਦ ਸ਼ਦਾਈ
ਕਾਅਬੇ ਹੈ ਰੱਬ ਵਸਦਾ ਕਹਿੰਦੇ ਰਹੇ ਨੇ ਕਾਜ਼ੀ।

ਹੁੰਦੇ ਸ਼ਹੀਦ ਉਹ ਜੋ ਸਚ ਤੇ ਨੇ ਜਾਨ ਦੇਂਦੇ
ਬੋਲੋ ਜਨੂਨੀਆਂ ਨੂੰ ਆਖੇ ਗਾ ਕੌਣ ਗ਼ਾਜ਼ੀ।

ਆਦਮ ਹਵਾ ਸ਼ੁਰੂ ਤੋਂ ਜੱਨਤ ਰਹੇ ਨੇ ਤਜਦੇ
ਹਰ ਪ੍ਰੀਤ ਇਸ ਧਰਤ ਤੇ ਦਸਦੀ ਏ ਗੱਲ ਤਾਜ਼ੀ।

ਜੇ ਕਾਇਨਾਤ ਉਸ ਦੀ ਜੀਵਣ ਵੀ ਦੇਣ ਉਸ ਦੀ
ਫਿਰ ਕਿਉ ਰਹੀ ਏ ਉਸ ਤੋਂ ਬੰਦੇ ਦੀ ਬੇਨਿਆਜ਼ੀ?

ਰੰਗਾਂ ਦਾ ਅੰਤ ਨਾਹੀਂ ਦੁਨੀਆਂ ਦੇ ਬਾਗ਼ ਅੰਦਰ
ਭੁਲਦੀ ਨਹੀਂ ਉਹ ਮੈਨੂੰ ਚੁੰਨੀ ਤੇਰੀ ਪਿਆਜ਼ੀ।

ਯੁੱਗੋਂ ਹਵਾ ਤੇ ਆਦਮ ਜੰਨਤ ਨੂੰ ਹੇਚ ਜਾਨਣ
ਜੱਨਤ ਦੇ ਤਾਂ ਵੀ ਲਾਰੇ ਲਾਂਦੇ ਰਹੇ ਨੇ ਕਾਜ਼ੀ।

ਲੋਕਾਂ ਤੇ ਜਾਨ ਦੇਂਦੇ ਜਾਂਦੇ ਉਹ ਬਣ ਮਸੀਹਾ
ਲੋਕਾਂ ਦੀ ਜਾਨ ਲੈਂਦੇ ਕਹਿੰਦੇ ਉਨ੍ਹਾਂ ਨੂੰ ਨਾਜ਼ੀ।

-5-

ਗੁਜ਼ਰਦੇ ਨਾ ਪਲ ਘੜੀ ਰਾਤੀਂ ਦਿਨੇ
ਰਾਤ ਬੀਤੇ ਮੁਸ਼ਕਲੀਂ ਤਾਰੇ ਗਿਣੇ।

ਹੈ ਬੜੀ ਲੰਮੀਂ ਉਡੀਕਾਂ ਦੀ ਡਗਰ
ਥੱਕ ਗਈਆਂ ਨੀਂਦਰਾਂ ਨੇ ਪੰਧ ਮਿਣੇ।

ਭਟਕਨਾਂ ਵਿਚ ਭਟਕਦੇ ਨੇ ਰਾਤ ਦਿਨ
ਇੰਜ ਖੁਰਦੀ ਜ਼ਿੰਦਗੀ ਹੈ ਹੋ ਤਿਣੇ।

ਸੱਜਣਾ ਸਾਬਰ ਬੜਾ ਹੈ ਦਿਲ ਮੇਰਾ
ਫੇਰ ਵੀ ਤੇਰੀ ਜੁਦਾਈ ਦਿਲ ਵਿਨ੍ਹੇ।

ਸ਼ਾਮ ਕਰਨੀ ਸੁਬਹ ਮੁਸ਼ਕਲ ਹੈ ਬੜੀ
ਤੀਰ ਬਣਕੇ ਜਦ ਜੁਦਾਈ ਹਿਕ ਸਿਣੇ।

ਮਹਿਵ ਤੇਰੇ ਇਸ਼ਕ ਮੈਂ ਹਾਂ ਗੁਲਬਦਨ
ਵਾਂਗ ਭੌਰੇ ਡਾਲੀਆਂ ਨਾ ਫੁਲ ਗਿਣੇ।

ਆਸ ਤੇਰੇ ਮਿਲਨ ਦੀ ਲੱਗੀ ਰਹੀ
ਰੌਸ਼ਨੀ ਨ੍ਹੇਰੀ ਗੁਫਾ ਜਿਉ ਆ ਛਿਣੇ।

ਜਾਪਦਾ ਹੈ ਜਾਣ ਵਾਲੀ ਇਹ ਖ਼ਿਜ਼ਾਂ
ਮੁੱਕ ਚੱਲੇ ਮੁਸ਼ਕਲਾਂ ਦੇ ਦਿਨ ਗਿਣੇ।

ਘੱਟ ਜੀ ਲੈ ਸੱਚ ਹੋ ਕੇ ਦੋਸਤਾ
ਝੂਠ ਦੀ ਬਾਜ਼ੀ ਦੇ ਹੁੰਦੇ ਪਲ ਗਿਣੇ।

ਤੂੰ ਬਣਾਈ ਹੈ ਅਜਬ ਹੀ ਕਾਇਨਾਤ
ਭੇਤ ਤੇਰੀ ਖਲਕ ਦੇ ਨਾ ਗੇ'ਗਿਣੇ।

-6-

ਨਾਮ ਤੇਰਾ ਲੈ ਰਿਹਾਂ ਮੈਂ ਹਰ ਘੜੀ
ਸਾਧਨਾ ਹੈ ਭਗਤ ਜਿਉ ਕਰਦਾ ਕੜੀ।

ਰਾਜ਼ ਤੂੰ ਹੈਂ ਦਿਲਬਰਾ ਇਸ ਖਿੱਚ ਦਾ
ਜਿੰਦ ਮੇਰੀ ਰਾਤ ਦਿਨ ਜਾਵੇ ਹੜੀ।

ਬਣ ਗਿਆ ਹੈ ਨਾਮ ਕੇਂਦਰ ਸੋਚ ਦਾ
ਹੈ ਸੁਤਾ ਸਭ ਨਾਮ ਤੇਰੇ ਵਿਚ ਜੜੀ।

ਪਿਆਰ ਤੇਰਾ ਬਣ ਸੁਆਂਤੀ ਬੂੰਦ ਜਿਉ
ਆਣ ਵੱਸੇ ਵਾਂਗ ਸਾਵਣ ਦੀ ਝੜੀ।

ਵਾਂਗ ਝਰਨੇ ਪ੍ਰੇਮ ਤੇਰਾ ਝਰ ਰਿਹਾ
ਵਿਰਦ ਹਾਂ ਗਲਤਾਨ ਬਿਨ ਮਾਲਾ ਫੜੀ।

**–7–**

ਵੇਖ ਕੈਸਾ ਹੈ ਬੇਦਰਦਾਂ ਦਾ ਸ਼ਹਿਰ
ਧਰਮ ਦੇ ਢੋਂਗੀ ਸਦਾ ਢਾਂਦੇ ਕਹਿਰ।

ਭੇਖ ਵੇਖੋ ਨਿੱਤ ਸਾਧਾਂ ਦਾ ਕਰਨ
ਮਨ ਇਨਾਂ ਦੇ ਲੋਭ ਦੀ ਉੱਠੇ ਲਹਿਰ।

ਪੋਚਕੇ ਮੁਖੜੇ ਸਜਾ ਦਸਤਾਰ ਸਿਰ
ਚੋਜ ਕਰਦੇ ਨੇ ਕਈ ਅੱਠੇ ਪਹਿਰ।

ਧਰਮ ਦੀ ਥਾਂ ਹੈ ਫਰੇਬਾਂ ਦਾ ਚਲਨ
ਐਤ ਆ ਠਗਦੇ ਸਜਣ ਤੇਰੇ ਦਹਿਰ।

ਨਜ਼ਰ ਚੌਧਰ ਤੇ ਸਦਾ ਨੇ ਟੇਕਦੇ
ਮੂੰਹ ਅਲਾਵੇ ਚਾਹੇ ਸੇਵਾ ਦੀ ਬਹਿਰ।

ਆਪਣਾ ਵੀ ਖ਼ੂਨ ਦੈ ਜਦ ਹਾਰ ਹੀ
ਸ਼ਾਮ ਜਾਪੇ ਤਦ ਖੁਸ਼ੀਆਂ ਦੀ ਸਹਰ*।

* ਸਵੇਰ

ਠੱਲ੍ਹਣਾ ਹੋ ਜਾਵੇ ਮੁਸ਼ਕਲ ਹੀ ਬੜਾ
ਜਦ ਸਬਰ ਦੀ ਟੁੱਟ ਜਾਂਦੀ ਹੈ ਨਹਿਰ।

ਸੋਚ ਕਦ ਤਕ ਚੱਲਣਾ ਹੈ ਝੂਠ ਨੇ
ਟੁੱਟ ਜਾਣਾ ਹੈ ਫਰੇਬਾਂ ਦਾ ਸਿਹਰ*।

* ਜਾਦੂ

ਪ੍ਰੇਮ ਸੱਚਾ ਪੱਥਰੋਂ (ਵੀ) ਖੋਜੇ ਖ਼ੁਦਾ
ਰੱਬ ਕਰਦਾ ਸਿਦਕ ਤੇ ਸੱਚੀ ਮਿਹਰ।

-8-

ਜਦ ਵੀ ਕੋਲ ਬੁਲਾਵੇ ਚੰਨ
ਸਿਰ ਧੜ ਬਾਜ਼ੀ ਲਾਵੇ ਚੰਨ।

ਰਾਤੀਂ ਤਾਰੇ ਚੜ੍ਹਣ ਬਰਾਤ
ਲਾੜਾ ਬਣ ਕੇ ਆਵੇ ਚੰਨ।

ਸਾਰੀ ਰੌਣਕ ਉਸ ਦੇ ਨਾਲ
ਜਦ ਵੀ ਵਿਹੜੇ ਆਵੇ ਚੰਨ।

ਜੀਵਨ ਲੀਲਾ ਮੇਲੇ ਨਾਲ
ਰਿਸ਼ਮਾਂ ਧਰਤ ਵਸਾਵੇ ਚੰਨ।

ਦਿਲ ਨੂੰ ਰਾਹ ਦਿਲਾਂ ਦੇ ਨਾਲ
ਤਾਂ ਹੀ ਯਾਰ ਕਹਾਵੇ ਚੰਨ।

ਭਾਵੇਂ ਵਸਦਾ ਵਿਚ ਅਸਮਾਨ
ਧਰਤੀ ਤਾੜੀ ਲਾਵੇ ਚੰਨ।

ਭਾਵੇਂ ਉੱਚਾ ਨੀਂਵਾਂ ਹੋਏ
ਫਿਰਵੀ ਰਿਸ਼ਮ ਧਿਆਵੇ ਚੰਨ

ਸਾਡੇ ਵਸ ਤਾਂ ਕੁਛ ਵੀ ਨਾਹ
ਓਹੀ ਖੇਡ ਖਿਡਾਵੇ ਚੰਨ।

ਜੀਵਨ ਸਫਲਾ ਸੁਹਣੇ ਨਾਲ
ਇਹਹੀ ਸਬਕ ਸਿਖਾਵੇ ਚੰਨ।

-9-

ਦੋਸਤੋ ਜਾਦੂ ਭਰੀ ਇਹ ਰਾਤ ਹੈ
ਜਨਮ ਲੈਂਦੀ ਏਸ ਤੋਂ ਪਰਭਾਤ ਹੈ।

ਘਾਤ ਘਾਤੀ ਲਾਕੇ ਬੈਠੇ ਹਰ ਘੜੀ
ਲੋੜਦੇ ਜੋ ਸੱਚ ਕਰਨਾ ਘਾਤ ਹੈ।

ਮੌਤ ਤੋਂ ਵੀ ਜਨਮ ਲੈਂਦੀ ਜ਼ਿੰਦਗੀ
ਮੌਤ ਨੂੰ ਵੀ ਕਰ ਰਹੀ ਇਹ ਮਾਤ ਹੈ।

ਹੋ ਗਿਓਂ ਸਰਦਾਰ ਸਾਰੀ ਖਲਕ ਦਾ
ਵੇਖ ਕੇ ਹੈਰਾਨ ਆਦਮ ਜ਼ਾਤ ਹੈ।

ਵੇਖ ਸੱਜਣ ਛਾ ਗਈ ਕਾਲੀ ਘਟਾ
ਸ਼ੌਕ ਦੀ ਹੋਈ ਕਿਹੀ ਬਰਸਾਤ ਹੈ।

ਜ਼ਿੰਦਗੀ ਹੈ ਜੀਣ ਹਰ ਦਮ ਤਾਂਘਦੀ
ਕੌਣ ਆਖੇ ਬੀਤ ਚੁੱਕੀ ਬਾਤ ਹੈ।

ਵੰਡ ਭਾਵੇਂ ਬੁੱਕ ਭਰ ਭਰ ਦੋਸਤਾ
ਨਾ ਘਟੇ ਗੀ ਦੋਸਤੀ ਸੌਗਾਤ ਹੈ।

ਦੋਸ਼ ਲਗਾਕੇ ਮੱਥੇ ਮੇਰੇ, ਦੇਂਵੇਂ ਜੱਗ ਹਸਾਈਆਂ ਕਿਉਂ?
ਸੋਹਲ ਤੇਰੇ ਮੁਖੜੇ ਉੱਤੇ, ਉੱਡਣ ਫੇਰ ਹਵਾਈਆਂ ਕਿਉਂ?

ਧਰਮ ਦੇ ਠੇਕੇਦਾਰਾਂ ਦਾ ਤੇ, ਪਾਜ ਚੁਰਾਹੇ ਖੁਲ ਗਿਆ
ਮੂੰਹੋਂ ਝੂਠੇ ਪਰਦੇ ਉਤਰੇ, ਐਂਵੇਂ ਦੇਣ ਸਫਾਈਆਂ ਕਿਉਂ?

ਕੈਦੋਂ ਆਣ ਚੁਰਾਈ ਚੂਰੀ, ਪਾ ਦਰਵੇਸ਼ੀ ਚੋਲਾ ਨੀ
ਚਾਕ ਤੇਰੀ ਬੰਸੀ ਨੂੰ ਤਰਸਣ ਨਿੱਤ ਸਿਆਲੀਂ ਜਾਈਆਂ ਕਿਉਂ?

ਦਾਵੇ ਕਰਦੇ ਸੀ ਨਿਸ ਦਿਨ ਹੀ, ਜਿਹੜੇ ਪੱਕੀਆਂ ਸਾਂਝਾਂ ਦੇ
ਲੋੜ ਪਈ ਤੋਂ ਆਲੇ ਟਾਲੇ, ਕਰਦੇ ਨੇ ਚਤਰਾਈਆਂ ਕਿਉਂ?

ਪਾਕੇ ਯਾਰੀ ਤੋੜ ਨ ਚਾੜ੍ਹਣ, ਹੈ ਦਸਤੂਰ ਜਿਨ੍ਹਾਂ ਦਾ ਇਹ
ਉਹਨਾਂ ਬਦਲੇ ਤੇਰੀਆਂ ਸਜਣਾ, ਰੀਝਾਂ ਨੇ ਸਧਰਾਈਆਂ ਕਿਉਂ?

ਸਭ ਜਗ ਜਾਣੇ ਸਹਿਲ ਨ ਹੁੰਦੇ, ਪੈਂਡੇ ਬਿਖੜੀਆਂ ਰਾਹਾਂ ਦੇ
ਜਾਣੇ ਬੁੱਝੇ ਤੂੰ ਤਕਦੀਰਾਂ, ਔਝੜ ਰਾਹੇ ਪਾਈਆਂ ਕਿਉਂ?

ਉਂਝ ਤੇ ਲੋਚੇਂ ਰਸਤੇ ਤੇਰੇ, ਫੁੱਲਾਂ ਲੱਦੇ ਹੋਣ ਸਦਾ
ਉਹਨੀ ਰਾਹੀਂ ਤੂੰ ਹੀ ਆਪੇ, ਸੂਲਾਂ ਦੱਸ ਵਛਾਈਆਂ ਕਿਉਂ?

ਦਿਲ ਦੇ ਬੂਹੇ ਛੋਟੇ ਜੇ ਕਰ, ਯਾਰ ਨ ਪੁੰਨੂੰ ਵਾਂਗ ਬਣਾ
ਊਠਾਂ ਵਾਲੇ ਸੱਜਣ ਨਾਲੇ, ਤੂੰ ਸਨ ਅੱਖਾਂ ਲਾਈਆਂ ਕਿਉਂ?

ਮਾਣ ਬੜਾ ਸੀ ਤੈਨੂੰ ਹੁੰਦਾ, ਵਡੀਆਂ ਵਡੀਆਂ ਅਕਲਾਂ ਦਾ
ਨਿਹੁੰ ਦੇ ਸੌਦੇ ਘਾਟਾ ਖਾਕੇ, ਸ਼ਕਲਾਂ ਨੇ ਮੁਰਝਾਈਆਂ ਕਿਉਂ?

ਸਚ ਹੈ ਜੇਕਰ ਸੀਨੇ ਤੇਰੇ, ਅੱਗੇ ਕਦਮ ਵਧਾਈ ਜਾ
ਔਖੇ ਰਾਹੀਂ ਤੁਰਦੇ ਹੋਏ, ਸੁਰਤਾਂ ਨੇ ਪਥਰਾਈਆਂ ਕਿਉਂ?

ਡੀਕਾਂ ਲਾਕੇ ਪੀ ਲੈਂਦੋਂ ਜੇ, ਨਿਹੁੰ ਦਾ ਅੰਮ੍ਰਿਤ ਸਾਰਾ ਤੂੰ
ਦਿਲ ਵਿਚ ਯਾਰ ਵਸਾਦੋਂ ਸੰਧੂ,ਤਕਦੋ ਫੇਰ ਜੁਦਾਈਆਂ ਕਿਉਂ?

-11-

ਨਾ ਕਰਾਂ ਤੇਰੀ ਮੁਹੱਬਤ ਨਾਤਵਾਂ ਦਾ ਮੈਂ ਗਿਲਾ
ਸਿਦਕ ਮੇਰਾ ਯਾਰ ਤੇਰੀ ਬੇਰੁਖੀ ਦੇਸੀ ਮਿਟਾ।

ਤਕ ਨਜ਼ਾਰੇ ਅਜਬ ਇਹ ਜੋ ਜ਼ਿੰਦਗੀ ਹੈ ਦੇ ਰਹੀ
ਸੱਚ ਸੂਰਜ ਲਿਸ਼ਕਦਾ ਵਿਨ੍ਹ ਕੂੜ ਦੀ ਕਾਲੀ ਘਟਾ।

ਹੈ ਜੁਗਾਂ ਤੋਂ ਇਹ ਲੜਾਈ ਤਾਂ ਨਿਰੰਤਰ ਹੋ ਰਹੀ
ਕਰਮ ਯੋਗੀ ਸੱਚ ਹੈ ਹਰ ਝੂਠ ਨੂੰ ਦੇਂਦਾ ਹਰਾ।

ਨ੍ਹੇਰਿਆਂ ਤੇ ਔਕੜਾਂ ਤੋਂ ਕਿਉ ਡਰਾਂ ਮੈਂ ਦੋਸਤੋ
ਸੱਚ ਸੂਰਜ ਜਦ ਮੇਰਾ ਹੈ ਸਾਥ ਦੇਂਦਾ ਆ ਰਿਹਾ।

ਬਖਸ਼ਿਆ ਜਦ ਤਾਣ ਮੈਨੂੰ ਹੈ ਸਦਾ ਹੀ ਸੱਚ ਨੇ
ਤੋਰ ਤੁਰਦੇ ਸੱਚ ਦੀ ਕਿਉ ਪੈਰ ਜਾਵਣ ਡਗਮਗਾ।

-12-

ਤੇਰਾ ਹਰ ਇਕ ਬੋਲ ਪਿਆਰਾ ਲਗਦਾ ਹੈ
ਹਰ ਮੁਸ਼ਕਲ ਵਿਚ ਤਾਂ ਹੀ ਬੰਦਾ ਤਗਦਾ ਹੈ।

ਪਾਣ ਚੜ੍ਹੀ ਹੈ ਐਸੀ ਮੇਰੇ ਸੋਚਣ ਤੇ
ਰੂਪ ਤਿਰਾ ਹੀ ਹਰ ਥਾਂ ਦਿਸਦਾ ਜਗਦਾ ਹੈ।

ਪਿਆਰ ਤਿਰੇ ਇਉ ਰਾਹਾਂ ਨੂੰ ਰੁਸ਼ਨਾਇਆ ਹੈ
ਚਾਨਣ ਦਾ ਇਕ ਦਰਿਆ ਜੀਕਣ ਵਗਦਾ ਹੈ।

ਝੂਠਾਂ ਪਾਲੇ ਨਾ ਚੜ੍ਹਦੇ ਪਰਵਾਨ ਕਦੀ
ਸਚ ਬੋਲਣ ਤੇ ਭਾਂਬੜ ਸਭ ਨੂੰ ਲਗਦਾ ਹੈ।

ਹੋਰ ਨਹੀਂ ਕੋ ਜਾਦੂ ਯਾਰਾ ਸਚ ਵਰਗਾ
ਕੂੜ ਪਲੋਂਦਾ ਸਚ ਸੂਰਜ ਜਦ ਦਗਦਾ ਹੈ।

-13-

ਪਾ ਦਿਲਾ ਤੂੰ ਪ੍ਰੀਤ ਇਕ ਦੀ ਫੇਰ ਖਿੜਦਾ ਰੰਗ ਵੇਖ
ਨਿਕਲਦੀ ਆਵਾਜ਼ ਵੇਖੀਂ ਸਾਂਝ ਦੀ ਕਰ ਸੰਗ ਵੇਖ।

ਹੈ ਜ਼ਮਾਨਾ ਬਦਲਦਾ ਸੌ ਰੰਗ ਭਾਵੇਂ ਠੀਕ ਹੈ
ਇੱਕ ਮਾਨਵ ਜ਼ਾਤ ਨਾ ਕਰ ਨਜ਼ਰ ਐਂਵੇਂ ਤੰਗ ਵੇਖ।

ਫਿਰ ਨਾ ਖਾਵਣਗੇ ਵਗੋਚੇ ਜਿੰਦ ਤੇਰੀ ਦੋਸਤਾ
ਹੱਥ ਪਾਲੈ ਮਿਹਨਤਾਂ ਦੇ ਪਰਬਤੀਂ ਨਿਰਸੰਗ ਵੇਖ।

ਹੈ ਮੁਹੱਬਤ ਹੀ ਸਚਾਈ ਜੇ ਦਿਲਾਂ ਵਿਚ ਪ੍ਰੀਤ ਹੈ
ਕਰ ਮੁਹੱਬਤ ਨਾ ਕਿਸੇ ਦਾ ਚਿੱਟ ਕਾਲਾ ਰੰਗ ਵੇਖ।

ਜੋ ਲਫਾਫੇ ਬਾਜ਼ੀਆਂ ਦੇ ਆਸਰੇ ਹੈ ਜੀ ਰਿਹਾ
ਜਾਏ ਜੀਵਣ ਓਸ ਦਾ ਤੇ ਭੁੱਜਦੀ ਹੈ ਭੰਗ ਵੇਖ।

ਚੁਭਣਗੇ ਇਹ ਆਪਣੇ ਹੀ ਵਿੱਚ ਪੈਰਾਂ ਮਿੱਤਰਾ
ਰਾਹ ਜਾਂਦਾ ਜੋ ਖਲਾਰੇ ਕੰਡਿਆਂ ਦੇ ਡੰਗ ਵੇਖ।

ਰੂਪ ਗਿਰਗਟ ਦਾ ਸਦਾ ਉਸ ਆਦਮੀ ਹੈ ਧਾਰਿਆ
ਹੋਰ ਬਾਹਰ ਅੰਦਰੋਂ ਜੋ ਹੈ ਵਟਾਂਦਾ ਰੰਗ ਵੇਖ।

ਹਨ ਮਖੌਟੇ ਧਰਮ ਦੇ ਪਾਏ ਪਖੰਡੀ ਮਾਨਵਾਂ
ਲੋਕ ਠੱਗਣ ਦੇ ਅਨੇਕਾਂ ਵਰਤਦੇ ਉਹ ਢੰਗ ਵੇਖ।

ਵੇਖ ਪ੍ਰੀਤਾਂ ਸੱਲ ਉਠਦੇ ਕੈਦਵਾਂ ਨੂੰ ਵੀਰਨੋ
ਪਾ ਵਿਛੋੜੇ ਦੋ ਦਿਲਾਂ ਵਿਚ ਮਾਰਦੇ ਕੀ ਲੰਗ ਵੇਖ।

ਪ੍ਰੇਮ ਕਰਨਾ ਗੱਲ ਵਖਰੀ ਤਾਂ ਨਹੀਂ ਭਗਤੀ ਹੀ ਹੈ
ਫੇਰ ਕਿਉਕਰ ਸਾਧੂਆਂ ਦੇ ਸਤ ਨੇ ਹੁੰਦੇ ਭੰਗ ਵੇਖ।

ਹੈ ਕਹਾਣੀ ਅਜਬ ਸਾਡੀ ਸਮਝ ਦੇ ਮੱਯਾਰ ਦੀ
ਮਾਲ ਦੌਲਤ ਪ੍ਰੇਮ ਦੇ ਨੂੰ ਆਖਦੇ ਨੇ ਨੰਗ ਵੇਖ।

-14-

ਤੇਰੇ ਆਵਣ ਦੀ ਖੁਸ਼ੀ ਦਿਲ, ਚੁੰਗੀਆਂ ਭਰਦਾ ਫਿਰੇ
ਅਲਵਲੱਲੀ ਗੱਲ ਜੀਕਣ, ਬਾਲਕਾ ਕਰਦਾ ਫਿਰੇ।

ਨਾ ਕਦੀ ਜਿਵ ਸ਼ਬਦ ਪੂਰੇ, ਲੱਭਦੇ ਅਣਜਾਣ ਨੂੰ
ਬੋਲ ਬੋਲੇ ਘੱਟ ਛਾਲਾਂ, ਪੁੱਠੀਆਂ ਭਰਦਾ ਫਿਰੇ।

ਹਾਰ ਜਾਪੇ ਜਿੱਤ ਉਸ ਨੂੰ, ਜਿੱਤਕੇ ਵੀ ਹਾਰ ਹੀ
ਆਪ ਬਾਜ਼ੀ ਜਿੱਤਕੇ ਉਹ, ਆਪ ਹੀ ਹਰਦਾ ਫਿਰੇ।

ਨਾ ਗਿਲੇ ਹੀ ਯਾਦ ਕੋਈ, ਭੁੱਲ ਸ਼ਿਕਵੇ ਵੀ ਗਏ
ਹੋ ਜਿਵੇਂ ਕੁਰਬਾਨ ਵਾਰੇ, ਯਾਰ ਤੇ ਮਰਦਾ ਫਿਰੇ।

ਵਿਚ ਹਵਾਵਾਂ ਉੱਡਦਾ ਹੈ, ਦਿਲ ਇਵੇਂ ਮਖਮੂਰ ਹੋ
ਜਾਪਦਾ ਜੀਕਣ ਖੁਸ਼ੀ ਦੀ, ਲਹਿਰ ਤੇ ਤਰਦਾ ਫਿਰੇ।

ਮਾਣ ਮੱਤਾ ਜਾਪਦਾ ਵਿਚ, ਆਪ ਹੀ ਗਲਤਾਨ ਹੋ
ਫਿਰ ਝੁਕਾਵੇ ਸੀਸ ਸਜਦੇ, ਯਾਰ ਦੇ ਧਰਦਾ ਫਿਰੇ।

ਵਾਰਦੇ ਹਾਂ ਯਾਰ ਦੀ ਹਰ, ਇਕ ਅਦਾ ਤੇ ਜਾਨ ਵੀ
ਪਰ ਜ਼ਮਾਨਾ, ਆਸ਼ਕੀ ਤੋਂ, ਹੀ ਜਿਵੇਂ ਡਰਦਾ ਫਿਰੇ।

ਬੇ- ਖਤਰ ਹੋ ਥੰਮ ਤਪਦੇ, ਪ੍ਰੀਤ ਵਾਲੇ ਚੁੰਮਦੇ
ਨਾ ਉਡੀਕਣ ਦੇਰ ਐਨੀ, ਥੰਮ ਵੀ ਠਰਦਾ ਫਿਰੇ।

ਜਾਨ ਹੂਲੇ ਜੋ ਮੁਹੱਬਤ, ਵਿੱਚ ਅਪਣੇ ਲਕਸ਼ ਦੀ
ਜਿੱਤ ਲਾੜੀ ਨੂੰ ਸਦਾ ਉਹ, ਸੂਰਮਾ ਵਰਦਾ ਫਿਰੇ।

-15-

ਕਾਲੀ ਵੀ ਰੁਸ਼ਨਾਵੇ ਰਾਤ
ਇਸ਼ਕ ਅਮੁੱਲੀ, ਐਸੀ ਦਾਤ।

ਯਾਦ ਤਿਰੀ ਦਾ, ਸੂਰਜ ਚਮਕੇ
ਨੀਂਦ ਨ ਨੈਣੀ, ਸਾਰੀ ਰਾਤ।

ਧੁਖ ਧੁਖ ਉੱਠਣ, ਪਾਸੇ ਮੇਰੇ
ਕਸਕ ਨਾ ਖਾਵੇ, ਭੋਰੀ ਮਾਤ।

ਜਾਗਦਿਆਂ ਵੀ, ਸੁਪਣੇ ਦਿਸਣ
ਦਰਸ ਤਿਰੇ ਦੀ, ਪਾਵਾਂ ਝਾਤ।

ਸੱਜਣ ਹਰਦਮ, ਦਿਲ ਵਿਚ ਵੱਸੇ
ਪਿਆਰ ਅਨੋਖੀ, ਐਸੀ ਬਾਤ।

ਸਾਹਵੇਂ ਪਿਆਰ ਦੀ, ਦੌਲਤ ਦੇ
ਪੈ ਜਾਵੇ ਸਭ, ਦੌਲਤ ਮਾਤ।

ਮਿਲਖਾਂ ਨਾਲ ਪਤੀਜੇ ਨਾਹੀਂ
ਇਸ਼ਕਦੀ ਅੱਥਰੀ ਐਸੀ ਜ਼ਾਤ।

ਮੌਸਮ ਵਾਂਗੂੰ, ਢਲਦੇ ਵੇਖੇ
ਯਾਰ ਕਰੇਂਦੇ, ਵੇਖੇ ਘਾਤ।

ਇਸ਼ਕ ਅਕਲ ਤੇ, ਭਾਰੂ ਹੋਏ
ਵਡ ਮੁੱਲੀ ਹੈ, ਇਹ ਸੌਗਾਤ।

ਯਾਰ ਵਸੇਂਦਾ, ਦਿਲ ਵਿਚ ਤੱਕ
ਦਿਲ ਸ਼ੀਸ਼ੇ ਵਿਚ,ਪਾ ਲੈ ਝਾਤ।

-16-

ਲਾਲਚੀ ਜਦ ਨਾਲ ਨਜ਼ਰਾਂ, ਤੱਕਦੇ ਨੇ ਸਭ ਜਣੇ
ਲਾਲਚਾਂ ਦੇ ਰਿਸ਼ਤਿਆਂ ਦਾ, ਫੇਰ ਦੱਸੋ ਕੀ ਬਣੇ।

ਬੇਯਕੀਨੀ ਵਿਚ ਬਦਲਦੇ, ਨੇ ਯਕੀਨਾਂ ਦੇ ਸਿਰੇ
ਲੋੜ ਕਰਦੀ ਫੈਸਲਾ ਕਿਸ, ਕੰਮ ਹਨ ਰਿਸ਼ਤੇ ਘਣੇ।

ਵਿਤਕਰੇ ਕਿਉ ਨਾਲ ਧੀਆਂ, ਕਰਨ ਬਹੁਤੇ ਬਾਪਮਾਂ
ਵੱਸ ਨਾਹੀਂ ਜਦ ਉਨ੍ਹਾਂ ਦੇ, ਜਾਣ ਕੇਵਲ ਪੁੱਤ ਜਣੇ।

ਵਿਤਕਰਾ ਜੇ ਨਾਲ ਧੀ ਦੇ, ਜਾਣ ਕੇ ਸੀਤਲ ਕਰੇ
ਝੂਠ ਨੇ ਪਰਚਾਰ ਖਾਤਰ, ਧਰਮ ਦੇ ਤੰਬੂ ਤਣੇ।

ਕਸਬ ਅਪਣਾ ਹਰ ਕਿਸੇਦਾ, ਵਾਂਗ ਉਸਦੀ ਸੋਚ ਦੇ
ਪਿਆਰ ਉਸ ਕੀ ਜਾਣਨਾ ਜੋ,ਪ੍ਰੇਮ ਸੰਗ ਪੈਸੇ ਮਿਣੇ।

## -17-

ਕਿੱਥੇ ਤੁਰਗੀ, ਨੀਂਦ ਪਿਆਰੀ
ਲਾ ਗੀ ਤੇਰੇ, ਵਾਂਗ ਉਡਾਰੀ।

ਲੁਕ ਲੁਕ ਰੋਵਣ, ਨੈਣ ਵਰਾਗੇ
ਚਸਕ ਵਸੇਂਦੀ,ਮਨ ਵਿਚ ਨਿਆਰੀ

ਵਾਂਗ ਸ਼ੁਦਾਈਆਂ, ਹਸਦੇ ਰੋਂਦੇ
ਵਸਦੇ ਖ਼ਾਬੀਂ, ਦੁਨੀਆਂ ਪਿਆਰੀ।

ਹੋਰ ਗਲਾਂ ਸਭ, ਸੁਪਨਾ ਹੋਈਆਂ
ਰਹਿ ਗੀ ਪੱਲੇ, ਤੇਰੀ ਯਾਰੀ।

ਸਜਦਾ ਕਰਦਾਂ, ਨਿਤ ਦਰਗਾਹੇ
ਤੇਰੀ ਮੂਰਤ, ਮਨ ਵਿਚ ਧਾਰੀ।

ਗਹਮਾਂ ਗਹਿਮੀਂ, ਵਸਦੀ ਭਾਵੇਂ
ਸੁੰਨੀ ਤੁਧ ਬਿਨ, ਦੁਨੀਆਂ ਸਾਰੀ।

ਲਟਕ ਲਗਾਈ, ਕੇਹੀ ਯਾਰਾ
ਰੰਗਤੀ ਜਿੰਦੜੀ, ਵਾਂਗ ਲਲਾਰੀ।

ਮਨਵਿਚ ਕਲੀਆਂਖਿੜੀਆਂ ਜਾਪਣ
ਪਿਆਰ ਤੇਰੇਦੀ, ਇਹ ਗੁਲਕਾਰੀ।

ਤੁਧ ਬਿਨ ਹੋਰ ਨੇ, ਫਿਕੜੇ ਦਿਸਦੇ
ਗੂਹੜੀ ਤੇਰੀ, ਨਾਮ ਖ਼ੁਮਾਰੀ।

ਯਾਰ ਮੇਰੇ ਤੂੰ, ਮੂੰਹ ਨਾ ਮੋੜੀਂ
ਜਿਉਣਾ ਹੋ ਜੂ, ਤੈਂ ਬਿਨ ਭਾਰੀ।

-18-

ਆਪੇ ਉਗਾ ਨ ਤੋੜੀਂ, ਬੇਦਰਦ ਬਣ ਕੇ ਮਾਲੀ
ਵਿਛੜਣ ਦੀ ਪੀੜ ਕੀਕਣ, ਦੱਸੇਗੀ ਤੈਨੂੰ ਡਾਲੀ।

ਐ ਵਕਤ ਹੋਰ ਰੁਕ ਜਾ, ਸੱਜਣ ਮਿਰਾ ਜਗਾ ਨਾ
ਮੁਖੜਾ ਨਿਹਾਰ ਲਾਂ ਮੈਂ, ਥੋੜਾ ਉਡੀਕ ਹਾਲੀ।

ਯਾਦਾਂ ਦੇ ਨਕਸ਼ ਡੂੰਘੇ, ਸਮਿਆਂ ਨੇ ਕੀ ਮਿਟਾਣੇ
ਨੈਣਾਂ ਦੇ ਨੀਰ ਤਾਰੂ, ਹੋਣੇ ਕਦੀ ਨ ਖਾਲੀ।

ਵਾਂਗੂੰ ਹਵਾ ਦੇ ਉੱਡਾਂ, ਲਾ ਖੰਭ ਚੇਤਨਾ ਦੇ
ਨ੍ਹੇਰਾ ਮਿਟਾਕੇ ਆਵੇ, ਜੀਕਣ ਸੁਬਹ ਦੀ ਲਾਲੀ।

ਮੌਸਮ ਨਾ ਕੈਦ ਕੀਤੇ, ਜਾਂਦੇ ਕਿਸੇ ਬਹਾਨੇ
ਵਰ੍ਹਕੇ ਹੀ ਚੈਣ ਲੈਸੀ, ਆਈ ਘਟਾ ਜੋ ਕਾਲੀ।

-19-

ਸ਼ੌਕ ਨੂੰ ਨਾ ਰੋਕ ਕੋਈ, ਭਾ ਗਈ ਹੈ ਦੋਸਤਾ
ਰੋਕ ਹੀ ਤਾਂ ਖੂਨ ਨੂੰ ਗਰਮਾ ਗਈ ਹੈ ਦੋਸਤਾ।

ਇਸ਼ਕ ਦੇ ਸਿਦਕੀ ਸਦਾ ਹੀ, ਜਿੱਤ ਪੌਂਦੇ ਨੇ ਰਹੇ
ਕਰਮ ਹੀਣੀ ਅਕਲ ਤਾਂ ਕਤਰਾ ਗਈ ਹੈ ਦੋਸਤਾ।

ਬੀਤ ਚੁੱਕੀ ਰੁੱਤ ਸਾਰੀ, ਪਤਝੜਾਂ ਦੀ ਜਾਪਦੀ
ਰੁੱਤ ਸ਼ਗੂਫੇ ਖਿੜਣ ਦੀ ਹੁਣ, ਆ ਗਈ ਹੈ ਦੋਸਤਾ।

ਤੇਰਿਆਂ ਪੈਰਾਂ 'ਚ ਛਣਕੇ, ਝਾਂਜਰਾਂ ਦੇ ਬੋਰ ਜਦ
ਸਰਗਮਾਂ ਦੀ ਗੂੰਜ ਜਾਪੇ, ਛਾ ਗਈ ਹੈ ਦੋਸਤਾ।

ਸਾਮਣੇ ਮੰਜ਼ਲ ਮੇਰੀ ਤੇ, ਘੋਰ ਹੈ ਸੰਗਰਾਮ ਵੀ
ਸ਼ੌਕ ਦੀ ਬਿਜਲੀ ਇਵੇਂ ਲਹਿਰਾ ਗਈ ਹੈ ਦੋਸਤਾ।

-20-

ਹੈ ਲੁੱਟ ਖਾਧਾ ਲੀਡਰਾਂ, ਭਾਰਤ ਕਬਾਬ ਵਾਂਗ
ਢਾਣੇ ਜ਼ਰੂਰੀ ਬੁਰਜ ਨੇ, ਉਠ ਇਨਕਲਾਬ ਵਾਂਗ।

ਕਰਕੇ ਕਮਾਈ ਝੂਠ ਦੀ, ਬੰਗਲੇ ਲਏ ਉਸਾਰ
ਰੁੜ੍ਹਨੇ ਨੇ ਓਦੋਂ, ਲੋਕ ਜਦ, ਆਏ ਸਲਾਬ ਵਾਂਗ।

ਚਾਅ ਜ਼ਿੰਦਗੀ ਦੇ ਮਾਝਿਓਂ, ਗੁੜਤੀ ਸਮਾਨ ਲੈਕੇ
ਚੱਲੋ ਸਵੇਰਾ ਤਾਂਘਦੇ, ਸੁਹਣੇ ਦੁਆਬ ਵਾਂਗ।

ਆਜ਼ਾਦ ਅਪਣੇ ਦੇਸ਼ ਨੂੰ, ਕਰ ਹੋ ਗਏ ਸ਼ਹੀਦ
ਕਰਨੀ ਉਸਾਰੀ ਦੇਸ਼ ਦੀ, ਸ਼ੀਦਾਂ ਦੇ ਖਾਬ ਵਾਂਗ।

ਜਾਪੇ ਦਿਖਾਂਦੀ ਹੈ ਨਜ਼ਰ, ਤੇਰੀ ਕਈ ਕਮਾਲ
ਡਿਗਦੀ ਜਿਵੇਂ ਹੈ ਬਿੱਜਲੀ, ਉਠਦੀ ਹਜਾਬ ਵਾਂਗ।

ਜਿਉ ਸੋਹਣੀ ਦਾ ਇਸ਼ਕ ਸੀ, ਬਣ ਨੈਂ ਝਨਾ ਤਰਾਕ
ਕੱਚੇ ਲਵੇ ਸੰਭਾਲ ਜੋ, ਵਗਦੇ ਚਨਾਬ ਵਾਂਗ।

ਪੂਰੀ ਨਹੀਂ ਇਹ ਜ਼ਿੰਦਗੀ, ਬਾਝੋਂ ਕਦੇ ਵੀ ਪਿਆਰ
ਤੇਰੇ ਬਿਨਾ ਜਾਪੇ ਸਦਾ, ਜੀਵਨ ਅਜ਼ਾਬ ਵਾਂਗ।

ਮੰਨੇ ਗੁਰੂ ਜੋ ਸ਼ਬਦ ਹੀ, ਸੱਚਾ ਉਹ ਸਿੱਖ ਜਾਣ
ਸਜਦਾ ਕਰਾਂ ਮੈਂ ਸ਼ਬਦ ਨੂੰ, ਸੱਚੇ ਅਦਾਬ ਵਾਂਗ।

ਜੋ ਧਰਮ ਸੱਚਾ ਸਮਝਦੇ, ਇਨਸਾਨ ਦੋਸਤੀ ਹੀ
ਜੀਵਣ ਉਨਾਂ ਦਾ ਬੀਤਦਾ, ਕੀਤੇ ਸਵਾਬ ਵਾਂਗ।

ਦਿਲ ਜਾਨ ਤੈਥੋਂ ਵਾਰਕੇ, ਮੈਂ ਪਾ ਲਿਆ ਹੈ ਪਿਆਰ
ਤੂੰ ਵਾਚ ਸੰਧੂ ਜ਼ਿੰਦਗੀ, ਖੁੱਲੀ ਕਿਤਾਬ ਵਾਂਗ।

-21-

ਪਿਆਰ ਦਾ ਇਸਰਾਰ ਬਾਰਮ ਬਾਰ ਵੀ ਚੰਗਾ ਨਹੀਂ
ਪਿਆਰ ਤੋਂ ਪਰ ਯਾਰ ਇਹ ਇਨਕਾਰ ਵੀ ਚੰਗਾ ਨਹੀ

ਨਾ ਸਦਾ ਹੀ ਵੱਟ ਘੂਰੀ, ਟਾਲ ਦੇਈਏ ਵਕਤ ਨੂੰ
ਦਿਲ ਖੁਸ਼ੀ ਪਰ ਮੂੰਹ ਤੇ ਤਕਰਾਰ ਵੀ ਚੰਗਾ ਨਹੀਂ।

ਹੱਸ ਕੇ ਲਾਣਾ ਨਿਹੁੰ ਤੇ, ਭੁੱਲ ਜਾਣਾ ਓਸ ਨੂੰ
ਫੇਰ ਨਾ ਲੈਣੀ ਕਦਾਚਿਤ, ਸਾਰ ਵੀ ਚੰਗਾ ਨਹੀਂ।

ਜਦ ਗਲੇ ਲਗ ਯਾਰ ਤੈਨੂੰ, ਮਿਲ ਪਿਆ ਹੈ ਸੋਚ ਤੂੰ
ਫੇਰ ਪਉਣੀ ਓਸ ਨੂੰ ਫਿਟਕਾਰ ਵੀ ਚੰਗਾ ਨਹੀਂ।

ਸ਼ੱਕ ਕਰਨਾ ਦੋਸਤਾਂ ਦੀ, ਦੋਸਤੀ ਤੇ ਦੋਸਤਾ
ਦੋਸਤੀ ਤੇ ਇਸ ਤਰਾਂ ਦਾ, ਵਾਰ ਵੀ ਚੰਗਾ ਨਹੀਂ।

ਫੁੱਲ ਵਾਂਗੂੰ ਵੰਡ ਦੇਣਾ, ਮਹਿਕ ਕਰਤਵ ਜੇਸ ਦਾ
ਓਸ ਨੂੰ ਹੀ ਨਿੰਦਨਾ ਕਹਿ, ਖਾਰ ਵੀ ਚੰਗਾ ਨਹੀਂ।

ਮੰਨਿਆਂ ਤੂੰ ਗਾਤਰਾ ਹੈ, ਪਾ ਲਿਆ ਗਲ ਆਪਣੇ
ਧਰਮ ਦੱਸੇ ਨਮਰਤਾ ਹੰਕਾਰ ਵੀ ਚੰਗਾ ਨਹੀਂ।

ਧਰਮ ਦੇ ਨਾਂ ਲੋਕ ਪਾੜੇ, ਹਨ ਗਏ ਹਰ ਦੇਸ਼ ਹੀ
ਫਤਵਿਆਂ ਦਾ ਧਰਮ ਤੇ ਇਹ,ਭਾਰ ਵੀ ਚੰਗਾ ਨਹੀਂ।

ਮੋਹ ਕੈਸਾ ਪਾ ਲਿਆ ਹੈ , ਨਾਬਰਾਂ ਦੇ ਨਾਲ ਤੂੰ
ਸੋਚ ਬਿਨ ਜੋ ਕਰਲਿਆ ਇਤਬਾਰ ਵੀ ਚੰਗਾ ਨਹੀਂ।

ਹਰ ਮੁਸੀਬਤ ਵੇਖਕੇ ਕਰ, ਸਾਮਣਾ ਬਣ ਆਦਮੀ
ਔਕੜਾਂ ਤੱਕ ਰੋਣ ਜ਼ਾਰੋ, ਜ਼ਾਰ ਵੀ ਚੰਗਾ ਨਹੀਂ।

ਸ਼ੌਕ ਨੂੰ ਪਰਚੰਡ ਕਰਦੀ, ਹੈ ਰੁਕਾਵਟ ਹੋਰ ਵੀ
ਪਿਆਰ ਕਰਕੇ ਮੰਨ ਲੈਣੀ, ਹਾਰ ਵੀ ਚੰਗਾ ਨਹੀਂ।

-22-

ਜਦ ਵੀ ਸਾਡੇ ਘਰ ਦੇ ਕੋਲੋਂ, ਲੰਘੇ ਕੋਈ ਪਰਵਾਜ਼
ਨਾਲੇ ਉਸਦੇ ਦਿਲ ਮੇਰਾ ਵੀ, ਬਣਕੇ ਉੱਡੇ ਸ਼ਹਬਾਜ਼।

ਬੀਤ ਚੁਕੇ ਵਿਚ ਜਾ ਉਹ ਪਹੁੰਚੇ ਲੰਮੀ 'ਡਾਰੀ ਮਾਰ
ਛੇੜਣ ਯਾਦਾਂ ਬੀਤ ਚੁਕੇਦਾ, ਐਸਾ ਫਿਰ ਕੋਈ ਸਾਜ਼।

ਮਾਪੇ ਭੈਣਾਂ ਚੇਤੇ ਆਵਣ, ਨਾਲੇ ਵਿੱਛੜਿਆ ਵੀਰ
ਸਭ ਕੁਛ ਜਾਪੇ ਤਾਜ਼ਾ ਦੇਵੇ ਅਜ ਦੇ ਵਾਂਗੂੰ ਆਵਾਜ਼।

ਦਾਦੀ ਚਾਚਾ ਭੂਆ ਫੁੱਫੜ, ਮਾਸੀ ਚਾਚੀ ਹਰ ਸਾਕ
ਯਾਰ ਪੁਰਾਣੇ ਚੇਤੇ ਆਵਣ, ਉਹ ਸਾਂਝੇ ਨਿੱਕੇ ਰਾਜ਼।

ਪਿੰਡ ਸਹਿਜਰਾ ਚੇਤੇ ਆਵੇ, ਘਾਟੀਆਂ ਢੰਨਾਂ ਢੋਰ
ਸੰਧੂ ਫਿਰਦਾ ਬੇਪਰਵਾ ਉਡਦੇ ਘੁੱਗੀ ਕਾਂ ਤੇ ਬਾਜ਼।

ਬੋਹੜ ਪਿੱਪਲ ਨਿੱਮਾਂ ਜਾਮਨ, ਬੇਰੀਆਂ ਤੇ ਸ਼ਹਿਤੂਤ
ਘਣੀਆਂ ਛਾਵਾਂ ਨੇ ਆ ਕਰਦੇ, ਓਸੇ ਮਿੱਠੇ ਅੰਦਾਜ਼।

ਸਭ ਹੱਦਾਂ ਬੰਨੇ ਰਹਿ ਜਾਂਦੇ, ਨੇ ਦੇਸਾਂ ਦੇ ਪਿਛਾਂਹ
ਫੇਰ ਉਹੋ ਹੀ ਹਾਸੇ ਗੂੰਜਣ, ਤੇ ਨਿੱਘੇ ਨਖਰੇ ਨਾਜ਼।

ਪਲਵਿਚ ਪਰਤ ਪਵੇ ਤੇ ਯਾਦਾਂਵੀ ਖਾਵਣ ਮੋੜ ਪਿਛਾਂਹ
ਦਾਦਾ ਦਾਦਾ ਕਰਦੀ ਆ ਦੇ, ਨਿੱਕੀ ਪੋਤੀ ਆਵਾਜ਼।

-23-

ਨਿਹੁੰ ਦਾ ਦੀਰਘ ਰੋਗ ਬਚਾਵੇ ਕੌਣ ਭਲਾ
ਮਿਠੜੇ ਲਗਦੇ ਭੋਗ ਬਚਾਵੇ ਕੌਣ ਭਲਾ।

ਗ਼ਮ ਸੱਪਾਂ ਨੂੰ ਮੋਰਾਂ ਵਾਂਗੂੰ ਚੁਗਿਆ ਹੈ
ਖਾਧੀ ਜ਼ਹਰੀ ਚੋਗ ਬਚਾਵੇ ਕੌਣ ਭਲਾ।

ਖੁਸ਼ ਹੋਕੇ ਸਾਂ ਨੱਚੇ ਚਰਖਾ ਟੁੱਟ ਗਿਆ
ਪਰ ਨਾ ਮੁੱਕਾ ਰੋਗ ਬਚਾਵੇ ਕੌਣ ਭਲਾ।

ਅੰਧ ਵਿਸ਼ਵਾਸਾਂ ਥਾਂ ਧਰਮਾਂ ਦੀ ਮੱਲੀ ਹੈ
ਬੌਰੇ ਕੀਤੇ ਲੋਗ ਬਚਾਵੇ ਕੌਣ ਭਲਾ।

ਕਰਮੀਂਕਾਂਡੀਂ ਰੱਬ ਨ ਮਿਲਦਾ ਤਾਂਵੀ ਸਭ
ਫਾਥੇ ਮੰਨ ਸੰਜੋਗ ਬਚਾਵੇ ਕੌਣ ਭਲਾ।

ਡੋਬੀ ਬੇੜੀ ਵਿਚ ਭੰਵਰ ਦੇ ਨੇਤਾ ਨੇ
ਛਾਏ ਹਰ ਥਾਂ ਸੋਗ ਬਚਾਵੇ ਕੌਣ ਭਲਾ।

ਮੁਹਰੇ ਹਰ ਥਾਂ ਹੁਣ ਤੇ ਗਿਣਤੀ ਵੋਟਾਂ ਦੀ
ਨਾ ਕੋ ਵੇਖੇ ਯੋਗ ਬਚਾਵੇ ਕੌਣ ਭਲਾ।

-24-

ਬੇਰੁਖੀ ਵੀ ਜਾਪਦੀ ਅੰਦਾਜ਼ ਵੀ
ਜਿਉ ਵਿਰੋਧੀ ਸੁਰ ਉਠਾਵੇ ਸਾਜ਼ ਵੀ।

ਝਿੜਕ ਦੇਂਵੇਂ ਨਾਲ ਗਲ ਲੈਂ ਫੇਰ ਲਾ
ਪਿਆਰਦਾ ਇਹ ਅਜਬ ਹੈ ਅੰਦਾਜ਼ ਵੀ

ਔਕੜਾਂ ਨੂੰ ਵੇਖ ਕੇ ਘਬਰਾਣ ਕੀ
ਦੁੱਖ ਦਸਦੇ ਹਨ ਸੁਖਾਂ ਦਾ ਰਾਜ਼ ਵੀ।

ਪ੍ਰੇਮ ਦੇ ਜੋ ਸਾਗਰੀਂ ਹੈ ਡੁੱਬਿਆ
ਮੁੜ ਨਾ ਆਵੇ ਕਦੀ ਉਹ ਬਾਜ਼ ਵੀ।

ਸਭ ਸਿਆਸਤਦਾਨ ਵਾਅਦੇ ਵੇਚਦੇ
ਕਰਨ ਨਾ ਵੋਟਰ ਕਦੀ ਇਤਰਾਜ਼ ਵੀ।

ਲਾਕੇ ਦਿਲ ਤੂੰ ਚੁੱਪ ਕਰਕੇ ਬਹਿ ਗਿਓਂ
ਹਨ ਉਡੀਕਾਂ ਦੇ ਕਦੀ ਆਵਾਜ਼ ਵੀ।

ਵੇਖਕੇ ਅਉਂਦੀ ਮੁਖਾਲਿਫ ਤੂੰ ਹਵਾ
ਹੋਰ ਉੱਚੀ ਸੇਧ ਲੈ ਪਰਵਾਜ਼ ਵੀ।

ਹੋ ਗਿਆ ਕੀ ਚਾਨਣੇ ਨੂੰ, ਫਿਰਨ ਘਬਰਾਏ ਇਹ ਦਿਨ
ਰੰਗ ਕਾਲਾ ਪੈ ਗਿਆ ਹੈ, ਇੰਜ ਮੁਰਝਾਏ ਇਹ ਦਿਨ।

ਰਾਤ ਤਾਂ ਵਿਕਦੀ ਰਹੀ ਹੈ, ਹੱਥ ਠੱਗਾਂ ਦੇ ਸਦਾ
ਦੁਸ਼ਟ ਹੈ ਇਹ ਕੌਣ ਜਿਸ ਨੂੰ ਵੇਖ ਕੁਰਲਾਏ ਇਹ ਦਿਨ।

ਪੁੱਛ ਜਾਕੇ ਮਾਪਿਆਂ ਨੂੰ, ਪੁੱਤ ਜਿਹਦਾ ਤੁਰ ਗਿਆ
ਕਿਸ ਤਰਾਂ ਰੋ ਵਿਲਕ ਉਹਨਾਂ, ਜਾਣ ਲੰਘਾਏ ਇਹ ਦਿਨ।

ਵਾ-ਵਰੋਲਾ ਉੱਠਿਆ ਜੋ, ਹਾਸਿਆਂ ਨੂੰ ਖਾ ਗਿਆ
ਸਦਮਿਆਂ ਨੂੰ ਰਾਤਦਿਨ ਕਰ,ਯਾਦ ਪਛਤਾਏ ਇਹ ਦਿਨ।

ਸੀ ਗਿਰੀ ਬਿਜਲੀ ਜਿਵੇਂ ਚੁਣ, ਭਾਲ ਮੇਰਾ ਆਲ੍ਹਣਾ
ਜਲ ਰਹੇ ਹੀ ਤਿਨਕਿਆਂ ਨੇ,ਯਾਰ ਰੁਸ਼ਨਾਏ ਇਹ ਦਿਨ।

ਮੌਤ ਦਾ ਸੀ ਨਾਚ ਤਾਂਡਵ, ਦੇਸ਼ ਸਾਰੇ ਹੋ ਰਿਹਾ
ਦੇ ਬਲੀ ਕੁਛ ਸੂਰਿਆਂ ਨੇ, ਆਪ ਬਦਲਾਏ ਇਹ ਦਿਨ।

ਧੁੰਦ ਛਿਟਕੀ ਹੁਣ ਜ਼ਰਾ ਕਰ, ਹੋਸ਼ ਮੁਸਕਾਏ ਇਹ ਦਿਨ
ਅੱਗ ਮੱਠੀ ਹੈ ਜ਼ਰਾ ਭਰ, ਵੇਖ ਸੁਸਤਾਏ ਇਹ ਦਿਨ।

-26-

ਤਸੱਵਰ ਸਾਂਝ ਦਾ ਜੇਕਰ, ਦਿਲਾਂ ਵਿਚ ਕਰ ਗਏ ਹੁੰਦੇ
ਅਸੀਂ ਤਾਂ ਦੋਸਤੋ ਸਾਰੇ, ਕਦੋਂ ਦੇ ਤਰ ਗਏ ਹੁੰਦੇ।

ਸਦਾ ਹੀ ਧਰਮ ਤਾਂ ਦੱਸੇ, ਕਿ ਮਾਨਵ ਜ਼ਾਤ ਹੈ ਇੱਕੋ
ਸਮਝ ਲੈਂਦੇ ਮਿਹਰ ਝਰਨੇ, ਤਦੋਂ ਦੇ ਝਰ ਗਏ ਹੁੰਦੇ।

ਕਦੀ ਜੇ ਹਿੰਦ ਵਾਸੀ ਸਬਕ ਸਾਂਝਾਂ ਦਾ ਪੜ੍ਹੇ ਹੁੰਦੇ
ਉਹ ਦੁਨੀਆਂ ਤੇ ਜ਼ਰੂਰੀ ਹੀ, ਵਡਾ ਨਾਂ ਕਰ ਗਏ ਹੁੰਦੇ।

ਗ਼ੁਲਾਮਾਂ ਗ਼ੌਰੀਆਂ ਥੱਲੇ, ਕਦੀ ਨਾ ਹਿੰਦ ਰੁਲਣੀ ਸੀ
ਵਤਨ ਦੀ ਸ਼ਾਨ ਖਾਤਰ ਸਿਰ, ਤਲੀ ਜੇ ਧਰ ਗਏ ਹੁੰਦੇ।

ਵਰਨ ਹੀ ਵੰਡ ਦਿੱਤਾ, ਭਾਰਤੀ ਸਭ ਜ਼ਾਤ ਨੂੰ ਵਰਨਾ
ਇਲਮ ਦੇ ਤਕਸ਼ਿਲਾ ਨੂੰ ਵੀ, ਅਮਰ ਉਹ ਕਰ ਗਏ ਹੁੰਦੇ।

ਕਿਸੇ ਲੇਖੇ ਨਾ ਲੱਗਾ ਰੋਣ ਉਮਰਾਂ ਦਾ ਗਿਆ ਐਂਵੇਂ
ਭਲਾ ਹੁੰਦਾ ਕਸ਼ਟ ਸਭ ਇਸ਼ਕ ਵਾਂਗੂੰ ਜਰ ਗਏ ਹੁੰਦੇ।

ਕਦੀ ਜੇ ਅਕਲ ਕਰਕੇ ਵੰਡ ਦੇਂਦੇ ਇਲਮ ਸਭ ਨੂੰ ਹੀ
ਖਜ਼ਾਨੇ ਹੋਣ ਕਿਉ ਖਾਲੀ, ਨਕਾਨਕ ਭਰ ਗਏ ਹੁੰਦੇ।

-27-

ਮਿਹਨਤਾਂ ਕਰ ਹੋਂਵਦੀ ਆਪੇ ਸਿਆਨੀ ਜ਼ਿੰਦਗੀ
ਸੰਘਰਸ਼ ਬਿਨ ਜਾਪਦੀ ਹੈ, ਬਦਗੁਮਾਨੀ ਜ਼ਿੰਦਗੀ।

ਰੰਗ ਮਾਣੇ ਹਨ ਚਮਨ ਦੇ, ਨੀਰ ਨਿਰਮਲ ਵਹਿ ਰਿਹਾ
ਵੰਡਦੀ ਹੈ ਦੋਸਤਾਂ ਨੂੰ, ਸ਼ਾਦਮਾਨੀ ਜ਼ਿੰਦਗੀ।

ਗੁਣ ਗਿਆਨੀ ਦੇ ਸਦਾ ਹਨ, ਤੌਰ ਮੋਹਨ ਦੇ ਰਹੇ
ਗੀਤ ਸੁਰ ਹੈ ਗਾ ਰਹੀ ਹੁਣ, ਚੁੱਪ ਚਾਨੀ ਜ਼ਿੰਦਗੀ।

ਰੰਗ ਗੀਤਾਂ ਦੇ ਅਨੋਖੇ, ਜ਼ਿੰਦਗੀ ਚੋਂ ਆ ਗਏ
ਬਾਪ ਦਾਦੇ ਦੀ ਸਿਆਣਪ, ਤਰਜਮਾਨੀ ਜ਼ਿੰਦਗੀ।

ਖੜ ਗਿਆ ਸੋ ਮਰ ਗਿਆ ਤੂੰ ਚਾਲ ਅਪਣੀ ਰਖ ਰਵਾਂ
ਤੋਰ ਤੇ ਸੰਘਰਸ਼ ਰੱਖੇ, ਵਿਚ ਰਵਾਨੀ ਜ਼ਿੰਦਗੀ।

ਗ਼ਫਲਤੀਂ ਗ਼ਲਤਾਨ ਜਿਹੜੇ, ਹਨ ਸਦਾ ਹੀ ਰਹਿ ਰਹੇ
ਫੇਰ ਝੋਰੇ ਵਿੱਚ ਪਿੱਛੋਂ, ਹੈ ਗੁਆਨੀ ਜ਼ਿੰਦਗੀ।

ਹੋਰ ਲੋਕਾਂ ਦੀ ਖ਼ੁਸ਼ੀ ਵਿਚ, ਲੈਂ ਖ਼ੁਸ਼ੀ ਜੇ ਭਾਲ ਤੂੰ
ਫੇਰ ਜਾਣੀ ਤੂੰ ਪਿਆਰੇ, ਰੱਜ ਮਾਨੀ ਜ਼ਿੰਦਗੀ।

-28-

ਗੁਰ ਬਲੀ ਗੋਬਿੰਦ ਸਾਥੋਂ, ਤੇ ਭੁਲਾਇਆ ਨਾ ਗਿਆ
ਸੱਚ ਤੋਂ ਪਰਵਾਰ ਵਾਰੇ, ਪਰ ਮਿਟਾਇਆ ਨਾ ਗਿਆ।

ਮਿਹਰ ਕਰਕੇ ਤਾਰ ਦਿੱਤੀ, ਹਿੰਦ ਸਾਰੀ ਸਤਿ ਗੁਰਾਂ
ਕਰ ਸ਼ੁਕਰ ਤੇ ਸੀਸ ਸਜਦੇ, ਚੋਂ ਉਠਾਇਆ ਨਾ ਗਿਆ।

ਉਲਝਿਆ ਹੈ ਫੇਰ ਧੰਦਾ, ਹਿੰਦ ਅੰਦਰ ਧਰਮ ਦਾ
ਲੀਡਰਾਂ ਤੋਂ ਏਕਤਾ ਦਾ, ਗੀਤ ਗਾਇਆ ਨਾ ਗਿਆ।

ਦੇਸ਼ ਸੀ ਆਜ਼ਾਦ ਹੋਇਆ, ਕਰ ਕਈ ਕੁਰਬਾਨੀਆਂ
ਮਗਰ ਲੋਟੂ ਲੀਡਰਾਂ ਤੋਂ, ਹੀ ਬਚਾਇਆ ਨਾ ਗਿਆ।

ਦੇਸ਼ ਤੋਂ ਕੁਰਬਾਨ ਹੋਗੇ, ਭਗਤ ਵਰਗੇ ਸਿੰਘ ਜੋ
ਕਟਗਿਆ ਪਰ ਸੀਸ ਜਬਰਾਂ,ਤੋਂ ਨਵਾਇਆ ਨਾ ਗਿਆ।

ਰੁੱਸਿਆ ਹੈ ਯਾਰ ਸਾਥੋਂ, ਨਾ ਮਨੀਚੇ ਕੀ ਕਰਾਂ
ਰੁੱਸਕੇ ਸਾਥੋਂ ਗਿਆ ਜੋ, ਦਿਲ ਮਨਾਇਆ ਨਾ ਗਿਆ।

ਵਾਟ ਲੰਮੀ ਸੁੰਨ ਰਸਤੇ, ਧੁੰਦਲੀ ਜਿਉ ਕਹਿਕਸ਼ਾਂ
ਘਰ ਤਿਰੇ ਦਾ ਮਾਲਕਾ, ਟੇਵਾ ਲਗਾਇਆ ਨਾ ਗਿਆ।

-29-

ਤੇਰੇ ਨਿਘ ਤੋਂ ਵਾਂਝੀ ਸਖਣੀ, ਰੂਹ ਮੇਰੀ ਤਿਰਹਾਈ ਵੇ
ਰੀਝ ਖ਼ਜ਼ਾਨੇ ਸਖਣੇ ਹੋਏ, ਤੇਰੀ ਵੇਖ ਜੁਦਾਈ ਵੇ।

ਡਾਰੋਂ ਵਿਛੜੀ ਕੂੰਜ ਦੇ ਵਾਂਗੂੰ, ਰਾਤ ਦਿਨੇ ਕੁਰਲਾਵਾਂ ਮੈਂ
ਬਿਖੜੇ ਪੈਂਡੇ ਵਿਚ ਪਰਦੇਸਾਂ, ਨਾ ਕੋ ਪੈੜ ਲਭਾਈ ਵੇ।

ਦੂਰ ਵਸੇਂਦੇ ਸਜਣਾ ਰਾਤੀਂ, ਸੁਪਨਾ ਬਣਕੇ ਆਵੇਂ ਤੂੰ
ਵੱਸੇਂ ਓਥੇ ਸੁਪਨੀਂ ਏਥੇ, ਨਾ ਕਰ ਇਹ ਚਤਰਾਈ ਵੇ।

ਹੋ ਪਰਦੇਸੀ ਹਾਇ ਵਛੋੜਾ, ਦੇਕੇ ਸਾਨੂੰ ਸਜਣਾ ਤੂੰ
ਜਲ ਦੇ ਬਾਝੋਂ ਮਛਲੀ ਵਾਂਗੂੰ, ਜਿੰਦ ਕਿਹੀ ਤੜਫਾਈ ਵੇ।

ਆਉਣ ਤੇਰੇ ਦੀ ਖਬਰ ਮੈਂ ਸੁਣਕੇ ਬੌਰੀ ਹੋਈ ਸਜਣਾ ਵੇ
ਵਜਦੀ ਮੇਰੇ ਕੰਨੀ ਜਾਪੇ, ਸ਼ਗਨਾਂ ਦੀ ਸ਼ਹਿਨਾਈ ਵੇ।

ਰਾਹ ਦਿਲਾਂ ਨੂੰ ਦਿਲ ਦੇ ਹੋਂਦੇ, ਪੱਕੇ ਗੰਢ ਚਤਾਵੇ ਵੇ
ਰਿਸ਼ਤੇ ਸਾਡੇ ਹੋਏ ਦਿਲ ਦੇ, ਰੂਹ ਗਈ ਪਰਨਾਈ ਵੇ।

-30-

ਵਿੱਚ ਥਲ ਵੀ ਖਿੜ ਪਵੇਗਾ, ਫੁੱਲ ਤਾਂ ਮੁਸਕਾਨ ਦਾ
ਹੱਥ ਤੇਰੇ ਦੋਸਤਾ ਹੈ, ਪੁੱਗਣਾ ਅਰਮਾਨ ਦਾ।

ਯਾਦ ਤੇਰੀ ਆਂਵਦੀ ਹੈ, ਬਣ ਸੁਨਹਿਰੀ ਕਿਰਨ ਹੀ
ਹੈ ਜਿਵੇਂ ਖੇੜਾ ਸੁਆਗਤ, ਕਰ ਰਿਹਾ ਮਹਿਮਾਨ ਦਾ।

ਮੁੱਖ ਮੇਰੇ ਪ੍ਰੀਤ ਦੀ ਹੈ, ਚਮਕਦੀ ਇਊਂ ਲਾਲਮਾ
ਚਮਕ ਅੱਖਾਂ ਮੁੱਲ ਤਾਰਨ, ਪ੍ਰੀਤ ਦੇ ਅਹਿਸਾਨ ਦਾ।

ਆਸਮਾਨੀ ਰਹਿਣ ਵਾਲੇ, ਦੇਵਤੇ ਕਿਸ ਕੰਮ ਦੇ
ਰਾਜ ਧਰਤੀ ਜੇ ਰਹੇਗਾ, ਪਸਰਿਆ ਸ਼ੈਤਾਨ ਦਾ।

ਕੰਮ ਜਿਸ ਦਾ ਹੈ ਸਦਾ ਹੀ, ਮੌਕਿਆਂ ਨੂੰ ਪੂਜਣਾ
ਰੂਪ ਗਿਰਗਟ ਨੇ ਜਿਵੇਂ ਹੈ, ਧਾਰਿਆ ਇਨਸਾਨਦਾ।

ਪ੍ਰੀਤ ਬਾਝੋਂ ਸੱਖਣਾ ਹੈ, ਬੁੱਤ ਈਕਣ ਜਾਪਦਾ
ਲਗ ਰਿਹਾ ਸੁਨਸਾਨ ਡੇਰਾ, ਹੈ ਜਿਵੇਂ ਸ਼ਮਸ਼ਾਨ ਦਾ।

ਵੋਟ ਦਾ ਅਧਿਕਾਰ ਹੋਣਾ, ਨਾ ਕਿਸੇ ਵੀ ਕੰਮ ਦਾ
ਮੁੱਲ ਜਦ ਤਕ ਨਾ ਪਵੇਗਾ, ਧਰਤ ਤੇ ਗੁਣਵਾਨ ਦਾ।

## -31-

ਇਹ ਦੁੱਖਾਂ ਦੇ ਹੰਝੂ ਤਾਂ ਖਾਰੇ ਬੜੇ ਨੇ
ਸਦਾ ਹੋਏ ਇਸ਼ਕੇ ਤੇ ਕਾਰੇ ਬੜੇ ਨੇ।

ਸਦਾ ਲੋਕ ਪੂਜਨ ਇਹ ਪੂਨਮ ਦਾ ਚੰਦਾ
ਤੇ ਅਰਸ਼ੀਂ ਵੀ ਤੇਰੇ ਨਜ਼ਾਰੇ ਬੜੇ ਨੇ।

ਤੇਰੇ ਬਿਨ ਮੈਂ ਭੀੜੀਂ ਵੀ ਜਾਪਾਂ ਇਕੱਲਾ
ਇਹ ਰਿਸ਼ਤੇ ਤੇ ਸਾਥੀ ਵੀ ਸਾਰੇ ਬੜੇ ਨੇ।

ਸਦਾ ਬਣਕੇ ਚਮਕੇਂ ਤੂੰ ਤਾਰਾ ਧਰੂ ਦਾ
ਤੇ ਗਰਦਿਸ਼ 'ਚ ਭਾਵੇਂ ਸਿਤਾਰੇ ਬੜੇ ਨੇ।

ਇਹ ਖੇਖਨ ਜੋ ਢੋਂਗੀ ਨੇ ਧਰਮਾਂ ਦੇ ਕਰਦੇ
ਤੇ ਲਾਉਂਦੇ ਵੀ ਝੂਠੇ ਇਹ ਲਾਰੇ ਬੜੇ ਨੇ।

ਮੈਂ ਸੋਚਾਂ ਹੀ ਸੋਚਾਂ ਇਹ ਦਿਨ ਰਾਤ ਬੈਠਾ
ਮੈਂ ਆਸਾਂ ਤੇ ਸੁਪਨੇ ਸੰਵਾਰੇ ਬੜੇ ਨੇ।

ਇਹਦੁਨੀਆਂ ਤੇ ਮੇਲੇ ਤਾਂ ਲਗਦੇ ਹੀਰਹਿਣੇ
ਉਹ ਸਾਂਝੇ ਦੇ ਸੁਪਨੇ ਪਿਆਰੇ ਬੜੇ ਨੇ।

ਤੇਰੀ ਦੀਦ ਸਦਕਾ ਹੀ ਰੌਸ਼ਨ ਨੇ ਰਾਤਾਂ
ਤੇ ਸੂਰਜ ਨੂੰ ਤੇਰੇ ਇਸ਼ਾਰੇ ਬੜੇ ਨੇ।

ਹੈ ਝੋਲੀ ਜੇ ਖਾਲੀ ਤਾਂ ਹੋਇਆ ਭਲਾ ਕੀ
ਮੈਂ ਨੈਣਾਂ ਦੇ ਮੋਤੀ ਸ਼ੰਗਾਰੇ ਬੜੇ ਨੇ।

-32-

ਬੇ- ਵਫਾ ਨੇ ਪ੍ਰੀਤ ਭਰਮਾਈ ਜਦੋਂ
ਹੈ ਵਫਾ ਵੀ ਵੇਖ ਸ਼ਰਮਾਈ ਜਦੋਂ।

ਪਹਿਨ ਪਰਦਾ ਬੇ-ਹਯਾਈ ਚਿਤਵਦੇ
ਤਕ ਹਯਾ ਵੀ ਜਾਏ ਨਰਮਾਈ ਜਦੋਂ।

ਕਸਕ ਤੇਰੀ ਰੀਝ ਨੂੰ ਆਈ ਜਦੋਂ
ਜ਼ਿੰਦਗੀ ਹੈ ਯਾਰ ਕੁਮਲਾਈ ਜਦੋਂ।

ਹਾਂ ਤਿਰੇ ਵਾਦਿਆਂ ਤੇ ਪਲ ਰਿਹਾ
ਜਿੰਦ ਮੇਰੀ ਇੰਝ ਭਰਮਾਈ ਜਦੋਂ।

ਡਰ ਗਿਆ ਸੋ ਮਰ ਗਿਆ ਕਰ ਮੌਜ ਤੂੰ
ਜ਼ਿੰਦਗੀ ਦੀ ਰਾਸ ਹੈ ਪਾਈ ਜਦੋਂ।

ਤਦ ਜ਼ਮਾਨਾ ਵੀ ਪਿਛੋਂ ਸ਼ਾਬਾਸ਼ ਦੇ
ਜਾਣ ਜਿਸ ਹੈ ਦਾਓ ਤੇ ਲਾਈ ਜਦੋਂ।

ਖੇਡ ਆਖਰ ਹੈ ਸਦਾ ਉਹ ਜਿੱਤਦਾ
ਸ਼ੌਂਕ ਜਿਸ ਦੇ ਖੇਡ ਗਰਮਾਈ ਜਦੋਂ।

-33-

ਹੈ ਕਿਹੀ ਘਾੜਤ ਜ਼ਮਾਨਾ, ਦੋਸਤੋ ਇਹ ਘੜ ਰਿਹਾ
ਝੂਠ ਉਭਰੇ ਸੱਚ ਜਾਪੇ, ਡਰਕੇ ਅੰਦਰ ਵੜ ਰਿਹਾ।

ਰਾਮ ਤੇ ਈਸਾ ਮੁਹੰਮਦ, ਹੋ ਚੁਕੇ ਨਾਨਕ ਕਈ
ਸੱਚ ਤੇ ਈਮਾਨ ਅਜ ਵੀ, ਕੁਫਰ ਕੋਲੋਂ ਦੜ ਰਿਹਾ।

ਜਾਣਦੇ ਸੰਘਰਸ਼ ਜੀਵਨ, ਦੀ ਸਦਾ ਪਹਿਚਾਨ ਹੈ
ਫੇਰ ਕਿਉ ਤੇਰਾ ਨਤਾਣਾ, ਕਰਮ ਹੀਣਾ ਧੜ ਰਿਹਾ।

ਸੱਚ ਦੀ ਪਹਿਚਾਨ ਸਾਨੂੰ, ਭੁੱਲ ਚੁੱਕੀ ਜਾਪਦੀ
ਇਸ ਲਈ ਇਨਸਾਨ ਜਾਪੇ, ਝੂਠ ਅੰਦਰ ਕੜ ਰਿਹਾ।

ਜਾਪਦਾ ਹੁਣ ਸੁਰਤ ਭੁੱਲੀ, ਹੈ ਜਿਵੇਂ ਇਨਸਾਨ ਦੀ
ਹੈ ਨਿਰੰਤਰ ਉਹ ਤਦੇ ਹੀ, ਦੋਸ਼ ਰਬ ਤੇ ਜੜ ਰਿਹਾ।

ਧਰਮ ਦਾ ਆਦਰਸ਼ ਹੈ ਸੀ, ਰੱਬ ਨੂੰ ਪਾਣਾ ਸਦਾ
ਪਰ ਉਹ ਸਦੀਆਂ ਤੋਂ ਅਡੰਬਰ,ਖੋਖਲੇ ਕਿਉ ਘੜ ਰਿਹਾ।

ਕਾਮਯਾਬੀ ਓਸ ਦੀ ਹੀ, ਹੋਇਗੀ ਰੱਖ ਹੌਸਲਾ
ਨਾਲ ਝੂਠਾਂ ਜੋ ਨਿਰੰਤਰ, ਘੋਲ ਕਰਦਾ ਲੜ ਰਿਹਾ।

ਆਪਣੇ ਹੀ ਖ਼ੂਨ ਦਾ ਹੈ, ਹੁਣ ਪਿਆਸਾ ਆਦਮੀ
ਆਪ ਲਾਵੇ ਅੱਗ ਹਰ ਥਾਂ,ਆਪ ਇਸ ਵਿਚ ਸੜ ਰਿਹਾ।

ਹੈ ਇਸ਼ਕ ਤੇਰਾ ਨਗੂਨਾ, ਬੇਸਮਝ ਨਾਦਾਨ ਹੀ
ਜੇ ਫਿਰੇਂ ਤੂੰ ਭਾਲਦਾ ਲੜ, ਦੌਲਤਾਂ ਦਾ ਫੜ ਰਿਹਾ।

-34-

ਰੋਜ਼ ਬਦਲੀ ਇਹ ਜੁ ਕਾਲੀ, ਜੇ ਕਿਤੋਂ ਆਇਆ ਕਰੇ
ਆਣ ਕੇ ਮੇਰੀ ਬਰੇਤੀ, ਰੂਹ ਤ੍ਰਿਪਤਾਇਆ ਕਰੇ।

ਸਾਥ ਤੇਰਾ ਦੋਸਤਾ ਹੈ, ਆਸਮਾਂ ਮੇਰਾ ਜਿਵੇਂ
ਤੇ ਸੁਤਾ ਮੇਰੀ ਨਸ਼ਾ ਇਸ, ਸਾਥ ਦਾ ਛਾਇਆ ਕਰੇ।

ਕਿਰਨ ਜੀਕਣ ਬਦਲੀਆਂ ਚੋਂ, ਝਾਕਦੀ ਹੈ ਹੱਸਕੇ
ਇਉ ਨਿਗਾਹੇ ਸਨਮ ਮੇਰੀ, ਰੂਹ ਰੁਸ਼ਨਾਇਆ ਕਰੇ।

ਵਾਸ ਤੇਰਾ ਰੂਹ ਮੇਰੀ, ਹੋ ਚੁਕਾ ਮੈਂ ਜਾਣਦਾਂ
ਫੇਰ ਪਰਦਾ ਹਰਘੜੀ ਕਿਉਂ ਆਕੇ ਤਰਸਾਇਆ ਕਰੇ

ਹਨ ਬੜਾ ਭੰਡਾਰ ਮਾਪੇ, ਨਿਹਮਤਾਂ ਦਾ ਜਗ ਤੇ
ਸਾਥ ਉਹਨਾ ਦਾ ਸੁਹਾਵੇ, ਰੁੱਖ ਬਣ ਸਾਇਆ ਕਰੇ।

ਕਰ ਦਵੇ ਕੁਰਬਾਨ ਪ੍ਰੇਮੀ, ਜਾਨ ਅਪਣੇ ਯਾਰ ਤੋਂ
ਰਬ ਕਰੇ ਮਹਿਬੂਬ ਵੀ ਇਹ,ਢੰਗ ਅਪਨਾਇਆ ਕਰੇ।

ਰੱਖਦੇ ਹਾਂ ਯਾਰ ਤਕਵਾ, ਰੱਬ ਤੈਨੂੰ ਜਾਣ ਕੇ
ਸਿਤਮ ਚਾਹੇ ਇਹ ਜ਼ਮਾਨਾ, ਨਿੱਤ ਹੀ ਢਾਇਆ ਕਰੇ।

ਨਾਲ ਬੱਧੇ ਹਾਂ ਅਸੀਂ ਤੇ, ਡੋਰ ਜਿਸ ਦੇ ਪ੍ਰੇਮ ਦੀ
ਨਾ ਜ਼ਮਾਨਾ ਕਸਮ ਸਾਨੂੰ, ਯਾਰ ਦੀ ਪਾਇਆ ਕਰੇ।

ਬੋਲ ਤੇਰੇ ਹੀ ਸਦਾ ਹਨ, ਗੂੰਜਦੇ ਕੰਨੀਂ ਤਦੇ
ਹੋਰ ਸਾਨੂੰ ਰਾਗ ਕੋਈ, ਨਾ ਕਦੇ ਭਾਇਆ ਕਰੇ।

ਗੀਤ ਮੈਨੂੰ ਰਾਗ ਬਣਕੇ, ਨਿੱਤ ਵਾਜਾਂ ਮਾਰਦੇ
ਚਾਹਤਾਂ ਸੁਰ ਤਾਲ ਬਣਕੇ,ਹਰ ਤਰਫ ਛਾਇਆ ਕਰੇ।

ਯਾਰ ਮਿੱਤਰ ਵੇਖਕੇ ਹਨ, ਹੋ ਰਹੇ ਹੈਰਾਨ ਹੀ
ਉਮਰ ਪੀਰੀ ਰਾਗ ਸੰਧੂ, ਇਸ਼ਕ ਦੇ ਗਾਇਆ ਕਰੇ।

-35-

ਮੇਲ ਰੂਹਾਂ ਦੇ ਲਈ ਨੇ, ਜਿਸਮ ਵੀ ਲਾਜ਼ਮ ਬਣੇ
ਮੇਲ ਬਾਝੋਂ ਪ੍ਰੀਤਮਾਂ ਦੇ, ਆਂਵਦਾ ਨਾ ਦੁਧ ਥਣੇ।

ਇਸ਼ਟ ਨੂੰ ਜੋ ਆਪਣੇ ਹੀ, ਹਨ ਧਿਆਂਦੇ ਰਾਤ ਦਿਨ
ਸੁਰਖ ਰੂ ਹੋ ਨਿਕਲਦੇ ਜੋ, ਸੱਚ ਹਿਤ ਜੂਝਣ ਰਣੇ।

ਨਾਲ ਉਸ ਦੇ ਪਾ ਲਏ ਜੇ ਕਰ ਯਰਾਨੇ ਰੋਣ ਕੀ
ਚੱਬਣੇ ਪੈਂਦੇ ਕਦੀ ਵਿਚ, ਯਾਰੀਆਂ ਲੋਹੇ ਚਣੇ।

ਪ੍ਰੇਮ ਸੱਚਾ ਲੱਭ ਲੈਂਦਾ, ਪੱਥਰਾਂ ਚੋਂ ਵੀ ਖੁਦਾ
ਤਾਂਹਿ ਸੱਚੇ ਆਸ਼ਕਾਂ ਦੇ, ਧਰਮੀਆਂ ਵਿਚ ਨਾਂ ਗਣੇ।

ਮੰਜ਼ਲੇ ਮਕਸੂਦ ਸੰਧੂ, ਪਾ ਲਏ ਉਹ ਲਾਜ਼ਮੀ
ਹੈ ਨਿਰੰਤਰ ਘੋਲ ਜਿਸਦੀ,ਚਿਤਵਨਾ ਦੇ ਵਿਚ ਠਣੇ।

-36-

ਮਾਨ ਹੈ ਗੁਰਦੇਵ ਦਾ ਜਿਸ, ਅਰਥ ਸਮਝੇ ਗੀਤ ਦੇ
ਜਾਂ ਸਦਕੜੇ ਯਾਰ ਇਸ ਦੇ, ਗੀਤ ਦੇ ਸੰਗੀਤ ਦੇ।

ਬਸਰ ਕੀਤੀ ਜ਼ਿੰਦਗੀ ਹੈ, ਏਸ ਢੋਲੇ ਗਾਂਦਿਆਂ
ਅਰਥ ਸਮਝੇ ਏਸ ਜਾਣੋ, ਪਿਆਰ ਦੀ ਹੀ ਰੀਤ ਦੇ।

ਜਾਣਕੇ ਇਸ ਮਰਮ ਸਾਰੇ, ਪ੍ਰੇਮ ਦੇ ਕੀਤੇ ਬਿਆਂ
ਖੋਟ ਨਾਹੀਂ ਮੂਲ ਕੋਈ, ਵਿੱਚ ਇਸ ਦੀ ਨੀਤ ਦੇ।

ਗੀਤ ਇਸ ਨੇ ਬੰਨ੍ਹਕੇ ਹਨ, ਰੱਖ ਦਿੱਤੇ ਇਸ ਤਰਾਂ
ਜਿਸ ਤਰਾਂ ਹਨ ਪ੍ਰੇਮੀਆਂ ਦੇ, ਦਿਲ ਤੇ ਸੱਚੀਂ ਬੀਤਦੇ।

ਟਹਿਕਦੇ ਤੇ ਮਹਿਕਦੇ ਨੇ, ਬੋਲ ਇਸ ਦੇ ਹਰ ਜਗ੍ਹਾ
ਬਣ ਗਏ ਨੇ ਵਾਂਗ ਵਿਰਸੇ, ਗੀਤ ਸਾਡੇ ਮੀਤ ਦੇ।

## -37-

ਓਦਰੇ ਨੇ ਚਾਅ ਤੁਧ ਬਿਨ, ਆ ਜ਼ਰਾ ਤੂੰ ਮੁਸਕਰਾ
ਥੱਕਗੇ ਅੱਖਾਂ ਦੇ ਪੋਟੇ, ਔਂਸੀਆਂ ਰਾਹਾਂ 'ਚ ਪਾ।

ਲੱਗ ਰਹੀਆਂ ਨੇ ਉਡੀਕਣ, ਰਾਹ ਤੇ ਅੱਖਾਂ ਜਿਵੇਂ
ਲੰਘਿਆ ਜਿੱਥੋਂ ਬੇਦਰਦੀ, ਸੀ ਵਿਛੋੜੇ ਫੱਟ ਲਾ।

ਪੀਂਘ ਸਤਰੰਗੀ ਜਿਵੇਂ ਸਾਂ, ਸੰਗ ਤੇਰੇ ਝੂਟਦੇ
ਤੋੜਕੇ ਤੂੰ ਤੁਰ ਗਿਓਂ ਤੇ, ਰੰਗ ਸਭੋ ਉਡ ਗਿਆ।

ਰਾਤ ਜੀਕਣ ਕਰ ਰਹੀ ਹੈ, ਬਸ ਉਡੀਕਾਂ ਤੇਰੀਆਂ
ਗਗਨ ਦੀ ਥਾਲੀ ਚ' ਦੀਵੇ, ਤਾਰਿਆਂ ਦੇ ਜਗਮਗਾ।

ਤੁਰ ਗਿਓਂ ਪਰਦੇਸ ਨੂੰ ਹੀ, ਤੂੰ ਕਮਾਵਣ ਦੌਲਤਾਂ
ਆਪਣੇ ਹੋਏ ਬਗਾਨੇ, ਛੱਡ ਸਾਇਆ ਵੀ ਗਿਆ।

ਓਦਰੇ ਘਰਬਾਰ ਸਾਰੇ, ਹਨ ਤੇਰੇ ਬਿਨ ਜਾਪਦੇ
ਤੱਕਦੇ ਨੇ ਵਾਟ ਤੇਰੀ, ਆਸ ਨੂੰ ਝੋਲੀ 'ਚ ਪਾ।

ਭੁੱਲਦੀ ਨਾ ਰਾਤ ਮਾਣੀ, ਜੋ ਸੁਖਾਂ ਦੀ ਸੇਜ ਤੇ
ਚੋਜੀਆ ਕੀ ਹਾਲ ਮੇਰਾ, ਤੱਕ ਲੈ ਤੂੰ ਫੇਰ ਆ।

ਬੋਲ ਤੇਰੇ ਘੋਲਦੇ ਸੀ, ਰਸ ਜਿਵੇਂ ਪੌਣਾ 'ਚ ਵੀ
ਫੇਰ ਤੂੰ ਮਹਿਕਾ ਚੁਗਿਰਦਾ, ਲੈ ਸਰੰਗੀ ਗੁਣ ਗੁਣਾ।

ਹਨ ਉਡੀਕਾਂ ਰਾਤ ਦਿਨ ਹੀ, ਦੂਰ ਵਸਦੇ ਸੱਜਣਾ
ਗਾ ਰਿਹਾ ਸੰਧੂ ਵਰਾਗੇ, ਬੋਲ ਗੀਤਾਂ ਦੇ ਬਣਾ।

-38-

ਸਦਕੇ ਤੇਰੇ ਮੈਂ ਯਾਰਾ ਵਿਚ ਮਹਿਫਲ ਕੋਈ ਰੰਗ ਲਾ ਦੇ
ਬਸ ਦਾਰੂ ਤੇ ਮੈਂ ਨਾ ਲੋੜਾਂ ਪਲਕਾਂ ਦੇ ਨਾਲ ਪਿਆ ਦੇ।

ਤੇ ਐਂਵੇਂ ਨਾ ਪਾ ਤੂੰ ਥੋੜੀ ਝੂਠੇ ਦੇ ਛੱਡ ਬਹਾਨੇ
ਤੂੰ ਸਾਰੀ ਦੇ ਉਲਟ ਸੁਰਾਹੀ ਦਿਲ ਖੋਹਲਕੇ ਵਰਤਾ ਦੇ।

ਮੈਂ ਪੀਤੀ ਹੈ ਜਿੰਨੀ ਵਾਰੀ ਤੇ ਆਵੇ ਨਾ ਰੰਗ ਕੋਈ
ਮੈਨੂੰ ਦੇ ਤੇਜ਼ ਜਿਹੀ ਕੋਈ, ਗਮ ਸਾਰੇ ਜੋ ਵਿਸਰਾ ਦੇ।

ਸਭ ਕਰਦੇ ਨੇ ਚਰਚੇ ਗਿਰਜੇ ਤੇ ਮੰਦਰ ਮਸੀਤਾਂ ਵਾਲੇ
ਮੈਨੂੰ ਲੱਭਾ ਨਾ ਕੋਈ ਭੇਤੀ ਦੂਰੀ ਨੂੰ ਜੋ ਮਿਟਾ ਦੇ।

ਚਾਨਣ ਨੂੰ ਹੀ ਫੜਦੇ ਚਾਹੇ ਰਹਿਗੇ ਹਾਂ ਫਸਕੇ ਰਾਹੀਂ
ਇਹ ਛੁਪ ਛੁਪਕੇ ਤੇਰਾ ਮਿਲਣਾ ਸਦਕੇ ਹਾਂ ਪ੍ਰੇਮ ਅਦਾ ਦੇ।

ਸਭ ਤਰਸੇਂਵੇਂ ਤੂੰ ਕਰਦੇ ਪੂਰੇ ਮਿਲ ਬਹਿ ਕੇ ਪਲ ਦੋ ਪਲ
ਤੇ ਵਹਿਣੀਂ ਵੀ ਵਹਿਕੇ ਵੇਖੋ ਮਾਰੂ ਇਸ਼ਕ ਦੇ ਦਰਿਆ ਦੇ।

ਇਹ ਸਾਂਝਾਂ ਤੂੰ ਪਾਕੇ ਸੁਹਣੇ ਵੇਖੀਂ ਨਾ ਤੋੜੀਂ ਹਰਗਿਜ਼
ਉਹ ਭੁੱਲਣਗੇ ਕਿੰਜ ਨਜ਼ਾਰੇ ਮਾਣੇ ਜੋ ਪ੍ਰੇਮ ਝਨਾ ਦੇ।

ਲਾਰੇ ਨਾ ਲਾ ਤੂੰ ਐਸੇ ਜੋ ਦਿਲਕਸ਼ ਨੇ ਚਾਹੇ ਲਗਦੇ
ਜਾਦੂ ਤੋਂ ਜੋ ਨਾ ਖਾਲੀ ਬਸ ਜਲਵਾ ਤੂੰ ਉਹ ਦਿਖਲਾ ਦੇ।

ਦਿਲ ਚਾਹੇ ਰੰਗ ਐਸਾ ਬਦਲੇ ਸਾਰੀ ਲੋਕਾਈ ਮਾਣੇ
ਯਾਰੋ ਅਮਨਾਂ ਦਾ ਰੰਗ ਪੂਰੀ ਧਰਤੀ ਨੂੰ ਕੋਈ ਲਾ ਦੇ।

-39-

ਚਾਹਿ ਆ ਜਾਵੇਂ ਵਟਾਕੇ, ਸੂਰਤਾਂ ਤੂੰ ਵੀਰਨੇ
ਢੂੰਡ ਲੈਣਾ ਰਾਂਝਣਾ ਉਹ, ਫਿਰ ਰੰਗੀਲਾ ਹੀਰ ਨੇ।

ਮੁਹਨੀਆਂ ਉਹਾਂ ਸੂਰਤਾਂ ਨੇ, ਜੋ ਭੁਲੇਖਾ ਦੇਂਦੀਆਂ
ਦਿਲ ਚੁਰਾਇਆ ਸੀ ਜਿਵੇਂ ਉਸ, ਖ਼ੂਬਰੂ ਤਸਵੀਰ ਨੇ।

ਨਾ ਬੁਲਾ ਨਾ ਬੋਲ ਭਾਵੇਂ, ਚੁੱਪ ਕੀਤੇ ਸੱਜਣਾ
ਬੇਅਸਰ ਨਾ ਰਹਿਣ ਹਾੜੇ, ਹਨ ਬੜੇ ਦਿਲ ਚੀਰਨੇ।

ਏਸ ਦਿਲ ਵਿਚ ਹੋਰ ਕੋਈ, ਨਾ ਕਦੇ ਵੀ ਆ ਸਕੇ
ਬੰਦ ਕੀਤੇ ਹੋਰ ਰਸਤੇ, ਏਸ ਦਿਲ ਦਿਲਗੀਰ ਨੇ।

ਧਰਮ ਸੇਵਕ ਹੀ ਜਦੋਂ ਆ, ਖੋਰ ਲਾਂਵਣ ਧਰਮ ਨੂੰ
ਫਿਰ ਜ਼ਰੂਰੀ ਬਦਲ ਜਾਣਾ, ਧਰਮ ਦੀ ਤਾਸੀਰ ਨੇ।

ਨਾ ਦਵਾ ਹੀ ਕਾਟ ਕਰਦੀ, ਨਾ ਦੁਆ ਕਰਦੀ ਅਸਰ
ਦਰਸ ਆਸ਼ਕ ਦੇ ਲਈ ਬਸ, ਜਾਣ ਲੌ ਅਕਸੀਰ ਨੇ।

ਗ਼ਜ਼ਬ ਕਰਦੇ ਨੈਣ ਤੇਰੇ, ਪੁਛ ਲਓ ਜਾ ਆਸ਼ਕਾਂ
ਕਤਲ ਕਰਦੇ ਇਹ ਸਦਾ ਨਾ, ਪਕੜਦੇ ਸ਼ਮਸ਼ੀਰ ਨੇ।

ਆਣ ਲੀਡਰ ਵੇਚ ਵਾਅਦੇ, ਫਿਰ ਬਟੋਰਨ ਵੋਟ ਵੀ
ਕਸਬ ਐਸਾ ਪਕੜਿਆ ਬਸ, ਝਾੜਦੇ ਤਕਰੀਰ ਨੇ।

ਹੌਸਲਾ ਕਰ ਸਾਂਭ ਲੌ ਹੁਣ, ਗਤ ਵਿਗੜਦੀ ਦੇਸ਼ ਦੀ
ਹੱਥ ਕਿਰਤੀ ਘੜਨ ਵਾਲੇ, ਦੇਸ਼ ਦੀ ਤਕਦੀਰ ਨੇ।

-40-

ਹੋਰ ਮੇਰੇ ਸੱਜਣਾ ਕੀ, ਆਜ਼ਮਾਈ ਜਾਉਗੇ
ਪ੍ਰੇਮ ਦਾ ਗੁੱਸਾ ਭਲਾ ਪਰ, ਕੀ ਮਨਾਈ ਜਾਉਗੇ।

ਹੋਰ ਕਿੰਨਾ ਤੋੜਨਾ ਹੈ, ਟੁੱਟਿਆ ਇਹ ਦਿਲ ਤੁਸਾਂ
ਮਰ ਚੁਕੇ ਨੂੰ ਕਿੰਜ ਫਾਹੇ, ਫੇਰ ਲਾਈ ਜਾਉਗੇ।

ਏਸ ਸੋਹਣੀ ਸ਼ਕਲ ਨੂੰ ਨਾ, ਫਬਦੀਆਂ ਬੇਦਰਦੀਆਂ
ਛੱਡ ਦੇਵੋ ਆਕੜਾਂ ਕੀ, ਤਲਮਲਾਈ ਜਾਉਗੇ।

ਚਾਹਿ ਮੰਨੋਂ ਨਾ ਤੁਸੀਂ ਹੁਣ, ਬੇਬਸੀ ਨੂੰ ਆਪਣੀ
ਕਸਕ ਅਪਣੀ ਹੋਰ ਕਿੰਨਾ, ਚਿਰ ਲੁਕਾਈ ਜਾਉਗੇ।

ਬੀਤ ਪਹਿਲਾਂ ਹੈ ਚੁਕਾ ਜੋ, ਪਰਤਕੇ ਨਾ ਆਇਗਾ
ਮੰਨ ਜਾਓ ਕੀ ਉਮਰ ਹੀ, ਐਂ ਗਵਾਈ ਜਾਉਗੇ।

ਇਸ਼ਕ ਨਾ ਜਾਵੇ ਛੁਪਾਇਆ, ਵਿੱਚ ਲੱਖਾਂ ਪਰਦਿਆਂ
ਅੱਗ ਇਹ ਅੰਦਰ ਤੁਸੀਂ ਹੁਣ,ਕਿਵ ਛੁਪਾਈ ਜਾਉਗੇ।

ਕਰ ਨ ਪਾਓਗੇ ਤੁਸੀਂ ਜੋ, ਹਿੰਦ ਕੀਤਾ ਲੀਡਰਾਂ
ਵੇਖਕੇ ਧਨ ਦੇਸ਼ ਦਾ ਕੀ, ਲੁਟ ਮਚਾਈ ਜਾਉਗੇ।

ਕਿਰਤ ਕਰਨੀ ਜੀਣ ਜੀਣਾ, ਸੱਚ ਦਾ ਸਾਦਾ ਜਿਹਾ
ਪ੍ਰੀਤ ਵਰਗਾ ਸੁਖ ਨ ਕੋਈ, ਜੇ ਨਿਭਾਈ ਜਾਉਗੇ।

ਹੁਣ ਖਲਾਸੀ ਕਰ ਦਿਓ ਤੇ, ਮੁਕਤ ਕਰਜ਼ੇ ਤੋਂ ਕਰੋ
ਹੋਰ ਕਿਤਨੀ ਦੇਰ ਇਸ ਦਾ, ਸੂਦ ਖਾਈ ਜਾਉਗੇ।

## -41-

ਤਜ ਅਕਲਾਂ, ਵਹਿਮਾਂ ਦਾ ਸਾਥ ਛਲਾਵਾ ਹੈ
ਕਰਮਾਂ ਕਾਂਡਾਂ ਦਾ ਸਤਕਾਰ ਵਖਾਵਾ ਹੈ।

ਕਰਨੀ ਪੂਜਾ ਵੇਦ ਕਤੇਬ ਗਰੰਥਾਂ ਦੀ
ਥੋਥੀ ਬੁੱਤ ਪੂਜਾ ਹੈ, ਭਰਮ ਭੁਲਾਵਾ ਹੈ।

ਕਿਸ ਕੰਮ ਖਿੜੀ ਗੁਲਜ਼ਾਰ ਬਿਨਾ ਖੁਸ਼ਬੂ ਦੇ
ਫੁੱਲ ਕਾਗਜ਼ ਦੇ ਕੇਵਲ ਜੀ ਪਰਚਾਵਾ ਹੈ।

ਮਨ ਨਾ ਮਿਲਿਆ ਦੋਹਾਂ ਦਾ, ਤਾਂ ਸ਼ਾਦੀ ਕੀ
ਹੋਇਆ ਸਮਝੋ ਕੂੜਾ ਗੰਢ ਚਤਾਵਾ ਹੈ।

ਜਿਸਮਾਂ ਦੀ ਗੱਲ ਤਾਂ ਕੇਵਲ ਸਾਧਨ ਹੈ ਪਰ
ਮੇਲਾ ਰੂਹਾਂ ਦਾ ਸੱਚਾ ਮੁਕਲਾਵਾ ਹੈ।

ਵਕਤੋਂ ਜੋ ਵੀ ਖੁੰਝ ਗਿਆ ਸੋ ਪਛੜ ਗਿਆ
ਕੰਮ ਕਿਸੇ ਨਾ ਆਂਦਾ ਫਿਰ ਪਛਤਾਵਾ ਹੈ।

ਲੋੜ ਪਈ ਤੋਂ ਸਾਥੀ ਹੀ ਮੂੰਹ ਮੋੜਣ ਜੇ
ਕਿਸ ਕੰਮ ਪਿਛੋਂ ਪਾੜਣ ਇਹ ਬੇਦਾਵਾ ਹੈ।

-42-

ਉਹ ਮੁਹੱਬਤ ਵੀ ਭਲਾ ਕਿਸ, ਕੰਮ ਦੀ ਬੇਰੰਗ ਵੇਖ
ਤੱਕ ਜਿਸ ਨੂੰ ਪੈ ਗਏ ਨੇ, ਯਾਰ ਮਿੱਤਰ ਤੰਗ ਵੇਖ।

ਨਾ ਦਵੇ ਮੁਸ਼ਕਲ ਬਣੀ ਤੇ, ਆਸਰਾ ਕੌਡੀ ਜਿਹਾ
ਨਿੱਤ ਤੈਥੋਂ ਮੰਗਦਾ ਸੀ, ਲੋੜ ਵੇਲੇ ਮੰਗ ਵੇਖ।

ਫਾਸ ਲੋਕੀਂ ਵਿਚ ਹਉਮੇ, ਹੈਂਕੜਾਂ ਅਗਿਆਨ ਦੇ
ਮਾਰਦੇ ਨੇ ਧਰਮ ਦੇ ਨਾਂ, ਸਾਕਤੇ ਹਰ ਜੰਗ ਵੇਖ।

ਅੱਗ ਹਰ ਥਾਂ ਫੂਕਦੀ ਹੈ, ਮੰਨਿਆਂ ਹੈ ਸੱਚ ਇਹ
ਖੋਟ ਸਾਰਾ ਖੋਰ ਦੇਵੇ, ਲਾਕੇ ਕੁੰਦਨ ਅੰਗ ਵੇਖ।

ਤੱਕ ਹਰ ਆਵਾਜ਼ ਜਾਪੇ, ਆਪਣੀ ਆਵਾਜ਼ ਹੀ
ਬੋਲ ਗੂੰਜਣ ਖੂਹ ਦੇ ਬਸ, ਬੋਲਣੇ ਦਾ ਢੰਗ ਵੇਖ।

ਮਾਨ ਮੱਤਾ ਹਾਂ ਤਦੇ ਜੇ, ਸੱਜਣਾਂ ਦਾ ਸਾਥ ਹੈ
ਬਿਨ ਹੰਡਾਏ ਨਾ ਕਿਸੇ ਵੀ, ਕੰਮ ਆਵੇ ਵੰਗ ਵੇਖ।

ਮੌਤ ਵੀ ਮਨਸੂਰ ਵਾਂਗੂੰ, ਲੱਗਦੀ ਹੈ ਮਿਠੜੀ
ਬੱਸ ਖਾਕੇ ਤੂੰ ਨਿਹੁੰ ਦਾ, ਮਿੱਤਰਾ ਇਕ ਡੰਗ ਵੇਖ।

ਨਾ ਬਹਾਨੇ ਕੰਮ ਆਵਣ, ਯਾਦ ਰੱਖੀਂ ਦੋਸਤਾ
ਹੋਸ਼ ਕਰ ਨਾ ਪੀ ਗ਼ਫਲਤਾਂ ਦੀ ਨਸ਼ੀਲੀ ਭੰਗ ਵੇਖ।

ਕਹਿ ਗਏ ਨੇ ਕਹਿਣ ਵਾਲੇ, ਗੱਲ ਸਾਰੀ ਭੇਤ ਦੀ
ਗੱਲ ਸਮਝਣ ਸੋਚ ਦੀ ਹੈ, ਕਾਫਯਾ ਨਾ ਤੰਗ ਵੇਖ।

ਹੈ ਨਿਰੰਤਰ ਘੋਲ ਛਿੜਿਆ, ਸੱਚ ਦਾ ਤੇ ਝੂਠ ਦਾ
ਕੌਣ ਜਿੱਤੇ ਕੌਣ ਹਾਰੇ, ਸੱਚ ਕਰਸੀ ਦੰਗ ਵੇਖ।

-43-

ਬਸ ਕਰੋ ਹੁਣ ਲੀਡਰੋ ਬਹੁ, ਪਾਰਸਾਈ ਹੋ ਚੁਕੀ
ਜਾਣ ਦੇਵੋ ਲੀਡਰੀ ਬਸ, ਰਾਹਨੁਮਾਈ ਹੋ ਚੁਕੀ।

ਢਿੱਡ ਪਹਿਲਾਂ ਆਪਣਾ ਹੀ, ਭਰਨ ਸਾਰੇ ਦੋਸਤੋ
ਤਾਂਹਿ ਮੇਰੇ ਦੇਸ਼ ਦੀ ਲੁਟ, ਪਾਈ ਪਾਈ ਹੋ ਚੁਕੀ।

ਲੋੜ ਨਾ ਹੁਣ ਹੋਰ ਸਾਨੂੰ, ਤੂੰ ਸਫਾਈ ਰਹਿਣ ਦੇ
ਧਰਤ ਸਾਰੀ ਤੇ ਅਸਾਡੀ, ਜਗ ਹਸਾਈ ਹੋ ਚੁਕੀ।

ਧਰਤ ਜਿਸ ਨੂੰ ਮਾਣ ਸੀਗਾ, ਧਰਮ ਤੇ ਈਮਾਨ ਦਾ
ਰਾਮ ਤੇ ਨਾਨਕ ਗਵਾਚੇ, ਹੈ ਸਫਾਈ ਹੋ ਚੁਕੀ।

ਦੂਤ ਮਾਰੇ ਕੇਸ ਨੇ ਹਨ, ਗੱਲ ਹੁਣ ਤੇ ਲੁੱਟ ਦੀ
ਜੇ ਰੜੇ ਹਨ ਖੇਤ ਤੇਰੇ, ਤਾਂ ਬਜਾਈ ਹੋ ਚੁਕੀ।

ਹਰ ਜਣਾ ਜਾਪੇ ਗਰਸਿਆ, ਢੋਂਗ ਵਿਚ ਹਰ ਧਰਮ ਦਾ
ਧਰਮ ਦੀ ਪੁੱਠੀ ਜਿਵੇਂ ਹਰ, ਥਾਂ ਪੜ੍ਹਾਈ ਹੋ ਚੁਕੀ।

ਨਫਰਤਾਂ ਹੀ ਨਫਰਤਾਂ ਨੇ, ਪਸਰੀਆਂ ਹਰ ਥਾਂ ਜਿਵੇਂ
ਏਕ ਹੈ ਜਦ ਨੂਰ ਹਰ ਸੂ, ਕਿਉਂ ਲੜਾਈ ਹੋ ਚੁਕੀ।

ਪਾਦਰੀ ਭਾਈ ਮੁਲਾਣੇ, ਪੰਡਤਾਂ ਹੈ ਠੱਗਿਆ
ਧਰਮ ਐਸੇ ਝੂਠ ਦੇ ਤੋਂ, ਤੰਗ ਲੁਕਾਈ ਹੋ ਚੁਕੀ।

ਜਾਚ ਜੀਵਣ ਦੀ ਸਿਆਣੇ, ਦੱਸਗੇ ਹਰ ਧਰਮ ਹੀ
ਰਾਹ ਪੈ ਗੇ ਔਝੜੀਂ ਹਾਂ, ਹੈ ਘੁਸਾਈ ਹੋ ਚੁਕੀ।

-44-

ਗ਼ਮ ਸਲਾਮਤ ਪਿਆਰ ਦਾ ਰਹਿ, ਹਿੱਕ ਸਾਡੀ ਚੀਰਦਾ
ਗ਼ਮ ਨਹੀਂ ਫਿਰ ਯਾਰ ਮੇਰੇ, ਖੋਟੜੀ ਤਕਦੀਰ ਦਾ।

ਹਾਰਕੇ ਵੀ ਵੇਖਣਾ ਹੈ, ਯਾਰ ਚਾਹੀਦਾ ਕਦੇ
ਪਰਖ ਹੋ ਜਾਵੇ ਤਦੋਂ ਫਿਰ, ਕੈਦ ਦੀ ਜ਼ੰਜੀਰ ਦਾ।

ਨਾਜ਼ ਬਰਦਾਰੀ ਲਈ ਦਸ, ਹੋਰ ਮੈਂ ਕੀ ਕੁਛ ਕਰਾਂ
ਧਾਰ ਪਰਖੀ ਜਾਇਗੀ ਕਰ, ਵਾਰ ਤੂੰ ਸ਼ਮਸ਼ੀਰ ਦਾ।

ਬੀਤ ਚੁੱਕੇ ਸਾਲ ਕਿਤਨੇ, ਤੋਰ ਤੁਰਦੀ ਜ਼ਿੰਦਗੀ
ਨਾ ਗਿਆ ਚੇਤਾ ਭੁਲਾਇਆ, ਪਰ ਵਿਛੜਗੇ ਵੀਰ ਦਾ।

ਕੰਮ ਤੇਰੇ ਹਨ ਬੜੇ ਜੋ, ਕਰਨ ਵਾਲੇ ਨੇ ਅਜੇ
ਰੋਕ ਨਾ ਪਰਵਾਜ਼ ਅਪਣੀ, ਛੱਡ ਕਿੱਸਾ ਹੀਰ ਦਾ।

ਆਦਮੀਂ ਕਿਉਂ ਪਾਲਦਾ ਹੈ, ਧਰਮ ਵੱਖੋ ਵੱਖਰੇ
ਮਨ ਤਸੱਵਰ ਧਾਰ ਲੌ ਹੁਣ, ਸਾਂਝ ਦੀ ਤਸਵੀਰ ਦਾ।

ਦੋ ਕਦਮ ਹੀ ਤੋਰ ਤੁਰਕੇ, ਤੂੰ ਗਿਆ ਹੈਂ ਥੱਕ ਵੀ
ਵਾਟ ਲੰਮੀਂ ਹੈ ਬੜੀ ਤੂੰ, ਧਾਰ ਤਕਵਾ ਧੀਰ ਦਾ।

ਮਾਰਕੇ ਲੰਮੀਂ ਉਡਾਰੀ, ਲਕਸ਼ ਅਪਣਾ ਜਾ ਲਵੋ
ਜਾਣ ਜਾਓਗੇ ਤਦੋਂ ਫਿਰ, ਭੇਤ ਵੀ ਤਦਬੀਰ ਦਾ।

ਥੱਕਣੇ ਦੀ ਗੱਲ ਨਾ ਕਰ, ਥੱਕਦਾ ਹਰ ਆਦਮੀਂ
ਹੌਸਲਾ ਹੈ ਕਾਰਗਰ ਤੇ, ਹੈ ਅਸਰ ਅਕਸੀਰ ਦਾ।

-45-

ਰੰਗ ਤੇਰੀ ਦੋਸਤੀ ਦਾ, ਲਹਿ ਗਿਆ ਹੈ ਦੋਸਤਾ
ਹੋ ਗਿਆ ਕਾਫੂਰ ਝੂਠਾ, ਜੋ ਨਸ਼ਾ ਸੀ ਓਸ ਦਾ।

ਵਾਅਦਾ ਕੋਈ ਵਫਾ ਨਾ, ਤੂੰ ਕਦੀ ਵੀ ਕਰ ਗਿਓਂ
ਫੇਰ ਵੀ ਇਤਬਾਰ ਕਰਦੇ, ਸਾਂ ਰਹੇ ਪਰ ਓਸ ਦਾ।

ਕਰ ਸਿਆਣਪ ਫੇਰ ਵੀ ਹਾਂ, ਚੁੱਪ ਕਰਕੇ ਬਹਿ ਗਏ
ਸਮਝ ਜਾਵੀਂ ਅਰਥ ਆਪੇ, ਇਸ ਜ਼ੁਬਾਂ ਖਾਮੋਸ਼ ਦਾ।

ਹੈ ਗਿਲਾ ਕਰਨਾ ਨਿਰਾਦਰ, ਦੋਸਤੀ ਦਾ ਜਾਪਦਾ
ਛੱਡਿਆ ਪੱਲਾ ਨਹੀਂ ਗਾ, ਮੈਂ ਅਜੇ ਵੀ ਹੋਸ਼ ਦਾ।

ਝੂਠੜੇ ਤੇਰੀ ਜ਼ੁਬਾਂ ਸੀ, ਵਾਅਦੇ ਕਰਦੀ ਰਹੀ
ਸੱਚ ਹੋ ਜਾਵਣ ਕਦੀ ਤੇ, ਦਿਲ ਰਿਹਾ ਇਹ ਲੋਚਦਾ।

ਨਾ ਰਹੀ ਜੇ ਦੋਸਤੀ ਪਰ, ਹੱਕ ਤੇਰਾ ਹੈ ਅਜੇ
ਫਰਕ ਕੀਕਣ ਪੈ ਗਿਆ ਹੈ, ਦਿਲ ਵਿਚਾਰਾ ਸੋਚਦਾ।

ਵੇਖ ਸੰਧੂ ਰੰਗ ਤੂੰ ਇਸ, ਬਦਲਦੇ ਸੰਸਾਰ ਦੇ
ਹੈ ਜ਼ਮਾਨਾ ਬਦਲਿਆ ਰਖ, ਪਾਸ ਹਰਦਮ ਹੋਸ਼ ਦਾ।

-46-

ਜ਼ਿੰਦਗੀ ਭਰ ਆਸ ਦੇ ਹੀ, ਗੀਤ ਜੋ ਗਾਂਦੇ ਰਹੇ
ਪੀੜ ਪੀਕੇ ਵੀ ਸਦਾ ਉਹ, ਮੰਜ਼ਲ਼ਾਂ ਪਾਂਦੇ ਰਹੇ।

ਨਿੱਤ ਹੀ ਜਰਦੀ ਰਹੀ ਹੈ, ਹਾਦਸੇ ਇਹ ਜ਼ਿੰਦਗੀ
ਮੋੜ ਹਰ ਇਕ ਜ਼ਿੰਦਗੀ ਦੇ, ਦੈਂਤ ਲਹਿਰਾਂਦੇ ਰਹੇ।

ਮੰਜ਼ਲਾਂ ਸਨ ਸਾਮਣੇ ਤੇ, ਜੋਸ਼ ਉਸ ਨੂੰ ਪਾਣ ਦਾ
ਹਰ ਕਦਮ ਹੀ ਮੁਸ਼ਕਲਾਂ ਦੇ, ਹੜ ਜਿਵੇਂ ਆਂਦੇ ਰਹੇ।

ਦੋਸਤਾਂ ਦੀ ਦੋਸਤੀ ਦੇ, ਇਕ ਨਿਆਰੀ ਹੀ ਖੁਸ਼ੀ
ਫੇਰ ਕਿਉਂ ਕਰ ਊਝ ਝੂਠੀ, ਯਾਰ ਤੇ ਲਾਂਦੇ ਰਹੇ।

ਜ਼ਿੰਦਗੀ ਭਰ ਵਿਕਣ ਜੋਗੀ, ਵਸਤ ਹੋਏ ਆਦਮੀ
ਰਾਜ ਕਰਦੇ ਚੌਧਰੀ ਤੇ, ਲੁੱਟਕੇ ਖਾਂਦੇ ਰਹੇ।

ਜਾਗਦੇ ਮਰਜੀਵੜੇ ਜਦ, ਧਰਤ ਵੀ ਦੇਵਣ ਹਿਲਾ
ਜੀਣ ਦੱਸਣ ਸੀਸ ਦਾਅ ਤੇ, ਜੋ ਸਦਾ ਲਾਂਦੇ ਰਹੇ।

ਕਰਜ਼ ਸਾਡੇ ਸਿਰ ਉਨ੍ਹਾਂ ਦਾ, ਹੈ ਬੜਾ ਹੀ ਦੋਸਤੋ
ਹੱਕ ਦੀ ਜੋ ਕਰਨ ਰਾਖੀ, ਜਾਨ ਦੇ ਜਾਂਦੇ ਰਹੇ।

-47-

ਗੂੰਜਦੀ ਕੰਨਾਂ 'ਚ ਸ਼ਹਿਨਾਈ ਜਦੋਂ
ਖ਼ਬਰ ਤੇਰੇ ਆਣ ਦੀ ਪਾਈ ਜਦੋਂ।

ਰੋਂਦਿਆਂ ਕੁਰਲਾਂਦਿਆਂ ਬੀਤੇ ਕਈ
ਬਦਲ ਜਾਵਣ ਮਹਿਕ ਵੀ ਆਈ ਜਦੋਂ।

ਦੋਸਤੀ ਦੇ ਰੰਗ ਵੇਖੇ ਹਨ ਕਈ
ਨਜ਼ਰ ਤੂੰ ਹੈ ਯਾਰ ਬਦਲਾਈ ਜਦੋਂ।

ਦਿਨ ਖ਼ਿਜ਼ਾਂ ਦੇ ਬਦਲਦੇ ਜਾਪਣ ਜਿਵੇਂ
ਨਜ਼ਰ ਮੇਰੀ ਯਾਰ ਭਰਮਾਈ ਜਦੋਂ।

ਸਭ ਖ਼ਜ਼ਾਨੇ ਦੌਲਤਾਂ ਦੇ ਹੇਚ ਨੇ
ਦੀਦ ਦੀ ਹੈ ਰੀਝ ਬਰ ਆਈ ਜਦੋਂ।

ਰੋਗ ਦੇਵੇ ਆਪ ਹੀ ਦਾਰੂ ਕਰੇ
ਬਣ ਮਸੀਹਾ ਹਾਲ ਪੁਰਸਾਈ ਜਦੋਂ।

ਬਣ ਮੁਸੀਬਤ ਹੈ ਗੁਜ਼ਰਦੀ ਹਰ ਘੜੀ
ਸਾਥ ਜਾਵੇ ਛੱਡ ਪਰਛਾਈ ਜਦੋਂ।

ਰੋਕਿਆ ਸੀ ਦਿਲ ਬੜਾ ਤੂੰ ਬਾਜ਼ ਆ
ਵੇਖ ਉਸਦੀ ਅੱਖ ਮਸਤਾਈ ਜਦੋਂ।

ਵਿੱਚ ਜਾਮੈ ਫੁਲਿਆ ਹੀ ਮੈਂ ਫਿਰਾਂ
ਕੌਣ ਰੋਕੇ ਮੌਤ ਹੈ ਆਈ ਜਦੋਂ।

ਜਾਮ ਕੁਛ ਬੇਵੱਸ ਹੋਕੇ ਪੀ ਗਏ
ਯਾਰ ਮਹਿਫਲ ਇੰਞ ਗਰਮਾਈ ਜਦੋਂ।

ਤਰਸ ਉਸ ਦੀ ਬੇਦਿਲੀ ਤੇ ਆ ਗਿਆ
ਸ਼ਕਲ ਵੇਖੀ ਅੱਤ ਮੁਰਝਾਈ ਜਦੋਂ।

ਫੁੱਲ ਫਿਰ ਜਾਪਣ ਖਿੜੇ ਕੁਛ ਆਸ ਦੇ
ਛੇੜ ਦੇਵੇ ਤਰਬ ਪੁਰਵਾਈ ਜਦੋਂ।

ਖੜਗ ਚੁੱਕਣੀ ਹੀ ਪਵੇ ਫਿਰ ਹੱਕ ਲਈ
ਕੰਮ ਨਾ ਦੇ ਵੀਰ ਨਰਮਾਈ ਜਦੋਂ।

ਸਾਧਨਾ ਤੂੰ ਲਕਸ਼ ਦੀ ਲੈ ਕਰ ਕੜੀ
ਸਾਮਣਾ ਕਰ ਮੌਤ ਵੀ ਆਈ ਜਦੋਂ।

ਰੱਖਿਆ ਤਾਂ ਓਸ ਦੀ ਹੈ ਫਰਜ਼ ਹੀ
ਆ ਗਿਆ ਦੁਸ਼ਮਨ ਵੀ ਸ਼ਰਨਾਈ ਜਦੋਂ।

-48-

ਵੇਖਕੇ ਵੀ ਫੇਰ ਦੀਦੇ, ਭੁੱਖੜੇ ਦੀਦਾਰ ਦੇ
ਦੀਦ ਉਸ ਦੀ ਹੈ ਅਨੋਖੀ, ਸਦਕੜੇ ਦਿਲਦਾਰ ਦੇ।

ਅਰਥ ਭੁੱਲੇ ਜਾਪਦੇ ਨੇ, ਸ਼ਬਦ ਮੈਨੂੰ ਆਪਣੇ
ਹੜ ਗਏ ਨੇ ਅਰਥ ਸਾਰੇ, ਪ੍ਰੇਮ ਦੀ ਵਿਚ ਧਾਰ ਦੇ।

ਨੈਣ ਨੇ ਬੇਚੈਨ ਹਰਦਮ, ਨਰਗਸੀ ਇਹ ਜਾਪਦੇ
ਤੇ ਮਮੋਲੇ ਵਾਂਗ ਡੋਬੂ, ਖਾਣ ਵਿਚ ਇਹ ਬਾਰ ਦੇ।

ਖਿੱਚਦੇ ਨੇ ਪ੍ਰੇਮ ਬਣਕੇ, ਵਾਂਗ ਮਿਕਨਾਤੀਸ ਦੇ
ਆਪ ਹੀ ਇਹ ਨਿੱਤ ਡੋਬਣ, ਆਪਹੀ ਨੇ ਤਾਰਦੇ।

ਯਾਰ ਤੇ ਹਾਂ ਰੱਖ ਤਕਵਾ, ਠਿੱਲ੍ਹ ਪੈਂਦੇ ਸਾਗਰੀਂ
ਖੜ੍ਹ ਕਿਨਾਰੇ ਜੋ ਉਡੀਕਣ, ਆਰਦੇ ਨਾ ਪਾਰ ਦੇ।

-49-

ਨਫਰਤਾਂ ਦੀ ਕਾਂਗ ਅੱਗੇ, ਡਟ ਖਲੋਤਾ ਬੋਲਦਾ
ਕਿੰਜ ਪਿੱਛੇ ਰਹਿ ਗਿਓਂ ਤੂੰ, ਬਸ ਬਹਾਨੇ ਟੋਲਦਾ।

ਆਪਣੇ ਹੀ ਯਾਰ ਬਣਦੇ, ਹਨ ਦਵਾ ਹਰ ਰੋਗ ਦੀ
ਖਾ ਗਿਆ ਕੀ ਰੋਗ ਤੈਨੂੰ, ਨਾਲ ਸਾਡੇ ਫੋਲਦਾ।

ਗ਼ਮ ਵੀ ਯਾਰੋ ਹਨ ਜ਼ਰੂਰੀ, ਆਦਮੀਂ ਦੇ ਵਾਸਤੇ
ਪੋਲ ਬਾਝੋਂ ਨਾ ਕਦੇ ਵੀ, ਢੋਲ ਕੋਈ ਬੋਲਦਾ।

ਨਾਲ ਯਾਰਾਂ ਜ਼ਿੰਦਗੀ ਵੀ, ਹੈ ਨਰੋਈ ਜਾਪਦੀ
ਦੋਸਤਾਂ ਦੇ ਨਾਲ ਬੰਦਾ, ਗ਼ਮ ਵੀ ਸਾਰੇ ਫੋਲਦਾ।

ਘੋਲ ਹੀ ਹੈ ਜ਼ਿੰਦਗੀ ਤੇ, ਘੋਲ ਸਮਝੋ ਬੰਦਗੀ
ਮੱਲ ਮੈਦਾਂ ਛੱਡ ਜਾਵੇ, ਫਿਰ ਮਜ਼ਾ ਕੀ ਘੋਲ ਦਾ।

ਘੋਲ ਹੀ ਰੱਖੇ ਰਵਾਂ ਇਸ, ਜ਼ਿੰਦਗੀ ਨੂੰ ਵੀ ਸਦਾ
ਘੋਲ ਜਿਸ ਦਾ ਆਸਰਾ ਉਹ, ਨਾ ਕਦੀ ਵੀ ਡੋਲਦਾ।

ਰੱਖ ਕਾਬੂ ਤੂੰ ਜ਼ੁਬਾਂ ਤੇ, ਊਝ ਲਾਣਾ ਠੀਕ ਨਾ
ਹੈ ਸਿਆਣਾ ਬੋਲ ਨੂੰ ਜੋ, ਤੋਲਕੇ ਹੈ ਬੋਲਦਾ।

ਢਿੱਗ ਦੇਣੀ ਢਾਹ ਨਾਹੀਂ, ਕੰਮ ਮਰਦਾਂ ਦੇ ਕਦੀ
ਮਰਦ ਜਾਣੋ ਓਸ ਨੂੰ ਜੋ, ਪੋਲ ਝੂਠੇ ਖੋਲ੍ਹਦਾ।

ਢੋਲ ਮੇਰਾ ਹੈ ਅਨੋਖਾ, ਆਪਣੀ ਹੀ ਤਰਜ਼ ਦਾ
ਜ਼ਿੰਦਗੀ ਭਰ ਸਾਥ ਮੈਂ ਨਾ, ਛੱਡਣਾ ਹੈ ਢੋਲ ਦਾ।

ਨਾਲ ਯਾਰਾਂ ਬੈਠਕੇ ਕਰ, ਦਿਲ ਜ਼ਰਾ ਆਰਾਸਤਾ
ਵਿੱਚ ਦਿਲ ਦੇ ਕਾਸਤੋਂ ਹੈਂ, ਵਿੱਸ ਫਿਰਦਾ ਘੋਲਦਾ।

ਲਕਸ਼ ਬਾਝੋਂ ਜ਼ਿੰਦਗੀ ਇਹ, ਦੋਸਤਾ ਬੇਕਾਰ ਹੈ
ਸਾਧ ਲੈ ਕੋਈ ਨਿਸ਼ਾਨਾ, ਜ਼ਿੰਦਗੀ ਅਨਮੋਲ ਦਾ।

-50-

ਟਹਿਕਦੀ ਸੀ ਵਾਂਗ ਫੁੱਲਾਂ, ਦੀ ਨਿਸ਼ਾਨੀ ਜ਼ਿੰਦਗੀ
ਮਾਪਿਆਂ ਦੀ ਛਤਰ ਛਾਵੇਂ, ਸੀ ਰਵਾਨੀ ਜ਼ਿੰਦਗੀ।

ਨਾਲ ਮਸਤੀ ਦੋਸਤਾਂ ਦੇ, ਦਿਨ ਬਿਤਾਏ ਕਰ ਖੁਸ਼ੀ
ਵਾਂਗ ਸੁਪਨੇ ਬੀਤਗੀ ਜੋ, ਸੀ ਸੁਹਾਣੀ ਜ਼ਿੰਦਗੀ।

ਫੇਰ ਦਿਨ ਆਏ ਜਵਾਨੀ, ਦੇ ਗਏ ਗਭਰੋਟ ਹੋ
ਸਹਿਜ ਹੀ ਫਿਰ ਸਿੱਖ ਲੀਤੀ, ਅੱਖ ਲਾਣੀ ਜ਼ਿੰਦਗੀ।

ਸਾਥ ਸੁਹਣੇ ਯਾਰ ਦਾ ਸੀ, ਨਾਲ ਸ਼ਗਨਾਂ ਮਾਣਿਆਂ
ਸਿੱਖ ਲੀਤਾ ਪਿਆਰ ਕੋਲੋਂ, ਕਿਵ ਪੁਗਾਣੀ ਜ਼ਿੰਦਗੀ।

ਦਿਨ ਸੰਧੂਰੇ ਸਨ ਜਿਵੇਂ ਹਰ, ਰਾਤ ਜਾਪੇ ਸੰਦਲੀ
ਸੱਚ ਦੀ ਸੀ ਤੋਰ ਤੁਰ ਹਰ, ਪਲ ਪਛਾਣੀ ਜ਼ਿੰਦਗੀ।

ਪ੍ਰੀਤ ਮੇਰੀ ਜੀਤ ਜਾਪੇ, ਸੰਗ ਮੇਰੇ ਮੀਤ ਦੇ
ਸਭ ਪਿਆਰੇ ਜਾਪਦੇ ਨਾ, ਸ਼ੈ ਬਗਾਨੀ ਜ਼ਿੰਦਗੀ।

ਰੀਝ ਪੂਰੀ ਹੋ ਗਈ ਹਰ, ਫੇਰ ਕਰਕੇ ਮਿਹਨਤਾਂ
ਰੱਜਕੇ ਹਰ ਇਕ ਖੁਸ਼ੀ ਹੈ, ਖ਼ੂਬ ਮਾਣੀ ਜ਼ਿੰਦਗੀ।

ਭਗਤ ਤੋਂ ਲੈ ਜੋਸ਼ ਅੱਗੇ, ਬੋਸ ਵਾਂਗੂੰ ਸਾਂ ਵਧੇ
ਸੇਧ ਮੋਹਨ ਦੀ ਸਿਖਾਈ, ਸੀ ਬਿਤਾਣੀ ਜ਼ਿੰਦਗੀ।

ਨਫਰਤਾਂ ਦੀ ਕਾਂਗ ਆਈ, ਜਦ ਉਮਡਕੇ ਦੇਸ਼ ਤੇ
ਦੇਸ਼ ਦੀ ਵੀ ਵੇਖ ਲੀਤੀ, ਵੰਡ ਕਾਣੀ ਜ਼ਿੰਦਗੀ।

ਜਾਣਿਆਂ ਇਤਹਾਸ ਫਿਰ ਮੈਂ, ਆਪਣੀ ਵੀ ਕੌਮ ਦਾ
ਨਾਨਕੋ ਗੋਬਿੰਦ ਰਾਹਾਂ, ਨੂੰ ਵਿਖਾਣੀ ਜ਼ਿੰਦਗੀ।

ਇਸਤਰਾਂ ਹੀ ਦੇਸ਼ ਭਗਤੀ, ਧਰਮ ਦਾ ਹਿੱਸਾ ਬਣੀ
ਵਾਂਗ ਸੀਤਲ ਧਰਮ ਦੀ ਹੈ, ਮੈਂ ਹੰਡਾਣੀ ਜ਼ਿੰਦਗੀ।

ਜ਼ਿੰਦਗੀ ਵਿਚ ਕੁਛ ਨਦੀਦੇ, ਤੇ ਨਸ਼ੁਕਰੇ ਵੀ ਮਿਲੇ
ਰੋਲਦੇ ਪੈਰਾਂ 'ਚ ਵੇਖੇ, ਉਹ ਨਮਾਣੀ ਜ਼ਿੰਦਗੀ।

ਹੋਕੇ ਬੁਜ਼ਦਿਲ ਮੈਂ ਨਹੀਂ ਗਾ, ਜ਼ਿੰਦਗੀ ਭਰ ਵੇਖਿਆ
ਨਾਲ ਹੈ ਜ਼ਿੰਦਾ ਦਿਲੀ ਹੀ, ਮੈਂ ਲੰਘਾਣੀ ਜ਼ਿੰਦਗੀ।

ਜ਼ਿੰਦਗੀ ਜ਼ਿੰਦਾ ਦਿਲੀ ਦਾ, ਨਾਮ ਆਖਣ ਦੋਸਤੋ
ਫੇਰ ਕਿਉਂ ਕਰ ਬੇਦਲੀਲੇ, ਹੋ ਗਵਾਣੀ ਜ਼ਿੰਦਗੀ?

ਜ਼ਹਿਰ ਵੀ ਹੈ ਜ਼ਿੰਦਗੀ ਤੇ, ਸ਼ਹਿਦ ਵੀ ਹੈ ਜ਼ਿੰਦਗੀ
ਪਾ ਲਵੇ ਕਰ ਆਸ ਰਿੜਕੇ, ਜੋ ਮਧਾਣੀ ਜ਼ਿੰਦਗੀ।

ਜ਼ਿੰਦਗੀ ਦੀ ਤੋਰ ਨੂੰ ਹੀ, ਸ਼ਾਨ ਅਪਣੀ ਜਾਣ ਲੈ
ਰੁਕ ਗਈ ਸ਼ਮਸ਼ਾਨ ਜਾਵੇ, ਹੋ ਪੁਰਾਣੀ ਜ਼ਿੰਦਗੀ।

ਰੱਖ ਨਾ ਵਾਧੂ ਗਿਲੇ ਤੂੰ, ਹੁਣ ਦਿਲਾਂ ਵਿਚ ਦੋਸਤਾ
ਕਰ ਗਿਲੇ ਨਾ ਬੀਤ ਜਾਵੇ, ਵਿਚ ਗਿਲਾਨੀ ਜ਼ਿੰਦਗੀ।

ਦਾਤ ਹੈ ਅਣਮੋਲ ਇਹ ਤੇ, ਨਾ ਦੁਬਾਰਾ ਆਇਗੀ
ਨਾ ਗਵਾ ਤੂੰ ਯਾਰ ਮੇਰੇ, ਕਰ ਨਦਾਨੀ ਜ਼ਿੰਦਗੀ।

–51–

ਨਿਕਲ ਤੁਰਦਾ ਹਾਂ ਘਰੋਂ ਮੈਂ ਇਸ ਤਰਾਂ
ਦਰ ਬਗਾਨਾ ਤੱਜ ਤੁਰਦਾ ਜਿਸ ਤਰਾਂ।

ਵਾਵਰੋਲੇ ਚੁੱਕ ਖੜਦੇ ਨੇ ਜਿਵੇਂ
ਪੈਰ ਜਾਂਦੇ ਉਖੜ ਭੋਂ ਤੋਂ ਇਸ ਤਰਾਂ।

ਕਬਰ ਵਿਚੋਂ ਰੂਹ ਜੀਕਣ ਉਠ ਤੁਰੇ
ਸਫਰ ਅਣਜਾਣੀ ਖਲਾ ਦਾ ਜਿਸ ਤਰਾਂ।

ਨਾ ਟਕਾਣਾ ਦੂਰ ਤਕ ਕੋਈ ਕਿਤੇ
ਰਾਹ ਤੋਂ ਅਣਜਾਣ ਹੋਵਾਂ ਜਿਸ ਤਰਾਂ।

ਬਾਝ ਤੇਰੇ ਸੱਜਣਾ ਸੁਨਸਾਨ ਹੈ
ਘਰ ਅਧੂਰਾ ਲੱਗਦਾ ਹੈ ਇਸ ਤਰਾਂ।

-52-

ਪਿਆਰ ਤੇਰਾ  ਦਿਲ ‘ਚ ਮੇਰੇ, ਵੱਸਿਆ ਇਉਂ ਜਾਪਦਾ
ਵੱਸਿਆ ਹੋ  ਬੇਖਤਰ  ਘਰ, ਹੋਇ  ਜੀਕਣ  ਆਪਦਾ।

ਹੋ  ਰਹੀ   ਬਰਸਾਤ  ਯਾਰਾ,  ਚਾਹਤਾਂ  ਦੀ  ਅੱਜ  ਤੇ
ਸਿਰ ਤੋਂ ਪੈਰਾਂ ਤੀਕ ਇਸ ਵਿਚ, ਭਿੱਜਿਆ ਮੈਂ ਜਾਪਦਾ।

ਭੁੱਲਿਆ  ਹਾਂ  ਆਪਣੀ  ਹੀ, ਅੱਜ  ਤੇ  ਪਹਿਚਾਨ  ਮੈਂ
ਹਰ  ਤਰਫ ਹੀ  ਮੁੱਖ  ਮੈਨੂੰ, ਨਜ਼ਰ  ਆਵੇ  ਆਪ ਦਾ।

ਹੈ  ਸੁਤਾ  ਤੇ  ਯਾਰ  ਮੇਰੀ,  ਤੂੰ  ਬਸੇਰਾ  ਕਰ  ਲਿਆ
ਹਰ  ਸਮੇਂ  ਮੈਂ  ਰਾਗ  ਤੇਰੇ,  ਹੀ  ਰਹਾਂ  ਆਲਾਪਦਾ।

ਵੱਸਦੀ  ਮੇਰੇ  ਖ਼ਿਆਲਾਂ,  ਵਿਚ  ਸਦਾ  ਤੂੰ  ਯਾਦ  ਬਣ
ਪੰਧ  ਤੇਰੇ  ਆਣ  ਦੇ  ਹੀ, ਮੈਂ  ਰਿਹਾ  ਹਾਂ  ਨਾਪਦਾ।

ਹਰ ਖੁਸ਼ੀ  ਆਈ  ਨਸੀਬੀਂ, ਸਾਥ  ਤੇਰਾ  ਕਰ  ਲਿਆ
ਭੋਗਿਆ  ਨਾ  ਵਕਤ   ਕੋਈ,  ਦੁੱਖ  ਤੇ  ਸੰਤਾਪ ਦਾ।

ਮੂਹ ਲਿਆ  ਜਿਸ  ਇੰਦ ਨੂੰ ਵੀ, ਓਹੀ  ਤੇਰਾ  ਨਾਮ ਹੈ
ਲੈ  ਲਿਆ  ਕਰ  ਹੌਸਲਾ  ਸੀ, ਹੱਥ  ਸੰਧੂ  ਆਪ ਦਾ।

-53-

ਹੋ ਚੁਕੇ ਬੇਗੈਰਤੇ ਸਨ, ਲੋਕ ਤੂੰ ਗ਼ੈਰਤ ਭਰੀ
ਧਰਮ ਦੀ ਨਾ ਕਰਨ ਰਾਖੀ, ਫੇਰ ਤੂੰ ਰਾਖੀ ਕਰੀ।

ਤੇਗ਼ ਦੀ ਵੀ ਧਾਰ ਪਰਖੀ, ਤੇਗ਼ ਅਪਣੀ ਜਾਨ ਤੇ
ਜਾਨ ਅਪਣੀ ਵਾਰ ਸਚ ਤੇ, ਵੇਲ ਤੂੰ ਰੱਖੀ ਹਰੀ।

ਵਾਂਗ ਮਰਦਾਂ ਜਾਚ ਦੱਸੀ, ਮਰਦ ਹੋਕੇ ਜੀਣ ਦੀ
ਕਰਮ ਯੋਗੀ ਧਰਮ ਦੀ ਫਿਰ, ਨੀਂਹ ਪੱਕੀ ਤੂੰ ਧਰੀ।

ਹਿੰਦ ਵਾਸੀ ਖੋ ਚੁਕੇ ਸਨਮਾਨ ਸਾਰੇ, ਸਨ ਉਦੋਂ
ਜ਼ਾਲਮਾਂ ਤੇ ਜਾਬਰਾਂ ਤੋਂ, ਬੈਠਗੀ ਜਨਤਾ ਡਰੀ।

ਕਰ ਹਵਾਲੇ ਹੌਸਲੇ ਦੇ, ਦੇਸ਼ ਵਾਸੀ ਫੇਰ ਤੂੰ
ਬੁਜ਼ਦਿਲੀ ਨੂੰ ਭਾਂਜ ਦੇਕੇ, ਹੌਸਲੇ ਛੋਹੀ ਲਰੀ।

ਛੱਡਕੇ ਗੋਬਿੰਦ ਦੇ ਹੀ, ਆਸਰੇ ਫਿਰ ਵਾਗ ਤੂੰ
ਧਰਮ ਖਾਤਰ, ਦੇਸ਼ ਬਦਲੇ, ਮੌਤ ਸੀ ਤੂੰ ਜਾ ਵਰੀ।

ਜ਼ੁਲਮ ਦੀ ਫਿਰ ਕੰਧ ਢਾਹੀ, ਉਸ ਬਲੀ ਗੋਬਿੰਦ ਨੇ
ਤਾਰ ਦਿੱਤੀ ਹਿੰਦ ਸਾਰੀ, ਧਰਮ ਦੀ ਕਰ ਗਲ ਖਰੀ।

-54-

ਚੰਦ ਨਿੱਕਾ ਵੀਰ ਸਾਡੀ, ਏਸ ਧਰਤੀ ਮਾਨ ਦਾ
ਜੋ ਅਜੇ ਹੈ ਛੋਟੜਾ ਤੇ, ਭੈਣ ਦੇ ਨਾ ਹਾਣ ਦਾ।

ਨਿੱਘ ਅਪਣੀ ਚੰਦ ਦੀ ਪਰ, ਕੋ ਨਹੀਂ ਇਹ ਠੀਕ ਹੈ
ਨਿੱਘ ਸਾਡੇ ਪਿਆਰ ਦਾ ਪਰ, ਉਹ ਸਦਾ ਹੈ ਮਾਣਦਾ।

ਹੈ ਅਨੋਖਾ ਆਸ਼ਕਾਂ ਦਾ, ਚਲਨ ਸਾਰੇ ਜੱਗ ਤੇ
ਰੀਝ ਅਪਣੇ ਯਾਰ ਦੀ ਉਹ, ਮਾਸ ਭੁੰਨਣ ਰਾਣ ਦਾ।

ਬੇਖ਼ਤਰ ਹੋ ਜੱਫੀਆਂ ਵਿਚ, ਥੰਮ ਤਪਦੇ ਲੈਣ ਉਹ
ਇਸ਼ਕ ਲੱਗਾ ਹੈ ਜਿਨ੍ਹਾਂ ਨੂੰ, ਨਾ ਫਿਕਰ ਹੈ ਜਾਨ ਦਾ।

ਪਾ ਲਵੇ ਮੰਜ਼ਲ ਸਦਾ ਹੀ, ਉਹ ਹੀ ਮੇਰੇ ਮਿੱਤਰੋ
ਲਕਸ਼ ਅਪਣਾ ਜੋ ਦਿਲੇ ਵਿਚ, ਪੱਕਿਆਂ ਕਰ ਠਾਣਦਾ।

ਜੋ ਅਸਾਨੂੰ ਵੱਖ ਕਰਦਾ, ਪਾੜਦਾ ਵਿਚ ਟੋਲਿਆਂ
ਇਸ ਤਰਾਂ ਦਾ ਵੱਖ ਵਾਦੀ, ਧਰਮ ਨਾ ਇਨਸਾਨ ਦਾ।

ਭਾਰ ਅਪਣੇ ਹੀ ਖੜੀ ਹਰ, ਧਰਤ ਵਿਚ ਅਸਮਾਨ ਦੇ
ਆਸਰਾ ਹੈ ਏਸ ਨੂੰ ਬਸ, ਧਰਮ ਤੇ ਈਮਾਣ ਦਾ।

ਧਰਮ ਬਿਨ ਵੀ ਬੇਤੁਕੀ ਹੈ, ਜ਼ਿੰਦਗੀ ਤੂੰ ਜਾਣ ਲੈ
ਧਰਮ ਹੀ ਕਰਦਾ ਅਸਾਨੂੰ, ਵੀ ਸਮੇਂ ਦੇ ਹਾਣ ਦਾ।

ਲੁੱਟਕੇ ਜੋ ਕਾਮਿਆਂ ਨੂੰ, ਧਨ ਇਕੱਤਰ ਕਰ ਲਿਆ
ਰੱਬ ਵੀ ਨਾ ਰੀਝਦਾ ਨਾ, ਲਾਭ ਐਸੇ ਦਾਣ ਦਾ।

ਹੋ ਗਿਆ ਮਗਰੂਰ ਜਾਪੇ, ਸਾਕਤਾ ਇਸ ਧਰਤ ਦਾ
ਗਰਵ ਉਸ ਨੂੰ ਹੋ ਗਿਆ ਹੈ, ਜਾਪਦਾ ਹੁਣ ਤਾਣ ਦਾ।

ਹੋਰ ਕਿੰਨੇ ਜਬਰ ਸਹਿਣੇ, ਆਦਮੀ ਦੀ ਜ਼ਾਤ ਨੇ
ਅੰਤ ਨੂੰ ਤੇ ਜ਼ੁਲਮ ਵੀ ਹੈ, ਕੰਮ ਕਰਦਾ ਸਾਣ ਦਾ।

-55-

ਹੈ ਅਨੋਖਾ ਚਲਨ ਯਾਰੋ, ਪ੍ਰੀਤ ਦੀ ਇਸ ਰੀਤ ਦਾ
ਸਾਥ ਦਿਲ ਵੀ ਛੱਡ ਜਾਵੇ, ਸਾਥ ਦੇਵੇ ਮੀਤ ਦਾ।

ਹੈ ਨਿਰੰਤਰ ਸੱਲ ਉਠਦਾ, ਇਸ ਤਰਾਂ ਵਿਚ ਕਾਲਜੇ
ਧੂਹ ਪਾਂਦਾ ਹੈ ਜਿਵੇਂ ਇਕ, ਬੋਲ ਦਰਦੀ ਗੀਤ ਦਾ।

ਕਰਬਲਾ ਨੂੰ ਯਾਦ ਕਰਕੇ, ਰੋਣ ਲੋਕੀਂ ਜਿਸ ਤਰਾਂ
ਯਾਦ ਵਿਚ ਮਹਿਬੂਬ ਦੀ ਹਰ, ਪਲਘੜੀ ਹੈ ਬੀਤਦਾ।

ਵਾਂਗ ਰਾਂਝੇ ਦਿਲ ਕਦੀ ਵਿਚ, ਬੇਲਿਆਂ ਦੇ ਘੁੰਮਦਾ
ਜਾ ਥਲੀਂ ਢੂੰਡੇ ਪਤਾ ਫਿਰ, ਵਾਂਗ ਸੱਸੀ ਪ੍ਰੀਤ ਦਾ।

ਗ਼ਮ ਅਨੋਖੇ ਸਾਂਭਦਾ ਇਹ, ਦਿਲ ਜਨੂਨੀ ਹੈ ਬੜਾ
ਖਾਸ ਜਾਪੇ ਦੋਸਤਾਨਾ, ਇਸ਼ਕ ਤੇ ਸੰਗੀਤ ਦਾ।

ਅੱਜ ਦੀ ਨਾ ਗੱਲ ਕੋਈ, ਹੈ ਪੁਰਾਣੀ ਰੀਤ ਹੀ
ਹਰ ਸਿਆਸਤਦਾਨ ਜਾਪੇ, ਖੋਟੜਾ ਹੀ ਨੀਤ ਦਾ।

ਦਿਲ ਵਿਕਾਊ ਢੂੰਡਦੇ ਹਨ, ਖੋਲ੍ਹ ਬੈਠੇ ਹੱਟੀਆਂ
ਧਰਮ ਦੇ ਨਾਂ ਵਣਜ ਕਰਨਾ, ਕੰਮ ਹੈ ਬਦਨੀਤ ਦਾ।

ਸੱਚ ਤੇ ਹੀ ਦੇਣ ਪਹਿਰਾ, ਸਿਰ ਤਲੀ ਜੋ ਰੱਖਦੇ
ਆ ਬਣੀ ਤੋਂ ਭੱਜ ਜਾਣਾ, ਕੰਮ ਨਾ ਗੁਰਮੀਤ ਦਾ।

ਬੀਤ ਚੁੱਕਾ ਹੈ ਸਮਾਂ ਹੁਣ, ਤੂੰ ਬਦਾਵਾ ਪਾੜ ਨਾ
ਕਾਸ਼ ਤੂੰ ਵੀ ਮਾਣ ਲੈਂਦੋਂ, ਇਕ ਹੁਲਾਰਾ ਪ੍ਰੀਤ ਦਾ।

-56-

ਉਮਰ ਸਾਰੀ ਤੱਕਿਆ ਹੈ, ਆਸਰਾ ਤਦਬੀਰ ਦਾ
ਜੀਭ ਮੇਰੀ ਨਾ ਕਰੇ ਰੋਸਾ ਕਿਸੇ ਤਕਦੀਰ ਦਾ।

ਕਿਉ ਭਲਾ ਐਂਵੇਂ ਗੁਜ਼ਾਰਾਂ, ਰੋਸਿਆਂ ਵਿਚ ਜ਼ਿੰਦਗੀ
ਪਿਆਰ ਜਦ ਮੈਂ ਪਾ ਲਿਆ ਹੈ, ਸੋਹਣੀ ਉਸ ਹੀਰ ਦਾ।

ਹਿੰਦ ਵਾਸੀ ਵੀਰ ਜਾਗੋ, ਰਾਹ ਭਾਲੋ ਆਪਣੀ
ਰਾਹ ਖੋਜੋ ਕਰਮ ਦੀ ਛਡ, ਆਸਰਾ ਤਕਰੀਰ ਦਾ।

ਦੇਸ਼ ਲੁੱਟੀ ਜਾ ਰਹੇ ਸੁਣ, ਲੌ ਪਖੰਡੀ ਲੀਡਰੋ
ਪਾਸਬਾਂ ਦਾ ਕੰਮ ਨਾਹੀਂ, ਲੁੱਟਣਾ ਰਹਗੀਰ ਦਾ।

ਹੋਰ ਕਿੰਨੀ ਦੇਰ ਸੋਚੋ, ਲੁੱਟ ਚੱਲੇਗੀ ਭਲਾ
ਜਾਣਗੇ ਹਨ ਲੋਕ ਦੂਜਾ, ਪਾਸੜਾ ਤਸਵੀਰ ਦਾ।

ਕਰਮ ਕਾਲੇ ਦੇਰ ਬਹੁਤੀ, ਨਾ ਲੁਕਾਏ ਜਾਣਗੇ
ਮੁੱਲ ਭਾਰਾ ਦੇ ਚੁਕੇ ਹਾਂ, ਆਪਣੀ ਤਾਖੀਰ* ਦਾ।

* ਦੇਰ

ਵਕਤ ਬਦਲਨ ਵਾਲੜਾ ਹੈ, ਲੋਕ ਜਾਗੇ ਜਾਪਦੇ
ਅਰਥ ਸਮਝੋ ਮੂਰਖੋ ਇਸ, ਕੰਧ ਦੀ ਤਹਿਰੀਰ* ਦਾ।

* ਲਿਖਤ

ਹੋਰ ਵੀ ਮੂਰਖ ਬਣਾਈ, ਜਾਉਗੇ ਕਿੰਨਾ ਅਜੇ
ਰਾਹ ਰੋਕੋਗੇ ਕਿਵੇਂ ਇਸ, ਰੋਹ ਦੀ ਸ਼ਮਸ਼ੀਰ* ਦਾ।

* ਤਲਵਾਰ

ਬੁਜ਼ਦਿਲਾਂ ਦੀ ਜ਼ਿੰਦਗੀ ਕੀ, ਜ਼ਿੰਦਗੀ ਹੈ ਦੋਸਤੋ
ਬੁਜ਼ਦਿਲਾਂ ਦਾ ਜੀਣ ਜੀਣਾ, ਕੰਮ ਨਾ ਬਲਬੀਰ ਦਾ।

-57-

ਸਹਿਕਦਾ ਇਤਹਾਸ ਲੁਕਿਆ,ਕਾਗਜ਼ਾਂ ਵਿਚ ਕਹਿ ਰਿਹਾ
ਦੇਸ਼ ਦੇ ਹੀ ਵਾਰਸਾਂ ਨੂੰ, ਕੀ ਦੁਗਾੜਾ ਪੈ ਗਿਆ।

ਹਰ ਤਰਫ ਹੈ ਲੁੱਟ ਮੱਚੀ, ਸੰਨ੍ਹ ਲੱਗੀ ਦੇਸ਼ ਨੂੰ
ਰਾਖਿਆਂ ਨੇ ਨੀਂਦ ਦਾ ਹੈ, ਜਾਮ ਕੋਈ ਪੀ ਲਿਆ।

ਖੰਡਰਾਂ ਵਿਚ ਰੁਲ ਰਹੇ ਨੇ, ਭਾਗ ਮੇਰੇ ਦੇਸ਼ ਦੇ
ਸੋਨ ਦੀ ਇਸ ਲੰਕ ਨੂੰ ਹੈ, ਅੱਗ ਕੋਈ ਲਾ ਰਿਹਾ।

ਰਾਮ ਤੇ ਨਾਨਕ ਭੁਲਾਏ, ਜਾਪਦੇ ਨੇ ਹਰ ਕਿਸੇ
ਧਰਮ ਦਾ ਰਸਤਾ ਵਿਖਾਊ, ਹੈ ਮੁਨਾਰਾ ਢਹਿ ਗਿਆ।

ਦੇਸ਼ ਖ਼ਾਤਰ ਸੂਰਮੇਂ ਜੋ, ਕਰ ਗਏ ਕੁਰਬਾਨੀਆਂ
ਜਾ ਰਿਹਾ ਬੇਕਾਰ ਜਾਪੇ, ਕੌਮ ਦਾ ਸਭ ਦੁਖ ਸਿਹਾ।

ਗ਼ੁਰਬਤਾਂ ਨੇ ਘੇਰਿਆ ਹੈ, ਸਭ ਸੁਆਲੀ ਬਣ ਗਏ
ਦੌਲਤਾਂ ਦੇ ਢੇਰ ਲੀਡਰ, ਭਰਨ ਦੀ ਨੀਤੀ ਧਿਆ।

ਬੁਲਬੁਲਾਂ ਰੋਵਣ ਬਹਾਰਾਂ, ਬਾਗ਼ ਤੋਂ ਹੋਈਆਂ ਜੁਦਾ
ਪਿਆਰ ਅਪਣੇ ਦੇਸ਼ ਦਾ ਜੋ, ਖੋ ਗਿਆ ਤੂੰ ਫੇਰ ਆ।

ਫੇਰ ਜਾਪੇ ਬਾਬਰਾਂ ਨੇ, ਹਿੰਦ ਮੱਲੀ ਆਣਕੇ
ਕਲਮ ਤੇ ਤਲਵਾਰ ਦੇ ਤੂੰ, ਨਾਨਕਾ ਜੌਹਰ ਵਖਾ।

ਏਕਤਾ ਵਰਦਾਨ ਮੰਗੇ, ਦੇਸ਼ ਮੇਰਾ ਹਿੰਦੀਓ
ਰਾਮ ਨਾਨਕ ਤੇ ਅਲੀ ਈਸਾ ਕਰੋ ਇਕ ਹੋ ਦੁਆ।

ਸਿੱਖ ਸੰਧੂ ਦੇ ਭਲੀ ਜੋ, ਕੰਮ ਆਵੇ ਸਭਸ ਦੇ
ਰਾਹ ਪਾਣਾ ਭੁੱਲਿਆਂ ਨੂੰ, ਕੰਮ ਸਭ ਤੋਂ ਹੈ ਭਲਾ।

ਦਾਨ ਵੱਡਾ ਸਭਸ ਤੋਂ ਹੈ, ਦਾਨ ਦੇਣਾ ਇਲਮ ਦਾ
ਕਰ ਭਲਾ ਤੇ ਹੋ ਭਲਾ ਇਸ, ਕੰਮ ਦਾ ਚੰਗਾ ਸਿਲਾ।

-58-

ਸੌਂ ਗਈ ਕਿਰਪਾਨ ਤੇਰੀ, ਹਿੰਦੀਆ ਹੁਣ ਜਾਗ ਤੂੰ
ਹਨ ਲੁਟੇਰੇ ਆ ਵੜੇ ਫਿਰ,ਧੋ ਬੁਰੇ ਇਹ ਦਾਗ ਤੂੰ।

ਕੁੰਭ ਕਰਨੀ ਨੀਂਦ ਤੇਰੀ, ਗਾਲ ਦਿੱਤਾ ਦੇਸ਼ ਨੂੰ
ਨਾਲ ਤੇਰੇ ਸੌਂ ਗਏ ਨੇ, ਕੌਮ ਦੇ ਤਕ ਭਾਗ ਤੂੰ।

ਕਿਰਤ ਕਰਦੇ ਹੱਥ ਲਾਲੋ, ਦੇ ਕਿਓਂ ਖਾਲੀ ਰਹੇ
ਪੁੱਛ ਉਸ ਨੂੰ ਮਾਲਕਾ ਕਿਉ, ਪਾਲਦਾ ਹੈਂ ਨਾਗ ਤੂੰ?

ਹਰਤਰਫ ਹੈ ਰਾਜ ਹੋਇਆ,ਕੂੜ ਤੇ ਅਗਿਆਨ ਦਾ
ਹੱਥ ਜਾਪੇ ਰਾਵਨਾਂ ਦੇ, ਸੌਂਪਤੀ ਹੈ ਵਾਗ ਤੂੰ।

ਮਸਜਦਾਂ ਤੇ ਮੰਦਰਾਂ ਦੇ, ਰੱਫੜਾਂ ਨੂੰ ਪਾਣ ਜੋ
ਵੋਟਰਾ ਦੇ ਵੋਟ ਪਾਲੇਂ, ਇੱਲਤੀ ਇਹ ਘਾਗ ਤੂੰ।

ਤੱਕ ਜੋ ਹੈ ਗੁਰਘਰਾਂ ਵਿਚ, ਹੋ ਰਿਹਾ ਅੰਧੇਰ ਹੁਣ
ਆਪ ਹੀ ਦੇ ਵੋਟ ਲਾਈ, ਚੰਦਰੀ ਇਹ ਲਾਗ ਤੂੰ।

ਜੜ੍ਹ ਬੁਰੇ ਦੀ ਆਪ ਤੂੰ ਹੀ, ਬੀਜਦਾ ਹੈਂ ਵੋਟ ਦੇ
ਫੇਰ ਕਿਉਂ ਕਰ ਕੋਸਦਾ ਹੈਂ, ਆਪਣੇ ਹੀ ਭਾਗ ਤੂੰ?

ਵੋਟਰਾ ਆਪੂੰ ਹੀ ਤੂੰ ਜੇ, ਲੁੱਟ ਦਾ ਕਾਰਣ ਬਣੇ
ਬੀਜ ਕਿੱਕਰ ਲੋੜਦਾ ਹੈਂ, ਕਿਉਂ ਨਦਾਨਾ ਫਾਗ ਤੂੰ?

ਵੋਟਰਾ ਹੁਣ ਸਿੱਖ ਲੈ ਤੂੰ, ਜਾਚ ਅਪਣੀ ਵੋਟ ਦੀ
ਵੋਟ ਦਾ ਸੀ ਹੱਕ ਪਾਇਆ, ਬਹੁ ਦੁਖਾਂ ਨੂੰ ਝਾਗ ਤੂੰ।

ਕੀ ਭਲਾ ਤੇ ਕੀ ਬੁਰਾ ਹੈ, ਸੋਚਕੇ ਤੂੰ ਵੋਟ ਪਾ
ਨਾਲ ਹੰਸਾਂ ਰੱਖ ਯਾਰੀ, ਪਾਲ ਨਾ ਹੁਣ ਕਾਗ ਤੂੰ।

ਰੱਬ ਡਰਕੇ ਲੁਕ ਗਿਆ ਵਿਚ, ਮੰਦਰਾਂ ਤੇ ਮਸਜਦਾਂ
ਛੱੜਦੇ ਹੁਣ ਨਫਰਤਾਂ ਦੀ, ਇਹ ਜ਼ਰੀਲੀ ਲਾਗ ਤੂੰ।

ਮਾਨਸਾਂ ਦੀ ਜ਼ਾਤ ਸਾਰੀ, ਇੱਕ ਹੀ ਪਹਿਚਾਣ ਲੈ
ਫੁੱਲ ਵੱਖੋ ਵੱਖਰੇ ਤਕ, ਧਰਤ ਦੇ ਇਸ ਬਾਗ ਤੂੰ।

ਦੂਰ ਕਰਦੇ ਮਨ ਮਟਾਵੇ, ਤੇ ਮਿਟਾਦੇ ਦੂਰੀਆਂ
ਫੇਰ ਹੀ ਤੇ ਸੁਣ ਸਕੇਂਗਾ, ਏਕਤਾ ਦਾ ਰਾਗ ਤੂੰ।

-59-

ਬਣਕੇ ਤਸੱਵਰ ਮੇਲ ਦਾ, ਹਰ ਰਾਤ ਹੈ ਆਂਦੀ ਰਹੀ
ਹਰ ਰੀਝ ਤੇਰੇ ਸੱਜਣਾ, ਹੈ ਗੀਤ ਹੀ ਗਾਂਦੀ ਰਹੀ।

ਜ਼ੁਲਮੋ ਸਿਤਮ ਕਰਦਾ ਰਿਹਾ,ਹਰ ਵਕਤ ਹੀ ਤੇ ਇਹ ਸਮਾਂ
ਹਰ ਪ੍ਰੀਤ ਪਰ ਆਜ਼ਾਦ ਹੈ, ਨਾ ਵਕਤ ਦੀ ਬਾਂਦੀ ਰਹੀ।

ਮਿਹਨਤਕਸ਼ਾਂ ਨੇ ਧਰਤ ਨੂੰ, ਸ਼ਿੰਗਾਰਿਆ ਕਰ ਮਿਹਨਤਾਂ
ਖੁਹ ਦੂਸਰੇ ਦੇ ਹੱਕ ਨੂੰ, ਚੋਰਾਂ ਦੀ ਹੈ ਚਾਂਦੀ ਰਹੀ।

ਨਾ ਤਾਜ* ਚਾਹੇ ਬਣ ਸਕੇ, ਰਾਂਝੇ ਤੇ ਹੀਰਾਂ ਦੇ ਕਦੀ
ਪਰ ਬਾਤ ਸਾਰੀ ਧਰਤ ਹੈ, ਉਸ ਪ੍ਰੀਤ ਦੀ ਪਾਂਦੀ ਰਹੀ।

* ਤਾਜ ਮਹਿਲ

ਹੈ ਪ੍ਰੀਤ ਕਰਨਾ ਕੀ ਗੁਨ੍ਹਾ, ਫਿਰ ਐ ਜ਼ਮਾਨੇ ਦੱਸ ਤੂੰ
ਜਦ ਯਾਰ ਦੇ ਨਾਂ ਤੇ ਸਦਾ, ਲਿਵ ਤਾਰ ਲਗ ਜਾਂਦੀ ਰਹੀ।

-60-

ਜ਼ਿੰਦਗੀ ਵਿਚ ਆ ਗਿਆ ਜੋ, ਇਕ ਪਿਆਰਾ ਧਾਮ ਹੈ
ਯਾਦ ਜਿੱਥੇ ਹਰ ਘੜੀਪਲ, ਸੱਜਣਾ ਦਾ ਨਾਮ ਹੈ।

ਗੱਲ ਮੈਂ ਬੀਤੀ ਜੁਦਾਈ, ਦੀ ਕਰਾਂ ਕਿਸ ਵਾਸਤੇ
ਪਾਸ ਹੈ ਜਦ ਸੱਜਣਾ ਤੇ, ਹੱਥ ਦੇ ਵਿਚ ਜਾਮ ਹੈ।

ਜੋ ਹਵਾ ਆਦਮ ਹੰਡਾਏ, ਨੇ ਸਦਾ ਹੀ ਪੈਂਡੜੇ
ਮਿਹਨਤਾਂ ਦਾ ਹਰ ਕਣੀ ਤੇ,ਖੁਣ ਗਿਆ ਬਸ ਨਾਮ ਹੈ।

ਸੱਚ ਖੋਜਣ ਵਾਲਿਆਂ ਦੇ, ਸੀ ਲਹੂ ਜਿਸ ਥਾਂ ਗਿਰੇ
ਯੋਗ ਪੂਜਾ ਦੇ ਅਸਾਂ ਤੇ, ਜਾਣਿਆ ਉਹ ਧਾਮ ਹੈ।

ਲਿਸ਼ਕਣੇ ਮੀਨਾਰ ਧਨ ਦੇ, ਜੋ ਰਹੇ ਕਰਦੇ ਖੜੇ
ਪਿਆਰ ਸਾਵ੍ਹੇਂ ਹੇਚ ਨੇ ਤੇ, ਅਕਲ ਵੀ ਨਾਕਾਮ ਹੈ।

ਪਹੁ ਫੁਟਾਲਾ ਰੋਜ਼ ਦੇਵੇ, ਸੁੱਤਿਆਂ ਨੂੰ ਵੀ ਜਗਾ
ਵੰਡ ਦੇਵੇ ਕਿਰਨ ਸਭ ਨੂੰ, ਜੋ ਸੁਨਹਿਰੀ ਜਾਮ ਹੈ।

ਜੋ ਲਿਆਵੇ ਥਾਲ ਭਰਕੇ, ਬਸ ਸਿਤਾਰੇ ਹੀ ਸਦਾ
ਨਾਮ ਉਸ ਦਾ ਰਾਤ ਹੈ ਤੇ, ਰੰਗ ਉਸਦਾ ਸ਼ਾਮ ਹੈ।

ਸਭ ਗੁਨਾਹਾਂ ਨੂੰ ਲਕੋਵੇ, ਝੋਲ ਅਪਣੀ ਪਾ ਲਵੇ
ਫੇਰ ਵੀ ਕੀਤਾ ਬੜਾ ਨਾਂ, ਰਾਤ ਦਾ ਬਦਨਾਮ ਹੈ।

ਮੰਨਿਆਂ ਤੂੰ ਕਰ ਲਏ ਨੇ, ਭੇਖ ਧਰਮਾਂ ਦੇ ਕਈ
ਪਿਆਰ ਦੇ ਪਰ ਸੱਚ ਅੱਗੇ, ਹੇਚ ਇਸ ਦਾ ਨਾਮ ਹੈ।

-61-

ਕਿਉਂ ਬੁਝਿਆ ਹੈ ਦਿਲ ਯਾਰਾਂ ਦਾ, ਬੁੱਲਾਂ ਤੋਂ ਮੁਸਕਾਨ ਗਈ
ਖਾਲੀ ਫਿਰਦੇ ਬੁੱਤ ਜਿਵੇਂ ਨੇ, ਤਨ ਦੇ ਵਿਚੋਂ ਜਾਨ ਗਈ।

ਅਸਤਰ ਸ਼ਸਤਰ ਨਿੱਤ ਨਵੇਂ ਹੀ, ਦੁਰਯੋਧਨ ਇਉ ਆਣ ਘੜੇ
ਜੀਕਣ ਮਾਨਵਤਾ ਦੀ ਬਿਰਤੀ,ਨਿਕਲ ਵਿਚੋਂ ਇਨਸਾਨ ਗਈ।

ਅਪਣੀ ਕੁਲ ਨੂੰ ਆਪੇ ਗਾਲੇ, ਖੁਦ ਨੂੰ ਸਮਝੇ ਚਾਤਰ ਉਹ
ਲਾਖ ਘਰੀਂ ਜੋ ਸਾੜੇ ਭਾਈ, ਸਮਝੋ ਕੁਲ ਸ਼ਮਸ਼ਾਨ ਗਈ।

ਨਕਲੀ ਚਿਹਰੇ ਝੂਠੇ ਵਾਅਦੇ, ਲੀਡਰ ਢਾਣੀ ਠੱਗਾਂ ਦੀ
ਠੱਗਾਂ ਐਸੇ ਫਾਵੇ ਕੀਤੇ, ਅਕਲਾਂ ਦੀ ਪਹਿਚਾਨ ਗਈ।

ਲਕਸ਼ ਵਿਹੂਣੀ ਭਟਕ ਰਹੀ ਹੈ, ਦੇਸ਼ ਮੇਰੇ ਦੀ ਲੋਕਾਈ
ਧਰਮਾਂ ਪਾੜੀ ਲੀਡਰ ਲੁੱਟੀ, ਹੋ ਫਰਜ਼ੋਂ ਅਣਜਾਣ ਗਈ।

ਲੋਕਾਂ ਦਾ ਇਹ ਰਾਜ ਨਹੀਂ ਹੈ, ਰਾਜ ਦਿਸੇਂਸਾ ਜੋਕਾਂ ਦਾ
ਲੋਟੂ ਲੀਡਰ ਮੌਜਾਂ ਕਰਦੇ, ਜਨਤਾ ਹੋ ਹਲਕਾਨ ਗਈ।

ਬੇਈਮਾਨੀ ਤਜਕੇ, ਰੋਜ਼ੀ ਕਰ ਤੂੰ ਹੱਕ ਹਲਾਲੀ ਦੀ
ਗੁਜ਼ਰ ਗਈ ਸੋ ਗੁਜ਼ਰ ਗਈ,ਹੁਣ ਸੱਚੋਂ ਕਰ ਗਜ਼ਰਾਨ ਗਈ।

ਹਿੰਮਤ ਵਾਲੇ ਪਾ ਲੈਂਦੇ ਨੇ, ਜੋ ਵੀ ਮਨ ਵਿਚ ਧਾਰਨ ਉਹ
ਜਾਗੀਆਂ ਕੌਮਾਂ ਦੀ ਸ਼ਾਬਾ, ਗੁੱਡੀ ਚੜ੍ਹ ਅਸਮਾਨ ਗਈ।

ਝਲਕ ਵਖਾਕੇ ਛੁਪ ਨਾ ਯਾਰਾ, ਚੰਦਾ ਬਣਕੇ ਪਹਿਲੀ ਦਾ
ਛੁਪ ਜਾਵੇਂ ਤੇ ਈਕਣ ਲੱਗੇ, ਅੱਖਾਂ ਚੋਂ ਚਮਕਾਨ ਗਈ।

–62–

ਦੇ ਰਹੇ ਆਵਾਜ਼ ਤੈਥੋਂ, ਯਾਰ ਆਇਆ ਨਾ ਗਿਆ
ਰੀਝ ਨੂੰ ਤੈਥੋਂ ਕਦੀ ਵੀ, ਕਿਉ ਪੁਗਾਇਆ ਨਾ ਗਿਆ।

ਰਾਤ ਦੇਂਦੀ ਜਨਮ ਚਾਹੇ, ਨਿੱਤ ਸੁਹਣੇ ਸੂਰਜਾਂ
ਦਾਗ ਉਸ ਤੋਂ ਨ੍ਹੇਰਿਆਂ ਦਾ, ਪਰ ਮਿਟਾਇਆ ਨਾ ਗਿਆ।

ਚੁੰਮਦੇ ਨੇ ਦੇਸ਼ ਖਾਤਰ, ਦਾਰ ਨੂੰ ਵੀ ਸੂਰਮੇਂ
ਹੌਸਲੇ ਬਿਨ ਕੌਮ ਨੂੰ ਵੀ, ਤਾਂ ਜਗਾਇਆ ਨਾ ਗਿਆ।

ਮੌਤ ਨੂੰ ਅਠਕੇਲੀਆਂ ਕਰ, ਹਨ ਜੁਝਾਰੂ ਹੱਸਦੇ
ਜਾਨ ਹੀਲੇ ਬਿਨ ਕਦੀ ਵੀ, ਲਕਸ਼ ਪਾਇਆ ਨਾ ਗਿਆ।

ਵਾਰ ਦਿੱਤੀ ਪ੍ਰੇਮ ਵਿਚ ਗੁਰ, ਤੇਗ਼ ਬ੍ਰਾਦਰ ਜਾਨ ਵੀ
ਸਿਰ ਕਦੀ ਬਿਨ ਸ਼ੌਕ ਵੀਰੋ, ਹੈ ਕਟਾਇਆ ਨਾ ਗਿਆ।

ਚਾਹ ਸੀ ਮੈਂ ਵਾਰ ਇਕ ਹੀ, ਜਾ ਲਵਾਂ ਮੰਜ਼ਲ ਸਹੀ
ਉਮਰ ਭਰ ਇਹ ਸਫਰ ਲੰਮਾਂ ਪਰ ਮੁਕਾਇਆ ਨਾ ਗਿਆ।

ਆਸ ਤੇ ਚਿਤਵੇ ਬੜੇ ਸਨ, ਮੈਂ ਹਸਰਤਾਂ ਦੇ ਮਹਿਲ
ਜੀਣ ਜੋਗਾ ਇੱਕ ਢਾਰਾ, ਪਰ ਬਣਾਇਆ ਨਾ ਗਿਆ।

-63-

ਗੀਤ .ਗ਼ਜ਼ਲਾਂ ਕਹਿਣ ਸ਼ਾਇਰ ਇਹ ਸਦਾਹੀ ਜਾਣਕੇ
ਜ਼ਖ਼ਮ ਦਿਲ ਦੇ ਇਸ ਬਹਾਨੇ, ਫੋਲਦੇ ਉਹ ਆਣਕੇ।

ਨਾ ਜ਼ਮਾਨਾ ਕਸਰ ਕੋਈ, ਹੈ ਕਦੇ ਵੀ ਛੱਡਦਾ
ਜਾਨ ਆਸ਼ਕ ਵਾਰ ਦੇਵੇ, ਦਿਲ 'ਚ ਪੱਕੀ ਠਾਣਕੇ।

ਹੋਰ ਕਿੰਨਾ ਚਿਰ ਅਜੇ ਵੀ, ਠੱਗਣਾ ਹੈ ਲੀਡਰਾਂ
ਕੀ ਅਜੇ ਥੱਕੇ ਨਹੀਂ ਉਹ, ਕੁਰਸੀਆਂ ਨੂੰ ਮਾਣਕੇ।

ਹੋਸ਼ ਕਰ ਤੂੰ ਐ ਜ਼ਮਾਨੇ, ਵਕਤ ਹੁਣ ਵੀ ਸਾਂਭ ਲੈ
ਫੇਰ ਨਾ ਰੋਵੀਂ ਪਿਆ ਤੂੰ, ਸੂਰਿਆਂ ਨੂੰ ਘਾਣਕੇ।

ਸੱਚ ਨੂੰ ਵੀ ਹਰ ਸਮੇਂ ਹੈ, ਵਿੱਚ ਪੈਰਾਂ ਰੋਲਿਆ
ਸੂਰਮੇਂ ਦੀ ਲੋੜ ਹੈ ਜੋ, ਸਚ ਨਿਤਾਰੇ ਛਾਣਕੇ।

ਨਾ ਸਤਾਓ ਹੋਰ ਐਨਾ, ਹੱਦ ਹੋਗੀ ਜ਼ੁਲਮ ਦੀ
ਉੱਠਣਾ ਵਿਦਰੋਹ ਹੁਣ ਤਾਂ ਤੁਰ ਸਮਾਂ ਪਹਿਚਾਣਕੇ।

ਹਰ ਸਮੇਂ ਹੀ ਰਾਮ ਨਾਨਕ, ਰੂਪ ਕੋਈ ਧਾਰਦਾ
ਸਾਕਤੇ ਦਾ ਸਾਮਣਾ ਜੋ, ਕਰ ਸਕੇ ਹਿੱਕ ਤਾਣਕੇ।

-64-

ਵੰਡ ਕਿਉ ਇਨਸਾਨ ਪਾਵੇ, ਏਸ ਧਰਤੀ ਮਾਤ ਦੀ
ਭੁੱਲਗੀ ਪਹਿਚਾਣ ਇਸ ਨੂੰ, ਕਿੰਝ ਆਦਮ ਜ਼ਾਤ ਦੀ।

ਮਰਨ ਮਾਰਨ ਯਾਦ ਇਸ ਨੂੰ, ਜੀਣ ਜਾਪੇ ਭੁੱਲਿਆ
ਕੀ ਕਦਰ ਨਾ ਏਸ ਨੂੰ ਹੈ, ਜ਼ਿੰਦਗੀ ਦੀ ਦਾਤ ਦੀ।

ਸਮਝ ਬੈਠਾ ਹੈ ਸਰਿਸ਼ਟੀ, ਆਪਣੇ ਹੀ ਰਹਿਮ ਤੇ
ਸਮਝ ਇਸਨੂੰ ਨਾ ਰਹੀ ਜਿਉ,ਆਪਣੀ ਔਕਾਤ ਦੀ।

ਹੋ ਗਿਆ ਕੀ ਫੇਰ ਚਾਹੇ, ਟੁੱਟ ਹਾਂਡੀ ਵੀ ਗਈ
ਪਰ ਪਛਾਣੀ ਜ਼ਾਤ ਜਾਵੇ ਇੰਝ ਹੀ ਕਮਜ਼ਾਤ ਦੀ।

ਤੌਕ ਲੋਟੂ ਲੀਡਰੋ ਹੋ, ਫਿਰ ਗੁਲਾਮੀ ਪਾ ਰਹੇ
ਲੀਡਰੋ ਕਿਉ ਭੁੱਲਗੇ ਸਭ, ਜਾਚ ਸੱਚੀ ਬਾਤ ਦੀ।

ਹਰ ਸਮੇਂ ਹੈ ਧਰਮ ਵੀਰੋ, ਹੱਥ ਠੱਗਾਂ ਦੇ ਰਿਹਾ
ਉਹ ਸਿਆਣਪ ਮਾਤ ਕਰਦੇ, ਸੱਚ ਦੀ ਸੌਗਾਤ ਦੀ।

ਹਰ ਖੁਨਾਮੀ ਆਪਣੀ ਹਨ, ਝੋਲ ਪਾਂਦੇ ਓਸਦੀ
ਲੁੱਟ ਲੀਤੀ ਹੈ ਗੁਨਾਹਾਂ, ਸਾਦਗੀ ਵੀ ਰਾਤ ਦੀ।

ਮੋਢਿਆਂ ਤੇ ਵਾਲ ਕਾਲੇ, ਸੁੱਟ ਕੇ ਉਹ ਆ ਗਏ
ਦੈ ਭੁਲੇਖਾ ਆ ਗਈ ਬਦਲੀ ਜਿਵੇਂ ਬਰਸਾਤ ਦੀ।

ਚਮਕਦੀ ਹੈਂ ਵਾਂਗ ਬਿਜਲੀ, ਫੇਰ ਬਦਲੀਂ ਜਾ ਲੁਕੇਂ
ਸਮਝਦਾ ਹਾਂ ਯਾਰ ਮੇਰੇ, ਰਮਜ਼ ਤੇਰੀ ਝਾਤ ਦੀ।

-65-

ਜਦ ਤਿਰੇ ਤੁਰ ਜਾਣ ਦੀ ਹੈ, ਵਾਜ ਕੰਨੀਂ ਪੈ ਗਈ
ਜਿੰਦ ਜੀਕਣ ਲੁੱਛਗੀ ਤੇ, ਜਾਨ ਵਿੱਚੋਂ ਲੈ ਗਈ।

ਜ਼ਿੰਦਗੀ ਜੋ ਜੀਣ ਬਦਲੇ, ਭਾਲਦੀ ਸੀ ਆਸਰਾ
ਜਿੰਦ ਹਰ ਆਜ਼ਾਰ* ਤੋਂ ਹੁਣ, ਹੋ ਜਿਵੇਂ ਨਿਰਭੈ ਗਈ।

* ਦੁੱਖ

ਪਿਆਰ ਸਦਕੇ ਜ਼ਿੰਦਗੀ ਸੀ, ਉੱਡਦੀ ਅਸਮਾਨ ਤੇ
ਆਸ ਦੀ ਉੱਚੀ ਅਟਾਰੀ, ਪਲਕ ਅੰਦਰ ਢੈ ਗਈ।

ਤਾਣ ਜਾਪੇ ਮੁੱਕਿਆ ਤੇ, ਨਿਰਬਲੀ ਹੈ ਜਾਨ ਵੀ
ਲੱਗਿਆ ਸ਼ਕਤੀ ਸਰੋਤਾਂ, ਦੀ ਜਿਵੇਂ ਹੋ ਖੈ ਗਈ।

ਇਸ ਤਰਾਂ ਬੇਚਾਰਗੀ ਦੀ, ਹਾਲਤੇ ਮੈਂ ਹੋ ਗਿਆਂ
ਤਹਿ ਖਿੜੀ ਗੁਲਜ਼ਾਰ ਤੇ ਲਗ ਓਲਿਆਂ ਦੀ ਹੈ ਗਈ।

ਹਨ ਯਰਾਨੇ ਪਾਲਣੇ ਸਚ, ਨਾਲ ਮੁਸ਼ਕਲ ਤੇ ਬੜੇ
ਸੱਚ ਸਾਰਾ ਖੁੱਟਿਆ ਤੇ, ਝੂਠ ਦੀ ਹੋ ਜੈ ਗਈ।

ਮੌਤ ਚਿੜੀਆਂ ਦੀ ਜਿਵੇਂ ਹੈ, ਹਾਸੜਾ ਨਾਦਾਨ ਦਾ
ਵਾਪਰੀ ਹੈ ਇਸ ਤਰਾਂ ਜਿਉ, ਆਂਵਦੀ ਪਰਲੈ ਗਈ।

ਤਾਰਿਆ ਹੈ ਮੁੱਲ ਯਾਰਾ, ਪਿਆਰ ਦਾ ਮੈਂ ਇਸ ਤਰਾਂ
ਨਾਲ ਤੇਰੇ ਜਾਣ ਦੇ ਜਿਉ, ਹਰ ਖ਼ੁਸ਼ੀ ਵੀ ਹੈ ਗਈ।

ਕੀ ਕਰਾਂ ਮੈਂ ਬੀਤ ਚੁੱਕੀ, ਹਰ ਘੜੀ ਦਾ ਹੁਣ ਗਿਲਾ
ਬੀਤ ਚੁੱਕੀ ਹਰ ਘੜੀ ਦੀ ਯਾਦ ਪੱਲੇ ਪੈ ਗਈ।

-66-

ਵਿਚ ਬੇਬਸੀ ਦੇ ਦੋਸਤੋ, ਕਿਉ ਕਰ ਗੁਜ਼ਾਰੋ ਵਕਤ ਨੂੰ
ਬਿਨ ਹੌਸਲੇ ਕਿਨ ਤੋੜਨਾ, ਹੈ ਜੰਮ ਚੁੱਕੀ ਪਰਤ ਨੂੰ।

ਪਹਿਚਾਨ ਕਰਨੀ ਲਾਜ਼ਮੀਂ, ਹੈ ਹਾਬੜੇ ਇਸ ਦੈਂਤ ਦੀ
ਹੈ ਢਾਹ ਜਿਹੜਾ ਲਾ ਰਿਹਾ, ਅਮਨਾ ਵਿਹੂਣੀ ਧਰਤ ਨੂੰ।

ਹਰ ਥਾਂ ਜਿਵੇਂ ਹੈ ਲੱਗਦਾ, ਹਨ ਪੈਰ ਇਸਦੇ ਪਸਰਗੇ
ਕਾਬੂ ਇਹ ਜਾਣੋ ਕਰ ਰਿਹਾ ਇਸ ਧਰਤ ਦੇ ਹੀ ਬਖਤ* ਨੂੰ।

* ਕਿਸਮਤ

ਪਹਿਚਾਨ ਸਭ ਦੀ ਕਿਸ ਤਰ੍ਹਾਂ, ਮਿੱਟੀ 'ਚ ਵੇਖੋ ਰੋਲਦਾ
ਗੋ.ਲਾ* ਬਣਾਈ ਜਾ ਰਿਹਾ, ਇਹ ਵੰਡਕੇ ਇਸ ਜਗਤ ਨੂੰ।

* .ਗੁਲਾਮ

ਹਰਏਕ ਹੀ ਤੇ ਦੇਸ ਜਾ ਹੈ ਏਸ ਭੜਥੂ ਪਾ ਲਿਆ
ਰਲਕੇ ਜ਼ਰੂਰੀ ਜਾਲ ਪਾ ਲੌ ਜਕੜ ਬਗਲੇ ਭਗਤ ਨੂੰ।

ਤਲਵਾਰ ਦੇ ਇਹ ਜ਼ੋਰ ਤੇ, ਇਨਸਾਫ ਵੇਖੋ ਕਰ ਰਿਹਾ
ਹੋਕੇ ਰਹੇਗਾ ਇਹ ਫਨਾ, ਬਸ ਠਾਣ ਲੌ ਇਸ ਸ਼ਰਤ ਨੂੰ।

ਇਸ ਹੋਰ ਕਿੰਨੀ ਦੇਰ ਨੇ, ਧਰਤੀ ਖਜ਼ਾਨੇ ਲੁੱਟਣੇ ?
ਤਲਵਾਰ ਬਣ ਬੇਦੋਸਿਆਂ, ਹੈ ਪਲਟ ਦੇਣਾ ਤਖਤ ਨੂੰ।

-67-

ਸੁਰ ਜ਼ਰਾ ਕਮਜ਼ੋਰ ਚਾਹੇ, ਜ਼ਿੰਦਗੀ ਦੇ ਸਾਜ਼ ਦੀ
ਪਰ ਅਦਾ ਦਿਲਕਸ਼ ਅਜੇ ਵੀ, ਹੈ ਤਿਰੇ ਅੰਦਾਜ਼ ਦੀ।

ਜ਼ੋਰ ਚਾਹੇ ਚਲ ਨ ਸਕਦਾ, ਨਾਲ ਉਮਰਾਂ ਦੇ ਕਦੀ
ਲੈ ਅਜੇ ਵੀ ਮਿੱਠੜੀ ਹੈ, ਓਸ ਦੀ ਆਵਾਜ਼ ਦੀ।

ਉਮਰ ਭਰ ਦੀ ਦੋਸਤੀ ਦਾ, ਰੰਗ ਲੱਥਾ ਮੂਲ ਨਾ
ਨਾਜ਼ਬਰਦਾਰੀ ਕਰਾਂ ਮੈਂ, ਨਿੱਤ ਤੇਰੇ ਨਾਜ਼ ਦੀ।

ਹੈ ਸਿਆਣਪ ਕਰ ਗੁਜ਼ਰ ਜੋ, ਰੀਝ ਤੇਰੀ ਦੋਸਤਾ
ਜ਼ਿੰਦਗੀ ਨੂੰ ਮਾਨਣਾ ਹੈ, ਗੱਲ ਅਸਲੀ ਰਾਜ਼ ਦੀ।

ਮੇਲਕੇ ਹੀ ਰੱਖ ਸੁਰ ਤੂੰ, ਨਾਲ ਉਸ ਦੇ ਦੋਸਤਾ
ਸੁਣ ਸਕੇਂਗਾ ਫੇਰ ਸੁਰ ਤੂੰ, ਜ਼ਿੰਦਗੀ ਦੇ ਸਾਜ਼ ਦੀ।

ਚਾਹਿ ਉਮਰਾ ਢਲ ਗਈ ਤੇ,ਵਕਤ ਪੀਰੀ ਆ ਗਿਆ
ਪਰ ਖਿਆਲਾਂ ਦੀ ਉਡਾਰੀ, ਹੈ ਅਜੇ ਵੀ ਬਾਜ਼ ਦੀ।

ਮੇਲ ਰੂਹਾਂ ਦੇ ਕਰਾਵੇ, ਪ੍ਰੇਮ ਐਸੀ ਦਾਤ ਹੈ
ਜਾਇ ਅੰਬਰ ਚੀਰ ਤਾਕਤ, ਵੇਖ ਤੂੰ ਪਰਵਾਜ਼ ਦੀ।

–68–

ਵਹਿਮ ਤੇ ਅਗਿਆਨ ਵਿਚ ਹੈ, ਫਾਥਿਆ ਇਨਸਾਨ ਜੋ
ਵਿਚ ਨਦਾਨੀ ਗੁਜ਼ਰ ਜੀਵਨ, ਕਰ ਰਿਹਾ ਹੈ ਜਾਣ ਓ।

ਨ੍ਹੇਰਿਆਂ ਵਿਚ ਭਟਕਦਾ ਨਾ, ਰਾਹ ਪਾਵੇ ਉਹ ਕਦੀ
ਨਾ ਮਿਲੇ ਜੇ ਓਸ ਨੂੰ ਇਕ, ਸੂਝ ਦੀ ਵਰਦਾਨ ਲੋ।

ਕਾ.ਗਜ਼ੀ ਫੁੱਲਾਂ ਸਜਾਵਟ, ਚਾਹੇ ਕਰਨੀ ਹੈ ਬੜੀ
ਪਰ ਕਦੇ ਨਾ ਵੰਡ ਹੋਣੀ, ਓਸ ਤੋਂ ਮਹਿਕਾਰ ਬੋ।

ਧਨ ਕਮਾਕੇ ਪੇਟ ਭਰਨਾ, ਹੀ ਗਿਣੇ ਜੋ ਜ਼ਿੰਦਗੀ
ਜ਼ਿੰਦਗੀ ਦੇ ਭੇਤ ਦਾ ਨਾ, ਪਾ ਸਕੇਗਾ ਮਰਮ ਸੋ।

ਕਰ ਵਖਾਵੇ, ਭੇਖ ਧਾਰੀ, ਧਰਮ ਲੋਚਣ ਪਾਲਣਾ
ਓਹ ਜੀਕਣ ਨ੍ਹੇਰਿਆਂ ਦੀ, ਹਨ ਰਹੇ ਬਸ ਪੰਡ ਢੋ।

ਨਾ ਅਲੂਣੀ ਚੱਟ ਹੋਵੇ, ਸਿਲ ਕਿਸੇ ਤੋਂ ਦੋਸਤਾ
ਨਾਲ ਮਿੱਠੇ ਰਿਸ਼ਤਿਆਂ ਦੇ, ਬੱਝਿਆ ਹੈ ਸਭਸ ਕੋ।

ਸੁਖ ਜੇ ਚਾਹੇਂ ਲੋੜਣਾ ਤੂੰ, ਵਿਚ ਦੁਖੀ ਸੰਸਾਰ ਦੇ
ਸਾਂਝ ਦਾ ਗਾ ਰਾਗ ਹਰਦਮ, ਵਿਤਕਰੇ ਚੱਕੀ ਨਾ ਝੋ।

–69–

ਹੌਸਲਾ ਕਰ ਪਾਰ ਕਰ ਲੈ, ਪਰਬਤਾਂ ਨੂੰ ਦੇ ਹਿਲਾ
ਹਿੰਦੀਆ ਕਿਉਂ ਜਾਨ ਤੇਰੀ ਬੇਬਸੀ ਵਿਚ ਮੁਬਤਲਾ*

* ਫਸੀ ਹੋਈ

ਕੱਲ ਸੀ ਜੋ ਦੇਸ਼ ਇੱਕੋ, ਅੱਜ ਅੱਡੋ ਪਾਟ ਹੈ
ਧਰਮ ਦਾ ਲੈ ਨਾਮ ਦੇਖੋ, ਕੀ ਰਹੇ ਨੇ ਗ਼ੁਲ ਖਿਲਾ।

ਕੰਡਿਆਂ ਨੂੰ ਜੋ ਰਹੇ ਨੇ, ਬੀਜ ਦੂਜੇ ਵਾਸਤੇ
ਲਾਜ਼ਮੀ ਉਹ ਪਾਣਗੇ ਇਸ, ਬਦਗੁਮਾਨੀ ਦਾ ਸਿਲਾ।

ਜਾਣਦੈਂ ਤੂੰ ਜ਼ਾਤ ਇੱਕੋ, ਏਸ ਮਾਨਵ ਜ਼ਾਤ ਦੀ
ਧਰਮ ਦੇ ਨਾਂ ਲੋਕ ਤੂੰ ਕਿਉ, ਪਾੜਦਾ ਹੈਂ ਬੁਜ਼ਦਿਲਾ।

ਦੂਰ ਕਰਕੇ ਮਨ ਮਟਾਵੇ, ਗੱਲ ਕਰ ਤੂੰ ਸਾਂਝ ਦੀ
ਨਫਰਤਾਂ ਤੇ ਦੂਰ ਰੱਖਣ, ਕਰ ਮੁਹੱਬਤ ਦੇ ਮਿਲਾ।

ਨਾ ਰਹੋ ਗ਼ਲਤਾਨ ਯਾਰੋ, ਛੱਡ ਦੇਵੋ ਨਫਰਤਾਂ
ਗਾਲ ਦਿੱਤਾ ਦੇਸ਼ ਇਸ ਨੇ ਚੰਬੜੀ ਇਹ ਤਜ ਬਲਾ।

ਪਾਠ ਪੂਜਾ ਵਰਤ ਰੋਜ਼ੇ, ਤੇ ਨਮਾਜ਼ਾਂ ਜੋ ਕਰੇਂ
ਨਾ ਵਖਾਵੇ ਰੱਬ ਭਾਵਣ, ਦੰਭ ਕਰ ਨਾ ਤੂੰ ਵਲਾ।

ਕੰਮ ਕਿਸ ਹੈ ਧਰਮ ਤੇਰਾ, ਜੇ ਰਹੇ ਉਹ ਪਾੜਦਾ
ਧਰਮ ਜਾਣੋ ਪ੍ਰੇਮ ਨੂੰ ਹੀ, ਏਸ ਤੇ ਕਰ ਫੈਸਲਾ।

ਮੰਦਰਾਂ ਤੇ ਮਸਜਦਾਂ ਦੇ, ਵਿਤਕਰੇ ਤੂੰ ਛੱਡ ਦੇ
ਸਾਂਝ ਦੇ ਤੂੰ ਮੈਕਦੇ ਚੋਂ, ਜਾਮ ਸਭ ਨੂੰ ਦੇ ਪਲਾ।

ਸੱਲ ਖਾਕੇ ਤੂੰ ਕਲੇਜੇ, ਮਿੱਠੜੇ ਹੀ ਗੀਤ ਗਾ
ਛੇਕ ਸੀਨੇ ਬੰਸਰੀ ਦੇ, ਹਨ ਜ਼ਰੂਰੀ ਨਾ ਭੁਲਾ।

ਵੰਡ ਦੇ ਸਾਰੀ ਖ਼ੁਸ਼ੀ ਤੂੰ, ਜੋ ਪਰਾਪਤ ਹੋ ਗਈ
ਜ਼ਿੰਦਗੀ ਦਾ ਭੇਤ ਇਹ ਹੈ, ਫੁੱਲ ਦਿਲ ਦਾ ਦੇ ਖਿਲਾ।

-70-

ਕਰਨ ਜੋ ਕਰਤੂਤ ਕਾਲੀ, ਚੌਧਰਾਂ ਤੇ ਛਾ ਰਹੇ
ਧਰਮ ਦੇ ਨਾਂ ਕਾਲਖਾਂ ਦਾ, ਹੋਰ ਟਿੱਕਾ ਲਾ ਰਹੇ।

ਰਹਨੁਮਾਈ ਕਰਨਗੇ ਕੀ, ਇਸ ਤਰਾਂ ਦੇ ਵੀਰਨੋ
ਕੂੜ ਦੇ ਜੋ ਲੈ ਸਹਾਰੇ, ਸੱਚ ਨੂੰ ਹਨ ਘਾ ਰਹੇ।

ਏਕਤਾ ਦੇ ਨਾਮ ਉੱਤੇ, ਹਨ ਬਹਾਨੇ ਭਾਲਦੇ
ਦਰਅਸਲ ਤੇ ਇਹ ਨੇ ਯਾਰੋ,ਵੰਡੀਆਂ ਹੀ ਪਾ ਰਹੇ।

ਖਸਲਤਾਂ ਨਾ ਛੱਡਦੇ ਤੇ, ਕੋਝੀਆਂ ਨੇ ਬਹਿਵਤਾਂ
ਮੁੱਖ ਤੋਂ ਚਾਹੇ ਇਹ ਸੱਜਣ, ਰਾਗ ਮਿੱਠੇ ਗਾ ਰਹੇ।

ਧਰਮ ਦੀ ਥਾਂ ਪਾਲਦੇ ਜੋ, ਹੈਂਕੜਾਂ ਦੀ ਦੋਸਤੀ
ਪ੍ਰੇਮ ਜੋ ਨਾ ਜਾਣਦੇ ਸੋ, ਧਰਮ ਖੂਹੇ ਪਾ ਰਹੇ।

**–71–**

ਨਜ਼ਰ ਆਵੇਂ ਹਰ ਜਗ੍ਹਾ ਹੀ ਤੂੰ ਖੜੀ
ਹੈ ਜਦੋਂ ਦੀ ਅੱਖ ਤੇਰੇ ਸੰਗ ਲੜੀ।

ਸਭਸ ਖੁਸ਼ੀਆਂ ਝੋਲ ਮੇਰੀ ਪਾ ਗਿਆ
ਪ੍ਰੇਮ ਐਸਾ ਓਸ ਦਾ ਜਾਦੂ ਛੜੀ।

ਖੋਜ ਲੀਤਾ ਸੱਚ ਦਾ ਜਿਨ ਰਾਸਤਾ
ਨਜ਼ਰ ਆਵੇ ਹੇਚ* ਮੁਸ਼ਕਲ ਵੀ ਬੜੀ।

ਆਸ ਉਸ ਦੀ ਪੁੱਗਸੀ ਸਭ ਦੋਸਤਾ
ਰਾਹ ਨਿਰੰਤਰ ਖੋਜ ਦੀ ਹੈ ਜਿਸ ਫੜੀ।

ਨਰਕ ਵਿੱਚੋਂ ਵੀ ਸੁਰਗ ਫਿਰ ਝਲਕਦਾ
ਫਲ ਲਿਆਵੇ ਪਿਆਰ ਦੀ ਮਿਹਨਤ ਕੜੀ।

* ਮਾਮੂਲੀ

-72-

ਦਿਲ ਨਿਮਾਣਾ ਰੋਜ਼ ਚਾਹੇ, ਦੇਸ ਜਾਵਾਂ ਦੋਸਤੋ
ਬਾਪ ਤੇ ਘਰ ਬਾਰ ਬੱਚੇ, ਕਿਵ ਭੁਲਾਵਾਂ ਦੋਸਤੋ।

ਨਾਲ ਮਿੱਟੀ ਮੋਹ ਬਣਿਆਂ, ਤੋੜ ਹੋਇਆ ਨਾ ਅਜੇ
ਜਾਨ ਉਸ ਤੋਂ ਵਾਰ ਦੇਵਾਂ, ਨਾਲ ਚਾਵਾਂ ਦੋਸਤੋ।

ਹਰ ਨਜ਼ਰ ਮੈਂ ਓਸ ਦੀ ਤੇ, ਹਾਂ ਸਵਾਲੀ ਹੀ ਰਿਹਾ
ਫੇਰ ਕਿਉ ਕਰ ਫਰਜ਼ ਅਪਣਾ, ਮੈਂ ਭੁਲਾਵਾਂ ਦੋਸਤੋ।

ਅੰਨ ਪਾਣੀ ਏਸ ਥਾਂ ਵੀ, ਨਿੱਤ ਜੋ ਮੈਂ ਲੈ ਰਿਹਾਂ
ਕਰਜ਼ ਇਹ ਜੋ ਲੈ ਰਿਹਾਂ ਕਿਉ, ਨਾ ਚੁਕਾਵਾਂ ਦੋਸਤੋ।

ਇਹ ਵੀ ਮੇਰੀ ਉਹ ਵੀ ਮੇਰੀ, ਵੰਡ ਪਾਵਾਂ ਕਿੰਜ ਮੈਂ
ਧਰਤ ਮਾਂ ਤੇ ਹਰ ਜਗ੍ਹਾ ਤੇ, ਲੈ ਬਲਾਵਾਂ ਦੋਸਤੋ।

ਦੋਸ਼ ਧਰਤੀ ਦਾ ਨਹੀਂ ਜੋ, ਵੰਡ ਕਾਣੀ ਹੋ ਰਹੀ
ਧਰਮ ਦਾ ਲੈ ਨਾਮ ਵੱਟਾਂ, ਕਿਉਂ ਬਣਾਵਾਂ ਦੋਸਤੋ।

-73-

ਨਾਲ ਤੇਰੇ ਸੁਰਗ ਮੇਰਾ, ਏਸ ਧਰਤੀ ਵਾਸਤੇ
ਲੋਚਦਾ ਨਾ ਜੀਣ ਮੈਂ ਤੇ, ਸੁਰਗ ਵਾਲੀ ਆਸ ਤੇ।

ਹੈ ਜ਼ਰੂਰੀ ਜੀਣ ਜੀਣਾ, ਵਾਂਗ ਮਰਦਾਂ ਦੇ ਸਦਾ
ਵਿੱਚ ਝੋਰੇ ਖੋਰ ਦੇਵਾਂ, ਜ਼ਿੰਦਗੀ ਮੈਂ ਕਾਸਤੇ।

ਪਾਠ ਪੂਜਾ ਤੇ ਨਮਾਜ਼ਾਂ, ਕਰ ਅਡੰਬਰ ਮੂਲ ਨਾ
ਨਾ ਬਿਨਾ ਸੰਘਰਸ਼ ਬਹਿ ਤੂੰ, ਆਸਰੇ ਦੀ ਝਾਸ ਤੇ।

ਟੇਵਿਆਂ ਦੇ ਆਸਰੇ ਨਾ, ਹੱਜ ਕੋਈ ਜੀਣ ਦਾ
ਛੱਡ ਦੇ ਤੂੰ ਜੀਣ ਝੂਠੀ, ਚੰਦਰੀ ਧਰਵਾਸ ਤੇ।

ਮੁਕਤ ਜੋ ਨਾ ਹੋ ਸਕੇ ਖੁਦ ਵਹਿਮ ਤੇ ਅਗਿਆਨ ਤੋਂ
ਆਸ ਕੀ ਤੂੰ ਲਾ ਰਿਹੈਂ ਦਸ ਨ੍ਹੇਰ ਦੇ ਉਸ ਦਾਸ ਤੇ।

ਨਾ ਗਵਾ ਤੂੰ ਜ਼ਿੰਦਗੀ ਨੂੰ, ਅੱਖ ਅਪਣੀ ਮੀਟਕੇ
ਰਾਜ ਕਰਸਨ ਫਿਰ ਖੜਾਂਵਾਂ,ਜੇ ਅਕਲ ਬਣਬਾਸ ਤੇ।

ਕਰ ਤਖ਼ੱਯਲ ਸਾਂਝ ਦਾ ਤੂੰ, ਸੁਰਗ ਲੈ ਐਥੇ ਵਸਾ
ਮਰਨ ਪਿੱਛੋਂ ਵੀ ਨ ਮਿਲਨਾ, ਜੋ ਮਿਲੇ ਨਾ ਸਾਸ ਤੇ।

ਰੱਬ ਵਰਗਾ ਤਾਣ ਤੇਰਾ, ਹੈ ਛੁਪਾਇਆ ਝੋਰਿਆਂ
ਸੌਂ ਗਏ ਸ਼ਕਤੀ ਸਰੋਤਾਂ, ਜਾਗਣਾ ਅਹਿਸਾਸ ਤੇ।

ਮਿਹਨਤਾਂ ਦੇ ਨਾਲ ਕਰ ਲੈ, ਘਾਲ ਤੂੰ ਰਾਤੀਂ ਦਿਨੇ
ਪ੍ਰੇਮ ਭੌਰਾ ਆਂਵਦਾ ਹੈ, ਇਸ ਕਲੀ ਦੀ ਬਾਸ ਤੇ।

-74-

ਹਰ ਸ਼ਾਮ ਤੈਨੂੰ 'ਡੀਕਦੇ, ਬਿਰਹੋਂ ਦਾ ਦੀਵਾ ਬਾਲਦੇ
ਹਰ ਪਲ ਚਸ਼ਾ ਤੇ ਰਾਤ ਦਿਨ, ਹਾਂ ਯਾਦ ਤੇਰੀ ਪਾਲਦੇ।

ਹਰਪਲ ਹੀ ਤੇਰੀ 'ਡੀਕ ਦਾ,ਮੁਹਤਾਜ ਹੋਕੇ ਰਹਿ ਗਿਆ
ਹਰ ਚੀਜ਼ ਵਿੱਚੋਂ ਹਰ ਸਮੇਂ, ਹਾਂ ਨਕਸ਼ ਤੇਰੇ ਭਾਲਦੇ।

ਦਿਲਬਰ ਵਰਾਗਣ ਕਰ ਗਿਓਂ, ਤੂੰ ਜਿੰਦ ਮੇਰੀ ਮੋਹਕੇ
ਹਰ ਸਾਹ ਤੇਰੇ ਨਾਮ ਲੈ, ਰਹਿ ਨੱਚਦੇ ਹਾਂ ਤਾਲ ਦੇ।

ਇਕ ਜਾਮ ਤੇਰੀ ਨਜ਼ਰ ਤੋਂ, ਪੀ ਲੈਣ ਦੇ ਹੀ ਸ਼ੌਕ ਵਿਚ
ਬਿਰਹਾ ਸੁਰਾਹੀ ਵਿਚ ਰਹੇ, ਸਾਂ ਜਿੰਦ ਨੂੰ ਵੀ ਢਾਲਦੇ।

ਆਵੇ ਥਲਾਂ ਚੋਂ ਵੀ ਜਿਵੇਂ, ਤੇਰਾ ਹੁੰਗਾਰਾ ਜਾਪਦਾ
ਇਸ ਸੋਚ ਦੀ ਫਸ ਭਵਜਲੀ, ਹਰ ਵਕਤ ਤੈਨੂੰ ਭਾਲਦੇ।

ਚਰਚਾ ਸਿਤਾਰੇ ਚੰਨ ਵੀ, ਕਰਦੇ ਨੇ ਤੇਰਾ ਦੋਸਤਾ
ਦੀਵੇ ਉਡੀਕਣ ਯਾਰ ਤੈਨੂੰ ਆਰਤੀ ਦੇ ਥਾਲ ਦੇ।

ਹੈ ਖੜ ਗਿਆ ਇਹ ਵਕਤ ਵੀ, ਸਾਨੂੰ ਇਓਂ ਸੀ ਜਾਪਦਾ
ਹਾਣੀ ਤਦੇ ਨਾ ਹੋ ਸਕੇ, ਬਦਲੇ ਸਮੇਂ ਦੀ ਚਾਲ ਦੇ।

ਸਭ ਖਾਰ ਮੇਰੇ ਪੈਰ ਸਨ, ਜਦ ਚੁਣ ਚੁਕੇ ਇਸ ਰਾਹ ਤੋਂ
ਤਦ ਫੁੱਲ ਪ੍ਰੀਤਾਂ ਦੇ ਖਿੜੇ, ਹਨ ਜ਼ਿੰਦਗੀ ਦੀ ਡਾਲ ਦੇ।

ਜੋ ਲਕਸ਼ ਅਪਣੇ ਦੀ ਸਦਾ, ਪਹਿਚਾਣ ਹਰਦਮ ਰੱਖਦਾ
ਸਦਕੇ ਜ਼ਮਾਨਾ ਵੀ ਲਵੇ, ਉਸ ਪਿਆਰਦੀ ਹੀ ਘਾਲ ਦੇ।

-75-

ਕੀ ਸਿਲਾ ਇਸ ਜ਼ਿੰਦਗੀ ਨੂੰ, ਬੈਠ ਰਾਹੀਂ ਰੋਣ ਦਾ
ਸਾਂਭ ਯਾਦਾਂ ਕੀ ਕਰਾਂ ਜੇ, ਨਾ ਭਰੋਸਾ ਆਉਣ ਦਾ।

ਲੰਘ ਚੁੱਕੇ ਸਭ ਉਦਾਸੇ, ਪਲ ਜਦੋਂ ਹਨ ਕੱਲ ਦੇ
ਲਾਭ ਨਾਹੀਂ ਅੱਜ ਉਸ ਨੂੰ, ਯਾਦ ਕਰ ਕੁਰਲੌਣ ਦਾ।

ਬੀਤ ਚੁੱਕਾ ਵਕਤ ਕੋਈ, ਨਾ ਲਿਆਵੇ ਮੋੜਕੇ
ਕਿੰਝ ਗਾਵਾਂ ਨਾਮੁਰਾਦਾ, ਫਿਰ ਮਹੀਨਾ ਸਾਉਣ ਦਾ।

ਨਾ ਕਦੀ ਯਾਰਾ ਖੁਸ਼ੀ ਦੇਂ, ਤੂੰ ਮਿਲਣ ਦੀ ਭੁੱਲਕੇ
ਸਿੱਖਿਆ ਹੈ ਚੱਜ ਬਿਰਹਾ, ਰੋਜ਼ ਮੈਂ ਹੰਡਾਉਣ ਦਾ।

ਵਾਂਗ ਸੁਪਨੇ ਰਾਤ ਦੀ ਜੋ, ਬੁੱਕਲੀਂ ਹਨ ਜਾ ਲੁਕੇ
ਕਰਨਗੇ ਜਿਗਰਾ ਕਿਵੇਂ ਉਹ,ਦਿਨ ਘਰੀਂ ਮੁੜ ਔਣ ਦਾ।

ਮਿਲਨ ਦੀ ਮੈਂ ਆਸ ਛਡ ਕਿਉ, ਬੈਠ ਜਾਵਾਂ ਕਬਰ ਤੇ
ਲਾਟ ਵਾਂਗੂੰ ਬਲਣ ਯਾਦਾਂ, ਤੇਲ ਵਿਚ ਹੈ ਮੌਣ ਦਾ।

ਮਰ ਗਏ ਜੋ ਆਪ ਹੀ ਉਹ, ਕੀ ਸਵਾਰਨਗੇ ਤੇਰਾ
ਦੋਸਤਾ ਕੀ ਲਾਭ ਕਬਰੀਂ, ਹੁਣ ਚੜ੍ਹਾਵੇ ਪਾਉਣ ਦਾ।

ਆ ਰਿਹਾ ਹੈ ਪਹੁ ਫੁਟਾਲਾ, ਵੱਲ ਚੜ੍ਹਦੇ ਵੇਖ ਤੂੰ
ਰੁਮਕਦੀ ਇਸ ਜ਼ਿੰਦਗੀ ਨੂੰ, ਆਸ ਬੁੱਲਾ ਪੌਣ ਦਾ।

ਜੋ ਕਰੇਗਾ ਰੋਜ਼ ਰਿਸ਼ਮਾਂ, ਦੀ ਅਨੋਖੀ ਭਾਲ ਹੀ
ਨਾ ਤਸੱਵਰ ਉਹ ਕਰੇਗਾ, ਸੂਰਜਾਂ ਦੇ ਸੌਣ ਦਾ।

-76-

ਹੈਂ ਸਦਾ ਪਹਿਚਾਨ ਯਾਰਾ, ਤੂੰ ਮੇਰੇ ਈਮਾਣ ਦੀ
ਚਾਪ ਤੇਰੀ ਹੀ ਉਡੀਕਣ, ਜਿੰਦ ਮੇਰੀ ਜਾਣਦੀ।

ਹੋਰ ਸਾਰੇ ਭੁੱਲਗੇ ਨੇ, ਰਾਹ ਰਸਤੇ ਹੀ ਜਿਵੇਂ
ਬੱਸ ਮੈਨੂੰ ਗੱਲ ਚੇਤੇ, ਹੈ ਤੇਰੀ ਪਹਿਚਾਣ ਦੀ।

ਜਾਨ ਵੀ ਜਾਵੇ ਚਲੀ ਜਾਂ, ਰਾਹ ਤੇਰੀ ਚਲਦਿਆਂ
ਭਟਕਨਾ ਨਾ ਰੂਹ ਮੇਰੀ ਹੋਰ ਕਿਧਰੇ ਠਾਣਦੀ।

ਨੈਣ ਮੇਰੇ ਬਣ ਸਵਾਲੀ, ਰਾਹ ਤੇਰੀ ਝਾਕਦੇ
ਇਹ ਉਡੀਕਾਂ ਕਰ ਰਹੇ ਨੇ, ਦਰਸ ਤੇਰੀ ਪਾਣ ਦੀ।

ਤਾਣ ਮੇਰੇ ਤੋਂ ਲਮੇਰੀ, ਰਾਹ ਤੇਰੀ ਦੋਸਤਾ
ਆਜ਼ਮਾ ਕੇ ਵੇਖ ਨਾ ਤੂੰ, ਹੱਦ ਮੇਰੇ ਤਾਣ ਦੀ।

ਬਣ ਸਵਾਲੀ ਕਿਉ ਖਲੋਵਾਂ, ਦਰ ਕਿਸੇ ਮੈਂ ਹੋਰ ਜਾ
ਕਦਰ ਅਪਣੇ ਹੀ ਸਨਮ ਦੇ,ਕਿਉਂ ਘਟਾਵਾਂ ਮਾਨ ਦੀ

ਜੇ ਖ਼ਤਾ ਮੈਂ ਕਰ ਲਵਾਂ ਤੇ, ਹੋਰ ਨੂੰ ਚੇਤੇ ਕਰਾਂ
ਮਾਫ ਨਾ ਇਹ ਕਰਨ ਜੋਗੀ, ਮਾਨ ਹਾਨੀ ਮਾਨ ਦੀ।

ਆਜ਼ਮਾਇਸ਼ ਵਿਚ ਕਦੇ ਨਾ, ਯਾਰ ਅਪਣਾ ਪਾਈਦਾ
ਮੂਲ ਨਾ ਪਰਵਾਹ ਕਰੀਏ, ਆਸ਼ਕੀ ਵਿਚ ਜਾਣ ਦੀ।

ਨਾ ਅਞਾਣੇ ਦੋਸਤੀ ਤੇ, ਪਿਆਰ ਬੁੱਢੇ ਵਾਰ ਦਾ
ਦੋਸਤੀ ਨਿਭਦੀ ਸਦਾ ਹੀ, ਹਾਣ ਤੇ ਪਰਵਾਨ ਦੀ।

ਵੱਸਦਾ ਜਦ ਵਿਚ ਖਿਆਲਾਂ, ਵਿਰਦ ਉਸਦਾ ਦਮਬਦਮ
ਨਾ ਇਬਾਦਤ ਵਾਸਤੇ ਫਿਰ, ਲੋੜ ਹੈ ਈਜ਼ਾਨ* ਦੀ।

* ਬਾਂਗ

ਸਦਕੜੇ ਮੈਂ ਮੁਰਸ਼ਦਾ ਤੂੰ, ਰਾਹ ਸੌਖਾ ਦੱਸਿਆ
ਸ਼ਕਲ ਇਕੋ ਮਿਥ ਲਈ ਮੈਂ,ਯਾਰ ਤੇ ਭਗਵਾਨ ਦੀ।

ਹਰ ਘੜੀ ਹਰ ਰੰਗ ਤੈਨੂੰ, ਹੀ ਫਿਰਾਂ ਮੈਂ ਟੋਲਦਾ
ਛੁਪ ਰਿਹੋਂ ਐ ਯਾਰ ਕਿੱਥੇ ਕਿਉ ਨਹੀਂ ਤੂੰ ਬੋਲਦਾ।

ਅਜਬ ਤੇਰੀ ਚਾਲ ਯਾਰਾ, ਅਜਬ ਤੇਰੇ ਰੰਗ ਨੇ
ਹਰ ਜਗ੍ਹਾ ਤੂੰ ਆਪ ਵੱਸੇਂ, ਭੇਤ ਕਿਉ ਨੀ ਖੋਲਦਾ।

ਤੂੰ ਕਣੀ ਨੂੰ ਕਿਸ ਤਰਾਂ ਦਸ, ਸਾਗਰਾਂ ਦਾ ਰੂਪ ਦੇਂ
ਬੀਜ ਅੰਦਰ ਭੇਤ ਸਾਰੇ, ਕਿਵ ਲਕੋ ਫਿਰ ਫੋਲਦਾ।

ਬੀਤ ਚੁੱਕੇ ਜੁੱਗ ਕਿਤਨੇ, ਭੇਤ ਤੇਰੇ ਪਾਂਦਿਆਂ
ਆਦ ਪਾਇਆ ਨਾ ਕਿਸੇ ਨਾ, ਅੰਤ ਲੱਭੇ ਢੋਲ ਦਾ।

ਭਾਂਤ ਭਾਂਤੀ ਹਨ ਲਕੋਏ, ਭੇਤ ਜੀਵਣ ਦੇ ਕਈ
ਕਿਸ ਤਰਾਂ ਤੂੰ ਰੰਗ ਰਸ ਨੂੰ, ਵਿੱਚ ਸਭ ਦੇ ਘੋਲਦਾ।

ਧਰਤੀਆਂ ਬੇਅੰਤ ਜਾਪਣ,ਇਸ ਨਿਰੰਤਰ ਚਾਲ ਵਿਚ
ਨੇਮ ਦੇ ਵਿਚ ਬੱਝੀਆਂ ਨੇ, ਹੈ ਪਤਾ ਨਾ ਤੋਲ ਦਾ।

ਕਲਮ ਦੀ ਇਸ ਨੋਕ ਉੱਤੇ, ਰੱਖਿਆ ਤੂੰ ਭੇਤ ਕੀ
ਹੈ ਨਿਰੰਤਰ ਵਿਚ ਰਵਾਨੀ, ਹੱਥ ਨਾਹੀ ਡੋਲਦਾ।

ਦੂਰ ਕਿੰਨਾ ਹੈ ਪਤਾ ਨਾ, ਥਹੁ ਟਿਕਾਣਾ ਯਾਰ ਦਾ
ਭੇਤੀਆ ਨਾ ਭੇਤ ਦੱਸੇਂ, ਸ਼ਾਹ ਰਗ ਦੇ ਕੋਲ ਦਾ।

ਆ ਜ਼ਰਾ ਝਲਕਾ ਵਖਾਦੇ, ਆਪਣਾ ਮਨਮੌਜੀਆ
ਕਿਉ ਭਲਾ ਤੂੰ ਚੋਜੀਆ ਹੈਂ, ਖੋਜੀਆਂ ਨੂੰ ਰੋਲਦਾ।

ਵੱਸਦੈ ਤੂੰ ਕੋਲ ਮੇਰੇ, ਲੁਕਣ ਮੀਚੀ ਖੇਲਦਾ
ਨਾ ਅਞਾਨੀ ਮੱਤ ਪਾਵੇ, ਰਮਜ਼ ਤੇਰੀ ਚੁਹਲ ਦਾ।

ਭੇਤ ਖੋਜਣ ਜੋ ਸਦਾ ਤੂੰ ਭੇਤ ਉਨ ਤੇ ਖੋਲਦਾ
ਵਾਰ ਦੇਵਣ ਜੰਦ ਨੂੰ ਵੀ, ਥਹੁ ਜਿਨ੍ਹਾਂ ਨੂੰ ਮੋਲ ਦਾ।

-78-

ਸੱਜਣਾ ਵੇ ਸੱਜਣਾਂ ਨੂੰ, ਭੁੱਲ ਜਾਵਣ ਵਾਲਿਆ
ਯਾਦ ਤੇਰੀ ਰਾਤ ਅੱਧੀ, ਨੀਂਦ ਨੂੰ ਵੀ ਆ ਲਿਆ।

ਵਕਤ ਕਿਹੜੇ ਪਾ ਲੀਆਂ ਮੈਂ, ਸੰਗ ਤੇਰੇ ਯਾਰੀਆਂ
ਭੁੱਲਕੇ ਮੈਂ ਨਾਲ ਤੇਰੇ, ਨਿੰਹੁ ਕੈਸਾ ਪਾ ਲਿਆ।

ਸਾਵਣਾਂ ਦਾ ਮਾਹ ਆਵੇ, ਰੁੱਤ ਲੈਕੇ ਪਿਆਰ ਦੀ
ਬੀਤਿਆ ਇਹ ਰੋਂਦਿਆਂ ਤੇ, ਹੌਕਿਆਂ ਨੇ ਖਾ ਲਿਆ।

ਫੁੱਲ ਵਾਂਗੂੰ ਫੁੱਲਦੇ ਸਾਂ, ਵਿੱਚ ਤੇਰੇ ਪਿਆਰ ਦੇ
ਭੁੱਲ ਸਾਡੀ ਏਸ ਨੇ ਹੈ, ਜਿੰਦੜੀ ਨੂੰ ਗਾਲਿਆ।

ਖਾ ਲਿਆ ਭੁਲਕੇ ਭੁਲੇਖਾ, ਵਿੱਚ ਭੋਲੇ ਭਾਅ ਦੇ ਹੀ
ਆਪਣਾ ਸੀ ਜਾਣਿਆਂ ਦਿਲ, ਤੂੰ ਵਲਾ ਭਰਮਾ ਲਿਆ।

ਨਾਗ ਵਾਂਗੂੰ ਸ਼ੂਕਦੇ ਨੇ, ਜ਼ੁਲਫ ਦੇ ਜੋ ਨਾਗ ਇਹ
ਨਾਗਨੀ ਏ ਗੁੱਤ ਤੇਰੀ, ਡੰਗ ਜ਼ਹਿਰੀ ਲਾ ਲਿਆ।

ਦੂਰ ਜਿਹੜਾ ਵੱਸਦਾ ਸੀ, ਜਿੰਦ ਕੋਲੋਂ ਦੁੱਖੜਾ
ਪਿਆਰ ਤੇਰੇ ਮੁਠਿਆਂ* ਨੂੰ, ਓਸ ਨੇ ਵੀ ਆ ਲਿਆ।

* ਠੱਗਿਆਂ

ਸਾਰ ਪਹਿਲਾਂ ਲੈ ਲਵਾਂ ਮੈਂ, ਆਪਣੇ ਇਸ ਯਾਰ ਦੀ
ਫਿਰ ਕਰਾਂਗਾ  ਸਾਧਨਾ ਵੀ, ਓਸ ਮੈਂ ਕਰਤਾਰ ਦੀ।

ਮੇਰੀਆਂ ਤੇ  ਸਭਸ  ਖ਼ੁਸ਼ੀਆਂ, ਨਾਲ ਮੇਰੇ  ਯਾਰ ਦੇ
ਸਾਧਨਾ ਕਰਨੀ ਸਿਖਾਈ, ਜੇਸ ਮੈਨੂੰ  ਪਿਆਰ ਦੀ।

ਸਭ ਪਸਾਰਾ ਜਗਤ ਉੱਤੇ, ਦਿੱਸਦਾ ਹੈ ਪਿਆਰ ਦਾ
ਯਾਰ ਦੀ ਹੀ ਝਲਕ ਦਿੱਸੇ, ਹਰ ਤਰਫ ਸੰਸਾਰ ਦੀ।

ਜ਼ਾਤ ਹੈ  ਇਨਸਾਨ ਮੇਰੀ, ਧਰਮ ਇਸ ਨੂੰ ਪਾਲਣਾ
ਰਾਹ ਸੱਚੇ  ਉਹ ਤੁਰੇ ਜੋ, ਰਮਜ਼  ਜਾਣੇ  ਯਾਰ ਦੀ।

ਨਫਰਤਾਂ ਤੇ  ਦੂਰੀਆਂ ਹਨ, ਭਾਂਜ  ਦੇ ਸਭ  ਰਾਸਤੇ
ਪਿਆਰ ਦੀ ਹੈ ਨਜ਼ਰ ਸਾਰੀ, ਦੁਸ਼ਟਤਾਨੂੰ ਮਾਰਦੀ।

ਪਿਆਰ  ਤੋਂ ਜੋ  ਸੱਖਣੇ ਮਨ, ਬਣ ਉਦਾਸੀ ਜਾਂਵਦੇ
ਪਿਆਰ ਦੀ ਵਰਖਾ ਸਦਾ ਹੈ,ਕਲਪਦੇ ਮਨ ਠਾਰਦੀ

ਕਰ  ਉਦਾਸੀ  ਨਫਰਤਾਂ ਤੋਂ, ਜੋਗ ਲੈ ਤੂੰ  ਪ੍ਰੇਮ ਦਾ
ਰਾਹ  ਲੱਭੇਂ ਜੇ  ਅਨੂਠੀ, ਜਗਤ  ਨੂੰ ਜੋ  ਤਾਰਦੀ।

ਜਨਮ  ਦੇਂਦੀ  ਨਫਰਤਾਂ ਨੂੰ, ਦੂਈ ਜਗ ਤੇ  ਦੋਸਤਾ
ਏਕ ਹੈ ਜੋ  ਬਖ਼ਸ਼  ਦੇਵੇ, ਭੁੱਲ  ਗੁਨਹਾਂਗਾਰ  ਦੀ।

ਵਿੱਚ ਪੀਰੀ  ਆਜ਼ਮਾਇਆ, ਹੈ ਗ਼ਜ਼ਲ ਨੂੰ ਦੋਸਤਾ
ਕਲਪਨਾ ਦੇ  ਖੰਭ  ਲਾਵੇ, ਹੈ ਕਲਾ ਫਨਕਾਰ ਦੀ।

-80-

ਨਾ ਮੇਰੀ ਆਵਾਜ਼ ਸੁਹਣੀ, ਨਾ ਅਦਾਵਾਂ ਦੋਸਤੋ
ਨਾ ਸਮਝ ਸੁਰ ਤਾਲ ਦੀ ਕਿਵ, ਗੀਤ ਗਾਵਾਂ ਦੋਸਤੋ?

ਲਿਲਕ ਲੱਗੀ ਹੈ ਦਿਲੇ ਦੀ, ਕਹਿਣ ਦੀ ਸੋ ਕਹਿ ਰਿਹਾਂ
ਗੀਤ ਮੇਰੇ ਹਨ ਅਧੂਰੇ, ਕੀ ਸੁਣਾਵਾਂ ਦੋਸਤੋ?

ਵਕਤ ਉੱਤੇ ਪਕੜ ਕੋਈ, ਨਾ ਕਦੇ ਵੀ ਪਾ ਸਕੇ
ਵਿੱਛੜੇ ਜੋ ਯਾਰ ਸਾਥੋਂ, ਕਿਵ ਮਿਲਾਵਾਂ ਦੋਸਤੋ?

ਯਾਰ ਮੇਰਾ ਰੁੱਸ ਜਾਂਦਾ, ਹੈ ਬਿਨਾ ਹੀ ਗੱਲ ਦੇ
ਚੁਲਬੁਲਾ ਹੈ ਯਾਰ ਮੇਰਾ, ਨਿਤ ਮਨਾਵਾਂ ਦੋਸਤੋ।

ਦੋਸਤਾਂ ਦੀ ਦੋਸਤੀ ਦਾ, ਪਾਸ ਕਰਨਾ ਹੀ ਬਣੇ
ਬਣ ਗਿਆ ਜੋ ਯਾਰ ਕੇਰਾਂ, ਕਿਉ ਗਵਾਵਾਂ ਦੋਸਤੋ?

ਦੂਰ ਹੋਕੇ ਵੀ ਸਦਾ ਉਹ, ਦਿਲ 'ਚ ਮੇਰੇ ਵੱਸਦਾ
ਫੇਰ ਦਿਲ ਦੀ ਨਾ ਸੁਣੇ ਜੇ, ਕਿਵ ਸੁਣਾਵਾਂ ਦੋਸਤੋ?

-81-

ਧਰਮ ਮੇਰਾ ਨਾ ਗਵਾਲੇ, ਨਾ ਗਡਰਯੇ ਭਾਲਦਾ
ਹੈ ਮਨੁੱਖੀ ਧਰਮ ਮੇਰਾ, ਪ੍ਰੇਮ ਜੋ ਹੈ ਪਾਲਦਾ।

ਨਾ ਭਓ ਦੇਵੇ ਨਰਕ ਦੇ, ਨਾ ਭੁਲਾਵੇ ਸੁਰਗ ਦੇ
ਨਾ ਨਚਾਵੇ ਗੋਪੀਆਂ ਨਾ, ਹੂਰ ਸੁਰਗੀਂ ਭਾਲਦਾ।

ਵਰਤ ਰੋਜ਼ੇ ਹੱਜ ਤੀਰਥ, ਨਾ ਕਿਸੇ ਵੀ ਕੰਮ ਦੇ
ਜੇ ਨਹੀਂ ਕਿਰਦਾਰ ਤੇਰਾ, ਸਾਂਝ ਭਾਈਵਾਲ ਦਾ।

ਕਿਰਤ ਕਰਦੇ ਵੰਡ ਛਕਦੇ, ਨਾਮ ਤੇਰਾ ਲੈਣ ਜੋ
ਨੂਰ ਦਿੱਸੇ ਸਾਰਿਆਂ ਵਿਚ, ਜੋ ਸਭਸ ਨੂੰ ਪਾਲਦਾ।

ਏਕ ਉਹ ਓਂਕਾਰ ਹੈ ਤੇ, ਨਾਮ ਉਸ ਦਾ ਸੱਤ ਹੈ
ਪੁਰਖ ਕਰਤਾ ਉਹ ਧਿਆਵਾਂ,ਭੈ ਨਾ ਜਿਸ ਨੂੰ ਕਾਲ ਦਾ।

ਕਾਰ ਕਰਦੇ ਹੱਥ ਸੁੱਚੀ, ਨਦਰ ਜਿਸ ਤੇ ਉਹ ਕਰੇ
ਪ੍ਰੇਮ ਭਾਂਡੇ ਹੀ ਸਦਾ ਹੈ, ਅੰਮ੍ਰਿਤ ਉਹ ਤੇ ਢਾਲਦਾ।

ਪ੍ਰੇਮ ਬਾਝੋਂ ਸੱਖਣੀ ਹੈ ਰੂਹ ਵੀ ਤੇਰੀ ਸਮਝ ਲੈ
ਜੇ ਨਹੀਂ ਤੂੰ ਨੂਰ ਇੱਕੋ ਸਭਸ ਅੰਦਰ ਭਾਲਦਾ।

-82-

ਸਦਾ ਉਹ ਕੌਮ ਪਛੜੇਗੀ, ਨਹੀਂ ਸਤਕਾਰ ਦੇ ਕਾਬਿਲ
ਬਣਾਵੇ ਤੋਰ ਨਾ ਅਪਣੀ, ਜੇ ਉਹ ਰਫਤਾਰ ਦੇ ਕਾਬਿਲ।

ਨਿਹੁੰ ਲਾਕੇ ਇਬਾਦਤ ਯਾਰ ਦੀ ਕਰੀਏ ਭੁਲਾ ਦੁਨੀਆਂ
ਬਣਾਈਏ ਇਸਤਰਾਂ ਦਿਲਨੂੰ, ਸਦਾਹੀ ਪਿਆਰ ਦੇ ਕਾਬਿਲ।

ਅਜੇ ਵੀ ਰਾਮ ਨਾਨਕ ਤੇ, ਅਲੀ ਹਨ ਜੀ ਰਹੇ ਈਸਾ
ਇਨ੍ਹਾਂ ਵਿਚ ਫੇਟ ਜੋ ਪਾਵੇ, ਬਣੇ ਫਿਟਕਾਰ ਦੇ ਕਾਬਿਲ।

ਨਹੀਂ ਉਹ ਯਾਦਗਾਰਾਂ ਵੀ, ਸੰਭਾਲਣ ਯੋਗ ਅਸਲੋਂ ਹੀ
ਦਿਲਾਂ ਨੂੰ ਵੰਡ ਦੇਵਣ ਜੋ, ਸਦਾ ਮਿਸਮਾਰ ਦੇ ਕਾਬਿਲ।

ਘੜਤ ਜੋ ਵੀ ਘੜੇ ਜੇ ਕਰ, ਦਿਲਾਂ ਨੂੰ ਮੁਹ ਨਹੀਂ ਸਕਦੀ
ਕਿਰਤ ਨਾ ਉਹ ਕਦੀ ਜਾਣੋ, ਭਲੇ ਫਨਕਾਰ ਦੇ ਕਾਬਿਲ।

ਰਹੇ ਲਾਂਦੇ ਜੁ ਲੋਕਾਂ ਨੂੰ, ਸਦਾ ਝੂਠੇ ਜਿਹੇ ਲਾਰੇ
ਝੁਕਣਗੇ ਸਿਰ ਨਿਮਾਣੇ ਉਹ, ਨਹੀਂ ਦਸਤਾਰ ਦੇ ਕਾਬਿਲ।

-83-

ਜੋ ਮੇਰੇ ਜੀਵਣ 'ਚ ਆਈਆਂ, ਮੁਸ਼ਕਲਾਂ ਦੁਸ਼ਵਾਰੀਆਂ
ਨਾ ਤੇਰੇ ਉਹ ਪਿਆਰ ਬਿਨ ਤੇ, ਜਾਣੀਆਂ ਸੀ ਸ੍ਹਾਰੀਆਂ।

ਵਾਰ ਕਿੰਨੀ ਮੈਂ ਜਦੋਂ ਸਾਂ, ਵਿਚ ਥਲਾਂ ਦੇ ਘਿਰ ਗਿਆ
ਪੁੰਨਨਾ ਤੈਨੂੰ ਹੀ ਵਾਜਾਂ, ਵਾਂਗ ਸੱਸੀ ਮਾਰੀਆਂ।

ਬੋਲ ਤੇਰੇ ਮਹਿਕ ਤੇਰੀ, ਹੈ ਰਹੀ ਮੈਂ ਸੰਗ ਹੀ
ਹਾਂ ਸਹਾਰੇ ਏਸ ਦੇ ਹੀ, ਲਾ ਰਿਹਾ ਮੈਂ ਤਾਰੀਆਂ।

ਬੇਪਰਾ ਵੀ ਉੱਡ ਲੈਂਦਾ, ਹਾਂ ਸਹਾਰੇ ਪਿਆਰ ਦੇ
ਵਿਚ ਹਵਾ ਕਾਫੂਰ ਹੋਵਣ, ਮੁੱਖ ਤੋਂ ਲਾਚਾਰੀਆਂ।

ਜ਼ਹਿਰ ਵੀ ਮੀਰਾਂ ਲਵੇ ਪੀ, ਵਿੱਚ ਵੇਖੋ ਪਿਆਰ ਦੇ
ਫਿਰ ਕਰੇਗਾ ਕੀ ਜ਼ਮਾਨਾ, ਲਾ ਕੇ ਪਹਿਰੇਦਾਰੀਆਂ।

ਖੰਭ ਹੀਣਾ ਹੀ ਰਹੇ ਉਹ, ਜਿਸ ਨ ਤਕਵਾ ਯਾਰ ਤੇ
ਲਕਸ਼ ਨੂੰ ਜਿਨ ਧਾਰਿਆ ਉਨ, ਹਿੰਮਤਾਂ ਨਾ ਹਾਰੀਆਂ।

ਡਰ ਗਏ ਜੋ ਹਰ ਕਦਮ ਤੇ, ਮੁਸ਼ਕਲਾਂ ਤੌਂ ਦੋਸਤੋ
ਐਸੇ ਬੁਜ਼ਦਿਲ ਫਿਰ ਨਿਭਾਵਣਗੇ ਭਲਾ ਕੀ ਯਾਰੀਆਂ।

-84-

ਪਿਆਰ ਨੂੰ ਆਧਾਰ ਜਾਣੋ, ਜ਼ਿੰਦਗੀ ਦਾ ਦੋਸਤੋ
ਪਾ ਲਵੇ ਉਹ ਰੱਬ ਨੂੰ ਵੀ, ਜੋ ਗਿਆ ਵਿਚ ਪ੍ਰੇਮ ਖੋ।

ਸਾਥ ਅਪਣੇ ਸਾਥੀਆਂ ਦਾ, ਜੋ ਨਿਭਾਵੇ ਹਰ ਘੜੀ
ਨੂਰ ਬਰਸੇ ਮੁੱਖੜੇ ਤੋਂ, ਜਾਨ ਵੀ ਕੁਰਬਾਨ ਹੋ।

ਸੱਚ ਨੂੰ ਪਹਿਚਾਨ ਲੌ ਤੇ, ਯਤਨ ਕਰ ਲੌ ਪਾਣ ਦਾ
ਰੱਬ ਦੀ ਜੇ ਜ਼ਾਤ ਇੱਕੋ, ਵੱਖ ਨਾ ਇਨਸਾਨ ਦੋ।

ਭੁੱਲ ਸਕਦਾ ਹਰ ਬਸ਼ਰ ਹੈ, ਭੁੱਲ ਦੀ ਕਰ ਸੋਧ ਲੈ
ਭੁੱਲ ਨੂੰ ਵੀ ਮਾਫ ਕਰਦਾ, ਹੈ ਗੁਣੀ ਕਿਰਦਾਰ ਜੋ।

ਕੰਮ ਨੂੰ ਜੇ ਨਾਲ ਚਾਵਾਂ, ਨੇਪਰੇ ਹਾਂ ਚਾੜ੍ਹਦੇ
ਕੰਮ ਬਣ ਜੇ ਧਰਮ, ਜਾਵਣ ਸਭ ਭੁਲੇਖੇ ਵੀ ਪਲੋ।

ਹੈ ਰਵਾਨੀ ਜ਼ਿੰਦਗੀ ਦਾ, ਨਾਮ ਮੇਰੇ ਮਿੱਤਰਾ
ਤੂੰ ਜੋ ਪ੍ਰਾਪਤ ਕਰ ਲਿਆ ਹੈ, ਓਸ ਤੇ ਹੀ ਨਾ ਖਲੋ।

-85-

ਹਸਰਤਾਂ ਦੇ ਵਿੱਚ ਵਿਹੜੇ, ਬੂਟੜਾ ਤੂੰ ਆਸ ਦਾ
ਧੜਕਣਾ ਦੇ ਵਿੱਚ ਵੱਸੇਂ, ਦੈਂ ਪਤਾ ਨਾ ਵਾਸ ਦਾ।

ਅਜਬ ਤੇਰਾ ਹੈ ਪਸਾਰਾ, ਸਭ ਜਹਾਂ ਦੇ ਮਾਲਕਾ
ਵੱਸਦਾ ਹੈਂ ਹਰ ਕਣੀ ਤੂੰ, ਥਹੁ ਨ ਤੇਰੀ ਰਾਸ ਦਾ।

ਇੱਕ ਤੂੰ ਹੈਂ ਕਾਨ੍ਹ ਮੇਰੇ, ਰਾਸ ਲੀਲਾ ਕਰ ਰਿਹਾ
ਬਣ ਰਿਹੋਂ ਤੂੰ ਆਪ ਭੌਰਾ, ਫੁੱਲ ਦਾ ਤੇ ਬਾਸ ਦਾ।

ਬੈਠ ਰਹਿਉਂ ਸਾਂਝ ਪਾਕੇ, ਵੱਖ ਤੂੰ ਹੈਂ ਆਪ ਹੀ
ਫਾਸਲਾ ਤੂੰ ਦੇ ਮਿਟਾ ਸਭ, ਦੂਰ ਦਾ ਤੇ ਪਾਸ ਦਾ।

ਹੋਰ ਕਿੰਨਾ ਚਿਰ ਅਜੇ ਤੂੰ, ਲੁਕ ਰਹੇਂਗਾ ਅੰਬਰੀਂ
ਭੇਤ ਆਪੇ ਖੋਲ੍ਹਦੇ ਤੂੰ, ਰੂਹ ਦਾ ਤੇ ਮਾਸ ਦਾ।

ਆਸ ਤੇ ਹੀ ਸਭ ਜਹਾਂ ਹੈ, ਜੀ ਰਿਹਾ ਤੂੰ ਵੇਖ ਲੈ
ਬੱਸ ਤੇਰਾ ਇਕ ਇਸ਼ਾਰਾ, ਪੁੱਗਣਾ ਹੈ ਆਸ ਦਾ।

-86-

ਹੋ ਗਏ ਪਰਧਾਨ ਡਾਲਰ, ਜ਼ਿੰਦਗੀ ਵਿਚ ਯਾਰ ਦੀ
ਤੋਰ ਟੇਢੀ ਹੋ ਗਈ ਹੈ, ਜਾਪਦੀ ਹੁਣ ਪਿਆਰ ਦੀ।

ਕਰਮ ਹੀਣੀ ਹੋ ਗਈ ਹੁਣ, ਜਾਪਦੀ ਹੈ ਜ਼ਿੰਦਗੀ
ਹੋ ਗਈ ਚੌਧਰ ਜਿਵੇਂ ਹਰ, ਥਾਂਉ ਹੀ ਗੁਫਤਾਰ ਦੀ।

ਚੋਚਲੇ ਹਾਂ ਕਰ ਰਹੇ ਬਸ, ਦਿਲ ਲੁਭਾਵਣ ਵਾਸਤੇ
ਨਿੱਘਰੀ ਜਾਪੇ ਜਿਵੇਂ ਹੁਣ, ਗੱਲ ਤੇ ਕਿਰਦਾਰ ਦੀ।

ਉੱਡਗੀ ਸਭ ਸ਼ਰਮ ਜਾਪੇ, ਹਰ ਕਿਸੇ ਦੀ ਅੱਖ ਚੋਂ
ਗੱਲ ਮੁੱਕੀ ਜਾਪਦੀ ਹੁਣ, ਦਾਹੜੀ ਦਸਤਾਰ ਦੀ।

ਸੌਖ ਦੀ ਖਾਤਰ ਜਿਵੇਂ ਹਰ, ਕੋ ਬਹਾਨੇ ਕਰ ਰਿਹਾ
ਉੱਡਦੀ ਖਿੱਲੀ ਹੀ ਵੇਖੀ, ਹਰ ਤਰਫ ਗ਼ਮਖਾਰ ਦੀ।

ਗੱਲ ਧਰਮਾਂ ਦੀ ਕਰਾਂ ਕੀ, ਹੋ ਗਈ ਐਸੀ ਗਤੀ
ਹੋ ਰਹੀ ਹਰ ਥਾਂ ਸਥਾਪਤ, ਪੈਂਠ ਹੁਣ ਬਲਕਾਰ ਦੀ।

ਗੱਲ ਸਭ ਨੂੰ ਵਿੱਸਰੀ ਹੈ, ਹੁਣ ਅਕਲ ਤੇ ਸੱਚ ਦੀ
ਖੋਖਲੀ ਹੁਣ ਗੱਲ ਜਾਪੇ, ਧਰਮ ਦੇ ਸਤਕਾਰ ਦੀ।

ਅਰਥ ਬਦਲੇ ਜਾਪਦੇ ਨੇ, ਅੱਜ ਵੇਖੋ ਪਿਆਰ ਦੇ
ਨਿੱਤ ਮੂਰਤ ਬਦਲਦੀ ਹੈ, ਹੁਣ ਮਿਰੇ ਦਿਲਦਾਰ ਦੀ।

-87-

ਰੂਹੋਂ ਸਖਣੇ ਅਕਲੋਂ ਹੀਣੇ, ਬਣ ਗੇ ਲੀਡਰ ਸਾਰੇ ਨੇ
ਰਹਿੰਦੇ ਖੂੰਦੇ ਪਾਕੇ ਚੋਲਾ, ਬੈਠੇ ਮੱਲ ਦੁਆਰੇ ਨੇ।

ਗਾਵਣ ਵਾਲੇ ਨਿਸ ਦਿਨ ਯਾਰੋ, ਚਿਘੀਆਂ ਦੇਂਦੇ ਲੇਖਕ ਨੂੰ
ਲੇਖਕ ਨੂੰ ਵੀ ਠੱਗਣ ਖਾਤਰ, ਰੂਪ ਕਿਹੇ ਇਨ ਧਾਰੇ ਨੇ।

ਨਿਸਦਿਨ ਕਰਕੇ ਨਿੰਦਿਆ ਚੁਗਲੀ,ਤੋਰੀ ਫੁਲਕਾ ਖਾਂਦੇ ਨੇ
ਅਕਲਾਂ ਵਾਲੇ ਖੂੰਜੇ ਲੱਗੇ, ਮੂਰਖ ਕੋਲੋਂ ਹਾਰੇ ਨੇ।

ਫੋਕੇ ਨਾਅਰੇ ਲਾਵਣ ਵਾਲੇ, ਸਾਂਭੀ ਬੈਠੇ ਗੱਦੀ ਨੂੰ
ਲੋਕਾਂ ਦੇ ਹਕ ਨਾਅਰੇ ਲਾਕੇ, ਹਕ ਲੋਕਾਂ ਦੇ ਮਾਰੇ ਨੇ।

ਬਾਂਦਰ ਟੋਲਾ ਕਰ ਲੈਂਦੇ ਨੇ, ਕੱਠਾ ਪਾਕੇ ਬੁਰਕੀ ਇਹ
ਭੋਲੇ ਲੋਕੀਂ ਸਮਝਣ ਨਾਹੀਂ, ਇਹਨਾ ਦੇ ਜੋ ਕਾਰੇ ਨੇ।

ਨਿੱਤ ਮਲਾਈਆਂ ਖਾਂਦੇ ਬੈਠੇ, ਗੱਲਾਂ ਕਰਦੇ ਚੋਪੜੀਆਂ
ਕਾਟ ਕਰੇਂਦੇ ਸੱਜੇ ਖੱਬੇ, ਬਣ ਖੰਡੇ ਦੋ ਧਾਰੇ ਨੇ।

ਪਾਖੰਡਾਂ ਦਾ ਖੰਡਣ ਕਰਦੇ, ਮੁਖ ਤੋਂ ਬਚਣ ਅਲਾਕੇ ਇਹ
ਭੇਖੀ ਭੇਖ ਬਣਾਵਣ ਐਸਾ, ਲੋਕੀਂ ਇਹਨਾ ਚਾਰੇ ਨੇ।

-88-

ਜਦ ਵਤਨ ਦੀ ਯਾਦ ਆਵੇ ਕੀ ਕਰਾਂ
ਡੁਬ ਡੁਬਾਂਦੇ ਨੈਣ ਧੀਰਜ ਕਿਵ ਧਰਾਂ।

ਬਾਪ ਬੇਟਾ ਭੈਣ ਬੇਟੀ ਵਿੱਛੜੇ
ਲੰਮੀਆਂ ਇਹ ਦੂਰੀਆਂ ਮੈਂ ਕਿਵ ਜਰਾਂ।

ਫੜ ਫੜਾਵਾਂ ਵਾਂਗ ਜ਼ਖਮੀ ਪੰਛੀਆਂ
ਕੀ ਕਰਾਂ ਨਾ ਉੱਡ ਪਾਵਾਂ ਬਿਨ ਪਰਾਂ।

ਖੋ ਗਏ ਨੇ ਜੇਸ ਥਾਂ ਤੇ ਵੀਰ ਮਾਂ
ਕੰਬ ਜਾਂਦੀ ਦੇਹ ਤਸੱਵਰ ਜਦ ਕਰਾਂ।

'ਸ਼ੇਰ ਪੁੱਤਰ' ਆ ਮਿਲੇਂਗਾ ਤੂੰ ਕਦੋਂ?
ਬਾਪ ਨਿਸ ਦਿਨ 'ਡੀਕਦਾ ਖੜ ਵਿਚ ਦਰਾਂ।

ਇੱਕ ਪਾਸੇ ਖਿੱਚ ਪਾਂਦੀ ਧਰਤ ਉਹ
ਛੱਡਣਾ ਮੁਸ਼ਕਲ ਬੜਾ ਪਰ ਇਹ ਗਰਾਂ।

ਇਸ ਗਰਾਂ ਵੀ ਵੰਸ਼ ਮੇਰੀ ਵੱਸਦੀ
ਬੇੜੀਆਂ ਦੋਹਾਂ 'ਚ ਕੱਠਾ ਕਿਵ ਤਰਾਂ।

ਧਰਤ ਸਾਰੀ ਗੋਦ ਜਾਪੇ ਨਿੱਘੜੀ
ਵੇਖਕੇ ਮੈਂ ਵੰਡੀਆਂ ਹਾਵੇ ਭਰਾਂ।

-89-

ਸਾਥ ਤੇਰਾ ਗੋਰੀਏ ਹੈ, ਜ਼ਿੰਦਗੀ ਦਾ ਇਕ ਤੁਲ੍ਹਾ
ਕਿੰਝ ਸਕਦਾ ਹਾਂ ਕਦੇ ਮੈਂ, ਇਸ ਸਹਾਰੇ ਨੂੰ ਭੁਲਾ।

ਜੋ ਸਹਾਰਾ ਜ਼ਿੰਦਗੀ ਦੀ, ਸ਼ਾਨ ਬਣ ਜਾਵੇ ਕਦੇ
ਥਿੜਕਣਾ ਵੀ ਓਸ ਦਾ ਦੈ, ਹੋਂਦ ਸਾਰੀ ਨੂੰ ਹਿਲਾ।

ਜ਼ਿੰਦਗੀ ਦੇ ਕੁਛ ਪੜਾ ਵੀ, ਹਨ ਕਦੀ ਆਂਦੇ ਬੁਰੇ
ਝੱਖੜਾਂ ਦੇ ਵਾਂਗ ਦੇਵਣ, ਜ਼ਿੰਦਗੀ ਨੂੰ ਉਹ ਡੁਲਾ।

ਯਾਰੀਆਂ ਨੂੰ ਯਾਰ ਜੋ ਨੇ, ਜਿੰਦ ਵਾਂਗੂੰ ਪਾਲਦੇ
ਯਾਰ ਵਿਛੜੇ ਵੀ ਦਏ ਫਿਰ, ਸਿਦਕ ਉਹਨਾਂ ਦਾ ਮਿਲਾ।

ਆ ਮਿਲੇ ਜਦ ਯਾਰ ਅਪਣੇ, ਯਾਰ ਦੇ ਹੀ ਲਗ ਗਲੇ
ਖੋਰ ਦੇਵੇ ਮੇਲ ਅਪਣੇ, ਯਾਰ ਦਾ ਸਾਰਾ ਗਿਲਾ।

ਬੰਦਗੀ ਦੇ ਵਾਂਗ ਜੋ ਨੇ, ਲਿਵ ਲਗਾਂਦੇ ਯਾਰ ਦੀ
ਜ਼ਿੰਦਗੀ ਭਰਪੂਰ ਦੇਵੇ, ਉਸ ਮੁਹੱਬਤ ਦਾ ਸਿਲਾ।

ਬੋਲਕੇ ਦੋ ਬੋਲ ਮਿੱਠੇ, ਫੇਰ ਮਿਸ਼ਰੀ ਘੋਲਦੇ
ਦੇ ਭੁਲਾ ਜੋ ਵਕਤ ਨੂੰ ਵੀ, ਜਾਮ ਐਸਾ ਤੂੰ ਪਿਲਾ।

-90-

ਨਜ਼ਰ ਔਂਦਾ ਹੈ ਫਰੰਗੀ, ਹੋਰ ਇਕ ਕਾਰਾ ਕਰੂ
ਛੈਲ ਬਾਂਕੇ ਪੁਤ ਬਗਾਨੇ, ਮਾਰਕੇ ਖੱਪਰ ਭਰੂ।

ਵੰਡਿਆ ਹੈ ਕੁਛ ਗਰੀਬੀ, ਵੰਡਤੇ ਕੁਛ ਧਰਮ ਨੇ
ਕਰ ਬਹਾਨੇ ਸ਼ੇਰ ਨਿੱਕੇ, ਲੇਲਿਆਂ ਦਾ ਵਧ ਕਰੂ।

ਵੀਤਨਾਮੀ ਮਾਰ ਦਿੱਤੇ, ਏਸ ਨੇ ਜਿਵ ਖੂਹਨੀਆਂ
ਜਾਪਦਾ ਈਰਾਕ ਦਾ ਵੀ, ਘੁੱਟ ਇਹ ਛੇਤੀ ਭਰੂ!

ਤੇਲ ਪੀਣੇ ਅੱਗ ਖਾਣੇ, ਹਾਬੜੇ ਇਸ ਦੈਂਤ ਦਾ
ਮਾਰਕੇ ਖਲਕੇ ਖੁਦਾ ਹੀ, ਕਾਲਜਾ ਜਾਪੇ ਠਰੂ।

ਵੱਖ ਕਰ ਵਾਲ਼ੀ ਸਭੋ ਹੀ, ਮਾਰਨੇ ਇਸ ਧਰਤ ਦੇ
ਜੋ ਰਿਹਾ ਹਰ ਦੇਸ਼ ਕੱਲ੍ਹਾ, ਮੌਤ ਅਣਆਈ ਮਰੂ।

ਕਰ ਰਿਹਾ ਹੈ ਧਾਕਿਆਂ ਤੋਂ, ਮਾਨਸਾਂਦਾ ਘਾਣ ਇਹ
ਹੋਰ ਕਿੰਨੀ ਦੇਰ ਧਰਤੀ, ਕਤਲ ਬੇਦੋਸੇ ਜਰੂ।

ਹਨ ਉਡੀਕਾਂ ਪਹੁਫੁਟਾਲਾ, ਏਕਤਾ ਦਾ ਦੂਰ ਪਰ
ਅਮਨ ਸੀਤਾ ਹਰਨ ਕਰਕੇ, ਮੌਤ ਇਹ ਰਾਵਣ ਵਰੂ।

ਸਿੱਖ ਲਾਂਗੇ ਸੀਸ ਵਾਰਨ, ਜਦ ਭਲੇ ਲਈ ਦੇਸ਼ ਦੇ
ਉੱਠਣਾ ਸੁਗਰੀਵ ਯੋਧੇ, ਓਸ ਤੋਂ ਬਾਲੀ ਮਰੂ।

ਪਾ ਮੁਹੱਬਤ ਇਸ ਤਰਾਂ ਤੂੰ, ਨਾਲ ਅਪਣੇ ਯਾਰ ਦੇ
ਜਾਣ ਲੈਂਗਾ ਭੇਤ ਤੂੰ ਜਦ, ਨੂਰ ਸਾਂਝਾਂ ਦਾ ਝਰੂ।

-91-

ਕੌਣ ਰਾਕਸ਼ ਆ ਅਯੁਧਿਆ, ਯੁੱਧ ਨਗਰੀ ਕਰ ਰਿਹਾ
ਨਾਲ ਵਸਦੇ ਅਮਨ ਲੋਕੀਂ, ਤੂੰ ਧੁਨਸ਼ ਨੂੰ ਨਾ ਜਗਾ।

ਜੋ ਯੁਗਾਂ ਤੋਂ ਧਰਤ 'ਡੀਕੇ ਅਮਨ ਆਵੇਗਾ ਕਦੋਂ
ਭੰਗ ਉਸ ਦਾ ਅਮਨ ਕਰਕੇ, ਨਾ ਬਣਾ ਤੂੰ ਕਰਬਲਾ।

ਨਾ ਰਹੂ ਸੁਗਰੀਵ ਸੁੱਤਾ, ਲੰਮੀਆਂ ਫਿਰ ਤਾਣਕੇ
ਬਾਲੀਆ ਲਲਕਾਰ ਮਾਰੀ, ਤੂੰ ਜਦੋਂ ਬੂਹੇ ਤੇ ਆ।

ਕਦਰ ਜਾਣੇ ਕੁਦਰਤਾਂ ਦੀ, ਸ਼ਖਸ ਓਹੀ ਦੋਸਤੋ
ਜੋ ਕੁਦਰਤਾਂ ਦੇ ਹੁਸਨ ਦਾ, ਬਣ ਗਿਆ ਹੈ ਆਸ਼ਨਾ।

ਰਮ ਰਿਹਾ ਜੋ ਕੁਦਰਤਾਂ ਦੇ, ਭੇਤ ਅੰਦਰ ਹਰ ਜਗ੍ਹਾ
ਸਮਝ ਜਦ ਹੈ ਆ ਗਈ ਇਹ, ਰਮਜ਼ ਦੇ ਰਮਤਾ ਬਣਾ

-92-

ਯਾਦ ਤੇਰੀ ਦਾ ਸਵੇਰਾ, ਨ੍ਹੇਰਿਆਂ ਨੂੰ ਧੋ ਰਿਹਾ
ਵਾਂਗ ਚੜ੍ਹਦੇ ਸੂਰਜਾਂ ਦੇ, ਚਾਨਣਾ ਹੈ ਢੋ ਰਿਹਾ।

ਯਾਦ ਤੇਰੀ ਵਿਚ ਵਹਾਏ, ਜੋ ਅਸਾਂ ਸਨ ਅੱਥਰੂ
ਵਾਂਗ ਸੁੱਚੇ ਮੋਤੀਆਂ ਦੇ, ਨੂਰ ਜਾਪੇ ਚੋ ਰਿਹਾ।

ਮੇਲ ਦਾ ਲੈਕੇ ਤਸੱਵਰ, ਰਾਤ ਹੈ ਔਂਦੀ ਰਹੀ
ਹਰ ਸਵੇਰਾ ਵਾਂਗ ਫੁੱਲਾਂ, ਵੰਡਦਾ ਖੁਸ਼ਬੋ ਰਿਹਾ।

ਜਿੱਤ ਨੂੰ ਹੀ ਮੈਂ ਧਿਆਕੇ, ਹਰ ਪੜਾ ਹੈ ਲੰਘਿਆ
ਮੁਸ਼ਕਲਾਂ ਤੋਂ ਪਾਰ ਕੰਢਾ, ਦੇ ਤਿਰੀ ਕਨਸੋ ਰਿਹਾ।

ਵਕਤ ਤੋਂ ਮੀਟੀ ਅਸਾਂ ਨਾ, ਅੱਖ ਯਾਰਾ ਹੈ ਕਦੇ
ਝਾਗਿਆ ਹੈ ਜਿੰਦ ਉੱਤੇ, ਜੋ ਜ਼ੁਲਮ ਸੀ ਹੋ ਰਿਹਾ।

ਆਸ ਉਸ ਦੀ ਪੁੱਗਦੀ ਹੈ, ਲਾਜ਼ਮੀ ਹੀ ਦੋਸਤਾ
ਨਾਮ ਤੇਰੇ ਦਾ ਸਦਾਹੀ, ਵਿਰਦ ਕਰਦਾ ਜੋ ਰਿਹਾ।

-93-

ਯਾਰਾ ਦਿਲੇ ਦੀ ਨਬਜ਼ ਤੂੰ, ਜਾਣੇ ਤਬੀਬ ਵਾਂਗ
ਫਿਰ ਵੀ ਕਰੇਂ ਅਠਕੇਲੀਆਂ, ਤੂੰ ਕਿਉ ਰਕੀਬ ਵਾਂਗ?

ਹਨ ਤਰਸਦੇ ਇਹ ਦੀਦੜੇ, ਕਰਦੇ ਉਡੀਕ ਯਾਰ
ਟੰਗੀ ਰਹੇ ਫਿਰ ਜਾਨ ਕਿਉ, ਦੱਸੋ ਸਲੀਬ ਵਾਂਗ?

ਹਨ ਨੈਣ ਰਾਹਾਂ ਤੇ ਵਿਛੇ, ਕਰਦੇ ਤੇਰੀ ਉਡੀਕ
ਪਾਸੇਂ ਨਜ਼ਰ ਤੂੰ ਵੀ ਕਦੇ, ਮੇਰੇ ਹਬੀਬ ਵਾਂਗ!

ਹੈ ਵਾਟ ਲੰਮੀ ਇਸ਼ਕ ਦੀ, ਇਸ ਆਸ ਤੇ ਜਨਾਬ
ਹੈ ਜਿੰਦ ਵਾਟਾਂ ਮਿਣ ਰਹੀ, ਨਿਸ ਦਿਨ ਜਰੀਬ ਵਾਂਗ।

ਹੋ ਲੱਖ ਭਾਵੇਂ ਦੂਰ ਤੂੰ, ਸਾਥੋਂ ਨਜ਼ਰ ਬਚਾਕੇ
ਇਹ ਦੂਰੀਆਂ ਕੀ ਦੂਰੀਆਂ, ਲੱਗੇਂ ਕਰੀਬ ਵਾਂਗ।

ਹੈ ਪਿਆਰ ਤੇਰੇ ਤੇ ਸਦਾ, ਇਕ ਮਾਨ ਹੀ ਅਜੀਬ
ਲਾਇਆ ਕਿਨਾਰੇ ਆਪ ਤੂੰ, ਮੈਨੂੰ ਨਸੀਬ ਵਾਂਗ।

ਹੈ ਮਾਲ ਜਿਸ ਦੇ ਪਾਸ ਬਸ, ਇਨਸਾਨ ਦੋਸਤੀ ਹੀ
ਜਾਣੇ ਜ਼ਮਾਨਾ ਓਸ ਨੂੰ, ਕਿਉ ਕਰ ਗਰੀਬ ਵਾਂਗ?

-94-

ਖੇਡਿਆ ਸੀ ਪੁੱਤ ਧੀ ਨੇ ਜਿਸ ਗਲੀ
ਖਾਕ ਵੀ ਉਸ ਥਾਂਉ ਦੀ ਲੱਗੇ ਭਲੀ।

ਬਾਪ ਮਾਂ ਮਾਣੀ ਜਵਾਨੀ ਜੇਸ ਥਾਂ
ਪੁਰਖਿਆਂ ਦੀ ਖਾਕ ਸੀ ਜਿੱਥੇ ਰਲੀ।

ਵੀਰ ਭੈਣਾਂ ਬੈਠ ਕੱਠੇ ਮਾਣਿਆਂ
ਬਾਗ ਮਾਪੇ ਖੇਡਿਆ ਚੰਬਾ ਕਲੀ।

ਦੂਰੀਆਂ ਮੈਂ ਓਸ ਥਾਂ ਤੋਂ ਕਿਵ ਜਰਾਂ
ਪ੍ਰੀਤ ਮੇਰੀ ਜੇਸ ਥਾਂ ਤੇ ਸੀ ਪਲੀ।

ਮਾਣਿਆਂ ਸੀ ਓਸ ਮਿੱਟੀ ਦਾ ਨਸ਼ਾ
ਸੱਚ ਦੀ ਆਵਾਜ਼ ਸੀ ਨਾਨਕ ਵਲੀ।

ਕਰ ਵਖਾਏ ਸੂਰਿਆਂ ਜੌਹਰ ਕਈ
ਦੀਪ ਸਿੰਘਾਂ ਸੀਸ ਸਨ ਰੱਖੇ ਤਲੀ।

ਪਿੱਠ ਦੇਵਾਂ ਓਸ ਥਾਂ ਨੂੰ ਮੈਂ ਕਿਵੇਂ
ਜੇਸ ਮਿੱਟੀ ਰੂਹ ਮੇਰੀ ਇਵ ਢਲੀ।

ਛੋਹ ਪ੍ਰਾਪਤ ਜੇਸ ਨੂੰ ਗੋਬਿੰਦ ਦੀ
ਧਰਤ ਸੋਈ ਜਾਪਦੀ ਸੋਨੇ ਡਲੀ।

ਸੱਚ ਦੇ ਆਸ਼ਕ ਬਣੇ ਜੋ ਸੂਰਮੇਂ
ਸੱਚ ਤੋਂ ਪਰਵਾਰ ਵੀ ਦਿੱਤੇ ਬਲੀ।

ਵੱਸਦੀ ਹੈ ਰੂਹ ਮੇਰੀ ਓਸ ਥਾਂ
ਨਿੱਤ ਵਾਜਾਂ ਮਾਰਦੀ ਪਾਵਣ ਥਲੀ।

-95-

ਕਿਉ ਭਲਾ ਹੈ ਇਹ ਜ਼ਮਾਨਾ, ਆਸ਼ਕਾਂ ਨੂੰ ਰੋਕਦਾ
ਹੁਸਨਿ ਮੁਤਲਕਿ* ਯਾਰ ਮੇਰਾ, ਬਣ ਗਿਆ ਮੇਰਾ ਖ਼ੁਦਾ

* ਅਜ਼ਲੀ ਹੁਸਨ- ਖ਼ੁਦਾ

ਕਸਦ* ਕੀਤਾ ਹੈ ਅਸਾਂ ਵੀ, ਕਾਸਦਾ ਤੂੰ ਜਾਣ ਲੈ
ਦੇ ਸੁਨੇਂਹਾਂ ਓਸ ਦਾ ਤੂੰ, ਨਾ ਰਲਾ ਵਿਚ ਹੋਰ ਪਾ।

* ਇਰਾਦਾ, ਫੈਸਲਾ

ਪੈੜ ਲੱਭੀ ਹੈ ਮਸਾਂ ਹੀ, ਵਿਚ ਥਲਾਂ ਦੇ ਯਾਰ ਦੀ
ਲੰਘਿਆ ਸੀ ਜੇਸ ਥਾਂ ਤੋਂ, ਕਾਫਲਾ ਦਿਲਦਾਰ ਦਾ।

* ਕਲਬ- ਦਿਲ, ਕਾਲਬ-ਸਰੀਰ

ਕਲਬ* ਮੇਰਾ ਕਾਲਬਾਂ4 ਦੀ, ਹੱਦ ਚੁੱਕਾ ਤੋੜ ਹੈ
ਬੁਤਕਦਾ* ਬੇਸ਼ਕ ਨਵਾਂ ਤੂੰ, ਐ ਜ਼ਮਾਨੇ ਨਾ ਬਣਾ।

* ਮੂਰਤੀ ਪੂਜਾ ਸਥਾਨ

ਕਲਕ* ਲੱਗੀ ਹੈ ਕਲਮ ਨੂੰ, ਇਕ ਤਰਾਂ ਦੀ ਅਜਬ ਹੀ
ਲਟਕ ਹੈ ਦਿਲਦਾਰ ਦੀ ਮੈਂ, ਨਾਮ ਉਸਦਾ ਲਾਂ ਧਿਆ।

* ਲਗਨ

ਹਾਜ਼ਰੀ ਜਾਵੇ ਲਗਾਈ, ਜੇ ਕਦੀ ਘਰ ਪ੍ਰੇਮ ਦੇ
ਨਾ ਕਦੀ ਪਾਸੇਂ ਤੂੰ ਯਾਰਾ, ਨਾਮ ਸੰਧੂ ਗੁਮ ਸ਼ੁਦਾ।

-96-

ਤੋਰ ਮੁੜਕੇ ਨਾਨਕਾ ਤੂੰ, ਸੱਚ ਦਾ ਉਹ ਕਾਫਲਾ
ਗ਼ਫਲਤਾਂ ਦੀ ਨੀਂਦ ਸੁੱਤੇ, ਪੁੱਤਰਾਂ ਨੂੰ ਮੁੜ ਜਗਾ।

ਹੋ ਰਹੇ ਕਿਉਂ ਅਕਲ ਹੀਣੇ, ਸਿੱਖ ਤੇਰੇ ਧਰਮ ਤੋਂ
ਸੱਚ ਦਾ ਤੂੰ ਪਾਠ ਦੇਕੇ, ਰਾਹ ਸੱਚਾ ਫਿਰ ਦਿਖਾ।

ਗਾਹਕੇ ਫਿਰ ਚਾਰ ਕੂਟਾਂ, ਵੇਖ ਲੈ ਇਨਸਾਨ ਤੂੰ
ਜਾਪਦਾ ਇਹ ਧਰਮ ਦੇ ਹੀ, ਨੇਮ ਬੈਠੇ ਨੇ ਭੁਲਾ।

ਗਿਆਨ ਦਾ ਸੀ ਤੂੰ ਜੋ ਵਿਰਸਾ,ਬਖ਼ਸ਼ਿਆ ਇਨਸਾਨ ਨੂੰ
ਵੱਸ ਹੋ ਅਗਿਆਨ ਜਾਪੇ, ਸੋਧ ਬੈਠੇ ਨੇ ਗਵਾ।

ਕੂੜ ਹੈ ਪਰਧਾਨ ਸਾਰੇ, ਸੱਚ ਖੂੰਜੀਂ ਲੁਕ ਰਿਹਾ
ਵਾਸਤਾ ਈ ਕੂੜ ਦੀ ਇਹ, ਪਾਲ ਸਾਰੀ ਦੇ ਗਿਰਾ।

ਫਿਰ ਬਖ਼ਸ਼ਦੇ ਤਾਨ ਐਸਾ, ਜ਼ੁਲਮ ਨੂੰ ਵੰਗਾਰੀਏ
ਸੀਸ ਦੇਕੇ ਵੀ ਜ਼ੁਲਮ ਨੂੰ, ਸੱਚ ਦੇਵੇ ਫਿਰ ਝੁਕਾ।

ਕਿਰਤ ਕਰਦੇ ਨਾਮ ਜਪ ਕੇ, ਝੂਠ ਨੂੰ ਵੰਗਾਰੀਏ
ਕਲਮ ਤੋਂ ਤਲਵਾਰ ਤਕ ਦਾ, ਫ਼ਾਸਲਾ ਤੂੰ ਦੇ ਮਿਟਾ।

-97-

ਇਹ ਘੜੀ ਵੀ ਬੀਤ ਜਾਣੀ, ਐ ਸਜਨ ਕੀ ਬਿਨ ਮਿਲੇ?
ਨਾ ਸੁਣੇਂ ਤੂੰ ਦਰਦ ਮੇਰੇ, ਨਾ ਸੁਣਾਵੇਂ ਤੂੰ ਗਿਲੇ।

ਰੋਕ ਰੱਖੇ ਹਨ ਭਲਾ ਕਿਉਂ, ਡੁਬ ਡੁਬਾਂਦੇ ਨੈਣ ਇਹ
ਕਿਉ ਰਹੇ ਹਰ ਗੱਲ ਦਿਲ ਦੀ, ਰੋਕ ਰੱਖੀ ਵਿਚ ਦਿਲੇ?

ਕਿਵ ਖਿੜਣ ਇਹ ਚਾਅ ਘੁੱਟੇ, ਵਾਂਗ ਡੋਡੀ ਫੁੱਲ ਦੀ
ਛੋਹ ਤੇਰੀ ਬਿਨ ਕਿਵੇਂ ਦਸ, ਫੁੱਲ ਹਸਰਤ ਦਾ ਖਿਲੇ?

ਬੰਦ ਰਹਿਣੇ ਦਰ ਦਿਲਾਂ ਦੇ, ਇਸ ਤਰਾਂ ਜੇ ਮਿੱਤਰਾ
ਮੰਜ਼ਲਾਂ ਕੀ ਪਾ ਸਕਾਂਗੇ, ਨਾਉਮੀਦੀ ਸੰਗ ਹਿਲੇ?

ਇਹ ਦਿਲੇ ਦੀ ਬੇਹਿਸੀ ਤੇ, ਮਾਰ ਦੇਂਦੀ ਰੂਹ ਨੂੰ
ਪਣਪੀਆਂ ਨੇ ਫਿਰ ਉਮੀਦਾਂ, ਬੇਦਿਲੀ ਤੂੰ ਲਾ ਬਿਲੇ।

ਮੰਜ਼ਲੇ ਮਕਸੂਦ ਨੂੰ ਉਹ, ਪਾਣਗੇ ਹੀ ਲਾਜ਼ਮੀ
ਜੋ ਅਮਲ ਦਾ ਰਾਹ ਫੜਦੇ, ਤਜ ਖਿਆਲਾਂ ਦੇ ਕਿਲ੍ਹੇ।

ਪਿਆਰ ਦਾ ਵਰਦਾਨ ਪਾਇਆ, ਹੈ ਜਿਨਾਂ ਨੇ ਇਸ ਜਹਾਂ
ਵੰਡਦੇ ਖੁਸ਼ਬੂ ਦਿਲਾਂ ਨੂੰ, ਉਹ ਮੁਹੱਬਤ ਦੇ ਸਿਲੇ।

-98-

ਤਾਰਿਆਂ ਦੀ ਝੋਲ ਵੀ ਭਰ ਲੈਣ ਦੇ
ਚੰਨ ਦਾ ਚੁੰਮਣ ਜ਼ਰਾ ਕਰ ਲੈਣ ਦੇ।

ਜੋ ਤੇਰੇ ਹੀ ਆਣ ਤੇ ਆਵਣ ਸਦਾ
ਉਹ ਬਹਾਰਾਂ ਵੀ ਨਜ਼ਰ ਭਰ ਲੈਣ ਦੇ।

ਵਾਰ ਦੇਵਾਂ ਮੈਂ ਤੇਰੇ ਰਾਹਾਂ ਤੋਂ ਸਾਹ
ਬਚ ਗਏ ਉਹ ਵੀ ਅਰਪ ਕਰ ਲੈਣ ਦੇ।

ਮੈਂ ਤਿਰੇ ਹਾਂ ਮਹਿਵੇ ਗਰਦਿਸ਼ ਐ ਸਨਮ
ਸੀਸ ਮਰਕਜ਼ ਤੇ ਮਿਰਾ ਧਰ ਲੈਣ ਦੇ।

ਖੋਰ ਉਮਰਾ ਢੂੰਡਿਆ ਜੋ ਯਾਰ ਮੈਂ
ਰਹਿਗੇ ਪਲ ਵੀ ਨਾਂ ਉਦੇ ਹਰ ਲੈਣ ਦੇ।

ਮੁਅਜਜ਼ਾ ਇਸ ਇਸ਼ਕ ਦਾ ਜੇ ਵੇਖਣਾ
ਪ੍ਰੀਤ ਚੁੰਬਕ ਨੂੰ ਅਸਰ ਕਰ ਲੈਣ ਦੇ।

ਪੰਜ ਤਤ ਹੋਣੇ ਜ਼ਰੂਰੀ ਮੁਨਤਸ਼ਰ
ਨੂਰ ਪ੍ਰੀਤਾਂ ਦਾ ਜ਼ਰਾ ਝਰ ਲੈਣ ਦੇ।

-99-

ਯਾਦ ਵਤਨਾ  ਦੀ ਸਤਾਵੇ, ਖਿੱਚ ਰਿਸ਼ਤੇ  ਮਾਰਦੇ
ਵਾਂਗ ਕੂੰਜਾਂ  ਉੱਡਣਾ ਵਿਚ, ਦੋਸਤਾਂ ਦੀ ਡਾਰ ਦੇ।

ਪੁੱਤ ਪੋਤੇ  ਯਾਦ  ਆਵਣ,  ਬਾਪ ਬੈਠਾ ‘ਡੀਕਦਾ
ਰੱਖੜੀ ਤੋਂ  ਸੱਖਣੇ  ਇਹ,  ਗੁੱਟ ਵਾਜਾਂ  ਮਾਰਦੇ।

ਸਾਵਣਾ ਦੀ  ਹੈ ਝੜੀ ਜਿਉ,  ਆਣ ਬੂਹੇ  ਮੱਲਦੀ
ਨੈਣ  ਛਮ ਛਮ  ਵੱਸਦੇ ਨੇ,  ਹੌਸਲੇ  ਨੂੰ  ਹਾਰਦੇ।

ਹੋ ਗਿਆ ਮੁਸ਼ਕਲ ਬੜਾ ਦੋ,ਬੇੜੀਆਂ ਵਿਚ ਪੈਰ ਹੈ
ਮੋਹ ਡਾਢੇ  ਪ੍ਰੀਤ ਦੇ ਤੇ, ਵਿੱਛੜੇ  ਘਰ  ਬਾਰ ਦੇ।

ਘੇਰ ਘੁੰਮਣ ਵਿੱਚ ਫਸਕੇ, ਰਹਿ ਗਈ ਹੈ ਜਿੰਦੜੀ
ਹੌਸਲੇ ਦੀ  ਜਰਜਰੀ ਢੋ, ਹਨ ਰਹੇ ਗ਼ਮਖਾਰ ਦੇ।

ਮਾਣ ਲੈਂਦਾਂ ਵਿਚ ਖਿਆਲਾਂ,ਪਹੁਚ ਤੋਂ ਜੋ ਦੂਰ ਹੈ
ਵੇਖ ਸੰਧੂ  ਹੈ ਰਿਹਾ ਸਭ, ਰੰਗ ਇਸ ਸੰਸਾਰ ਦੇ।

# ਜੋਤ
# ਸਾਹਸ
# ਦੀ ਜਗਾ

# ਦੋ ਸ਼ਬਦ

ਨੌਕਰੀ ਤੋਂ ਰੀਟਾਇਰਮੈਂਟ ਉਪਰੰਤ ਕਈ ਤਬਦੀਲੀਆਂ ਆਉਂਦੀਆਂ ਹਨ।ਲੰਮਾਂ ਸਮਾਂ ਘਰੋਂ ਬਾਹਰ ਰਹਿਣ ਕਾਰਣ ਘਰ ਦੇ ਹੇਰਵੇ ਕਾਰਣ, ਘਰ ਰਹਿਣ ਨੂੰ ਜੀ ਕਰਦਾ ਹੈ। ਭੱਜ ਦੌੜ ਤੋਂ ਇਕ ਸਾਹ ਜਿਹਾ ਆਉਂਦਾ ਹੈ।ਦੂਜੇ ਪਾਸੇ ਵੱਡਾ ਬੇਟਾ ਹਰਪ੍ਰੀਤ ਸਿੰਘ ਸਾਲ ਭਰ ਤੋ ਪ੍ਰੇਰਨਾ ਦੇ ਰਿਹਾ ਸੀ ਕਿ ਅਸੀਂ ਦੋਵੇਂ ਜੀ ਉਹਦੇ ਕੋਲ ਕੈਨੇਡਾ ਆ ਜਾਈਏ। ਲੰਮੀ ਮਾਨਸਿਕ ਖਿੱਚੋ ਤਾਣ ਉਪਰੰਤ ਜਦੋਂ ਜਾਣ ਦਾ ਫੈਸਲਾ ਕਰ ਲਿਆ ਤਾਂ ਘਰ ਦੀਆਂ ਲੰਮੀਆਂ ਸਾਂਝਾਂ ਦਾ ਖਲਾਰਾ ਸਾਂਭਦਿਆਂ ਤਨਾਅ ਵਿੱਚ ਇਕ ਦੁੱਖਦਾਈ ਫੈਸਲਾ ਕਰ ਲਿਆ ਕਿ 1954 ਤੋਂ 1995 ਤਕ ਜੋ ਕੁਛ ਲਿਖਿਆ ਹੈ ਉਹ ਅਗਨ ਭੇਂਟ ਕਰ ਦਿਆਂ। ਸੋ ਕਰ ਦਿੱਤਾ! ਅਫਸੋਸ ਸਦ ਅਫਸੋਸ!

1997 ਵਿੱਚ ਕੈਲਗਰੀ ਆਉਣ ਉਪਰੰਤ ਜਦ ਫਿਰ ਲਿਖਣਾ ਸ਼ੁਰੂ ਕਰ ਦਿੱਤਾ ਤਾਂ ਕੀਤੇ ਦਾ ਬੜਾ ਪਛਤਾਵਾ ਲੱਗਾ। 2003 ਵਿੱਚ ਮੇਰਾ 99 ਗ਼ਜ਼ਲਾਂ ਦਾ ਪਹਿਲਾ ਦੀਵਾਨ ‘ਗਾ ਜ਼ਿੰਦਗੀ ਦੇ ਗੀਤ ਤੂੰ’ ਕੈਲਗਰੀ ਵਿੱਚ ਛਪਿਆ। ਮੈਨੂੰ ਇਸ ਗੱਲ ਦਾ ਮਾਨ ਹੈ ਕਿ ਇਹ ਕੈਲਗਰੀ ਵਿੱਚ ਛਪਣ ਵਾਲੀ ਪੰਜਾਬੀ ਦੀ ਪਹਿਲੀ ਪੁਸਤਕ ਸੀ। ਪਾਠਕਾਂ ਤੇ ਅਲੋਚਕਾਂ ਤੇ ਦੋਸਤਾਂ ਵੱਲੋਂ ਚੰਗਾ ਹੁੰਗਾਰਾ ਮਿਲਣ (ਤੇ ਕੁਛ ਤੋਂ ਈਰਖਾ) ਲਈ ਸਭ ਦਾ ਧੰਨਵਾਦ। 2004 ਵਿੱਚ ਜਦ ਫੇਰ ਲੁਧਿਆਣੇ ਗਿਆ ਤਾਂ ਆਪਣੀ ਲਾਇਬ੍ਰੇਰੀ ਸਾਂਭਦਿਆਂ, ਕਤਾਬਾਂ ਫੋਲਦਿਆਂ ਇੱਕਾ ਦੁੱਕਾ ਕੁਛ ਕਵਿਤਾਵਾਂ ਲੱਭ ਪਈਆਂ ਤੇ ਕੁਛ ਪੁਰਾਣੇ ਕਾਲਜ ਮੈਗਜ਼ੀਨਾਂ ਵਿੱਚ ਛਪੀਆਂ ਮਿਲ ਗਈਆਂ। ਆਪਣੀ ਲੇਖਣੀ ਦੇ ਬਾਲ ਵਰੇਸ ਦੇ ਖਡੌਣਿਆਂ ਵਾਂਗ ਸਾਂਭਕੇ ਨਾਲ ਲੈ ਆਂਦੀਆਂ। ਆਕੇ ‘ਗਾ ਜ਼ਿੰਦਗੀ ਦੇ ਗੀਤ ਤੂੰ’ ਗ਼ਜ਼ਲ ਸੰਗ੍ਰਹਿ ਛਪਣ ਤੋਂ ਪਹਿਲਾਂ ਦੀਆਂ ਕੈਲਗਰੀ ਵਿੱਚ ਲਿਖੀਆਂ ਜੋ ਕਵਿਤਾਵਾਂ ਵੀ ਲੱਭ ਸਕੀਆਂ ਉਹ ਵੀ ਇਕੱਠੀਆਂ ਕੀਤੀਆਂ।

‘ਜੋਤ ਸਾਹਸ ਦੀ ਜਗਾ’ ਕਾਵਿ ਸੰਗ੍ਰਹਿ ਵਿੱਚ ਚਾਲੀ ਗ਼ਜ਼ਲਾਂ, ਦਸ ਗੀਤ ਤੇ ਉਨੱਤੀ ਕਵਿਤਾਵਾਂ* ਸੁਹਿਰਦ ਪਾਠਕਾਂ ਲਈ ਪੇਸ਼ ਹਨ।

(*ਜ਼ਰੂਰੀ ਨੋਟ: ਹਥਲੀ ਇਸ ਪੁਸਤਕ ਵਿੱਚ ਗੀਤ ਤੇ ਕਵਿਤਾਵਾਂ ਸ਼ਾਮਲ ਨਹੀਂ)

ਜੋਤ ਸਾਹਸ ਦੀ ਜਗਾ ਤੂੰ, ਜੋਤ ਸਾਹਸ ਦੀ ਜਗਾ
ਰਾਹ ਬਿਖੜੇ ਹੋਣ ਤੇ ਵੀ, ਸਾਥੀਆ ਤੂੰ ਮੁਸਕਰਾ।
ਜਲ ਰਹੇ ਇਸ ਜਗਤ ਨੂੰ ਹੈ, ਲੋੜ ਅਮਨਾਂ ਦੀ ਬੜੀ
ਇਸ ਧੁਆਂਖੀ ਧਰਤ ਉੱਤੇ, ਮੀਂਹ ਅਮਨਾਂ ਦਾ ਵਸਾ।

ਕੈਲਗਰੀ ਮਾਰਚ 2005

*ਸ਼ਮਸ਼ੇਰ ਸਿੰਘ ਸੰਧੂ*
ਐਮ.ਏ; ਐਮ.ਐਡ; ਪੀ.ਈ.ਐਸ (1)
ਰੀ. ਡਿ. ਡਾਇਰੈਕਟਰ ਸਿਖਿਆ ਵਿਭਾਗ ਪੰਜਾਬ।

### -100-

ਜੋਤ ਸਾਹਸ ਦੀ ਜਗਾ ਤੂੰ, ਜੋਤ ਸਾਹਸ ਦੀ ਜਗਾ
ਰਾਹ ਬਿਖੜੇ ਹੋਣ ਤੇ ਵੀ, ਸਾਥੀਆ ਤੂੰ ਮੁਸਕਰਾ।

ਸ਼ਾਸਕਾਂ ਹੈ ਲੁੱਟ ਖਾਧੀ, ਤੇ ਲਤਾੜੀ ਜ਼ਿੰਦਗੀ
ਜੋ ਜਗਾ ਦੇ ਵਕਤ ਨੂੰ ਵੀ, ਗੀਤ ਐਸਾ ਤੂੰ ਅਲਾ।

ਕਲਮ ਤੇਰੀ ਪਾ ਰਹੀ ਜੇ, ਨਿੱਤ ਐਸੇ ਪੂਰਨੇ
ਉੱਜਲੀ ਜੋ ਸੇਧ ਦੇਵਣ, ਪੂਰਨੇ ਤੂੰ ਹੋਰ ਪਾ।

ਯਾਦ ਰੱਖੇਗਾ ਜ਼ਮਾਨਾ, ਓਸ ਨੂੰ ਹੀ ਦੋਸਤਾ
ਰਾਹ ਮਾਨਵ ਦੇ ਲਈ ਜੋ, ਉੱਜਲੇ ਹੈ ਕਰ ਗਿਆ।

ਹੱਲ ਕਰਨਾ ਮੁਸ਼ਕਲਾਂ ਨੂੰ, ਹੈ ਜ਼ਰੂਰੀ ਬਾਤ ਪਰ
ਓਸ ਤੋਂ ਵੀ ਹੈ ਜ਼ਰੂਰੀ, ਸਿੱਖ ਕਰਨਾ ਟਾਕਰਾ।

ਕਰਮ ਕਾਂਡੀ ਧਰਮ ਸਾਰੇ, ਨਾ ਕਿਸੇ ਵੀ ਕੰਮ ਦੇ
ਧਰਮ ਹੈ ਇਨਸਾਨ ਹੋਣਾ, ਸੱਚ ਕਰਕੇ ਦੇ ਵਖਾ।

ਜਲ ਰਹੇ ਇਸ ਜਗਤ ਨੂੰ ਹੈ, ਲੋੜ ਅਮਨਾਂ ਦੀ ਬੜੀ
ਇਸ ਧੁਆਂਖੀ ਧਰਤ ਉੱਤੇ, ਮੀਂਹ ਅਮਨਾਂ ਦਾ ਵਸਾ।

ਫਿਰ ਫਰੰਗੀ ਕਰ ਵਖਾਇਆ, ਹੋਰ ਕਾਰਾ ਦੋਸਤੋ
ਘੁੱਗ ਵਸਦਾ ਦੇਸ ਢਾਇਆ, ਏਸ ਸਾਰਾ ਦੋਸਤੋ।

ਹੈ ਚਤਰ ਤੇ ਜ਼ੋਰਆਵਰ, ਇਹ ਪਖੰਡੀ ਤੇ ਬੜਾ
ਲੂੰਬੜਾਂ ਦੀ ਚਾਲ ਚਲਦਾ, ਯਾਰ ਮਾਰਾ ਦੋਸਤੋ।

ਖਣਕ ਐਸੀ ਡਾਲਰਾਂ ਦੀ, ਏਸ ਦੇ ਹੈ ਸਿਰ ਚੜ੍ਹੀ
ਚੜ੍ਹ ਗਿਆ ਜ਼ਹਿਰੀ ਜਿਵੇਂ ਸਿਰ ਨੂੰ ਅਫਾਰਾ ਦੋਸਤੋ।

ਇਹ ਅਜ਼ਾਦੀ ਵੰਡਦਾ ਹੈ, ਸਾੜਕੇ ਘਰ ਬਾਰ ਨੂੰ
ਜ਼ੁਲਮ ਇਸ ਦਾ ਵਧ ਗਿਆ ਹੈ, ਬੇਸ਼ੁਮਾਰਾ ਦੋਸਤੋ।

ਨਫਰਤਾਂ ਦਾ ਨਾਗ ਕਾਲਾ, ਵਿੱਸ ਫਿਰਦਾ ਘੋਲਦਾ
ਸਾਂਝ ਇਸ ਨੂੰ ਕੀਲਸੀ ਕਰ, ਚਮਤਕਾਰਾ ਦੋਸਤੋ।

ਅਮਨ ਹਾਮੀਂ ਲੋਕ ਜਾਗੋ, ਹੈ ਅਜੇ ਵੀ ਜੇ ਸਮਾਂ
ਕਰ ਦਵੇਗਾ ਇਹ ਨਹੀਂ ਤੇ, ਜੀਣ ਭਾਰਾ ਦੋਸਤੋ।

ਏਕਤਾ ਵਰਦਾਨ ਹੈ ਜੋ, ਦੇਸ਼ ਹਰ ਇਕ ਲੋੜਦਾ
ਸਾਂਝ ਸੂਰਜ ਡੋਬ ਦੇਵੇ, ਜ਼ੁਲਮ ਤਾਰਾ ਦੋਸਤੋ।

ਏਕਤਾ ਦਾ ਪਾਠ ਪੜ੍ਹਕੇ, ਤੋਰ ਤੋਰੋ ਅਮਨ ਦੀ
ਧਰਤ ਦਾ ਹਰ ਬਸ਼ਰ ਮਾਣੇ, ਇਹ ਨਜ਼ਾਰਾ ਦੋਸਤੋ।

ਤੂਤਨੀ ਇਹ ਜੰਗ ਦੀ ਨਿਤ, ਘਾਣ ਮਾਨਸ ਦਾ ਕਰੇ
ਬਣ ਬਲੀ ਦਿਉ ਮਾਰ ਅਮਨਾਂ ਦਾ ਨਗਾਰਾ ਦੋਸਤੋ।

ਰੰਗ ਨਸਲਾਂ ਮਜ਼ਹਬਾਂ ਵਿਚ, ਲੋਕ ਵੰਡੇ ਨਾ ਰਹੋ
ਰਲ ਮਿਟਾਓ ਨਫਰਤਾਂ ਦਾ, ਧੁੰਦਕਾਰਾ ਦੋਸਤੋ।

(ਇਰਾਕ ਤੇ ਹਮਲੇ ਬਾਰੇ ਇਹ ਗ਼ਜ਼ਲ ਵੈਨਕੂਵਰ, ਕੈਨੇਡਾ ਵਿਖੇ ਹੋਈ ਵਰਲਡ ਪੰਜਾਬੀ ਕਾਨਫਰੰਸ ਸਮੇਂ 13 ਜੂਨ 2003 ਨੂੰ ਹੋਏ ਕਵੀ ਦਰਬਾਰ ਵਿੱਚ ਪੜ੍ਹੀ ਗਈ)

-102-

ਮਨ ਦਾ ਬੇੜਾ ਤਰ ਗਿਆ ਸਾਗਰ ਕਈ
ਨਿੱਤ ਲੋਚਾਂ ਮੈਂ ਨਵੇਂ ਅੰਬਰ ਲਈ।

ਨਾ ਰਹੇ ਨੇ ਇਸ਼ਟ ਪਹਿਲੇ ਕਾਰਗਰ
ਇਸ਼ਟ ਟੋਲਾਂ ਮੈਂ ਨਵਾਂ ਮੰਦਰ ਲਈ।

ਘੁੱਗ ਵਸਦੇ ਦੇਸ਼ ਫੂਕੇ ਨਿਤ ਨਵੇਂ
ਖੇਡ ਮਾਚਸ ਹੋ ਗਈ ਬਾਂਦਰ ਲਈ।

ਐ ਸਿਤਮਗਰ ਸੋਚਕੇ ਵਾ'ਦਾ ਕਰੀਂ
ਮੈਂ ਤਿਆਰੀ ਕਰ ਲਵਾਂ ਆਦਰ ਲਈ।

ਘੋਟ ਨਾ ਐਂਵੇਂ ਬੜਾ ਤੂੰ ਫਲਸਫਾ
ਪਿਆਰ ਦੀ ਹੈ ਲੋ ਬੜੀ ਅੰਦਰ ਲਈ।

ਲੁਧਿਆਣੇ ਫੇਰੀ ਸਮੇਂ 24-09-2003

-103-

ਵੇਖ ਕੇ ਪਰਤੌਂ ਤਿਰਾ ਮੈਂ, ਵਿੱਚ ਪੂਰੇ ਚੰਦ ਦੇ
ਫਿਰ ਅਨੇਕਾਂ ਹੀ ਬਣਾਵਾਂ, ਸੁਪਨਿਆਂ ਦੇ ਬੰਗਲੇ।

ਗੁਦਗੁਦੀ ਹੈ ਆਣ ਕਰਦੀ, ਸੋਚ ਤੇਰੇ ਮਿਲਨ ਦੀ
ਮਹਿਕ ਜਾਂਦੀ ਰੂਹ ਸਾਰੀ, ਪ੍ਰੀਤ ਤੇਰੀ ਸੰਗ ਰੇ।

ਯਾਦ ਤੇਰੀ ਦੇ ਸਹਾਰੇ, ਜੀ ਰਿਹਾਂ ਮੈਂ ਦਿਲਬਰਾ
ਯਾਦ ਤੇਰੀ ਨੇ ਬਣਾਏ, ਹਨ ਵਛੋੜੇ ਰੰਗਲੇ।

ਇੱਕ ਤੇਰੀ ਚਿਤਵਨਾ ਜੋ, ਸਾਥ ਮੇਰਾ ਨਾ ਤਜੇ
ਹੋਰ ਸਾਰੇ ਰਿਸ਼ਤਿਆਂ ਨੇ, ਛੱਡ ਦਿੱਤਾ ਸੰਗ ਵੇ।

ਆ ਬਨੇਰੇ ਬੈਠ ਜਾਵੇ, ਕਾਗ ਬਣਕੇ ਯਾਦ ਤੇ
ਨਿੱਤ ਪਾਵਾਂ ਚੂਰੀਆਂ ਮੈਂ, ਅੱਜ ਮਾਹੀ ਆਣਗੇ।

ਲੁਧਿਆਣੇ ਫੇਰੀ ਸਮੇਂ 12-08-2003

-104-

ਰੋਜ਼ ਚੜ੍ਹਦੇ ਰੋਜ਼ ਲਹਿੰਦੇ ਸੂਰਜਾ
ਇਕ ਨਿਰੰਤਰ ਘੋਲ ਦਾ ਦੇਵੇਂ ਪਤਾ।

ਰੋਜ਼ ਚੜ੍ਹਣਾ ਅਜਬ ਤੇਰੀ ਇਕ ਅਦਾ
ਰੋਜ਼ ਲਹਿਕੇ ਹੋ ਵਖਾਵੇਂ ਤੂੰ ਫਿਦਾ।

ਕੀ ਤਿਰਾ ਮਹਿਬੂਬ ਕੋਈ ਹੋਰਥੇ?
ਛੁਪ ਛੁਪਾਕੇ ਰਾਤ ਜਿਸ ਨੂੰ ਭਾਲਦਾ।

ਜਾਂ ਵਿਛੜਿਆ ਵੀਰ ਭਾਲੇਂ ਰਾਤ ਦਿਨ?
ਬਾਪ ਮਾਂ ਦੀ ਯਾਦ ਦਾ ਟੋਲੇਂ ਪਤਾ?

ਸੱਚ ਦੱਸੀਂ ਰਾਤ ਹੀ ਮਹਿਬੂਬ ਹੈ?
ਮੇਲ ਜਿਸਦੇ ਬਾਅਦ ਆਵੇਂ ਜਗਮਗਾ।

ਰੈਣ ਨੂੰ ਜਦ ਜਾ ਮਿਲੇਂ ਖਿੜ ਹੱਸਦੀ
'ਡੀਕਦੀ ਉਹ ਤਾਰਿਆਂ ਸੇਜਾ ਸਜਾ।

ਨਿੱਘ ਤੇਰੀ ਰਾਤ ਲੈ ਕੇ ਮੋੜਵੀਂ
ਝੋਲ ਭਰਦੈ, ਬੇਬਹਾ ਕਿਰਨਾਂ ਲੁਟਾ।

ਲੁਧਿਆਣੇ ਫੇਰੀ ਸਮੇਂ 18-09-2003

-105-

ਬਹੁਤ ਸਾਰੇ ਨੇ ਖਡੌਣੇ, ਘਰ ਦੇ ਅੰਦਰ ਰੁਲ ਰਹੇ
ਸਹਿਕਦੇ ਨੇ ਪਿਆਰ ਨੂੰ ਜੋ, ਅੱਜ ਵੀ ਖੂੰਜੇ ਪਏ।

ਹਨ ਖਡੌਣੇ ਹੋਰ ਲੱਭੇ, ਥਾਂ ਉਨ੍ਹਾਂ ਨੇ ਜਾ ਨਵੀਂ
ਇੰਜ ਮੈਨੂੰ ਲਗ ਰਿਹਾ ਸਭ, ਯਾਦ ਜੀਕਣ ਭੁਲ ਗਏ।

ਲੁੱਟ ਪਾਂਦੇ ਘਰ ਬਗਾਨਾ, ਵੇਖਕੇ ਜਿਉ ਚੋਰ ਨੇ
ਦੌਲਤਾਂ ਵੀ ਰੋਲ ਦੇਵਣ, ਘਰ ਉਜਾੜਣ ਪੁਤ ਬੁਰੇ।

ਜੇਸ ਖਾਤਰ ਤੰਗੀਆਂ ਵੀ, ਜਾਨ ਤੇ ਸਨ ਝੱਲੀਆਂ
ਰੋਲਕੇ ਉਹ ਤੁਰ ਗਏ ਨੇ, ਅੱਜ ਵੇਖੋ ਘਰ ਭਰੇ।

ਨਾਲ ਹਰ ਇਕ ਸ਼ੈ ਜਿਵੇਂ ਸੀ, ਸਾਂਝ ਉਮਰਾਂ ਦੀ ਬਣੀ
ਕਿੰਜ ਸਾਂਝਾਂ ਤੋੜ ਦੇਣਾ, ਦਿਲ ਨਿਮਾਣਾ ਇਹ ਜਰੇ।

ਬੇਮੁਰੱਵਤ ਲੋਕ ਸਾਂਝਾਂ, ਤੋੜ ਜਾਂਦੇ ਲੱਗੀਆਂ
ਲੱਗੀਆਂ ਨੂੰ ਮੂਲ ਨਾ ਇਹ, ਜਾਣਦੇ ਨੇ ਦਿਲ ਮਰੇ।

ਲੁਧਿਆਣੇ ਫੇਰੀ ਸਮੇਂ 13-08-2003

-106-

ਵੇਖ ਯਾਰਾ ਆਪ ਘਰ ਦਾ, ਮੈਂ ਉਜਾੜਾ ਧਰ ਲਿਆ
ਘੁੱਗ ਵਸਦਾ ਜੋ ਸੀ ਵਿਹੜਾ, ਵੇਖ ਚੌਪਟ ਕਰ ਲਿਆ।

ਰਾਤ ਦਿਨ ਜੋ ਵਾਂਗ ਬਿਝੜੇ, ਜੋੜਿਆ ਕੱਖ ਕਾਣ ਸੀ
ਦਿਨ ਦਿਹਾੜੇ ਆਪ ਉਸ ਤੇ, ਜਾਣੂ ਲੰਬੂ ਧਰ ਲਿਆ।

ਇਕ ਬਣਾਇਆ ਸੀ ਮਹਿਲ ਜੋ,ਔਧ ਅਪਣੀ ਜੀਣ ਲੀ
ਬੇਬਸੀ ਵਿਚ ਉਸ ਦਾ ਜਾਣਾ, ਵਾਂਗ ਢੀਠਾਂ ਜਰ ਲਿਆ।

ਫੈਸਲਾ ਇਹ ਮੀਤ ਤੇਰਾ, ਸਿਰ ਤੇ ਅਪਣੇ ਲੈ ਲਿਆ
ਨਾਮ ਤੇਰੇ ਦੁੱਖ ਇਹ ਵੀ, ਵੇਖ ਯਾਰਾ ਜਰ ਲਿਆ।

ਮਹਿਕਿਆ ਸੀ ਬਾਗ਼ ਜਿਹੜਾ, ਨਾਲ ਤੇਰੀ ਪ੍ਰੀਤ ਦੇ
ਨਾਮ ਉਸ ਦਾ ਮੈਂ ਤਦੇ ਸੀ, ਵਾਂਗ ਅਪਣੇ ਘਰ ਲਿਆ।

ਇਕ ਮਕਾਨੋ ਘਰ ਬਣਾਇਆ, ਸੀ ਜੁ ਤੇਰੇ ਸਾਥ ਨੇ
ਬਦਲ ਅਪਣਾ ਨਾਮ ਉਸ ਨੇ, ਹੋਰ ਹੁਣ ਹੈ ਧਰ ਲਿਆ।

ਛੱਡਣੀ ਮੁਸ਼ਕਲ ਬੜੀ ਸੀ, ਜਿਵ ਅਯੁਧਿਆ ਰਾਮ ਲੀ
ਹਾਲਤਾਂ ਦੇ ਵੱਸ ਹੋਕੇ, ਵਾਸ ਬਣ ਦਾ ਵਰ ਲਿਆ।

ਲੁਧਿਆਣੇ ਫੇਰੀ ਸਮੇਂ 30-07-2003

**-107-**

ਦੀਵਾ ਸਦਾ ਮੈਂ ਰੱਖਿਆ, ਬਲਦਾ ਉਡੀਕ ਦਾ
ਚਾਹੇ ਕਿ ਮੈਨੂੰ ਸੀ ਪਤਾ, ਅਪਣੀ ਤੁਫੀਕ ਦਾ।

ਕੁਛ ਦੋਸਤਾਂ ਦੇ ਸਾਥ ਵੀ, ਹੋਂਦੇ ਨੇ ਲੋੜ ਦੇ
ਹੋਇਆ ਸਦਾ ਬਦਨਾਮ ਨਾਂ, ਚੰਦਰੇ ਸ਼ਰੀਕ ਦਾ।

ਨਾ ਸ਼ਬਦ ਚਾਹੇ ਦੇ ਸਕਣ, ਹੁਣ ਸਾਥ ਸੋਚ ਦਾ
ਹਰਦਮ ਧਿਆਵਾਂ ਯਾਰ ਮੈਂ, ਰਾਹਾਂ ਉਡੀਕਦਾ।

ਗਹਿਰੇ ਗ਼ਮਾਂ ਦੇ ਸਾਗਰਾਂ, ਵੀ ਗ਼ਲਤ ਸਮਝਿਆ
ਨਾ ਥਹੁ ਕਦੇ ਉਹ ਲੈ ਸਕੇ, ਆਸ਼ਕ ਦੀ ਝੀਕ ਦਾ।

ਜੋ ਪ੍ਰੇਮ ਦੇ ਰਸਤੇ ਤੁਰੇ, ਨਾ ਕਦਮ ਡੋਲਦੇ
ਸੋਚਾਂ 'ਚ ਪੈਕੇ ਰਹਿ ਗਿਆ, ਬੁੱਧੀ ਬਰੀਕ ਦਾ।

ਧਨਵਾਦ ਤੇਰਾ ਮਾਲਕਾ, ਇਕ ਚਿਣਗ ਬਾਲਕੇ
ਹੈ ਸਾਥ ਸਾਨੂੰ ਬਖ਼ਸ਼ਿਆ, ਸੁਹਣੇ ਰਫੀਕ* ਦਾ।

*ਸਾਥੀ

ਬੁੱਲੇ ਹਵਾ ਦੇ ਨਾਲ ਹੀ, ਮਿਟ ਜਾਣਗੇ ਸਭੋ
ਫਿਰ ਵੀ ਸਮੇਂ ਦੀ ਰੇਤ ਤੇ, ਚਿਹਰਾ ਉਲੀਕਦਾ।

ਲੁਧਿਆਣੇ ਫੇਰੀ ਸਮੇਂ 14-08-2003

## -108-

ਹਰ ਬ੍ਰਿਹਾ ਦੀ ਰਾਤ ਕਾਲੀ, ਦੇਹ ਦੀਪਕ ਰਖ ਦਰਾਂ
ਵਾਂਗ ਜੁਗਨੂੰ ਸੁਹਣਿਆਂ ਵੇ, ਭਾਲ ਤੇਰੀ ਮੈਂ ਕਰਾਂ।

ਕਿਉ ਨ ਕੋਈ ਦੇਂ ਰਿਸ਼ਮ ਤੂੰ, ਇਕ ਦਿਸ਼ਾ ਦੱਸਣ ਲਈ
ਨ੍ਹੇਰਿਆਂ ਦੇ ਘੋਰ ਡੂੰਘੇ, ਢਿੱਡ ਕੱਲਾ ਕਿਵ ਭਰਾਂ।

ਚਾਹ ਤੇਰੇ ਮਿਲਣ ਦੀ ਹੈ, ਤੜਪ ਬਣਦੀ ਜਾ ਰਹੀ
ਨਿੱਤ ਉਗਦੇ ਸੂਰਜਾਂ ਦੀ, ਵਾਟ ਲੰਮੀਂ ਕਿਵ ਜਰਾਂ।

ਹਨ ਤਖ਼ੱਯਲ ਨੇ ਬਣਾਏ, ਜੋ ਇਰਾਦੇ ਰੰਗਲੇ
ਨਾਮ ਉਸ ਦਾ ਦੱਸਦੇ ਤੂੰ, ਮਿੱਤਰਾ ਮੈਂ ਕੀ ਧਰਾਂ।

ਚਾਹ ਤਾਂ ਮੁਹਤਾਜਗੀ ਦਾ, ਨਾਮ ਨਾਹੀਂ ਸੱਜਣਾ
ਇਹ ਮੁਥਾਜੀ ਦੀਦ ਦੀ ਮੈਂ, ਯਾਰ ਕਿੰਨਾ ਚਿਰ ਜਰਾਂ।

ਬਿਨ ਤਿਰੇ ਮੈਨੂੰ ਬਗਾਨੇ, ਲੱਗਦੇ ਨੇ ਸਾਕ ਵੀ
ਸਾਥ ਬਿਨ ਤੇਰੇ ਉ ਯਾਰਾ, ਘਰ ਵੀ ਲਗਦਾ ਏ ਸਰਾਂ।

ਜਿਸ ਗਰਾਂ ਸੀ ਨਾਲ ਤੇਰੇ, ਸਕਲ ਜੀਵਣ ਬੀਤਿਆ
ਅੱਜ ਲੱਗੇ ਓਪਰਾ ਹੁਣ, ਬਿਨ ਤਿਰੇ ਓਹੀ ਗਰਾਂ।

ਲੁਧਿਆਣੇ ਫੇਰੀ ਸਮੇਂ 15-08-2003

-109-

ਸਜਣਾ ਤੁਧ ਬਿਨ ਹੋਇਆ ਅਪਣਾ ਦੇਸ਼ ਬਗਾਨਾ
ਜੋ ਸੀ ਅਪਣੇ ਲਗਦੇ ਬਣਗੇ ਨੇ ਹੁਣ ਤਾਨ੍ਹਾ।

ਜਿੱਥੇ ਰਹਿ ਕੇ ਸਜਣਾ ਆਪਾਂ ਪ੍ਰੀਤ ਹੰਡਾਈ
ਵੀਰਾਨੀ ਉਸ ਥਾਂ ਤੇ ਹੁਣ ਹੈ ਲਾਇਆ ਠਾਣਾ।

ਮਿੱਤਰ ਲੱਗੇ ਹੋਏ ਰੋਜ਼ੀ ਦੀ ਸਭ ਕਾਰੇ
ਤਣਦਾ ਫਿਰਦਾ ਸਭ ਕੋ ਅਪਣਾ ਤਾਣਾ ਬਾਣਾ।

ਦੋਸਤ ਵੀ ਸਭ ਭੁੱਲੇ, ਫਿਰਦੇ ਅੱਖ ਚੁਰਾਈ
ਕਿੱਥੇ ਨੇ ਉਹ ਬੇਲੀ ਨਿੱਘ ਜਿਨਹਾਂ ਦਾ ਮਾਣਾ।

ਸਿਰ ਨੂੰ ਸਲਾਮਾਂ ਆਖਣ ਮੂੰਹ ਮਲ੍ਹਾਜ਼ੇ ਹੁੰਦੇ
ਸਚ ਹੋਇਆ ਹੈ ਕਥਨਾ ਵਰਤ ਗਿਆ ਹੈ ਭਾਣਾ

ਮੈਂ ਸੀ ਬੂਟੇ ਜਿਹੜੇ ਹੱਥੀਂ ਆਪ ਲਗਾਏ
ਅੱਖੀਂ ਕੀਕਣ ਮੈਂ ਹੁਣ ਵੇਖਾਂ ਪੁਟਿਆ ਜਾਣਾ।

ਉਜੜੇ ਘਰ ਨੂੰ ਕਿੱਦਾਂ ਮੁੜਕੇ ਫੇਰਾ ਪਾਸਾਂ
ਨਾ ਕੋ ਮੇਰਾ ਜਾਣੂ ਨਾ ਕੋ ਮੇਰਾ ਲਾਣਾ।

ਲੁਧਿਆਣੇ ਫੇਰੀ ਸਮੇਂ 27-07-2003

-110-

ਸੁਪਨਿਆਂ ਵਿਚ ਸੁਪਨ ਹੋਈਆਂ, ਤੂੰ ਉਮੰਗਾਂ ਦੇਂ ਜਗਾ
ਫੁੱਲ ਮਿੱਟੀ ਹੋ ਗਏ ਨੂੰ, ਫੇਰ ਦੇਵੇਂ ਤੂੰ ਖਿੜਾ।

ਨਾ ਬਖੇੜੇ ਕਰ ਅਜੇਹੇ, ਦੂਰੀਆਂ ਮਜਬੂਰੀਆਂ
ਜਾਨ ਲੇਵਾ ਬਣ ਗਈ ਜੋ, ਤਲਬ ਨਾ ਐਨੀ ਵਧਾ।

ਸੌਂ ਗਏ ਜੋ ਥੱਕ ਕੇ ਹੁਣ, ਨਾਉਮੀਦੀ ਵਿਚ ਹੀ
ਸੁਰ ਅਜੇਹੇ ਸੁੱਤਿਆਂ ਨੂੰ, ਲਾਕੇ ਉਂਗਲ ਨਾ ਜਗਾ।

ਦਰਦ ਇਨਸਾਨੀ ਥੁੜਾਂ ਤੇ, ਜੰਗ ਜਦਲੀ ਪੀੜ ਦਾ
ਕਿਵ ਭਲਾ ਮੈਂ ਪਿਆਰ ਵਿਚ ਵੀ ਭੁੱਲ ਜਾਵਾਂ ਦੋਸਤਾ।

ਚੰਦਰੀ ਜ਼ਿੱਲਤ ਗੁਲਾਮੀ, ਦਾ ਅਜੋਕਾ ਦੌਰ ਜੋ
ਬਰਬਰੀਅਤ ਦਾ ਕੁਲਹਿਣਾ, ਜ਼ੋਰ ਵਧਦਾ ਜਾ ਰਿਹਾ।

ਦਿਲ 'ਚ ਅਪਣੇ ਬਾਲ ਦੀਵੇ, ਉਸ ਅਜ਼ਾਦੀ ਨੂਰ ਦੇ
ਮਾਰ ਹੰਬਲਾ ਬੇਬਸੀ ਦਾ, ਦੇਵੀਏ ਫਸਤਾ ਮੁਕਾ।

ਧਰਮ ਹੈ ਇਨਸਾਨ ਦਾ ਤੇ, ਜੀਵਣਾ ਇਨਸਾਨ ਹੋ
ਸਬਕ ਵਾਧੂ ਕਰਮਕਾਂਡੀ, ਵੀਰ ਸਾਨੂੰ ਨਾ ਪੜ੍ਹਾ।

ਲੁਧਿਆਣੇ ਫੇਰੀ ਸਮੇਂ 30-09-2003

-111-

ਹਨ ਉਡੀਕਾਂ ਤੇਰੀਆਂ ਕਿਵ, ਸਬਰ ਦਾ ਸਾਗਰ ਤਰਾਂ
ਤਰਕ ਤੋਂ ਬੇਤਰਕ ਹੋਏ, ਜਜ਼ਬਿਆਂ ਦਾ ਕੀ ਕਰਾਂ।

ਵਾਂਗ ਨ੍ਹੇਰੀ ਆ ਰਹੇ ਨੇ, ਯਾਦ ਦੇ ਜੋ ਕਾਫਲੇ
ਦਿਲ ਪਛਾਣੇ ਪੈੜ ਨੂੰ ਦਸ, ਮੈਂ ਛੁਪਾਵਾਂ ਕਿਸ ਦਰਾਂ।

ਪਲ ਬਤਾਏ ਜੋ ਮਿਲਣ ਦੇ, ਯਾਦ ਸੱਭੋ ਨੇ ਅਜੇ
ਆਲ੍ਹਣੇ ਵਿਚ ਵੱਸਦੇ ਇਨ, ਪੰਛੀਆਂ ਦਾ ਦਮ ਭਰਾਂ।

ਦੀਪ ਨਜ਼ਰਾਂ ਦਾ ਜਗਾਕੇ, ਵਿਚ ਬਰੂਹਾਂ ਰੱਖਿਆ
ਦੱਸਦੀ ਆਲੇ ਦੀ ਕਾਲਖ, ਪਲ ਬ੍ਰਿਹਾ ਦੇ ਕਿਵ ਜਰਾਂ।

ਕੋਹ ਕਾਲੇ ਹਨ ਵਿਰਾਨੀ, ਦੇ ਬਿਤਾਏ ਰਾਤ ਦਿਨ
ਯਾਰ ਤੈਨੂੰ ਨਿਤ ਉਡੀਕਾਂ, ਆ ਖੁਸ਼ੀ ਦੇ ਪਲ ਵਰਾਂ।

ਸਾਜ਼ ਚੋਂ ਆਵਾਜ਼ ਜੀਕਣ, ਆਂਵਦੀ ਹੈ ਛੇੜਿਆਂ
ਨਿੱਤ ਸਿਮਰਨ ਸਰਗਮਾਂ ਦਾ, ਮੀਤ ਮੇਰੇ ਮੈਂ ਕਰਾਂ।

ਬੇ ਮੁਹਾਰੀ ਚਿਤਵਨਾ ਨੂੰ, ਨਾ ਲਗਾਮਾਂ ਪੈ ਸਕਨ
ਸਾਥ ਤੇਰਾ ਪਾ ਲਵਾਂ ਤਾਂ, ਗ਼ਮ ਜੁਦਾਈ ਦੇ ਹਰਾਂ।

ਲੁਧਿਆਣੇ ਫੇਰੀ ਸਮੇਂ 23-08-2003

-112-

ਅੱਗ ਤੇ ਅਸਪਾਤ ਦਾ ਇਹ, ਹੜ ਜੋ ਚੜ੍ਹਦਾ ਆ ਰਿਹਾ
ਉੱਠ ਸ਼ੇਰੋ ਰੋਕੀਏ ਰਲ, ਜ਼ੁਲਮ ਦਾ ਇਹ ਕਾਫਲਾ।

ਹਰ ਮੁਹੱਬਤ ਹਰ ਫਸਾਨਾ, ਏਸ ਨੇ ਹੈ ਫੂਕਣਾ
ਇਕ ਬਿਮਾਰੀ ਹੀ ਨਹੀਂ ਹੁਣ, ਬਣ ਗਈ ਹੈ ਇਹ ਵਬਾ।

ਖੇਤ ਸਾੜੇ ਨਰ ਨਿਘਾਰੇ, ਨਾ ਬਚੇ ਹੈਵਾਨ ਵੀ
ਹਰ ਤਰਫ ਹੀ ਪਕੜ ਜ਼ੁਲਮੀਂ, ਰਾਤ ਦਿਨ ਲੈਂਦਾ ਵਧਾ।

ਘਰ ਜੋ ਮੰਗਣ ਆਪਣਾ ਤੇ, ਧਰਤ ਲੋਚਣ ਆਪਣੀ
ਦੋ ਗਜ਼ਾਂ ਦੀ ਧਰਤ ਦੇ ਕੇ, ਨੀਂਦ ਗੂੜ੍ਹੀ ਦੇ ਸੁਲਾ।

ਐ ਮਿਰੇ ਮਹਿਬੂਬ ਤੂੰ ਵੀ, ਗੀਤ ਵੱਖਰਾ ਛੇੜ ਦੇ
ਪਿਆਰ ਦੇ ਗੀਤਾਂ ਦੇ ਕਾਬਿਲ,ਨ ਰਹੀ ਹੁਣ ਇਹ ਫ਼ਿਜ਼ਾ।

ਰਾਮ ਈਸਾ ਤੇ ਨਬੀ ਨੇ, ਸੋਚਦੇ ਨਾਨਕ ਸਭੋ
ਕੁਰਕਸ਼ੇਤਰ ਤੋਂ ਭਿਆਨਕ, ਧਰਤ ਹੋਈ ਕਰਬਲਾ।

ਅਗਰ ਸੀਨੇ ਸੁਲਗਦੀ ਹੈ, ਲਾਟ ਹਾਲੀ ਜੀਣ ਦੀ
ਭੂਤਰੇ ਇਸ ਦੈਂਤ ਨੂੰ ਰਲ, ਨੱਥ ਪਾ ਦੇਵੋ ਸਜ਼ਾ।

ਲੁਧਿਆਣੇ ਫੇਰੀ ਸਮੇਂ 30-09-2003

-113-

ਰੁੱਸ ਜਾਣਾ ਓਸ ਦਾ ਮੈਂ, ਕਿਵ ਜਰਾਂ
ਰੁੱਸਿਆ ਦਰਦੀ ਮਨਾਵਾਂ, ਕਿਸ ਤਰਾਂ।

ਸੈਨਤਾਂ ਕਰਦਾ ਓ ਨਜ਼ਰਾਂ, ਨੂੰ ਚੁਰਾ
ਜਿਉ ਕਲੀ ਮਹਿਕਾਂ ਉਡਾਵੇ,ਬਿਨ ਪਰਾਂ।

ਨਾ ਸਤਾ ਤੂੰ ਯਾਰ ਬਹੁਤੇ, ਦਰਦੀਆ
ਮੈਂ ਤਿਰੀ ਬੇਦਰਦ ਆਦਤ, ਤੋਂ ਡਰਾਂ।

ਹੈ ਸੁਗੰਧੀ ਯਾਰ ਤੇਰੀ, ਬੇਬਹਾ
ਚਿਤਵਨਾ ਤੇ ਛਾ ਰਹੀ ਸਭ, ਸੁਖ ਵਰਾਂ।

ਵਹਿਸ਼ਤਾਂ ਤੇ ਦਹਿਸ਼ਤਾਂ ਦੇ, ਭੂਤ ਨੇ
ਵੇਖ ਖਾਲੀ ਸਭ ਕਰੇ ਵਸਦੇ ਗਰਾਂ।

ਅੱਗ ਤੇ ਅਸਪਾਤ ਦੀ ਇਹ, ਖਣਕ ਜੋ
ਜ਼ੁਲਮ ਦੀ ਦੀਵਾਰ ਢਾਕੇ, ਮੈਂ ਮਰਾਂ।

ਲੁਧਿਆਣੇ ਫੇਰੀ ਸਮੇਂ 07-10-2003

-114-

ਪ੍ਰੇਮ ਝੂਲਾ ਤੂੰ ਝੁਲਾਕੇ, ਯਾਰ ਨਾ ਦੇਵੀਂ ਦਗਾ
ਬਿਖੜੀਆਂ ਰਾਹਾਂ ਤੇ ਤੁਰਦੇ, ਪੈਰ ਜਾਂਦੇ ਡਗਮਗਾ।

ਆਪ ਵਣਜੀ ਅੱਗਦਾ ਤੇ, ਖੁਦ ਕਰਾਵੇ ਅਮਨ ਇਹ
ਰਾਵਨਾਂ ਦੁਰਯੋਧਨਾਂ ਦਾ, ਲੱਗਦਾ ਵੱਡਾ ਭਰਾ।

ਹਰ ਤਰਫ ਹੈ ਬਾਜ਼ ਲੌਂਦਾ, ਬੋਟ ਸੁੰਝੇ ਆਲ੍ਹਣੇ
ਆਪ ਚੋਗਾ ਸੁੱਟਦਾ ਤੇ, ਆਪ ਝਪਟਾ ਮਾਰਦਾ।

ਲਾਇਲਮ ਲਾਚਾਰ ਲੋਕੀਂ, ਜਾਲ ਇਸ ਦੇ ਆ ਫਸਣ
ਪੁੱਤ ਖੋਹੇ ਮਾਪਿਆਂ ਤੋਂ, ਭੈਣ ਤੋਂ ਖੋਹੇ ਭਰਾ।

ਨਾ ਇਲਮ ਨਾ ਧਰਮ ਕੋਈ, ਰੋਕ ਇਸ ਤੇ ਪਾ ਸਕੇ
ਰੱਬ ਬਣਕੇ ਬੈਠਿਆ ਹਰਨਾਕਸ਼ਾਂ ਦਾ ਪੋਤਰਾ।

ਲੋਕਤੰਤਰ ਦਾ ਮਖੌਟਾ, ਪਾ ਫਰੰਗੀ ਭੂਤਿਆ
ਅੱਗ ਤੇ ਅਸਪਾਤ ਵਰਤੇ, ਜਗਤ ਸਾਰਾ ਲੈ ਡਰਾ।

ਪਿਆਰ ਦੇ ਹੁਣ ਗੀਤ ਕੀਕਣ, ਗਾ ਸਕੇਗੀ ਜ਼ਿੰਦਗੀ
ਜਦ ਤਲਕ ਨਿਰਦੋਸ਼ ਦਾ ਹੀ, ਖੂਨ ਡੁਲ੍ਹੇ ਜਾ ਬਜਾ।

ਲੁਧਿਆਣੇ ਫੇਰੀ ਸਮੇਂ 02-10-2003

-115-

ਕਰਦਾ ਰਹੇ ਜੋ ਸਾਮਨਾ, ਛਾਏ ਹਨੇਰ ਦਾ
ਮੱਥਾ ਜ਼ਰੂਰੀ ਚੁੰਮਸੀ, ਸੂਹੀ ਸਵੇਰ ਦਾ।

ਬਾਰੂਦ ਵੰਡੇਂ ਰਾਤ ਦਿਨ, ਜ਼ੁਲਮੀਂ ਫ਼ਰੰਗੀਆ
ਝੂਠੇ ਮਗਰ ਦੇ ਵਾਂਗ ਹੈਂ, ਹੰਝੂ ਵੀ ਕੇਰਦਾ।

ਰੋਟੀ ਨੂੰ ਯਾਰੋ ਸਹਿਕਦੇ, ਬੀਤੇ ਜੋ ਆਰਜਾ
ਰੋਣਾ ਰਹੇ ਉਹ ਰੋਂਵਦਾ, ਖਾਲੀ ਚੰਗੇਰ ਦਾ।

ਜੀਂਦਾ ਉ ਕੀ ਜੋ ਰੋਜ਼ਹੀ, ਜੀਂਦਾ ਤੇ ਮਰ ਗਿਆ
ਸੂਰੇ ਦੇ ਵਾਂਗੂੰ ਜੀਵਨਾ, ਬੰਦੇ ਦਲੇਰ ਦਾ।

ਹੈ ਕੰਡਿਆਂ ਨੇ ਘੇਰਿਆ, ਚਾਹੇ ਗੁਲਾਬ ਨੂੰ
ਫਿਰ ਵੀ ਤੂੰ ਯਾਰਾ ਵੇਖ ਲੈ, ਮਹਿਕਾਂ ਖਲੇਰਦਾ।

ਮੁਖੜੇ ਨੂੰ ਤੇਰੇ ਦੋਸਤਾ, ਜਦ ਮੈਂ ਨਿਹਾਰਦਾਂ
ਰਹਿ ਟਾਕਰੇ ਲੀ ਕੂੜ ਦੇ, ਮੈਨੂੰ ਪਰੇਰਦਾ।

ਅਸਮਤ ਗ਼ਰੀਬਾਂ ਦੀ ਜਿਵੇਂ, ਰੁਲਦੀ ਬਜ਼ਾਰ ਹੈ
ਖਾਬਾਂ 'ਚ ਵੀ ਹੈ ਤੌਖਲਾ, ਆ ਸੋਚ ਘੇਰਦਾ।

-116-

ਸਿਰ ਤੋਂ ਸਾਇਆ ਉਠ ਗਿਆ ਹੈ, ਦੋਸਤੋ ਹੁਣ ਬਾਪ ਦਾ
ਛਤਰ ਸਿਰ ਤੋਂ ਮਿਹਰ ਦਾ ਜਿਵ, ਲਹਿ ਗਿਆ ਹੈ ਜਾਪਦਾ।

ਕੌਣ ਆਖੂ ਸ਼ੇਰ ਪੁੱਤਰ, ਆ ਮਿਲੇਂਗਾ ਤੂੰ ਕਦੋਂ
ਦਿਲ ਵਿਚਾਰਾ ਕੀ ਕਰੇਗਾ, ਏਸ ਪਸਚਾਤਾਪ ਦਾ।

ਹਨ ਬੜਾ ਭੰਡਾਰ ਮਾਪੇ, ਨਿਹਮਤਾਂ ਦਾ ਜੱਗ ਤੇ
ਖੋ ਗਏ ਬਹੁ ਯਾਦ ਆਵਣ, ਦਿਲ ਵਿਛੋੜੇ ਮਾਪਦਾ।

ਨਾ ਤਲਾਫੀ ਹੋ ਸਕੇਗੀ, ਏਸ ਤੇ ਨੁਕਸਾਨ ਦੀ
ਬਾਨਵੇਂ ਦਾ ਬਾਪ ਮੋਹਨ, ਸੀ ਸਦੀ ਦੇ ਨਾਪ ਦਾ।

ਜੇਸ ਥਾਂ ਸੀ ਸਿੰਘ ਮੋਹਨ, ਸੋਹਣ ਸੀਤਲ ਵੱਸਦੇ
ਰੰਗ ਬਾਕੀ ਤੇ ਰਹੇਗਾ, ਦਿਲ ਤੇ ਲੱਗੀ ਛਾਪ ਦਾ।

ਕਹਿ ਸ਼ਿਅਰ ਦਿਲ ਨੂੰ ਤਸੱਲੀ, ਦੇ ਰਿਹਾਂ ਮੈਂ ਝੂਠੜੀ
ਤਾਨ ਜਾਪੇ ਮੁੱਕਿਆ ਹੁਣ, ਬੇਬਸੇ ਵਿਰਲਾਪ ਦਾ।

ਦਿਲ ਕਰੇਗਾ ਬੀਤ ਚੁੱਕੀ, ਹਰ ਘੜੀ ਦਾ ਹੁਣ ਗਿਲਾ
ਸਿਰਫ ਹਾਸਲ ਰਹਿ ਗਿਆ ਹੈ, ਹੁਣ ਮਿਰੇ ਸੰਤਾਪ ਦਾ।

ਯਤਨ ਕੀਤੇ ਦੋਸਤੋ ਜੋ, ਦਰਦ ਵੰਡੇ ਜਾਣਦੇ
ਫੋਨ ਕੀਤੇ ਦਰਦ ਵੰਡੇ, ਸ਼ੁਕਰੀਆ ਹੈ ਆਪ ਦਾ।

ਸਿਰ ਤੋਂ ਸਾਇਆ ਉਠ ਗਿਆ ਹੈ, ਦੋਸਤੋ ਹੁਣ ਬਾਪ ਦਾ
ਛਤਰ ਸਿਰ ਤੋਂ ਮਿਹਰ ਦਾ ਜਿਵ,ਲਹਿ ਗਿਆ ਹੈ ਜਾਪਦਾ।

(ਮੇਰੇ ਮਾਨਯੋਗ ਪਿਤਾ ਜੀ, ਸ. ਮੋਹਨ ਸਿੰਘ ਸੰਧੂ, ਰੀਟਾਇਰਡ ਇਨਸਪੈਕਟਰ, ਪੰਜਾਬ ਪੁਲੀਸ, 26 ਜਨਵਰੀ 2004 ਨੂੰ 92 ਸਾਲ ਦੀ ਉਮਰ ਭੋਗਕੇ ਸਦੀਵੀ ਵਛੋੜਾ ਦੇ ਗਏ।)

-117-

ਚਾਰ ਦਿਨ ਦੀ ਜ਼ਿੰਦਗੀ ਨੂੰ, ਯਾਦਗਾਰੀ ਦੇ ਬਣਾ
ਛੱਡ ਦੇ ਤੂੰ ਸਭ ਗਿਲਾਨੀ, ਦਿਲ ਤੇ ਖੇੜਾ ਤੂੰ ਲਿਆ।

ਫਿਰ ਕਰੇਂਗਾ ਯਾਦ ਬੈਠਾ, ਬੀਤ ਚੁੱਕੀ ਔਧ ਨੂੰ
ਪਲ ਜੋ ਬਾਕੀ ਰਹਿ ਗਏ ਨੇ, ਕਰਮ ਕਰਕੇ ਤੂੰ ਪੁਗਾ।

ਯਾਦ ਕਰਕੇ ਰੋਣ ਪਿੱਛੋਂ, ਨਾ ਕਿਸੇ ਵੀ ਕੰਮ ਦਾ
ਹੈ ਅਜੇ ਵੀ ਵਕਤ ਬਾਕੀ, ਦੇ ਬਦੀ ਨੂੰ ਤੂੰ ਮੁਕਾ।

ਰਿਸ਼ਤਿਆਂ ਦੀ ਤੰਦ ਕੱਚੀ, ਹੈ ਬੜੀ ਹੀ ਮਿੱਤਰਾ
ਹੋ ਸਕੇ ਤਾਂ ਗੰਢ ਪੱਕੀ, ਇੱਕ ਦੇ ਹੀ ਨਾਲ ਪਾ।

ਜੋ ਕਿਸੇ ਦੇ ਕੰਮ ਆਵੇ, ਤੂੰ ਬਿਤਾ ਉਹ ਜ਼ਿੰਦਗੀ
ਮਰਤਬਾ ਜੇ ਯਾਰ ਚਾਹੇਂ, ਦੇ ਖ਼ੁਦੀ ਨੂੰ ਤੂੰ ਮਿਟਾ।

ਪਰਬਤਾਂ ਤੇ ਸਾਗਰਾਂ ਨੂੰ, ਚੀਰਦੇ ਨੇ ਮਰਦ ਹੀ
ਮੱਲ ਉਸ ਕੀ ਮਾਰਨੀ ਜੋ, ਵਾਟ ਮਿਣਦਾ ਹੀ ਰਿਹਾ।

ਨੂਰ ਬਰਸੇਗਾ ਸਦਾ ਉਸ, ਮੁੱਖੜੇ ਤੋਂ ਦੋਸਤਾ
ਕਰ ਇਰਾਦਾ ਜੇਸ ਨੇ ਹੈ, ਮੰਜ਼ਲਾਂ ਨੂੰ ਪਾ ਲਿਆ।

-118-

ਨਾ ਚੈਣ ਏਥੇ ਨਾ ਖ਼ੁਸ਼ੀ, ਓਥੇ ਸਖੀ ਮੈਂ ਕੀ ਕਰਾਂ
ਮੈਂ ਨਾਲ ਦਾਰੂ ਦਰਮਲਾਂ, ਇਹ ਦਰਦ ਦਿਲਦੇ ਕਿਵ ਹਰਾਂ।

ਹਨ ਪਾਲਕੇ ਕੀਤੇ ਜਵਾਂ, ਰੀਝਾਂ ਦੇ ਵਾਂਗੂੰ ਜੋ ਸਦਾ
ਨੈਣਾਂ 'ਚ ਲਟਕੇ ਸੁਪਨਿਆਂ, ਦੇ ਰੰਗ ਬਾਕੀ ਮੈਂ ਭਰਾਂ।

ਜਦ ਨਾਲ ਜੀਣਾ ਬੁਜ਼ਦਿਲੀ, ਮੈਂ ਸਿੱਖਿਆ ਨਾ ਦੋਸਤੋ
ਫਿਰ ਵਹਿਮ ਤੇ ਅਗਿਆਨ ਦੇ, ਮੈਂ ਕਿਵ ਫਰੇਬਾਂ ਨੂੰ ਜਰਾਂ।

ਜੋ ਗੱਦੀਆਂ ਤੇ ਜਾਬਰੀਂ, ਹਨ ਮਾਰ ਬੈਠੇ ਕੁੰਡਲੀ
ਲਾਜ਼ਮ ਬੜਾ ਹੈ ਤੋੜਨਾ, ਇਨ ਜ਼ੁਲਮੀਆਂ ਦੇ ਚੱਕਰਾਂ।

ਹੇਠਾਂ ਬਟੇਰਾ ਪੈਰ ਦੇ, ਜੇ ਆ ਗਿਆ ਹੈ ਦੋਸਤੋ
ਪਰ ਮੈਂ ਕਦੀ ਨਾ ਉੱਡਦਾ, ਖ਼ੁਸ਼-ਫਹਿਮੀਆਂ ਦੇ ਹੀ ਪਰਾਂ।

ਅੰਮ੍ਰਿਤਸਰ ਫੇਰੀ ਸਮੇਂ 01-05-2004

-138-

ਘਰ 'ਚ ਅਪਣੇ ਆਖ਼ਰੀ ਪਲ,ਜੀਣ ਦੀ ਹਸਰਤ ਬੜੀ
ਮੀਤ ਜਿੱਥੇ ਨਾਲ ਸੀ ਉਹ, ਸੀ ਸੁਹਾਣੀ ਹਰ ਘੜੀ।

ਦੂਰ ਤੈਥੋਂ ਘਰ 'ਚ ਅਪਣੇ, ਐਂ ਰਿਹਾਂ ਜੀਵਣ ਬਿਤਾ
ਜਿਉ ਜਲਾਵਤਨੀ ਦੀ ਕੱਟਾਂ, ਕੈਦ ਹਰ ਦਮ ਮੈਂ ਕੜੀ।

ਫ਼ਖ਼ਰ ਮੈਨੂੰ ਹੈ ਬੜਾ ਉਸ, ਵਕਤ ਰੰਗਲੇ ਦਾ ਜਦੋਂ
ਯਕ ਯਕਾ ਯਕ ਅੱਖ ਸੀ ਉਸ, ਨਾਲ ਸੁਹਣੀ ਦੇ ਲੜੀ।

ਨਾ ਸੁਹਾਵੇ ਖ਼ੁਸ਼ਕ ਮੌਸਮ, ਨਾ ਸੁਹਾਵੇ ਸੌਣ ਮਾਂਹ
ਬਣ ਘਟਾ ਘਣਘੋਰ ਆਵਣ, ਵਾਲ ਤੇਰੇ ਬਣ ਝੜੀ।

ਕਰ ਨਜ਼ਰ ਤੂੰ ਬਦਲ ਦੇਂਵੇਂ, ਮੌਸਮਾਂ ਦੇ ਅਰਥ ਵੀ
ਫੇਰ ਲੈਂ ਜਦ ਨਜ਼ਰ ਲੱਗੇ, ਹੈ ਖ਼ਿਜ਼ਾਂ ਸਿਰ ਤੇ ਖੜੀ।

ਲੁਧਿਆਣੇ ਫੇਰੀ ਸਮੇਂ 29-06-2004

-119-

ਜੋ ਦੇ ਸਕੇ ਨਾ ਹੌਸਲਾ, ਕੀ ਦੋਸਤੀ ਦਾ ਫਿਰ ਮਜ਼ਾ
ਗੱਲੀਂ ਜੁ ਰਿਸ਼ਤੇ ਪਾਲਦਾ,ਨਾ ਹੋ ਸਕੇ ਦਿਲ ਤੋਂ ਸਕਾ।

ਹੈ ਕਰਮ ਹੀਣਾ ਧਰਮ ਜੋ, ਉਹ ਨਾ ਕਿਸੇ ਵੀ ਕੰਮ ਦਾ
ਕਰਕੇ ਵਖਾਵਾ ਛਲ ਕਰੇ, ਕੀ ਧਰਮ ਬੰਦੇ ਓਸ ਦਾ।

ਜੇ ਲੋੜਦਾ ਹੈਂ ਨਾ ਕਿਸੇ, ਦਾ ਦਿਲ ਦੁਖਾਵੇਂ ਤੂੰ ਕਦੀ
ਲੈ ਸਿੱਖ ਤੂੰ ਵੀ ਖੋਲਣਾ, ਦਿਲ ਬੰਦ ਬੂਹਾ ਨਾ ਬਣਾ।

ਨਾ ਨਿਹਫਲੇ ਰੁੱਖਾਂ ਤੇ ਪਾ, ਤੂੰ ਆਸ ਦਾ ਕੋ ਆਲ੍ਹਣਾ
ਕਰ ਦਰਦਮੰਦੀ ਦਰਦ ਤੂੰ, ਯਾਰਾ ਕਿਸੇ ਦਾ ਲੈ ਵੰਡਾ।

ਜਾਵੇ ਉਦਾਸੀ ਪਰਤਕੇ, ਜਦ ਵੇਖ ਲੈ ਤੇਰਾ ਜਲੌ
ਤੂੰ ਵੰਡ ਖੁਸ਼ੀਆਂ ਦੇ ਖੁਸ਼ੀ, ਤੇ ਵੰਡ ਖੁਸ਼ੀਆਂ ਲੈ ਵਧਾ।

-120-

ਓਸ ਦਿਲ ਨੂੰ ਮੈਂ ਕਿਵੈਂ ਮੈਲਾ ਕਹਾਂ
ਜੇਸ ਖਾਤਰ ਛੱਡਿਆ ਹੈ ਮੈਂ ਜਹਾਂ।

ਹਨ ਦੁਆਰੇ ਢੇਰ ਤੇਰੇ ਦੌਲਤਾਂ
ਮੈਂ ਦੁਆਰੇ ਹੱਥ ਖਾਲੀ ਕਿਵ ਢਹਾਂ।

ਮੰਜ਼ਲਾਂ ਦੀ ਵੇਖ ਦੂਰੀ ਚੰਦਰੀ
ਦਿਲ ਉਤੇਜਤ ਹੋ ਰਿਹਾ ਮੈਂ ਜਾ ਲਹਾਂ।

ਹੈ ਹਵਾ ਦੇ ਨਾਲ ਪੱਕੀ ਸਾਂਝ ਪਰ
ਉਸ ਹਵਾ ਦੇ ਹੀ ਮੁਖ਼ਾਲਿਫ ਮੈਂ ਵਹਾਂ।

ਹੋ ਗਿਆ ਕੀ ਦੂਰ ਮੰਜ਼ਲ ਹੋ ਗਈ
ਹੈ ਇਸ਼ਾਰੇ ਕਰ ਰਹੀ ਚੁਪ ਨਾ ਬਹਾਂ।

ਨੂਰ ਤੇਰਾ ਹਰ ਤਰਫ ਹੈ ਫੈਲਿਆ
ਨਜ਼ਰ ਤੂੰ ਹੀ ਆਂਵਦਾ ਦੇਖਾਂ ਜਹਾਂ।

ਹੈ ਲਿਖੀ ਜੋ ਪੀੜ ਮੇਰੇ ਨਾਮ ਤੂੰ
ਮੁਸਕਰਾ ਕੇ ਪੀੜ ਸਾਰੀ ਮੈਂ ਸਹਾਂ।

ਅੰਮ੍ਰਿਤਸਰ ਫੇਰੀ ਸਮੇਂ 15-05-2004

-121-

ਲੁੱਟ ਕੈਸੀ ਮੱਚ ਗੀ ਹੈ, ਲੁੱਟਣੇ ਦਾ ਢੰਗ ਵੇਖ
ਕਿਵ ਸਿਆਸਤ ਕਰ ਰਹੀ ਹੁਣ,ਜ਼ਿੰਦਗੀ ਬਦਰੰਗ ਵੇਖ।

ਸਾਕਤੇ ਨਾ ਦੇਣ ਕੁਸਕਣ, ਫਿਰ ਸਹਾਰੇ ਜ਼ੋਰ ਦੇ
ਹੱਕ ਦੀ ਜੋ ਮੰਗ ਕਰਦਾ, ਦੇਣ ਪੁੱਠਾ ਟੰਗ ਵੇਖ।

ਲੋਕ ਤੰਤਰ ਖੇਲ੍ਹ ਐਸੀ, ਬਣ ਗਿਆ ਹੈ ਜਾਪਦਾ
ਚੋਰ ਡਾਕੂ ਬਣ ਗਏ ਨੇ, ਏਸ ਦਾ ਹੀ ਅੰਗ ਵੇਖ।

ਜੇ ਸਹਾਰਾ ਲੈ ਲਵੇਂ ਤੂੰ, ਮਾਨਵੀ ਹੀ ਸੋਚ ਦਾ
ਫੁੱਟ ਪੈਸੀ ਫੇਰ ਲਾਜ਼ਮ, ਏਕਤਾ ਦੀ ਗੰਗ ਵੇਖ।

ਨਾ ਵਰਾਏ ਵਿਰਚਦਾ ਇਹ, ਦਿਲ ਅਨੋਖੀ ਚੀਜ਼ ਹੈ
ਰੀਝ ਜਾਵੇ ਜੇਸ ਤੇ ਫਿਰ, ਨਾ ਮੁੜੇ ਅੜਬੰਗ ਵੇਖ।

ਜੋ ਨਿਕਲ ਜੇ ਤੀਰ ਹੱਥੋਂ, ਫੇਰ ਨਾ ਵਾਪਸ ਮੁੜੇ
ਖੇੜਿਆਂ ਤੋਂ ਹੀਰ ਵਾਪਸ, ਪਰਤਸੀ ਨਾ ਝੰਗ ਵੇਖ।

ਤੱਕ ਲੈ ਤੂੰ ਸ਼ਾਸਕਾਂ ਦੀ, ਲੋਕਰਾਜੀ ਨਸਲ ਨੂੰ
ਲੋਕ ਪੱਖੀ ਸੋਚ ਨੂੰ ਹੁਣ, ਹੋ ਗਿਆ ਅਧਰੰਗ ਵੇਖ।

ਅੰਮ੍ਰਿਤਸਰ ਫੇਰੀ ਸਮੇਂ 10-05-2004

-122-

ਸਫਰ ਤੇ ਜਾਣ ਲੱਗੇ, ਨਾ ਮਿਲੇ, ਨਾ ਲਗ ਗਲੇ ਰੋਏ
ਸਜਣ ਦੇ ਰੁੱਸ ਜਾਵਣ ਤੇ, ਨੇ ਬੂਹੇ ਬੰਦ ਸਭ ਹੋਏ।

ਕਟੀ ਹੈ ਰਾਤ ਅੱਖਾਂ ਵਿਚ, ਨਹੀਂ ਪਲ ਨੀਂਦ ਵੀ ਆਈ
ਛੁਪਾਵਾਂ ਮੈਂ ਬਥੇਰਾ ਪਰ, ਕਹਾਣੀ ਕਹਿ ਰਹੇ ਕੋਏ।

ਸਫਰ ਲੰਮੇਂ 'ਚ ਰਾਹੀ ਜੇ, ਰਹੇ ਬਾ-ਖ਼ਬਰ ਮੁਸ਼ਕਲ ਤੋਂ
ਸਦਾ ਹੀ ਪੰਧ ਫੜਦਾ ਕਰ, ਤਿਆਰੀ ਉਹ ਤੁਰੇ ਲੋਏ।

ਰਹੇ ਮਾਂ ਨੌਕਰੀ ਤੇ ਘਰ, ਵਿਚਾਲੇ ਹੀ ਸਦਾ ਵੰਡੀ
ਤਦੇ ਫਿਰਦੇ ਨੇ ਬੱਚੇ ਤੇ, ਸਦਾ ਟੀ ਵੀ 'ਚ ਹੀ ਖੋਏ।

ਰਹੇ ਨੇ ਹੋਰ ਵਧਦੇ ਹੀ, ਕਿਓਂ ਇਹ ਫਾਸਲੇ ਨਿਸਦਿਨ
ਰਿਹਾ ਪਾ ਲੋਕ ਤੰਤਰ ਹੀ, ਜਿਵੇਂ ਵੱਟਾਂ ਅਤੇ ਟੋਏ।

ਅੰਮ੍ਰਿਤਸਰ ਫੇਰੀ ਸਮੇਂ 15-05-2004

-123-

ਨਿਸ ਦਿਨ ਵੇਖਾਂ ਕਿੰਜ ਆ ਲੱਗਣ,ਫੁੱਲਾਂ ਦੇ ਗਲ 'ਵਾਵਾਂ ਹੂ
ਸਜਣਾ ਦੀ ਗਲਵਕੜੀ ਨੂੰ ਹੁਣ,ਤਰਸਣ ਮਿਰੀਆਂ ਬਾਵਾਂ ਹੂ।

ਵਾਰੋ ਵਾਰੀ ਤੁਰਗੇ ਮਾਪੇ, ਕਰਗੇ ਦੁਨੀਆਂ ਖਾਲੀ ਨੇ
ਸਿਰ ਤੋਂ ਉੱਠੇ ਸਾਏ ਸਾਰੇ, ਮੁਕੀਆਂ ਠੰਢੀਆਂ ਛਾਂਵਾਂ ਹੂ।

ਆਪੋ ਧਾਪੀ ਮੱਚੀ ਏਥੇ, ਦੁਨੀਆਂ ਦੇ ਵਿੱਚ ਸਾਰੇ ਹੀ
ਦੁਖ ਵੰਡਾਵਣ ਵਾਲਾ ਯਾਰੋ, ਦਿਸਦਾ ਟਾਂਵਾਂ ਟਾਂਵਾਂ ਹੂ।

ਸੰਗ ਤੇਰੇ ਸੀ ਕੁਟੀਆ ਮੈਨੂੰ, ਮਹਿਲਾਂ ਵਰਗੀ ਲਗਦੀ ਓ
ਬਿਨ ਤੇਰੇ ਉਹ ਭਾਵਣ ਨਾਹੀਂ, ਮੋਹਨ ਨਾ ਉਹ ਥਾਂਵਾਂ ਹੂ।

ਦੋਸਤ ਬੇਲੀ ਠੰਢੇ ਪੈਗੇ, ਰਿਸ਼ਤੇ ਮੁਕਦੇ ਜਾਂਦੇ ਨੇ
ਵਾਜ ਕਿਨ੍ਹਾਂ ਨੂੰ ਮਾਰਾਂ ਜਾਕੇ, ਮਿਲਣ ਕਿਨ੍ਹਾਂ ਨੂੰ ਜਾਵਾਂ ਹੂ।

ਅੰਮ੍ਰਿਤਸਰ ਫੇਰੀ ਸਮੇਂ 20-05-2004

-124-

ਨਾ ਆਵੇ ਰਾਤ ਯਾਰੋ ਇਹ, ਬੜੀ ਚੰਦਰੀ ਬਲਾ ਹੈ
ਸਿਤਾਰੇ ਮੈਂ ਗਿਣਾਂ ਡੂੰਘੀ, ਕਹਿਰ ਦੀ ਇਹ ਖਲਾ ਹੈ।

ਸਜਣ ਤੂੰ ਕਹਿ ਗਿਓਂ ਕਲਨੂੰ, ਇਥਾਂਹੀਂ ਪਰਤ ਆਸਾਂ
ਨਹੀਂ ਉਹ ਕਲ ਕਦੇ ਆਈ, ਤੇਰੀ ਕੈਸੀ ਕਲਾ ਹੈ।

ਜਦੋਂ ਵੀ ਦੇਖਦਾਂ ਕੋ ਸਚ, ਸਲੀਬੇ ਟੰਗਿਆ ਮੈਂ
ਭਰਮ ਮੈਨੂੰ ਪਵੇ ਜੀਕਣ, ਇਹ ਮੇਰਾ ਹੀ ਗਲਾ ਹੈ।

ਕਬਰ ਉੱਤੇ ਰਗੜ ਮੱਥੇ, ਮਨਾ ਸਭ ਇਸ਼ਟ ਲੈਂਦੇ
ਫਿਰਾਂ ਮੈਂ ਢੂੰਡਦਾ ਪਰ ਨਾ, ਮਿਲੇ ਕੈਸਾ ਅਲ੍ਹਾ ਹੈ।

ਰਿਹਾ ਮੈਂ ਪਕੜਦਾ ਪਰਛਾਂ, ਤਿਰੀ ਨੂੰ ਯਾਰ ਐਂਵੇਂ
ਜਦੋਂ ਮੈਂ ਦੇਖਿਆ ਅੰਦਰ, ਸਦਾ ਲਾਗੇ ਖਲ੍ਹਾ ਹੈ।

ਦਰਦ ਦੇਵੇ ਦਰਦ ਵੰਡੇ, ਅਦਾ ਕੈਸੀ ਸਜਣ ਦੀ
ਰਮੇਂ ਉਹ ਰੋਮ ਅੰਦਰ ਜਦ, ਕਿਹਾ ਫਿਰ ਤੌਖਲਾ ਹੈ।

ਦਿਲਾ ਛਡ ਭਟਕਨਾ ਬਾਹਰ, ਲਵੀਂ ਤੂੰ ਭਾਲ ਅੰਦਰ
ਗਵਾ ਜੋ ਹੋਸ਼ ਸੌਂਦੇ ਨੇ, ਸਿਲਾ ਮਾਰੂ ਥਲਾ ਹੈ।

ਲੁਧਿਆਣੇ ਫੇਰੀ ਸਮੇਂ 03-06-2004

-125-

ਜੇ ਅਪਣੇ ਸਾਏ ਤੋਂ ਹੀ ਡਰ ਜਾਓਗੇ
ਤਾਂ ਕੀਕਣ ਚਾਨਣ ਦਾ ਸਾਥ ਨਿਭਾਓਗੇ।

ਹੈ ਦਿਨ ਦਾ ਸਾਯਾ ਕਾਲੀ ਇਹ ਜੋ ਰਾਤ੍ਰੀ
ਘਬਰਾਕੇ ਕਿੱਦਾਂ ਇਸ ਨੂੰ ਰੁਸ਼ਨਾਓਗੇ।

ਲੋੜ ਬੜੀ ਹੈ ਰਾਜ ਰਹੇ ਹੁਣ ਲੋਕਾਂ ਦਾ
ਪਰ ਧਨਵਾਨ ਹਰਾ ਜੇ ਅਕਲ ਜਤਾਓਗੇ।

ਉੱਠੋ ਖ਼ਾਮੋਸ਼ੀ ਦਾ ਹੁਣ ਵਕਤ ਨਹੀਂ ਹੈ
ਬਲ ਧਾਰੋ ਤਾਂ ਨੀਂਦੋਂ ਲੋਕ ਜਗਾਓਗੇ।

ਦਰਤੇ ਆ ਜਦ ਅਲਖ ਜਗਾਈ ਰਾਂਝੇ ਨੇ
ਆਲੇ ਟਾਲੇ ਛਡਕੇ ਭੱਜੇ ਆਓਗੇ।

ਖੈਰ ਬਹਾਨੇ ਦੀਦ ਤਿਰੀ ਦਾ ਅਭਿਲਾਖੀ
ਪਰਦੇ ਤਜਕੇ ਚੁੰਨੀ ਵੀ ਭੁਲ ਜਾਓਗੇ।

ਹੁਣ ਨਾ ਐਂਵੇਂ ਮੋੜੀ ਜਾਵੋ ਮੁਖੜੇ ਨੂੰ
ਤੁਰ ਜਾਵਾਂਗੇ ਫਿਰ ਬੈਠੇ ਪਛਤਾਓਗੇ।

**-126-**

ਡੁਬ ਡੁਬਾਂਦੇ ਨੈਣ ਮੇਰੇ, ਜ਼ਖ਼ਮ ਦਿਲਦੇ ਢੱਕਦੇ
ਆਪ ਰੋਂਦੇ ਦਿਲ ਦੀ ਪੀੜਾ, ਪਰ ਲਕੋਈ ਰੱਖਦੇ।

ਹੈ ਜ਼ਮਾਨੇ ਦਾ ਚਲਨ ਹੀ, ਬੇਜ਼ੁਬਾਂ ਨੂੰ ਮਾਰਨਾ
ਅੱਗ ਤੇ ਅਸਪਾਤ ਵਾਲੇ, ਨਾ ਜ਼ੁਲਮ ਤੋਂ ਝੱਕਦੇ।

ਹੈ ਕਿਸਾਂ* ਦੀ ਜ਼ਿੰਦਗੀ ਹੁਣ, ਬੇਕਸੀ ਵਿਚ ਮੁਬਤਲਾ
ਨਾ ਕਦੇ ਹਾਕਮ ਸੁਣਾਵੇ, ਬੋਲ ਉਹਦੇ ਹੱਕ ਦੇ।

* ਕਿਸਾਨ

ਹੈ ਟਿਕਾਣਾ ਖੋ ਗਿਆ ਹੁਣ, ਜ਼ਿੰਦਗੀ ਹੈ ਬੇ ਮਜ਼ਾ
ਹੁਣ ਰਕੀਬਾਂ ਦੀ ਗਲੀ ਹਾਂ, ਖਾਕ ਫਿਰਦੇ ਫੱਕਦੇ।

ਬੇਦਰਦ ਹਾਕਮ ਕਸਾਈ, ਹੋ ਗਏ ਨੇ ਇਸ ਕਦਰ
ਵੋਟ ਲੈਕੇ ਵੋਟਰਾਂ ਨੂੰ, ਲੁੱਟਦੇ ਨਾ ਥੱਕਦੇ।

ਤਾਕਤਾਂ ਦੇ ਬੇਲਗਾਮੇਂ, ਜ਼ੋਰ ਦਾ ਹੈ ਰਾਜ ਇਹ
ਜ਼ੋਰਆਵਰ ਮਾਰਦੇ ਨਾ, ਮਾੜਿਆਂ ਨੂੰ ਝੱਕਦੇ।

ਦੋਸਤਾਂ ਦੀ ਦੋਸਤੀ ਤੋਂ, ਜ਼ਖਮ ਖਾਧੇ ਜੋ ਅਸਾਂ
ਸ਼ਰਮ ਦੇ ਮਾਰੇ ਅਸੀਂ ਹਾਂ, ਪੀੜ ਫਿਰਦੇ ਢੱਕਦੇ।

ਲੁਧਿਆਣੇ ਫੇਰੀ ਸਮੇਂ 27-04-2004

-127-

ਸੀਮਤ ਕਰੋ ਨਾ ਕਥਨ ਨੂੰ, ਥੋਥੇ ਬਿਆਨ ਤਕ
ਹਰ ਤੋਲਕੇ ਹੀ ਆਣ ਤੂੰ, ਅੱਖਰ ਜ਼ੁਬਾਨ ਤਕ।

ਸਿਰ ਕਲਮ ਹੋਕੇ ਜਾ ਡਿਗੇ, ਜੋ ਬੂਹੇ ਯਾਰ ਦੇ
ਸਮਝੂੰ ਖ਼ੁਦਾਈ ਮਿਲ ਗਈ, ਸਜਦੇ 'ਚ ਜਾਣ ਤਕ।

ਨੈਣਾਂ ਜੇ ਬੂਹੇ ਖੋਲ੍ਹਤੇ, ਦਿਲ ਦੇ ਮਕਾਨ ਦੇ
ਥੋੜਾ ਸੰਭਲ ਤੂੰ ਐ ਦਿਲਾ, ਹੋਸ਼ਾਂ ਗਵਾਨ ਤਕ।

ਪੰਡਤ ਮੁਲਾਣੇ ਆਖਦੇ, ਭਾਈ ਤੇ ਪਾਦਰੀ
ਮੁਸ਼ਕਲ ਬੜਾ ਹੈ ਪਹੁਚਣਾ, ਉਸਦੇ ਸਥਾਨ ਤਕ।

ਹਨ ਦਰਦ ਮੂੰਹੋਂ ਕੂਕਦੇ, ਕਰਦੇ ਬਿਆਨ ਇਹ
ਜਲਦੇ ਮੁਲਕ ਦੀ ਵਾਜ ਨਾ, ਪਹੁਚੇ ਜਹਾਨ ਤਕ।

ਲਾਈਆਂ ਜਿਨ੍ਹਾਂ ਨੇ ਯਾਰ ਦੇ, ਤਕਵੇ ਉ ਜਾਣਦੇ
ਆਪਾ ਗਵਾਕੇ ਭਾਲਣਾ, ਸਾਹਾਂ ਦੇ ਜਾਣ ਤਕ।

ਬੁਜ਼ਦਿਲ ਨਹੀਂ ਗੇ ਜ਼ਾਲਮਾਂ, ਵਾਰਾਂ ਗੇ ਜਾਨ ਵੀ
ਲੜਦੇ ਰਹਾਂਗੇ ਹੱਕ ਲੀ, ਰਹਿੰਦੇ ਜਹਾਨ ਤਕ।

ਲੁਧਿਆਣੇ ਫੇਰੀ ਸਮੇਂ 26-04-2004

-128-

ਹਰ ਥਾਂ ਹੀ ਦੇਸ਼ਾਂ ਦੀ ਖ਼ਾਤਰ, ਜਾਂਦੇ ਨੇ ਸਿਰ ਵਾਰੀ ਲੋਕ
ਅਪਣੇ ਅਪਣੇ ਧਰਮਾਂ ਉੱਤੋਂ, ਜਾਂਦੇ ਨੇ ਬਲਹਾਰੀ ਲੋਕ।

ਲੋੜਾਂ ਥੋੜਾਂ ਤੇ ਤਰਸੇਂਵੇਂ, ਹਰ ਥਾਂ ਸਹਿਣੇ ਪੈਂਦੇ ਨੇ
ਦੂਰ ਸੁਹਾਵੇ ਬਾਗਾਂ ਵੱਲੇ, ਤਾਂ ਹੀ ਲਾਣ ਉਡਾਰੀ ਲੋਕ।

ਢਿੱਡ ਭਰੇ ਦੀ ਗਲ ਹੈ ਸਾਰੀ, ਤਾਂ ਹੀ ਗੱਲਾਂ ਔੜਦੀਆਂ
ਖਾਲੀ ਢਿੱਡਾਂ ਦਾ ਨੇ ਲਾਹਾ, ਲੈਂਦੇ ਆਣ ਬਪਾਰੀ ਲੋਕ।

ਹਰ ਕੋਈ ਬਲ ਨੂੰ ਵਰਤ ਰਿਹਾ, ਅਪਣੀ ਅਪਣੀ ਖ਼ਾਤਰ ਹੀ
ਹਕ ਦੂਜੇ ਦੇ ਖੁਹ ਲੈਂਦੇ ਨੇ, ਬਲ ਵਾਲੇ ਬਦਕਾਰੀ ਲੋਕ।

ਨਾ ਕੋ ਦਰਦੀ ਝੂਠੇ ਰਿਸ਼ਤੇ, ਹੋਂਦੇ ਆਣ ਦੁਆਲੇ ਨੇ
ਦੁਖਦੇ ਦਿਲ ਨੂੰ ਆਣ ਦੁਖਾਵਣ, ਮਾਰਨ ਸੱਟ ਕਰਾਰੀ ਲੋਕ।

ਜਦ ਵੀ ਅਪਣੇ ਖੁੱਸੇ ਹੋਏ, ਮੰਗਣ ਲੋਕੀਂ ਹੱਕਾਂ ਨੂੰ
ਹੱਕਾਂ ਦੀ ਥਾਂ ਸੂਲੀ ਦੇਵਣ, ਛਿੱਥੇ ਹੋ ਅਧਿਕਾਰੀ ਲੋਕ।

ਰੋਟੀ ਖਾਵਣ ਕੰਮੀਂ ਜਾਵਣ, ਇਹ ਹੈ ਸਾਡੀ ਰੀਤ ਬਣੀ
ਡਰ ਡਰ ਸਾਰਾ ਜੀਵਣ ਬੀਤੇ, ਬਣਗੇ ਕਾਰੋਬਾਰੀ ਲੋਕ।

ਬੇਲੀ ਹਰ ਕੋ ਲਾਹੇ ਦਾ ਹੈ, ਯਾਰੀ ਵਕਤੀ ਲੋੜਾਂ ਦੀ
ਭੀੜਾਂ ਵੇਲੇ ਦੇਣ ਬਦਾਵੇ, ਐਸੀ ਪਾਲਣ ਯਾਰੀ ਲੋਕ।

ਲੁਧਿਆਣੇ ਫੇਰੀ ਸਮੇਂ 09-06-2004

-129-

ਤੇਰੇ ਬਿਨ ਤਾਂ ਸਾਰਾ ਘਰ ਹੀ, ਜਾਪੇ ਮੈਨੂੰ ਠਰਿਆ ਸਜਨੀ
ਚਿੱਟੇ ਚਾਨਣ ਵਿਚ ਵੀ ਉਮਢੇ, ਜਿਵ ਨ੍ਹੇਰੇ ਦਾ ਦਰਿਆ ਸਜਨੀ।

ਕੰਧਾਂ ਕੌਲੇ ਵੀ ਨੇ ਡਰਦੇ, ਅਪਣੇ ਅਪਣੇ ਸਾਏ ਤੋਂ ਹੀ
ਡਰਦੇ ਮਾਰੇ ਦੁਖੜਾ ਜਰਨਾ, ਕੀ ਦੁਖੜਾ ਇਹ ਜਰਿਆ ਸਜਨੀ।

ਢੇਰ ਪਏ ਨੇ ਲਾਸ਼ਾਂ ਦੇ ਪਰ, ਫਿਰ ਵੀ ਮਕਤਲ ਆਖਣ ਖ਼ਾਲੀ
ਹਰ ਕਾਤਲ ਨੂੰ ਮੈਂ ਵੰਗਾਰਾਂ, ਇਹ ਨਾ ਮੈਥੋਂ ਸਰਿਆ ਸਜਨੀ।

ਨੀਵੀਂ ਪਾਕੇ ਪੂਛ ਦਬਾਕੇ, ਹਰ ਇਕ ਬੰਦਾ ਤਕਦਾ ਹੈ ਪਰ
ਬਣਕੇ ਨਾਨਕ ਜੋ ਵੰਗਾਰੇ, ਹੀਆ ਨਾ ਕਿਸ ਕਰਿਆ ਸਜਨੀ।

ਕਾਂਵਾਂ ਰੌਲੀ ਚਾਰ ਚੁਫੇਰੇ, ਕੋਈ ਨਾ ਦਿਲ ਦਾ ਸਾਥੀ ਹੈ
ਤੜਪਾਂ ਮੈਂ ਤੇ ਯਾਰ ਵਿਹੂਣਾ, ਦਿਲ ਰਹਿੰਦਾ ਹੈ ਭਰਿਆ ਸਜਨੀ।

ਜੰਗ ਦਾ ਤਾਂਡਵ ਹਰ ਥਾਂ ਛੋਹੇ, ਅਜ ਦਾ ਇਹ ਦੁਰਯੋਧਨ ਵੇਖੋ
ਮਿੱਤਰ ਵੀ ਨਾ ਸਾਥ ਪੁਗਾਵਣ, ਹਰ ਕੋ ਬੈਠਾ ਡਰਿਆ ਸਜਨੀ।

ਹਰ ਥਾਂਵੇਂ ਹੀ ਕਰਨ ਉਜਾੜਾ, ਕਰਕੇ ਮਕਰ ਅਜ਼ਾਦੀ ਵਾਲਾ
ਸਾੜੇ ਫੂਕੇ ਦੇਸ਼ਾਂ ਅੰਦਰ, ਬੂਟ ਰਹੂ ਕੋ ਹਰਿਆ ਸਜਨੀ।

ਲੁਧਿਆਣੇ ਫੇਰੀ ਸਮੇਂ 10-06-2004

-130-

ਸੂਹੇ ਸਾਵੇ ਰੰਗਾਂ ਨੇ ਹੈ, ਰਾਸ ਰਚੀ ਪੁਰਵਾਈ ਵਿਚ
ਰੰਗ ਅਨੇਕਾਂ ਆਣ ਭਰੇ ਨੇ, ਯਾਦਾਂ ਨੇ ਤਨਹਾਈ ਵਿਚ।

ਤਨਹਾ ਦਿਲਦੀ ਤਨਹਾਈ ਨੂੰ, ਹੋਰ ਘਨੇਰਾ ਕਰ ਜਾਵੇ
ਮਹਿਕ ਤਿਰੀ ਦਾ ਚਿਤਵਨ ਯਾਰਾ,ਯਾਦਾਂ ਦੀ ਗਹਿਰਾਈ ਵਿਚ।

ਦੁਸ਼ਮਨ ਕੋਲੋਂ ਹਰ ਵੇਲੇ ਹੀ, ਚੇਤਨ ਰਹਿਣਾ ਚੰਗਾ ਹੈ
ਜ਼ਰਦੀ ਹਰਦਮ ਛੁਪਕੇ ਬੈਠੇ, ਮੌਸਮ ਦੀ ਹਰਿਆਈ ਵਿਚ।

ਸਿਰ ਤੋਂ ਪੈਰਾਂ ਤੀਕਰ ਅੱਖਾਂ, 'ਡੀਕ ਤਿਰੀ ਵਿਚ ਬਣ ਜਾਵਾਂ
ਵੇਖਾਂ ਜਦ ਵੀ ਰਾਹਾਂ ਦੇ ਹੈ, ਧੂੜ ਜਿਹੀ ਲਹਿਰਾਈ ਵਿਚ।

ਰਾਤਾਂ ਦਾ ਮਸਤਾਇਆ ਸੂਰਜ, ਦਗਦਗ ਦਿਨ ਨੂੰ ਆਣ ਚੜ੍ਹੇ
ਵਾਹੋ ਦਾਹੀ ਫਿਰ ਜਾ ਲੁਕਦਾ, ਰਾਤਾਂ ਦੀ ਪਰਛਾਈ ਵਿਚ।

ਲੁਧਿਆਣੇ ਫੇਰੀ ਸਮੇਂ 11-06-2004

-131-

ਘਾਣ ਕਰਦੇ ਆ ਰਹੇ ਨੇ, ਲੋਕ ਰਾਜੀ ਵੀਰ ਹੀ
ਬਦਲਨੀ ਹੁਣ ਲਾਜ਼ਮੀ ਹੈ, ਦੇਸ਼ ਦੀ ਤਸਵੀਰ ਹੀ।

ਦੇਸ਼ ਦੀ ਹੁਣ ਵਾਗ ਵੇਖੋ, ਹੱਥ ਆਈ ਰਹਿਜ਼ਨਾਂ
ਭਾਗ ਬਦਲੂ ਦੇਸ਼ ਦੇ ਕੋ, ਉੱਠਕੇ ਬਲਬੀਰ ਹੀ।

ਸਭ ਥਕੇਂਵੇਂ ਦੂਰ ਹੁਣ ਤੇ, ਹੋ ਗਏ ਨੇ ਜਾਪਦੇ
ਸੋਧ ਲੈ ਤੂੰ ਕਾਰ ਵਿਗੜੇ, ਹੈ ਅਕਲ ਸ਼ਮਸ਼ੀਰ ਹੀ।

ਕਰ ਸਿਆਸਤ ਕਾਰਗਰ ਜੋ, ਕੰਮ ਜਨਤਾ ਦੇ ਕਰੇ
ਦੇਸ਼ ਮੰਗੇ ਰਹਿਬਰੀ ਨੂੰ, ਛੱਡ ਨਾ ਬੇਪੀਰ ਹੀ।

ਹਰ ਪੜਾ ਤੇ ਜ਼ਿੰਦਗੀ ਦੇ, ਦਨਦਨਾਂਦੇ ਹਾਂ ਰਹੇ
ਜਿੱਤਨਾ ਹਰ ਖੇਡ ਨੂੰ ਹੀ, ਹੈ ਮਿਰੀ ਤਕਦੀਰ ਹੀ।

ਅੰਮ੍ਰਿਤਸਰ ਫੇਰੀ ਸਮੇਂ 5-07-2004

-132-

ਡਿੱਗਿਆ ਹਰਏਕ ਅੱਥਰ, ਯਾਰ ਤੇਰੇ ਨਾਮ ਦਾ
ਮਹਿਕਿਆ ਹਰਏਕ ਪਲ ਹੈ, ਇਸ ਉਦਾਸੀ ਸ਼ਾਮਦਾ।

ਦਿਲ ਮਿਰਾ ਹਰ ਵਕਤ 'ਡੀਕੇ, ਚਾਪ ਤੇਰੇ ਪੈਰ ਦੀ
ਚਿਤਵਨਾ ਵੀ ਸਾਥ ਮੰਗੇ, ਅਣਕਹੇ ਪੈਗਾਮ ਦਾ।

ਕਿਵ ਕਰਾਂ ਇਤਬਾਰ ਵਾਹੇ, ਪਾਣੀਆਂ ਤੇ ਨਕਸ਼ ਦਾ
ਛੱਡ ਦਿਲ ਤੇ ਨਕਸ਼ ਪੱਕੇ, ਆਸਰਾ ਨਾ ਖ਼ਾਮ* ਦਾ।

* ਕੱਚਾ

ਬਸ ਰੁਕੋ ਹੁਣ ਰਾਜ ਏਥੇ, ਹੋ ਗਿਆ ਹੈ ਲੋਕ ਦਾ
ਖਾਸ ਹੈ ਰਸਤਾ ਕਿ ਏਥੇ, ਕੰਮ ਨਾਹੀ ਆਮ ਦਾ।

ਹਨ ਨਿਤਾਣੇ ਸਮਝ ਬੈਠੇ, ਜੋ ਲੁਕਾਈ ਨੂੰ ਅਜੇ
ਨਾ ਨਤੀਜਾ ਜਾਣਦੇ ਉਹ,ਛਿੜ ਚੁਕੀ ਇਸ ਲਾਮ ਦਾ।

ਕੂਕਦੇ ਤੇ ਬੋਲਦੇ ਨੇ, ਸ਼ਬਦ ਐਸੇ ਲੋਕ ਹੁਣ
ਤੌਖਲਾ ਹੈ ਲੀਡਰਾਂ ਨੂੰ, ਭੁੱਖ ਦੇ ਅੰਜਾਮ* ਦਾ।

* ਨਤੀਜਾ

ਹੱਥ ਲਿਬੜੇ ਖ਼ੂਨ ਵਿਚ ਨੇ, ਇਨ ਪਖੰਡੀ ਲੀਡਰਾਂ
ਰੰਗ ਗੋਰਾ ਮੁੱਖ ਦਾ ਜੋ, ਰੰਗ ਹੋਸੀ ਸ਼ਾਮ ਦਾ।

ਲੁਧਿਆਣੇ ਫੇਰੀ ਸਮੇਂ 12-06-2004

-133-

ਦੂਰ ਸੁਣਾਂ ਜਦ ਬਨਸੀ ਵਜਦੀ, ਲੋਚਾਂ ਰਾਂਝਣ ਆਣ ਵੜੂ
ਕਾਲੀ ਬੋਲੀ ਰਾਤ ਚੜ੍ਹੈ ਜਦ, ਸਮਝਾਂ ਸੂਰਜ ਆਣ ਚੜ੍ਹੂ।

ਢੋਲਕ ਤਬਲੇ ਵਾਜੇ ਚਿਮਟੇ, ਲੈਕੇ ਛੈਣੇ ਆਣ ਵੜੇ
ਏਤੇ ਗਾਵਣ ਰਾਗ ਅਲਾਵਣ, 'ਡੀਕਣ ਡਾਲਰ ਹੋਰ ਝੜੂ'।

ਕਹਿੰਦੇ ਨੇ ਇਹ ਢੋਂਗਾਂ ਵਾਲੇ, ਜਗ ਨੂੰ ਆਪਾਂ ਤਾਰਾਂਗੇ
ਧੁਰ ਤੋਂ ਵੀਜ਼ਾ ਲੈਕੇ ਆਏ, ਇਹਨਾਂ ਅੱਗੇ ਕੌਣ ਅੜੂ।

ਅਣਪੜ੍ਹ ਅੰਧਵਿਸ਼ਵਾਸੀ ਵਹਿਮਾਂ, ਭਰਮਾਂ ਮਾਰੇ ਲੋਕ ਬੜੇ
ਆਖਣ ਬਾਬਾ ਇਹ ਜੋ ਆਇਆ,ਵਿਚ ਰੇਖਾਦੇ ਮੇਖ ਜੜੂ।

ਬਾਬਾ ਨਾਨਕ ਵੀ ਸ਼ਰਮਾਵੇ, ਏਸ ਪਖੰਡੀ ਟੋਲੇ ਤੋਂ
ਦਸਵਾਂ ਨਾਨਕ ਜੇ ਆ ਜਾਵੇ, ਟਿੰਡ ਇਨ੍ਹਾਂ ਦੀ ਖੂਬ ਘੜੂ।

ਪੀਕੇ ਦਾਰੂ ਕਰਨ ਬਖੇੜਾ, ਕੁੱਟਣ ਵਹੁਟੀ ਬੱਚੇ ਜੋ
ਪੱਕੀ ਸਮਝੋ ਨਾਰ ਵਿਹਾਜੀ, ਹੋਰ ਕਿਸੇ ਦਾ ਹੱਥ ਫੜੂ।

ਆਓ ਰਲਕੇ ਜੋਤ ਜਗਾਈਏ, ਸਭ ਧਰਮਾਂ ਦੇ ਏਕੇ ਦੀ
ਏਕੋ ਹੀ ਜੇ ਸਭ ਦਾ ਵਾਲੀ, ਕੀਕਣ ਗ਼ੈਰਾਂ ਨਾਲ ਖੜੂ।

ਲੁਧਿਆਣੇ ਫੇਰੀ ਸਮੇਂ 13-06-2004

-134-

ਰੋਜ਼ ਖਾਓ ਦੋਸਤੋ ਹੈ, ਗ਼ਮ ਤੁਹਾਡੇ ਵਾਸਤੇ
ਨਾਲ ਧੱਕੇ ਵੋਟ ਲੈਕੇ, ਹਾਂ ਅਸੀਂ ਆਰਾਸਤੇ।

ਫਿਕਰ ਕਰਨਾ ਹੁਣ ਤੁਸੀਂ ਨਾ,ਦੇਸ਼ਦੀ ਬਹਿਬੂਦ* ਦਾ
ਹਾਂ ਤਜਰਬੇਕਾਰ ਸਾਰੇ, ਲੁੱਟਣੇ ਦੇ ਵਾਸਤੇ।

* ਬਿਹਤਰੀ, ਭਲਾਈ

ਕਤਲ ਕਰਕੇ ਮਾਰ ਡਾਕੇ, ਗੱਦੀਆਂ ਨੇ ਮੱਲੀਆਂ
ਹੱਥ ਪਾਵਾਂਗੇ ਅਸੀਂ ਰਲ, ਦੇਸ਼ ਦੀ ਸਭ ਰਾਸ ਤੇ।

ਜਬਰ ਕਰਨਾ ਹੱਕ ਸਾਡਾ, ਲੁੱਟਣਾ ਹੈ ਧਰਮ ਹੀ
ਚੁੱਪ ਕਰਕੇ ਬੈਠੋ ਵਰਨਾ, ਵੱਜਣੀ ਹੈ ਨਾਸ ਤੇ।

ਰਾਜ ਕਰਨੇ ਦਾ ਸਲੀਕਾ, ਉਹ ਭਲਾ ਕੀ ਚੀਜ਼ ਹੈ?
ਵੰਡ ਖਾਵਾਂਗੇ ਅਸੀਂ ਤਾਂ, ਕਰ ਭਰੋਸਾ ਦਾਸ ਤੇ।

ਦੇਸ਼ ਭਗਤੀ ਦਾ ਜ਼ਮਾਨਾ, ਗੱਲ ਬੀਤੇ ਵਕਤ ਦੀ
ਹੁਣ ਖੜਾਂਵਾਂ ਰਾਜ ਕਰਸਣ, ਹੈ ਅਕਲ ਬਣਬਾਸ ਤੇ।

ਲੁਧਿਆਣੇ ਫੇਰੀ ਸਮੇਂ 15-06-2004

-135-

ਇਕ ਸਾਥ ਹੈ ਤਨਹਾਈ ਦਾ, ਮਨਕੇ ਰਿਹਾਂ ਮੈਂ ਯਾਰ ਫੇਰ
ਹੈ ਵਿਰਦ ਤੇਰੇ ਨਾਮ ਦਾ, ਤੇ ਯਾਦ ਤੇਰੀ ਹੈ ਸੁਮੇਰ।

ਤਪਦੇ ਥਲੀਂ ਸੱਸੀ ਕਰੇ, ਹੈ ਭਾਲ ਪੁੰਨੂੰ ਦੀ ਜਿਵੇਂ
ਵਿਚ ਤੜਪ ਦੀ ਇਸ ਤਪਸ਼ ਦੇ,ਵੀ ਨਜ਼ਰ ਆਵੇਂ ਤੂੰ ਚੁਫੇਰ

ਭੁੱਖਾਂ ਦੇ ਭੰਨੇ ਲੋਕ ਨੇ, ਝੱਖੜ ਦੇ ਝੰਬੇ ਰੁੱਖ ਜਿਉ
ਨੇਤਾਗਿਰੀ ਨਾ ਚੱਲਸੀ, ਭਾਰੀ ਬੜੀ ਪੈਣੀ ਇ ਦੇਰ।

ਨਾ ਬੰਦ ਬੂਹੇ ਕਰਨ ਤੇ, ਰੁਕਨੇ ਬਿਫਰਨੇ ਲੋਕ ਜਦ
ਇਹ ਜਾਗਣੇ ਨੇ ਲੋਕ ਸਭ, ਵੱਜੀ ਜਦੋਂ ਅਕਲਾਂ ਦੀ ਭੇਰ।

ਸਭ ਛਟਕ ਜਾਣਾ ਦੇਰ ਹੈ, ਥੋੜੀ ਹਨੇਰਾ ਜਾਣ ਵਿਚ
ਹਨ ਜਗਮਗਾਨੇ ਚਾਨਣੇ, ਆਈ ਜਦੋਂ ਸੂਹੀ ਸਵੇਰ।

ਘੋੜਾ ਇਹ ਅਥਰਾ ਵਕਤ ਦਾ, ਕਰਨੀ ਸਵਾਰੀ ਹੈ ਕਠਨ
ਤੂੰ* ਮਰਦ ਕਾਮਲ ਬਣ ਵਖਾ, ਲੈ ਪਕੜ ਵਾਗਾਂ ਹੋ ਦਲੇਰ।

* ਮਨਮੋਹਨ ਸਿੰਘ ਵੱਲ ਸ਼ਿਾਰਾ ਹੈ

ਹੈ ਹਾਰ ਦਾ ਤੇ ਜਿੱਤ ਦਾ, ਬਸ ਫਰਕ ਥੋੜਾ ਸੱਜਣਾ
ਇਕ ਛਿੱਟ ਚਾਨਣ ਦੀ ਜਿਵੇਂ, ਕਰ ਦੂਰ ਦੇਵੇ ਸਭ ਹਨੇਰ।

ਲੁਧਿਆਣੇ ਫੇਰੀ ਸਮੇਂ 15-06-2004

-136-

ਸਮਝਦਾ ਸਾਂ ਜੇਸ ਨੂੰ ਛੋਟਾ ਭਰਾ
ਓਪਰੇ ਦੇ ਵਾਂਗ ਕੋਲੋਂ ਖਿਸਕਿਆ।

ਲੋਕ ਸਮਝਣ ਵੋਟ ਸਾਡੀ ਸ਼ੈ ਬੜੀ
ਪਰ ਸਿਆਸਤਦਾਨ ਸੁਣਕੇ ਹੱਸਿਆ।

ਦਿਲ ਟਟਹਿਣੇ ਵਾਂਗ ਔਝੜ ਚਮਕਦਾ
ਹੈ ਇਹ ਕਤਰਾ ਖ਼ੂਨ ਦਾ ਡਾਢੀ ਬਲਾ।

ਸੇਂ ਉਤਾਵਲ ਯਾਰੀਆਂ ਲਾਵਣ ਲਈ
ਕਦਮ ਰੱਖੇਂ ਫੂਕਕੇ ਇਤਨਾ ਗਿਲਾ।

ਬਾਣ ਝੀਣੀ ਰੋ ਰਿਹਾਂ ਤਕ ਦੂਰੀਆਂ
ਲੋਕ ਹੱਸਣ ਕਹਿਣ ਸੰਧੂ ਹੁਣ ਗਿਆ।

ਲੁਧਿਆਣੇ ਫੇਰੀ ਸਮੇਂ 16-06-2004

-137-

ਹੈ ਭੁਲਾਣੀ ਬਹੁਤ ਮੁਸ਼ਕਿਲ, ਯਾਦ ਅਪਣੇ ਸ਼ਹਿਰ ਦੀ
ਜ਼ਿੰਦਗੀ ਉਸ ਤੋਂ ਬਿਨਾ ਹੈ, ਜਿਉ ਗ਼ਜ਼ਲ ਬਿਨ ਬਹਿਰ ਦੀ।

ਇਸ ਮਿਰੇ ਪੰਜਾਬ ਦੇ ਤਾਂ, ਰੁਲ ਰਹੇ ਕਿਰਸਾਨ ਨੇ
ਦੂਸਰੇ ਪਾਸੇ ਦੁਬਾਰਾ, ਗੱਲ ਚੱਲੀ ਨਹਿਰ ਦੀ।

ਹੈ ਕਮਾਣੀ ਲਾਜ਼ਮੀ ਵੀ, ਹਰ ਕਿਸੇ ਲੀ ਰੋਟੜੀ
ਪਿਆਰ ਕਰਨਾ ਹੈ ਜ਼ਰੂਰਤ, ਪਰ ਨਾ ਅੱਠੇ ਪਹਿਰ ਦੀ।

ਸ਼ਾਖ਼ ਮੇਰੀ ਰੀਝ ਦੀ ਫਿਰ, ਮੌਲਰੀ ਹੈ ਸੁਣ ਖ਼ਬਰ
ਆ ਰਹੀ ਉਹ ਨਾਜ਼ ਨੈਣੀ ਮਹਿਕਦੀ ਤੇ ਲਹਿਰ ਦੀ।

ਸੰਧਿਆ ਹੈ ਸ਼ਗਨ ਚੰਗਾ, ਪਾਸ ਮੇਰੇ ਔਣ ਦਾ
ਹੈ ਤਦੇ ਹੀ ਰੌਸ਼ਨੀ ਕਰ, ਸ਼ਰਮ ਪਿੱਛੇ ਠਹਿਰਦੀ।

ਲੁਧਿਆਣੇ ਫੇਰੀ ਸਮੇਂ 17-06-2004

-138-

ਘਰ'ਚ ਅਪਣੇ ਆਖ਼ਰੀ ਪਲ, ਜੀਣ ਦੀ ਹਸਰਤ ਬੜੀ
ਮੀਤ ਜਿੱਥੇ ਨਾਲ ਸੀ ਉਹ, ਹਰ ਸੁਹਾਣੀ ਸੀ ਘੜੀ।

ਦੂਰ ਤੈਥੋਂ ਘਰ 'ਚ ਅਪਣੇ, ਐਂ ਰਿਹਾਂ ਜੀਵਣ ਬਿਤਾ
ਜਿਉ ਜਲਾਵਤਨੀ ਦੀ ਕੱਟਾਂ, ਕੈਦ ਹਰ ਦਮ ਮੈਂ ਕੜੀ।

ਫ਼ਖ਼ਰ ਮੈਨੂੰ ਹੈ ਬੜਾ ਉਸ, ਵਕਤ ਰੰਗਲੇ ਦਾ ਜਦੋਂ
ਯਕ ਯਕਾ ਯਕ ਅੱਖ ਸੀ ਉਸ, ਨਾਲ ਸੁਹਣੀ ਦੇ ਲੜੀ।

ਨਾ ਸੁਹਾਵੇ ਖ਼ੁਸ਼ਕ ਮੌਸਮ, ਨਾ ਸੁਹਾਵੇ ਸੌਣ ਮਾਂਹ
ਬਣ ਘਟਾ ਘਣਘੋਰ ਆਵਣ, ਵਾਲ ਤੇਰੇ ਬਣ ਝੜੀ।

ਕਰ ਨਜ਼ਰ ਤੂੰ ਬਦਲ ਦੇਂਵੇਂ, ਮੌਸਮਾਂ ਦੇ ਅਰਥ ਵੀ
ਫੇਰ ਲੈਂ ਜਦ ਨਜ਼ਰ ਲੱਗੇ, ਹੈ ਖ਼ਿਜ਼ਾਂ ਸਿਰ ਤੇ ਖੜੀ।

ਲੁਧਿਆਣੇ ਫੇਰੀ ਸਮੇਂ 29-06-2004

-139-

ਕਾਲੇ ਬਦਲਾਂ ਦੇ ਜਦ ਕਿੰਗਰੇ, ਲਟਲਟ ਕਰਦੇ ਚਾਨਣ ਨਾਲ
ਜਾਪੇ ਜੀਕਣ ਲਸ਼ ਲਸ਼ ਕਰਦਾ, ਮੱਥਾ ਤੇਰਾ ਖੁੱਲੇ ਵਾਲ।

ਦੀਵੇ ਸਾਰੇ ਮੰਦ ਹੋ ਜਾਵਣ, ਲਿਸ਼ਕੇ ਆਣ ਸਵੇਰਾ ਜਦ
ਨਾਲ ਉਮੀਦਾਂ ਭਰ ਜਾਂਦੇ ਨੇ, ਦਿਲ ਦੇ ਸਾਰੇ ਖਾਲੀ ਥਾਲ।

ਦਿਸ ਹੱਦੇ ਤੀਕਣ ਲਿਸ਼ਕ ਪਵੇ, ਮੁਖੜਾ ਸਾਰੀ ਧਰਤੀ ਦਾ
ਆਵੇਂ ਜਦ ਤੂੰ ਸੂਰਜ ਬਣਕੇ, ਪੁੱਛੇਂ ਆਕੇ ਮੇਰਾ ਹਾਲ।

ਗੌਂਦੀ ਜਾਪੇ ਧਰਤੀ ਸਾਰੀ, ਛਟ ਜਾਂਦਾ ਹੈ ਨ੍ਹੇਰਾ ਜਦ
ਸਭ ਦੇ ਪੱਲੇ ਪੈ ਜਾਂਦੀ ਹੈ, ਕਿਰਤ ਕਮਾਈ ਕੀਤੀ ਘਾਲ।

ਸਾਰੀ ਮੁਸ਼ਕਲ ਹਲ ਹੋ ਜਾਵੇ, ਸੋਚ ਸਮਝ ਜੇ ਕਰਮ ਕਰੇਂ
ਮੁਸ਼ਕਲ ਵੇਲੇ ਜੇ ਤੂੰ ਕਰਲੈਂ,ਸਚ ਦਾ ਚਾਨਣ ਅਪਣੀ ਢਾਲ।

ਔਖੇ ਵੇਲੇ ਵੀ ਕੰਮ ਆਵਣ, ਮਿੱਤਰ ਜਿਹੜੇ ਦਰਦੀ ਨੇ
ਭੀੜ ਪਈ ਤੋਂ ਖਿਸਕਣ ਜਿਹੜੇ,ਮਿੱਤਰ ਨਾ ਤੂੰ ਐਸੇ ਪਾਲ

ਲੋਕਾਂ ਕੋਲੋਂ ਕਰਨ ਇਕੱਠੇ, ਡਾਲਰ ਵਾਹੋ ਦਾਹੀ ਜੋ
ਵੇਖੋ ਫੇਰ ਉਡਾਂਦੇ ਕੀਕਣ, ਕੱਠਾ ਕੀਤਾ ਲੁਟ ਦਾ ਮਾਲ।

ਹੈਂਕੜ ਹੌਂਮੇ ਤੇ ਗੁਟ ਬੰਦੀ, ਹਰ ਥਾਵੇਂ ਪਰਧਾਨ ਬਣੀ
ਚੋਰ ਸਭਾਵਾਂ ਐਸੀਆਂ ਨੇ ਜੋ, ਛਡਦੇ ਨਾ ਤੂੰ ਵਕਤ ਗਵਾਲ

ਕੈਲਗਰੀ 15-11-2004

# <u>ਬਣ ਸ਼ੁਆ ਤੂੰ</u>

# ਦੋ ਸ਼ਬਦ

ਪਾਠਕਾਂ ਨੇ ਮੇਰੀਆਂ ਪਹਿਲੀਆਂ ਦੋਹਾਂ ਪੁਸਤਕਾਂ 'ਗਾ ਜ਼ਿੰਦਗੀ ਦੇ ਗੀਤ ਤੂੰ' ਅਤੇ 'ਜੋਤ ਸਾਹਸ ਦੀ ਜਗਾ' ਨੂੰ ਭਰਵਾਂ ਹੁੰਗਾਰਾ ਦਿੱਤਾ ਹੈ ਉਸ ਲਈ ਉਹਨਾਂ ਦਾ ਰਿਣੀ ਹਾਂ। ਆਸ ਹੈ ਗ਼ਜ਼ਲਾਂ ਪੜ੍ਹਣ ਦੇ ਸ਼ੌਕੀਨ ਪਾਠਕਾਂ ਨੂੰ 'ਬਣ ਸ਼ੁਆ ਤੂੰ' ਦੀਆਂ ਗ਼ਜ਼ਲਾਂ ਵੀ ਜ਼ਰੂਰ ਪਸੰਦ ਆਉਣਗੀਆਂ। 'ਬਣ ਸ਼ੁਆ ਤੂੰ' ਗ਼ਜ਼ਲ ਸੰਗ੍ਰਹਿ ਪਾਠਕਾਂ ਸਾਹਵੇਂ ਪੇਸ਼ ਕਰਦਿਆਂ ਮੈਂ ਅਤਿਅੰਤ ਖ਼ੁਸ਼ੀ ਮਹਿਸੂਸ ਕਰ ਰਿਹਾਂ।

ਗ਼ਜ਼ਲ ਦੀਆਂ ਸਾਰੀਆਂ ਵਿਸ਼ਾਲ ਗਹਿਰਾਈਆਂ ਤਕ ਪਹੁੰਚ ਸਕਨਾ ਮੇਰੇ ਜਿਹੇ ਸਿਖਾਂਦਰੂਆਂ ਲਈ ਸ਼ਾਇਦ ਐਨੀ ਛੇਤੀ ਸੰਭਵ ਨਹੀਂ ਅਤੇ ਨਾ ਹੀ ਮੈਂ ਇਸ ਦੀਆਂ ਸਾਰੀਆਂ ਬਹਿਰਾਂ ਦੀ ਥਾਹ ਪਾ ਸਕਿਆ ਹਾਂ। ਜਿੰਨਾ ਅਤੇ ਜੋ ਸਮਝ ਅਤੇ ਪਕੜ ਵਿੱਚ ਆਇਆ ਅਤੇ ਖਿਆਲਾਂ ਨੂੰ ਜੋ ਰਹਾਅ ਆਪ-ਮੁਹਾਰੇ ਜਚਿਆ, ਓਸੇ ਬਹਿਰ ਵਿੱਚ ਮੈਂ ਗ਼ਜ਼ਲ ਕਹਿ ਦਿੱਤੀ। ਕਿਸੇ ਖਾਸ ਬਹਿਰ ਵਿਚ ਲਿਖਣ ਦਾ ਉਚੇਚਾ ਤਰੱਦਦ ਨਹੀਂ ਕੀਤਾ। ਸਾਦਗੀ ਤੇ ਸਹਿਜ ਸਭਾ ਦਾ ਆਪਣਾ ਸੁਆਦ ਤੇ ਮਟਕ ਹੈ।

ਸੋਚਾਂ ਉਸ ਦੀ ਯਾਦ ਭਲਾ ਮੈਂ ਕੀ ਕਰਨੀ
ਪਰ ਨਾ ਪਿੱਛਾ ਛਡਦੀ ਨਿਸ ਦਿਨ ਚਿਤ ਹਰਨੀ।

ਵਧਦੀ ਉਮਰ ਅਤੇ ਘਟਦੀ ਸਿਹਤ ਕਾਰਣ ਮੈਂ ਆਪਣੀਆਂ ਸਮਾਜਿਕ ਗਤੀਵਿਧੀਆਂ, 'ਸ਼ੌਕ' ਅਤੇ 'ਰੁਝੇਂਵੇਂ' ਕਾਫੀ ਸੀਮਤ ਕਰ ਲਏ ਹਨ ਅਤੇ ਗ਼ਜ਼ਲ ਰਚਨਾ ਬਾਰੇ ਜਿੰਨਾ ਕੁ ਗਿਆਨ ਮੈਨੂੰ ਹੈ ਉਹ ਮੈਂ ਗ਼ਜ਼ਲ ਰਚਨਾ ਦੇ ਖੇਤਰ ਵਿੱਚ ਨਵੇਂ ਆਉਣ ਵਾਲਿਆਂ ਨਾਲ ਸਾਂਝਾ ਕਰਨਾ ਲੋੜਦਾ ਹਾਂ ਇਸ ਲਈ ਮੈਂ ਹੱਥਲੀ ਪੁਸਤਕ ਵਿੱਚ ਹਰ ਗ਼ਜ਼ਲ ਦੇ ਅੰਤ ਵਿੱਚ ਉਸ ਦੇ ਵਜ਼ਨ ਦਾ ਵੇਰਵਾ ਦਿੱਤਾ ਹੈ।* ਇਹ ਵਿਚਾਰ ਮੈਨੂੰ ਚਾਨਣ ਗੋਬਿੰਦਪੁਰੀ ਦੀ ਪੁਸਤਕ 'ਗ਼ਜ਼ਲ ਅਤੇ ਅਰੂਜ਼' ਪੜ੍ਹਣ ਤੇ ਆਇਆ। ਸਾਇਦ ਇਹ ਯਤਨ ਮੇਰੇ ਅਲੋਚਕਾਂ ਦੇ ਵੀ ਕੰਮ ਆਵੇ! ਕੁਛ ਪਾਠਕਾਂ ਨੂੰ ਇਹ ਵੇਰਵਾ ਬੇਲੋੜਾ ਭਾਸੇਗਾ। ਉਹਨਾਂ ਤੋਂ ਖਿਮਾਂ ਦਾ ਜਾਚਕ ਹਾਂ।

ਬਣ ਸ਼ੁਆ ਤੂੰ ਨ੍ਹੇਰਿਆਂ ਦੀ, ਹਿੱਕ ਨੂੰ ਵੀ ਚੀਰਦੇ
ਜੋ ਜ਼ਮਾਨਾ ਬਦਲ ਦੇਵੇ, ਕਲਮ ਨੂੰ ਤਾਸੀਰ ਦੇ।

ਮਾਰਚ 2006

***ਸ਼ਮਸ਼ੇਰ ਸਿੰਘ ਸੰਧੂ***
ਐਮ. ਏ; ਐਮ. ਐਡ. ਪੀ. ਈ. ਐਸ. (1)
**ਰੀ. ਡਿ. ਡੀ. ਪੀ. ਆਈ., ਪੰਜਾਬ, ਚੰਡੀਗੜ੍ਹ।**

(* ਹਥਲੇ ਇਸ ਸੰਗ੍ਰਹਿ ਵਿੱਚ ਇਹ ਵੇਰਵਾ ਨਹੀਂ ਦਿੱਤਾ ਗਿਆ)

**-140-**

ਬਣ ਸ਼ੁਆ ਤੂੰ ਨ੍ਹੇਰਿਆਂ ਦੀ, ਹਿੱਕ ਨੂੰ ਵੀ ਚੀਰ ਦੇ
ਜੋ ਜ਼ਮਾਨਾ ਬਦਲ ਦੇਵੇ, ਕਲਮ ਨੂੰ ਤਾਸੀਰ ਦੇ।

ਜੇ ਨਹੀਂ ਕੁਰਬਾਨ ਹੋਣਾ, ਜਾਣਦਾ ਤੂੰ ਲਕਸ਼ ਤੋਂ
ਫਿਰ ਨ ਰੋਣੇ ਰੋ ਤੂੰ ਬੈਠਾ, ਕੈਦ ਦੀ ਜ਼ੰਜੀਰ ਦੇ।

ਬਿਰਖ ਪੱਤੇ ਹਰ ਲਗਰ ਨੂੰ, ਖਾ ਰਹੇ ਨੇ ਦੈਂਤ ਹੁਣ
ਨਾਲ ਖੂੰ ਦੇ ਲਿਖ ਦੇ ਕਿੱਸੇ,ਧਰਤ ਵਰਗੀ ਧੀਰ ਦੇ।

ਧਰਤ ਦੀ ਮਿੱਟੀ ਨੂੰ ਚਾਹੇਂ, ਆਸਮਾਂ ਤੇ ਦੇਂ ਚੜ੍ਹਾ
ਮੁਸ਼ਕਲਾਂ ਨੂੰ ਵਾਂਗ ਪੱਥਰ, ਡੋਬ ਦੇ ਵਿਚ ਨੀਰ ਦੇ।

ਦਮਨ ਦੁਸ਼ਟਾਂ ਦਾ ਕਰੇ ਜੋ, ਓਸ ਦੀ ਕਰ ਚਾਕਰੀ
ਕੂੜ ਦੀ ਜੋ ਪਾਲ ਢਾਵੇ, ਪੈਰ ਚੁੰਮਾਂ ਪੀਰ ਦੇ।

ਭਗਤ ਵਰਗੇ ਜਿੰਦ ਵੀ ਜੋ, ਦੇਸ਼ ਤੋਂ ਸਨ ਵਾਰਗੇ
ਹਸ਼ਰ ਤਕ ਵੀ ਲੋਕ ਗਾਸਣ,ਸੁਹਲੜੇ ਉਸ ਬੀਰਦੇ।

ਤਰਬ ਐਸੀ ਪਿਆਰ ਦੀ ਤੂੰ, ਛੇੜ ਦੇਵੇਂ ਮਿੱਤਰਾ
ਹੈ ਸਦਾ ਕੁਰਬਾਨ ਸੰਧੂ, ਉਸ ਨਜ਼ਰ ਦੇ ਤੀਰ ਦੇ।

-141-

ਸੋਚਾਂ ਉਸ ਦੀ ਯਾਦ ਭਲਾ ਮੈਂ ਕੀ ਕਰਨੀ
ਪਰ ਨਾ ਪਿੱਛਾ ਛਡਦੀ ਨਿਸ ਦਿਨ ਚਿਤ ਹਰਨੀ।

ਕਾਮ ਕਲੇਸ਼ ਕਰੋਧਾਂ ਅੰਦਰ ਪਲਚ ਰਿਹਾ
ਸਰਬ ਭਲੇ ਦੀ ਚਿਤਵਨ ਉਸ ਤੋਂ ਕੀ ਸਰਨੀ।

ਕਦਮ ਕਦਮ ਤੇ ਡਿਗ ਡਿਗ ਪੈਂਦਾ ਰਾਹੀ ਜੋ
ਤਪਸ਼ ਥਲਾਂ ਦੀ ਮਾਰੂ ਉਸ ਨੇ ਕਦ ਜਰਨੀ।

ਚਿਤਵਨ ਵਿਚ ਜੋ ਹਰ ਦਮ ਯਾਰ ਖਿਆਲੇ ਹੈ
ਮੁਸ਼ਕਲ ਨਾਹੀਂ ਹਿਜਰਾਂ ਦੀ ਉਸ ਨੈ ਤਰਨੀ।

ਮਨ ਮੇਰੇ ਵਿਚ ਵਸਦਾ ਯਾਰ ਅਨੋਖਾ ਜੋ
ਸਭ ਖੁਸ਼ੀਆਂ ਦੀ ਵਰਖਾ ਉਸ ਤੋਂ ਹੀ ਝਰਨੀ।

ਗ਼ਮ ਫਿਕਰਾਂ ਵਿਚ ਗੋਤੇ ਨਾ ਖਾ ਰਾਤ ਦਿਨੇ
ਮਨ ਤੇ ਕਾਬੂ ਸਿਖ ਲੈ ਧੀਰਜ ਕਿਵ ਧਰਨੀ।

ਬਿਖੜੇ ਪੈਂਡੇ ਪਥ ਪਥਰੀਲੇ ਹਾਵੀ ਨਾ
ਹਿੰਮਤ ਵਾਲੇ ਮੰਜ਼ਲ ਅਪਣੀ ਜਾ ਵਰਨੀ।

ਬੱਦਲ ਕਣੀਆਂ ਰਾਤ ਹਨੇਰੀ ਰੋਕੇ ਨਾ
ਸਿਦਕਾਂ ਵਾਲੇ ਨੈਂ ਫੁਰਕਤ* ਦੀ ਜਾ ਤਰਨੀ।

*ਜੁਦਾਈ

-142-

ਦੇਖੇ ਕਈ ਨਜ਼ਾਰੇ ਦਿਲ ਨੂੰ ਲੁਭੌਣ ਵਾਲੇ
ਅਠਕੇਲੀਆਂ ਜੁ ਕਰਦੇ ਦਿਲ ਨੂੰ ਚੁਰੌਣ ਵਾਲੇ।

ਤੇਰੇ ਹਿਜਰ ਨੇ ਯਾਰਾ ਕੀਤਾ ਅਜਬ ਇਹ ਕਾਰਾ
ਖੁਸ਼ ਹੋ ਰਹੇ ਨੇ ਤਕ ਤਕ ਲੂਤੀ ਲਗੌਣ ਵਾਲੇ।

ਦਰਦਾਂ ਦੀ ਦਰਦਮੰਦੀ ਕਰਨੀ ਕਿਸੇ ਨ ਭਾਵੇਂ
ਹੋਂਦੇ ਨੇ ਆ ਦੁਆਲੇ ਹਿਕਮਤ ਵਖੌਣ ਵਾਲੇ।

ਲੁਕ ਬੈਠਿਆ ਕਿਤੇ ਤੂੰ ਆਵੇਂ ਨਜ਼ਰ ਨਾ ਮੈਨੂੰ
ਸਦੀਆਂ ਤੋਂ ਭਾਲ ਕਰਦੇ ਤੈਨੂੰ ਮਨੌਣ ਵਾਲੇ।

ਸਦਕੇ ਹਬੀਬ ਮੇਰੇ ਵਾਰੀ ਕਰਾਂ ਮੈਂ ਸਭ ਕੁਛ
ਔਝੜ ਪਏ ਨੂੰ ਰਸਤਾ ਆਪੇ ਸੁਝੌਣ ਵਾਲੇ।

ਮਹਿਰਮ ਮੇਰੇ ਉ ਜਾਨੀ ਤੂੰ ਕਰਮ ਆਣ ਕੀਤਾ
ਸਾਨੂੰ ਹੁਨਰ ਸਿਖਾਏ ਕਲਮਾਂ ਚਲੌਣ ਵਾਲੇ।

ਪੀੜਾ ਜੋ ਸਮਝ ਲੈਂਦਾ ਲੋਕਾਂ ਦੇ ਦਿਲ ਦੀ ਯਾਰੋ
ਨਗਮੇਂ ਕਹੇਗਾ ਓਹੀ ਦਿਲ ਨੂੰ ਲੁਭੌਣ ਵਾਲੇ।

ਧੁਖਦੀ ਅਗਨ ਚੁਫੇਰੇ ਤੇ ਜਲ ਰਹੀ ਹੈ ਦੁਨੀਆਂ
ਗਾਂਦੇ ਰਹਾਂਗੇ ਨਗ਼ਮੇਂ ਬਲਦੀ ਬੁਝੌਣ ਵਾਲੇ।

-143-

ਦਿਲ ਦੀਆਂ ਸਜਣਾ ਜਾਣੇ ਤੂੰ, ਮਹਿਰਮ ਸਦਕੇ ਜਾਵਾਂ ਹੂ
ਦਿਲ ਦੀ ਹਰ ਧੜਕਣ ਬਸ ਜਾਣੇ, ਤੇਰਾ ਹੀ ਸਰਨਾਂਵਾਂ ਹੂ।

ਮਾਪੇ ਭੈਣਾਂ ਵੀਰਾਂ ਵਰਗੇ, ਹੋਵਣ ਨਾ ਕੋ ਸਾਥੀ ਵੋ
ਤੁਰਗੇ ਵੀਰਾਂ ਦੇ ਦੁਖ ਡਾਢੇ, ਜਾਨਣ ਵੀਰੇ ਮਾਂਵਾਂ ਹੂ।

ਜਗਤ ਜਲੰਦਾ ਸਾਰੇ ਪਾਸੇ, ਨਾ ਕੋ ਦਿਸਦਾ ਵਾਲੀ ਏ
ਜਿਸ ਦੇ ਰਾਹੀਂ ਦੁਨੀਆਂ ਉਭਰੈ, ਕਦ ਰਹਿਬਰ ਮੈਂ ਪਾਵਾਂ ਹੂ।

ਡਾਢੀ ਗਰਮੀਂ ਕਾਂ ਅਖ ਨਿਕਲੇ, ਭੋਰਾ ਚੈਨ ਨਾ ਆਂਦਾ ਏ
ਤੂੰ ਆਵੇਂ ਤੇ ਛਾਣ ਘਟਾਵਾਂ, ਖੇਡਾਂ ਰਲਕੇ ਸਾਂਵਾਂ ਹੂ।

ਨਾ ਉਹ ਰਹੀਆਂ ਥਾਂਵਾਂ ਜਿੱਥੇ, ਮੇਲੇ ਲੱਗੇ ਰਹਿੰਦੇ ਸੀ
ਹਰ ਵੇਲੇ ਹੀ ਚੇਤੇ ਆਵਣ, ਪੁਤਰਾਂ ਨੂੰ ਉਹ ਮਾਂਵਾਂ ਹੂ।

-144-

ਦਿਲ ਮੇਰਾ ਹੈ ਖੁਸਦਾ ਰਹਿੰਦਾ, ਬਿਨ ਤੇਰੇ ਤਨਹਾਈ ਵਿਚ
ਮੈਨੂੰ ਤੇਰੇ ਪੈਣ ਭੁਲੇਖੇ, ਅਪਣੀ ਹੀ ਪਰਛਾਈ ਵਿਚ।

ਰਾਤ ਮਿਲੇਂਦੀ ਆਣ ਸੁਬਹ ਨੂੰ, ਮੁਖੜਾ ਲਾਲ ਸਵੇਰੇ ਦਾ
ਸ਼ਾਮਾਂ ਵੀ ਫਿਰ ਡੁਬਡੁਬ ਜਾਵਣ,ਰਾਤਾਂ ਦੀ ਗਹਿਰਾਈ ਵਿਚ।

ਮਿਲਦੇ ਨਾਂ ਤੇ ਮਿਲਦੇ ਚਿਹਰੇ, ਧੋਖਾ ਦੇਂਦੇ ਆਏ ਨੇ
ਠੱਗੇ ਜਾਂਦੇ ਲੋਕ ਸਦਾ ਨੇ, ਇਹਨਾਂ ਦੀ ਚਤਰਾਈ ਵਿਚ।

ਯਾਰਾ ਦਿਲ ਤੇ ਆਣ ਕਰੇਂ ਕੀ, ਜਾਦੂ ਅਪਣੀ ਨਜ਼ਰਾਂ ਦਾ
ਬਿਜਲੀ ਦੇ ਲਿਸ਼ਕਾਰੇ ਦਿੱਸਣ, ਤੇਰੀ ਹਰ ਅੰਗੜਾਈ ਵਿਚ।

ਇਹ ਅਪਣਾ ਹੀ ਦੁਸ਼ਮਣ ਦਿਲ ਹੈ, ਮੇਰੇ ਵੱਲੇ ਰਹਿੰਦਾ ਨਾ
ਹਰਛਿਨ ਹਰਪਲ ਆਂਦਾ ਜਾਵੇ,ਸਜਨੀ ਦੀ ਬਹਿਲਾਈ ਵਿਚ।

-145-

ਮੰਨਿਆਂ ਹੈ ਖ਼ੂਨ ਦਾ ਰਿਸ਼ਤਾ ਖਰਾ
ਦਿਲ ਦੇ ਰਿਸ਼ਤੇ ਜੋੜਨਾ ਮੁਸ਼ਕਲ ਬੜਾ।

ਉਹ ਵਿਛੜਕੇ ਤਲਮਲਾਂਦੀ ਹੋਵਣੀ
ਜ਼ਾਹਰਾ ਐਸੀ ਅਦਾ ਜੀਕਣ ਖਫ਼ਾ।

ਖ਼ੂਨ ਲੋਕਾਂ ਦਾ ਬੜਾ ਹੀ ਕੀਮਤੀ
ਹੈ ਅਸਲ ਪਰ ਏਸ ਤੋਂ ਕਿੰਨਾ ਜੁਦਾ।

ਹਰ ਕਦਮ ਤੇ ਜਾਨ ਹੀਲੀ ਆਸ਼ਕਾਂ
ਰਾਣ ਦਾ ਵੀ ਮਾਸ ਉਸਨੂੰ ਬੇਮਜ਼ਾ।

ਸਾਂ ਉਡੀਕਾਂ ਦੇਰ ਤੋਂ ਕਰਦਾ ਰਿਹਾ
ਖ਼ਤ ਨਹੀਂ ਤੇਰਾ ਕਦੀ ਪਰ ਪਹੁਚਿਆ।

ਲੁਧਿਆਣਾ- 16-06-2004

-146-

ਸਰਸਰਾਂਦੇ ਪੱਤਿਆਂ ਤੇ, ਚਾਪ ਤੇਰੇ ਪੈਰ ਦੀ
ਤ੍ਰੇਲ ਉੱਤੇ ਰਿਸ਼ਮ ਵਾਂਗੂੰ, ਜਗਮਗਾਂਦੀ ਲਹਿਰਦੀ।

ਤਲਬ ਦੀ ਸ਼ਿੱਦਤ ਬੜੀ ਹੈ, ਆ ਜ਼ਰਾ ਬਣਕੇ ਘਟਾ
ਲਰਜ਼ਦੀ ਤੇ ਗਰਜਦੀ ਬਿਜਲੀ ਜਿਵੇਂ ਹੈ ਕਹਿਰ ਦੀ।

ਰੌਸ਼ਨੀ ਕਰ ਦੇ ਹੁਸਨ ਦੀ, ਉਸ ਅਦਾ ਦੇ ਨਾਲ ਤੂੰ
ਮੈਨਕਾ ਦੇ ਸਾਮਣੇ ਨਾ, ਬੰਦਗੀ ਵੀ ਠਹਿਰਦੀ।

ਲਟਪਟਾਂਦੇ ਉੱਡਦੇ ਤੇ, ਡਿੱਗ ਜਾਂਦੇ ਵਾਲ ਨੇ
ਉਲਝਦੇ ਕਰ ਮਸਤੀਆਂ ਜਿਉ,ਪੁੱਠ ਦਿੱਤੀ ਜ਼ਹਿਰ ਦੀ।

ਛੇੜ ਤਰਬਾਂ ਨਾ ਅਜੇ ਤੂੰ, ਜਜ਼ਬਿਆਂ ਨੂੰ ਨਾ ਜਗਾ
ਨੀਤ ਮਾੜੀ ਮੌਸਮਾਂ ਦੀ, ਅੱਖ ਜਾਂਦੀ ਗਹਿਰਦੀ।

ਲੁਧਿਆਣੇ ਫੇਰੀ ਸਮੇਂ 17-06-2004

-147-

ਹਿੱਸੇ 'ਚ ਹਰ ਇਕ ਦੀਪ ਦੇ, ਜਲਨਾ ਅਤੇ ਹਨੇਰਾ
ਫਿਰ ਵੀ ਕਰੇ ਉਹ ਚਾਨਣਾ, ਰਸਤਾ ਕਰੇ ਸੁਖੇਰਾ।

ਏਸੇ ਅਦਾ ਨੂੰ ਵੇਖਕੇ, ਕੁਰਬਾਨ ਹੋ ਰਿਹਾ ਹੈ
ਹਰ ਇਕ ਉਦ੍ਹਾਰਨ ਦੇ ਰਿਹਾ, ਵਾਹਵਾਹ ਕਹੇ ਚੁਫੇਰਾ।

ਬਣ ਸੂਲ ਲੋਕਾਂ ਨੂੰ ਚੁਭੇ, ਜੇ ਹੋਂਦ ਹੀ ਤੇਰੀ ਤਾਂ
ਤੁਰਨਾ ਤੂੰ ਸਿੱਖੀਂ ਦੋਸਤਾ, ਪੈਰਾਂ ਤੋਂ ਹੋ ਨੰਗੇਰਾ।

ਗੋਬਿੰਦ ਨੇ ਵੰਗਾਰਿਆ, ਮੁਸ਼ਕਲ ਸਮਾਂ ਅਵੱਲਾ
ਨਾਨਕ ਨਿਡਰਤਾ ਨਾਲ ਸੀ, ਬਾਬਰ ਕਿਹਾ ਲੁਟੇਰਾ।

ਮੌਸਮ ਗੁਲਾਬੀ ਹੋ ਗਿਆ, ਸੁਣ ਚਾਪ ਓਸ ਦੀ ਨੂੰ
ਸਾਰੀ ਫ਼ਿਜ਼ਾ ਹੀ ਮਹਿਕਦੀ, ਆਵੇ ਉਹ ਜਦ ਫੁਲੇਰਾ।

ਤਾਰੇ ਵਿਚਾਰੇ ਥੱਕ ਕੇ, ਹੁਣ ਸੌਂ ਰਹੇ ਨੇ ਤੜਕੇ
ਜਗਦਾ ਰਿਹਾ ਜੋ ਦੀਪ ਬਣ, 'ਡੀਕੇ ਉਹ ਰਾਹ ਤੇਰਾ।

ਹੈ ਰੰਗ ਜੀਵਣ ਦਾ ਸਦਾ, ਦਿਲਬਰ ਦੇ ਨਾਲ ਜਾਣੋਂ
ਰੰਗਤ ਨ ਚੋਰੀ ਕਰ ਸਕੇ,ਪਤਝੜ ਦਾ ਜ਼ਰਦ ਘੇਰਾ।

ਲੁਧਿਆਣਾ 18-06-2004

-148-

ਹਰ ਦਰ ਅਤੇ ਦੀਵਾਰ ਤੇ, ਤਸਵੀਰ ਤੇਰੀ ਲਾ ਲਈ
ਪਰ ਫੇਰ ਵੀ ਤਕ ਸੁਹਣਿਆਂ ਨਾ, ਘਰ ਦੀ ਤਨਹਾਈ ਗਈ।

ਚਾਹੇ ਸਭੋ ਕਮਰੇ ਭਰੇ, ਘਰ ਦੇ ਵਲੇਵੇ ਨਾਲ ਨੇ
ਹੈ ਰਾਤ ਰਾਣੀ ਦੀ ਮਹਿਕ, ਪਰ ਹੋ ਗਈ ਆਈ ਗਈ।

ਲੋਕੀਂ ਸ਼ੁਦਾਈ ਸਮਝਦੇ, ਸੁਣ ਹੋਕਰਾ ਇਹ ਸੱਚ ਦਾ
ਧਰਮਾਂ ਦੇ ਠੇਕੇਦਾਰ ਵੀ, ਕਿਉ ਵੱਟਦੇ ਨੇ ਹੁਣ ਝਈ।

ਤੂੰ ਮੁਸਕਰਾ ਕੇ ਬੋਲ ਬਿਨ, ਮੈਨੂੰ ਬੁਲਾਵੇਂ ਕੋਲ ਜੇ
ਮੈਂ ਤਰ ਲਵਾਂਗਾ ਦੂਰੀਆਂ, ਵਾਲੇ ਸਮੁੰਦਰ ਵੀ ਕਈ।

ਤੂੰ ਰੀਝਦਾ ਹੈਂ ਜੋ ਤੇਰੇ, ਗੁਣ ਗੀਤ ਗਾਵੇ ਰਾਤ ਦਿਨ
ਫਿਰ ਪ੍ਰੇਮੀਆਂ ਨੂੰ ਦੇ ਸਿਲਾ, ਜੋ ਨਾ ਕਦੀ ਮੰਗਣ ਰਈ।

ਤੂੰ ਨਕਸ਼ ਮੈਨੂੰ ਨ੍ਹੇਰਿਆਂ, ਦੇ ਯਾਰ ਚਾਹੇ ਦੇ ਗਿਓਂ
ਦਿਨ ਰਾਤ ਢੂੰਡਾਂ ਹਰ ਖੁਸ਼ੀ, ਮੈਂ ਤਾਂ ਸਨਮ ਤੇਰੇ ਲਈ।

ਜਲਵਾ ਦਿਖਾਦੇ ਚੰਦ ਬਣ, ਤੂੰ ਈਦ ਦਾ ਮੈਨੂੰ ਜ਼ਰਾ
ਤੇਰੇ ਬਿਨਾਂ ਹੈ ਲੁੱਛਦੀ, ਇਹ ਰੂਹ ਮੁਰਝਾਈ ਪਈ।

ਲੁਧਿਆਣਾ-25-06-2004

-149-

ਬਿਨ ਤਿਰੇ ਰੰਗੀਨ ਮੌਸਮ, ਜ਼ਹਿਰ ਜਾਪੇ ਡੁੱਬਿਆ
ਆਪਣਾ ਜੋ ਘਰ ਕਦੇ ਸੀ, ਸ਼ਹਿਰ ਵਿਚ ਹੈ ਖੋ ਗਿਆ।

ਜੇ ਕਦੀ ਉਹ ਲੱਗ ਜਾਵੇ, ਭੁੱਲਕੇ ਮੱਥੇ ਮੇਰੇ
ਨਜ਼ਰ ਆਵੇ ਤੌਰ ਉਸ ਦਾ, ਓਪਰਾ ਤੇ ਬਹਿਕਿਆ।

ਨਰਕ ਆਖਾਂ ਕਿਸ ਤਰ੍ਹਾਂ ਮੈਂ, ਜ਼ਿੰਦਗੀ ਨੂੰ ਦੋਸਤਾ
ਯਾਦ ਮੈਨੂੰ ਹੈ ਸੁਹਾਣਾ, ਵਕਤ ਸਾਂਝਾ ਬੀਤਿਆ।

ਲੈ ਸਹਾਰੇ ਹੰਝਵਾਂ ਦੇ, ਜੀ ਸਕਾਂਗਾ ਕਦ ਤਲਕ
ਗੁੰਮ ਦੀਪਕ ਨਾ ਧਰੂ ਹੈ, ਔਝੜੀਂ ਹੈ ਦਿਲ ਪਿਆ।

ਵਾਂਗ ਰੁੱਖਾਂ ਦੇ ਬਣਾ ਤੂੰ, ਆਪਣੀ ਜੀਰਾਂਦ ਨੂੰ
ਵੇਖ ਲੀਂ ਤੂੰ ਫੇਰ ਆਪੇ, ਇਹ ਜ਼ਮਾਨਾ ਬਦਲਿਆ।

ਲੁਧਿਆਣਾ-20-06-2004

-150-

ਆਸ ਕਰਨੀ ਪੀ ਲਵਾਂ ਦੋ, ਘੁੱਟ ਤੇਰੀ ਓਕ ਚੋਂ
ਰੋਜ਼ ਪੈਂਦਾ ਪਾਰ ਹੋਣਾ, ਵਾਲ ਵਰਗੀ ਨੋਕ ਚੋਂ।

ਜਰਨ ਮੁਸ਼ਕਲ ਬਾਪ ਲੀ ਜੇ, ਚਾਕ ਨੂੰ ਜਾ ਧੀ ਮਿਲੇ
ਲਾਜ਼ਮੀ ਪਰ ਹੀਰ ਲੀ ਸੀ, ਬਚ ਨਿਕਲਨਾ ਰੋਕ ਚੋਂ।

ਹੀਰ ਤਾਂ ਬਹਿਬਲ ਬੜੀ ਸੀ, ਪਾਸ ਹੋਵੇ ਰਾਂਝਣਾਂ
ਕਹਿਰ ਡਾਢਾ ਨਿਕਲ ਜਾਣਾ, ਰਾਂਝਣੇ ਦੀ ਝੋਕ ਚੋਂ।

ਜਾ ਛੁਪੇਂਗੀ ਕੇਸ ਥਾਂ ਤੇ, ਸੱਜਨੀ ਤੂੰ ਹੋ ਜੁਦਾ
ਲੋਕ ਤਾਂ ਇਹ ਲੋਕ ਹੈ ਮੈਂ, ਢੂੰਡ ਲੂੰ ਪਰਲੋਕ ਚੋਂ।

ਧਰਮ ਦੇ ਇਹ ਚੌਧਰੀ ਨਾ, ਸਮਝਦੇ ਨੇ ਮੂਲ ਨੂੰ
ਰੱਬ ਚਾਹੇ ਨਿਕਲ ਜਾਣਾ, ਵਲਗਣਾਂ ਦੀ ਰੋਕ ਚੋਂ।

ਲੁਧਿਆਣਾ- 23-06-2004

-151-

ਚੱਪੂ ਬਣਾਕੇ ਹੱਥ ਨੂੰ ਤੂੰ ਪਾਰ ਕਰ ਲੈਂ ਕਹਿਕਸ਼ਾਂ
ਪਰ ਜੰਗ ਜਦਲੀ ਸੋਚ ਨੇ ਹੈ ਜਗਤ ਨੂੰ ਕੀਤਾ ਫ਼ਨਾਂ।

ਬਦਨਾਮ ਕਰਦਾ ਕਾਸ ਤੋਂ ਹੈਂ ਆਪਣੇ ਹੀ ਦੇਸ਼ ਨੂੰ
ਉਹ ਝੋਲ ਭਰਦੇ ਦੌਲਤੀਂ ਰਜ ਕਰਨਗੇ ਜੋ ਮਿਹਨਤਾਂ।

ਜੋ ਕਾ.ਗਜ਼ਾਂ ਦੀ ਲੋਚਦਾ ਬੇੜੀ ਬਣਾ ਕੇ ਤੈਰਨਾ
ਲਾਜ਼ਮ ਹਸ਼ਰ ਹੈ ਓਸ ਦਾ ਵਿਚ ਪਾਣੀਆਂ ਦੇ .ਗਰਕਨਾਂ।

ਹਨ ਪੰਛੀਆਂ ਦੇ ਆਲ੍ਹਣੇ ਨੂੰ ਜਾਣਕੇ ਜੋ ਫੂਕਦੇ
ਰੋਵਣ ਜਦੋਂ ਘਰ ਆਪਣੇ ਤੇ ਡਿਗਦੀਆਂ ਨੇ ਬਿਜਲੀਆਂ।

ਇਸ ਧਰਤ ਨੂੰ ਸ਼ਾਹਾਂ ਸਦਾ ਹੈ ਵੰਡੀਆਂ ਵਿਚ ਵੰਡਿਆ
ਤੂੰ ਛੱਡਦੇ ਹੁਣ ਬੰਦਿਆਂ ਨੂੰ ਰੰਗ ਨਸਲੀਂ ਵੰਡਨਾਂ।

ਕੈਲਗਰੀ 14-01-2005

-152-

ਇਹ ਮਸਤ ਬੜੀ ਪੁਰਵਾਈ ਹੈ
ਜਿਉ ਮਿਲਕੇ ਉਸ ਨੂੰ ਆਈ ਹੈ।

ਖਹਿ ਕੇ ਲੰਘੀ ਤੇਰੇ ਕੋਲੋਂ
ਤੇਰੀ ਖੁਸ਼ਬੂ ਏਸ ਚੁਰਾਈ ਹੈ।

ਤੂੰ ਆਕੇ ਤੇ ਮੁੜ ਜਾਵੇਂ ਨਾ
ਮੈਂ ਰਾਹ 'ਤ ਨਜ਼ਰ ਟਕਾਈ ਹੈ।

ਯਾਦਾਂ ਦੇ ਵਿਰਲੀਂ ਉਗ ਪੈਣਾਂ
ਪਿੱਪਲ ਨੇ ਜਾਚ ਸਖਾਈ ਹੈ।

ਇਸ ਘਟ ਕਾਲੀ ਨੇ ਆਕੇ ਤੇ
ਜ਼ੁਲਫਾਂ ਦੀ ਯਾਦ ਕਰਾਈ ਹੈ।

ਉਹ ਧੜਕਣ ਬਣਕੇ ਧੜਕ ਰਹੀ
ਨਸ ਨਸ ਵਿਚ ਆਣ ਸਮਾਈ ਹੈ।

ਲੁਧਿਆਣਾ- 28-06-2004

-153-

ਕਾਫਲੇ ਇਹ ਜੁਗਨੂਆਂ ਦੇ, ਕਰ ਪੜਾ ਨੇ ਰੁਕ ਗਏ
ਨ੍ਹੇਰਿਆਂ ਵਿਚ ਭਾਲ ਕਰਦੇ, ਵੇਖ ਸੂਰਜ ਲੁਕ ਗਏ।

ਹੈ ਖ਼ਤਾ ਜੇ ਸਮਝ ਬੈਠੇਂ, ਅੰਤ ਐਸੀ ਭਾਲ ਦਾ
ਰਾਤ ਦੱਸੇਗੀ ਹਨੇਰੀ, ਕਾਫਲੇ ਜਦ ਢੁਕ ਗਏ।

ਪੰਧ ਲੰਮਾਂ ਨਾ ਪੜਾ ਹੈ, ਕਾਮਯਾਬੀ ਦੂਰ ਹੈ
ਵੇਖ ਔਕੜ ਸੀਸ ਨਾਹੀਂ, ਸੂਰਿਆਂ ਦੇ ਝੁਕ ਗਏ।

ਕੌਮ ਗ਼ੈਰਤ ਨਾਲ ਨਾ ਜੋ, ਜੀਣ ਜੀਣਾ ਜਾਣਦੀ
ਸਮਝਲੌ ਫਿਰ ਦਿਨ ਅਜ਼ਾਦੀ,ਖ਼ਤਮ ਹੋਏ ਮੁਕ ਗਏ।

ਪਾਦਰੀ ਭਾਈ ਮੁਲਾਣੇ ਐ ਪਖੰਡੀ ਪੰਡਤੋ
ਕੀ ਤੁਸਾਂ ਦਰਸ਼ਨ ਕਰਾਣੇ, ਝੂਠੇ ਮੰਤਰ ਉਕ ਗਏ।

ਲੁਧਿਆਣਾ- 29-06-2004

-154-

ਹੋਤ ਚਾਹੇ ਲੈ ਗਏ ਸਨ, ਚੁੱਕ ਪੁੰਨੂੰ ਕਰ ਅੜੀ
ਯਾਰ ਦੀ ਹੀ ਭਾਲ ਕਰਦੀ, ਵਿਚ ਥਲਾਂ ਸੱਸੀ ਸੜੀ।

ਮਾਤ ਸੱਭੇ ਹੋ ਗਏ ਨੇ, ਹੁਣ ਸਿਤਾਰੇ ਟਿਮਟਿਮਾ
ਚਾਂਦਨੀ ਬਣ ਰਾਤ ਦੇ ਤੂੰ, ਵਿੱਚ ਵਿਹੜੇ ਆ ਵੜੀ।

ਬੇਬਹਾ ਹਨ ਦੌਲਤਾਂ ਦੇ, ਢੇਰ ਲੱਗੇ ਜਾਪਦੇ
ਸਾਥ ਤੇਰੇ ਰਾਤ ਮੇਰੀ, ਮੋਤੀਆਂ ਜਾਪੇ ਜੜੀ।

ਭੇਤ ਕੋਈ ਪਾ ਸਕੇ ਨਾ, ਇਸ ਅਦੁੱਤੀ ਖਿੱਚ ਦਾ
ਰੋਕ ਸੱਕਣ ਬੰਦਸ਼ਾਂ ਕੀ, ਨਾ ਮੁਹੱਬਤ ਰਹਿ ਤੜੀ।

ਆ ਜ਼ਰਾ ਮਹਿਕਾ ਚੁਗਿਰਦਾ, ਫੇਰ ਪਹਿਲੇ ਵਾਂਗ ਤੂੰ
ਤੋੜ ਦੇਣੀ ਅੱਜ ਆਪਾਂ, ਰੈਣ ਸੁੰਨੀ ਦੀ ਅੜੀ।

ਲੁਧਿਆਣਾ-29-06-2004

-155-

ਡੁਬ ਡੁਬਾਂਦੇ ਨੈਣ ਲਟਕੀ, ਹੈ ਤੇਰੀ ਤਸਵੀਰ ਹੀ
ਦੂਰ ਕਰਦੇ ਦੂਰੀਆਂ ਬਹੁ, ਹੋ ਰਹੀ ਤਾਖ਼ੀਰ* ਹੀ।

*ਦੇਰ

ਦੂਰੀਆਂ ਮਜਬੂਰੀਆਂ ਨੇ, ਜਾਣਦਾਂ ਮੈਂ ਸੱਜਣਾਂ
ਜੋ ਪਰੁੱਤੀ ਪੀੜ ਰਾਹੀਂ, ਜਾਣਦੇ ਰਹਿਗੀਰ ਹੀ।

ਕਰ ਇਕੱਤਰ ਦੌਲਤਾਂ ਦੇ, ਢੇਰ ਵੀ ਜੇ ਲਾ ਲਵਾਂ
ਹਨ ਮੇਰੇ ਲੀ ਤੁੱਛ ਸਾਰੇ, ਨਾ ਮਿਲੇ ਜੇ ਹੀਰ ਹੀ।

ਦੌਲਤਾਂ ਨਾਹੀਂ ਵਿਹਾਜਨ, ਸੱਜਣਾ ਦੇ ਪ੍ਰੇਮ ਨੂੰ
ਬੰਨ੍ਹਕੇ ਜੋ ਰੱਖਦੀ ਹੈ, ਪਿਆਰ ਦੀ ਜ਼ੰਜੀਰ ਹੀ।

ਕਰ ਗਏ ਉਹ ਪਾਰ ਸਾਰੇ, ਮੁਸ਼ਕਲਾਂ ਦੇ ਸਭ ਪੜਾ
ਹੋ ਗਏ ਕੁਰਬਾਨ ਜਿਹੜੇ,ਇਕ ਨਜ਼ਰ ਦੇ ਤੀਰ ਹੀ।

ਲੁਧਿਆਣਾ- 5-07-2004

-156-

ਤੇਜ਼ ਹਵਾ ਵਿਚ ਕਦ ਤਕ ਸੰਧੂ, ਦੀਵਾ ਰੋਜ਼ ਜਗਾਵੇਂਗਾ
ਲੋਹਾ ਲੈਣਾ ਸਚ ਦੀ ਖਾਤਰ, ਕਦ ਤਕ ਵਚਨ ਨਿਭਾਵੇਂਗਾ।

ਪੰਜੇ ਪਾਣੀ ਅੱਡੋ ਪਾਟੀ, ਬਰਕਤ ਸਾਰੀ ਖੋ ਬੈਠੇ
ਏਕੇ ਦਾ ਤੂੰ ਸਬਕ ਪੁਰਾਣਾ, ਕੀਕਣ ਫੇਰ ਪੜ੍ਹਾਵੇਂਗਾ।

ਜ਼ਹਰ ਅਲੂਦਾ ਹੋਇਆ ਸਾਰਾ, ਬਾਗ ਮਹਿਕ ਤੋਂ ਖਾਲੀ ਹੈ
ਚੋਰਾਂ ਲੁੱਟੇ ਪਾਣੀ ਸਾਡੇ, ਪਾਣੀ ਕਿੱਥੋਂ ਲਾਵੇਂਗਾ।

ਮੰਦਰ ਮਸਜਦ ਮੱਲੀ ਬੈਠੈ, ਹਰ ਥਾਂ ਟੋਲੇ ਠੱਗਾਂ ਦੇ
ਤਾੜੀ ਲਾ ਕੇ ਬੈਠੇ ਸਾਰੇ, ਕਿਸ ਛਤਰੀ ਤੇ ਆਵੇਂਗਾ।

ਬੀਤ ਗਈ ਸੋ ਬੀਤ ਗਈ ਏ, ਰੀਤ ਪੁਰਾਣੀ ਜਗ ਦੀ ਹੈ
ਵਿਛੜ ਗਿਆਂ ਨੂੰ ਕੀਕਣ ਯਾਰਾ ਹੁਣ ਤੂੰ ਮੋੜ ਲਿਆਵੇਂਗਾ।

ਲੁਧਿਆਣਾ- 29-07-2004

-157-

ਹਰ ਘੜੀ ਹੀ ਇਕ ਘੜੀ ਜੋ, ਗੁੱਟ ਤੇ ਹੈ ਸੋਭਦੀ
ਕੈਦ ਦਾ ਅਹਿਸਾਸ ਦੇਵੇ, ਵਕਤ ਰਹਿੰਦੀ ਭੋਰਦੀ।

ਅਣਖਿਆਲੇ ਤੇ ਖਿਆਲੇ, ਪਲ ਚਸ਼ਾ ਨੇ ਬੀਤਦੇ
ਹਰ ਸਮੇਂ ਅਹਿਸਾਸ ਇਸ ਦਾ, ਦੇ ਰਹੀ ਇਹ ਜ਼ੋਰਦੀ।

ਜ਼ਿੰਦਗੀ ਦੇ ਪਲ ਸੁਨਹਿਰੀ, ਕਿਉ ਗਵਾਏਂ ਇਸ ਤਰ੍ਹਾਂ
ਖ਼ਰਚ ਕੀਤੇ ਬਿਨ ਲੁਟਾ ਨਾ, ਦੌਲਤਾਂ ਨੂੰ ਹਰ ਘੜੀ।

ਕੀ ਕਰਾਂ ਤੇ ਨਾ ਕਰਾਂ ਵਿਚ, ਵਕਤ ਜਾਏ ਬੀਤਦਾ
ਕਰਮ ਭੂਮੀਂ ਛੱਡਕੇ ਤੂੰ, ਕਿਉ ਰਹੇਂ ਵਿਚ ਬੇਕਸੀ।

ਕਰਮ ਦੀ ਤਾਕਤ ਬੜੀ ਹੈ, ਜ਼ਿੰਦਗੀ ਵਿਚ ਦੋਸਤਾ
ਕਰਮ ਹੀਣੀ ਨਾ ਗਵਾ ਤੂੰ, ਜੋੜ ਸਾਂਝਾਂ ਦੀ ਕੜੀ।

-158-

ਹੈ ਅਨੋਖਾ ਚਲਨ ਯਾਰੋ, ਰੁੱਠੜੀ ਤਕਦੀਰ ਦਾ
ਹੈ ਉਡੀਕਾਂ ਕਰ ਰਹੀ ਇਹ, ਜਾਪਦੀ ਤਦਬੀਰ ਦਾ।

ਹੌਸਲੇ ਬਿਨ ਆਦਮੀਂ ਤੇ, ਨਾ ਕਦੀ ਵੀ ਜੀ ਸਕੇ
ਰੋਜ਼ ਮਰਨਾ ਬੁਜ਼ਦਿਲਾਂ ਦਾ, ਮਰਨ ਇੱਕੋ ਵੀਰ ਦਾ।

ਦਿਲ ਟਿਕਾਣੇ ਰੱਖਦੇ ਜੋ, ਮੰਜ਼ਲਾਂ ਨੂੰ ਪਾਣ ਉਹ
ਹਰ ਕਦਮ ਅੱਗੇ ਸਦਾ ਹੀ ਜਾਂਵਦਾ ਰਣਬੀਰ ਦਾ।

ਜਾਨ ਵਾਂਗੂੰ ਪਾਲਦੇ ਜੋ, ਪ੍ਰੇਮ ਅਪਣੇ ਯਾਰ ਦਾ
ਔਕੜਾਂ ਜਰ ਛੱਡਦੇ ਨਾ, ਉਹ ਤੇ ਪੱਲਾ ਧੀਰ ਦਾ।

ਸੂਲੀਆਂ ਦਾ ਵੀ ਹੁਲਾਰਾ, ਲੈਣ ਉਹ ਤੇ ਹੱਸਕੇ
ਸ਼ੌਕ ਜਿਹਨਾਂ ਲੱਗਿਆ ਹੈ, ਜ਼ੁਲਫ਼ ਦੀ ਜ਼ੰਜੀਰ ਦਾ।

-159-

ਬਿਜਲੀਆਂ ਨੇ ਕੀ ਜਲਾਨਾ, ਮੈਂ ਜਵਾਲਾ ਆਪ ਹਾਂ
ਆ ਗਿਆ ਮਹਿਮਾਨ ਦਰ ਤੋਂ, ਪਰ ਕਿਵੇਂ ਵਾਪਸ ਕਰਾਂ।

ਦਰਦ ਭਿੰਨੇ ਬੋਲ ਸੁਣਕੇ, ਮੈਂ ਕਿਸੇ ਮਜ਼ਲੂਮ ਦੇ
ਬੰਦ ਰੱਖਾਂ ਅੱਖ ਕੀਕਣ, ਕਿਸ ਤਰ੍ਹਾਂ ਰੋਕਾਂ ਜ਼ੁਬਾਂ।

ਧਰਮ ਹੋਇਆ ਕਰਮ ਹੀਣਾ, ਤੇ ਸਿਆਸਤ ਦੋਗਲੀ
ਕਰਮ ਹੀਣੇ ਦੋਗਲੇ ਦੀ, ਧੌਂਸ ਕੀਕਣ ਮੈਂ ਜਰਾਂ।

ਅਧਖਿੜੇ ਫੁੱਲਾਂ ਤੇ ਭਵਰਾ, ਭੌਂ ਰਿਹਾ ਹੈ ਜਿਸ ਤਰ੍ਹਾਂ
ਲੋਭ ਲਾਲਚ ਤੇ ਅਯਾਸ਼ੀ, ਫੈਲਗੀ ਸਾਰੇ ਜਹਾਂ।

ਤੋਤਲੇ ਬੋਲਾਂ 'ਚ ਮੈਨੂੰ, ਆਣ ਪੋਤੀ ਪੁੱਛਦੀ
ਗ੍ਰੈਂਡ-ਪਾ ਕੀ ਕਾਗਜ਼ਾਂ ਤੇ, ਘਚਮਚੋਲੇ ਮੈਂ ਕਰਾਂ।

ਭੁੱਲ ਜਾਵਣਗੇ ਨਿਆਣੇ, ਘਰ ਪੰਜਾਬੀ ਬੋਲਣੀ
ਗੈਰ ਆਕੇ ਘਰ ਕਰੇਗਾ, ਧਰਮ, ਸੋਚਾਂ, ਜਜ਼ਬਿਆਂ।

ਬੋਹੜਾਂ ਨੂੰ ਪੁੱਟ ਆਂਦਾ, ਧਰਤ ਅਪਣੀ ਚੋਂ ਜਦੋਂ
ਫੜਣਗੇ ਉਹ ਕੀ ਭਲਾ ਹੁਣ, ਓਪਰੀ ਇਸ ਥਾਂ ਜੜ੍ਹਾਂ।

## -160-

ਹਰ ਘੜੀ ਪਲ ਯਾਦ ਸਜਣਾ, ਦੀ ਸਤਾਵੇ ਕੀ ਕਰਾਂ
ਬੌਰਿਆਂ ਲਟਬੌਰਿਆਂ ਦੇ, ਵਾਂਗ ਹਾਵੇ ਮੈਂ ਭਰਾਂ।

ਚਿਲਚਲਾਂਦੀ ਧੁੱਪ ਮੈਨੂੰ, ਐਨ ਠੰਡੀ ਲੱਗਦੀ
ਤੇਰਿਆਂ ਪਰਛਾਂਵਿਆਂ ਦੀ, ਢੂੰਡ ਯਾਰਾ ਮੈਂ ਕਰਾਂ।

ਨਿੰਮ ਕੌੜੀ ਨੂੰ ਪਤਾਸੇ, ਲੱਗਦੇ ਘਰ ਯਾਰ ਦੇ
ਯਾਰ ਤੇਰੀ ਚਿਤਵਨਾ ਕਰ, ਪੈਰ ਵਿਹੜੇ ਮੈਂ ਧਰਾਂ।

ਛਮਛਮਾਂਦੀ ਆਣ ਵੱਸੇ, ਬਣ ਕਦੀ ਉਹ ਬੱਦਲੀ
ਉੱਡ ਜਾਵੇ ਦਾਮਣੀ ਜਿਉ, ਚਾਨਣੇ ਦੇ ਲਾ ਪਰਾਂ।

ਯਾਦ ਤੇਰੀ ਮਹਿਕਦੀ ਜਿਉ, ਰਾਤ ਰਾਣੀ ਆ ਖਿੜੇ
ਲੰਮਿਆਂ ਪਰਛਾਂਵਿਆਂ ਨੂੰ, ਸ਼ਾਮ ਡੋਬੇ ਵਿਚ ਸਰਾਂ।

ਆ ਗਏ ਸਭ ਢੋਰ ਡੰਗਰ, ਥਾਂ ਟਕਾਣੇ ਆਪਣੇ
ਯਾਦ ਤੇਰੀ ਦੇ ਸਹਾਰੇ, ਵੱਸਦਾ ਮੇਰਾ ਗਰਾਂ।

ਰੁੱਖ ਸਾਵੇ ਵਿਚ ਹਵਾ ਦੇ, ਸਰਸਰਾਂਦੇ ਲਹਿਰਦੇ
ਪੀਂਘ ਚੜ੍ਹਦੀ ਦਾ ਹੁਲਾਰਾ, ਯਾਦ ਬੈਠਾ ਮੈਂ ਕਰਾਂ।

ਲੁਧਿਆਣਾ- 10-07-2004

-161-

ਐ ਮਿਰੇ ਮਹਿਬੂਬ ਤੇਰੀ, ਮੈਂ ਸਵਾਲਣ ਹੋ ਗਈ
ਚਾਰ ਗਾਂਈਂ ਬਣ ਗਵਾਲਾ, ਮੈਂ ਗਵਾਲਣ ਹੋ ਗਈ।

ਸੀ ਬੜਾ ਹੀ ਮਾਣ ਮੈਨੂੰ, ਆਪਣੇ ਹੀ ਰੂਪ ਦਾ
ਨਾ ਕਰੇ ਇਹ ਕਾਟ ਕੋਈ, ਮੈਂ ਬੰਗਾਲਣ ਹੋ ਗਈ।

ਸੀ ਗਵਾਂਢਣ ਵੇਖਿਆ ਜਦ, ਆ ਮਿਰੇ ਮਹਿਬੂਬ ਨੂੰ
ਹੋਰ ਹੋਣਾ ਸੀ ਭਲਾ ਕੀ? ਸੜ ਕੇ ਬਾਲਣ ਹੋ ਗਈ।

ਗੁੰਦਕੇ ਮੈਂ ਹਾਰ ਕਲੀਆਂ, ਦਾ ਬਨਾਵਾਂ ਉਸ ਲਈ
ਕਹਿਣ ਲੋਕੀਂ ਇਹ ਕਿਸ਼ਨ ਦੀ,ਵੇਖੁ ਮਾਲਣ ਹੋ ਗਈ।

ਗੀਤ ਤੇਰੇ ਪਿਆਰ ਦੇ ਮੈਂ, ਗੁਣ ਗੁਣਾਵਾਂ ਰਾਤ ਦਿਨ
ਆਖਦੇ ਨੇ ਲੋਕ ਕਮਲੀ, ਇਹ ਕਵਾਲਣ ਹੋ ਗਈ।

ਹੈ ਸੁਤਾ ਐਸੀ ਜੁੜੀ ਹੁਣ, ਨਾਮ ਤੇਰੇ ਨਾਲ ਹੀ
ਭੁੱਲਗੇ ਨੇ ਸਭ ਖਿਆਲੋਂ, ਬੇਖਿਆਲਣ ਹੋ ਗਈ।

ਹਰ ਤਰਫ ਹਰਏਕ ਪਾਸੇ, ਭਾਲ ਤੇਰੀ ਮੈਂ ਕਰਾਂ
ਲੁਕ ਰਿਹੋਂ ਤੂੰ ਦਿਲ 'ਚ ਮੇਰੇ,ਘਾਲ ਘਾਲਣ ਹੋ ਗਈ।

-162-

ਬੰਦ ਕਰੋ ਜਦ ਬੂਹਾ ਬਾਰੀ, ਚੁੰਨੀ ਵੀ ਸਰਕਾਂਦੇ ਹੋ
ਫੇਰ ਚੁਰਾਕੇ ਨੈਣ ਮਮੋਲੇ, ਨਜ਼ਰਾਂ ਵੀ ਮਟਕਾਂਦੇ ਹੋ।

ਦਾਰੂ ਦਰਮਲ ਕਰਨੇ ਤੇ ਵੀ, ਹਾਲਤ ਦਿਲ ਦੀ ਸੁਧਰੇ ਨਾ
ਮਰ ਜਾਣੇ ਨੂੰ ਦਰਸ਼ਨ ਦੇਕੇ, ਆਪੇ ਆਣ ਬਚਾਂਦੇ ਹੋ।

ਕਲੀਆਂ ਚੁੰਮੇਂ ਤੇ ਉਡ ਜਾਵੇ, ਬੁੱਲਾ 'ਵਾ ਦਾ ਮਹਿਕ ਚੁਰਾ
ਉਸਦੇ ਵਾਂਗੂੰ ਸੁਪਨਾ ਬਣਕੇ, ਝਲਕ ਵਖਾ ਤੁਰ ਜਾਂਦੇ ਹੋ।

ਕਰਤਬ ਸਾਰੇ ਸਿੱਖ ਲਏ ਨੇ, ਆਪੇ ਹੁਸਨ ਜਵਾਨੀ ਤੋਂ
ਬਿਨ ਧਾਗੇ ਹੀ ਬੱਧਾ ਆਵੇ, ਐਸਾ ਦਿਲ ਭਰਮਾਂਦੇ ਹੋ।

ਪਤਝੜ ਵਾਂਗੂੰ ਕਿਰਦੇ ਜਾਂਦੇ, ਪੱਤਰ ਜਦ ਨੇ ਆਸਾਂ ਦੇ
ਸ਼ੋਖ਼ ਹਵਾ ਦੇ ਵਾਂਗੂੰ ਮਸਤੀ, ਲਹਿਰੀ ਚਾਲ ਵਖਾਂਦੇ ਹੋ।

ਜੀਣ ਦਿਓ ਨਾ ਮਰਨ ਦਿਓਗੇ, ਮੇਲ ਵਿਹੂਣੇ ਰਾਤ ਦਿਹੁੰ
ਆ ਡੁਬਦੇ ਜਾਂਦੇ ਦਿਲ ਨੂੰ ਫਿਰ, ਆਸ ਜਹੀ ਬਨ੍ਹਵਾਂਦੇ ਹੋ।

ਮੁਖ ਦੇਖਾਂ ਤਾਂ ਪੂਰਨ ਮਾਸ਼ੀ, ਵਰਨਾ ਨ੍ਹੇਰਾ ਮਸਿਆ ਦਾ
ਛੁਪ ਜਾਵੋ ਫਿਰ ਦਰਸ ਦਿਖਾਵੋ, ਸਰਘੀ ਬਣਕੇ ਆਂਦੇ ਹੋ।

-163-

ਜ਼ਿੰਦਗੀ ਦੇ, ਗੀਤ ਗਾਵਣ ਵਾਲਿਆ
ਲੈ ਪਤਾ ਹੁਣ, ਯਾਦ ਆਵਣ ਵਾਲਿਆ।

ਬੋਲ ਮੈਨੂੰ, ਦੇ ਗਿਓਂ ਤੂੰ ਗੀਤ ਦੇ
ਗੀਤ ਮੇਰੇ, ਸੁਣ ਤੂੰ ਜਾਵਣ ਵਾਲਿਆ।

ਸੁਰ ਮਿਰੀ ਚੋਂ, ਨਾਮ ਤੇਰਾ ਗੂੰਜਦਾ
ਬੇਸੁਰੇ ਨੂੰ, ਸੁਰ ਸਿਖਾਵਣ ਵਾਲਿਆ।

ਹੱਥ ਤੇਰੇ, ਚੁੰਮ ਲਾਂ ਧੋ ਪੈਰ ਵੀ
ਰਾਹ ਜੀਵਣ, ਦਾ ਵਖਾਵਣ ਵਾਲਿਆ।

ਆ ਮਿਲੇਂ ਜੇ, ਢੋਲਨਾ ਕੁਰਬਾਨ ਜਾਂ
ਸੁਰ ਮਿਰੀ ਦੇ ਸੁਰ ਮਿਲਾਵਣ ਵਾਲਿਆ

ਬਿਰਖ ਨਾਲੋਂ, ਵੱਧ ਤੇਰੀ ਧੀਰ ਹੈ
ਧੀਰ ਮੇਰੀ, ਨੂੰ ਧਰਾਵਣ ਵਾਲਿਆ।

ਆਸ ਤਕਵਾ, ਹੈ ਕਿਆਸੋਂ ਵੀ ਬੜਾ
ਆਸ ਮੇਰੀ, ਨੂੰ ਬਨ੍ਹਾਵਣ ਵਾਲਿਆ।

ਦੇ ਉਡਾਰੀ, ਤੂੰ ਉਕਾਬੋਂ ਵੀ ਬੜੀ
ਕਲਪਨਾ ਦੇ, ਪਰ ਲਗਾਵਣ ਵਾਲਿਆ।

-164-

ਐਸੇ ਵੀ ਨੇ ਮੇਰੇ ਯਾਰ
ਪਿਠ ਪਿੱਛੇ ਜੋ ਕਰਦੇ ਵਾਰ।

ਹਰ ਵਾਰੀ ਜਦ ਪੈਂਦੀ ਲੋੜ
ਪੱਲੇ ਪਾਈ ਉਹਨਾਂ ਹਾਰ।

ਫਿਰ ਵੀ ਕੁਛ ਨੇ ਐਸੇ ਮੀਤ
ਜਿੰਨ੍ਹਾਂ ਤੋਂ ਜਾਵਾਂ ਬਲਹਾਰ।

ਸਚ ਦਾ ਹੋਕਾ ਜਿਸ ਦੇ ਬੋਲ
ਵਧਕੇ ਲੈਂਦੇ ਉਸ ਦੀ ਸਾਰ।

ਰੁੱਖਾਂ ਵਾਂਗੂੰ ਸਾਏ ਦੇਣ
ਸਾਥ ਉਨ੍ਹਾਂਦਾ ਵਾਂਗ ਬਹਾਰ।

ਐਸੇ ਜੋ ਨੇ ਮੇਰੇ ਯਾਰ
ਉਹਨਾਂ ਤੋਂ ਜਾਵਾਂ ਬਲਹਾਰ।

-165-

ਮਨ ਮੀਤੇ  ਤੋਂ  ਜਦ ਤਕ ਦੂਰੀ
ਮਨ ਨਾ ਪਾਵੇ  ਸਬਰ  ਸਪੂਰੀ।

ਜੋ ਨਾ ਬਣਿਆਂ  ਮਨ ਦਾ ਰਾਂਝਾ
ਨਾ ਆਵੇ  ਲਖ  ਕਾਵਾਂ  ਚੂਰੀ।

ਖੋਟੇ  ਪੈਸੇ  ਨਿਤ  ਨਾ  ਚਲਦੇ
ਸਦ ਨਾ ਚਲਦੀ  ਹੈਂਕੜ ਹੂਰੀ।

ਰਬ ਨਾ ਮੰਦਰ ਮਸਜਦ ਵਸਦਾ
ਕਾਂਡ  ਕਰਮ  ਵਾਧੂ ਮਗ਼ਰੂਰੀ।

ਕਾਫੀ  ਸੈਨਤ  ਇਕਨਾਂ  ਤਾਂਈ
ਨਾ ਸਮਝੇ  ਪਰ ਮੂਰਖ  ਘੂਰੀ।

ਦੋਗਲਿਆਂ ਦਾ  ਅੰਤ  ਬੁਰਾ ਹੈ
ਗੱਲ  ਪਤੇ  ਦੀ ਸਮਝੋ  ਪੂਰੀ।

ਤੂੰ ਜੇ ਮਨ ਦੀ  ਮੈਲ ਨ ਲਾਹੀ
ਪੂਜਾ ਪਾਠ ਨ  ਪਾਸਣ  ਪੂਰੀ।

ਆ  ਵੱਸੇ ਜੇ  ਰਬ ਮਨ  ਮੱਕੇ
ਤਾਂ ਕੇਹੀ ਵਤ  ਉਸ ਤੋਂ ਦੂਰੀ।

ਛਡ ਦੂਈ ਤੇ ਇਕ ਦਾ ਹੋ ਜਾ
ਤਾਂ ਹੀ ਫਲਸੀ ਆਸ ਅਧੂਰੀ।

-166-

ਯਾਰਾ ਕਿ ਅੱਖਾਂ ਮੇਰੀਆਂ, ਵਿਚ ਉਹ ਸਵੇਰਾ ਹੈ ਅਜੇ
ਹਰ ਦਰ ਅਤੇ ਦੀਵਾਰ ਤੇ, ਨਾਂ ਦਰਜ ਤੇਰਾ ਹੈ ਅਜੇ।

ਹਰ ਰਾਤ ਕਾਲੀ ਵੇਖਕੇ, ਨਾ ਮੈਂ ਕਦੇ ਵੀ ਸਹਿਮਿਆਂ
ਹਰ ਸੁਪਨ ਤੇ ਹਰ ਯਾਦ ਵਿਚ, ਤੇਰਾ ਬਸੇਰਾ ਹੈ ਅਜੇ।

ਜੋ ਦਰਦ ਭਿੰਨੇ ਦੇ ਗਿਓਂ, ਰਿਸ਼ਤੇ ਬੜੇ ਆਰਾਮ ਦੇ
ਹਰ ਪੀੜ ਸੁਲਘੀ ਸਾਥ ਬਣ, ਜੀਕਣ ਮਨ੍ਹੇਰਾ ਹੈ ਅਜੇ।

ਸੀ ਕਾਗ ਕਾਲੇ ਵਾਂਗ ਹੀ, ਇਹ ਰਾਤ ਕਾਲੀ ਆਸ ਦੀ
ਜਦ ਰਾਤ ਗੁਜ਼ਰੀ ਦਰਦ ਦੀ, ਬਾਕੀ ਸਵੇਰਾ ਹੈ ਅਜੇ।

ਜਿਸ ਰਾਤ ਜੜਤੀ ਤਾਰਿਆਂ, ਤੇ ਜੁਗਨੂਆਂ ਦੀ ਰੌਸ਼ਨੀ
ਤੇ ਇਸ਼ਕ ਨੂੰ ਦੇ ਰੰਗੁ ਬੂ*, ਐਸਾ ਚਤੇਰਾ ਹੈ ਅਜੇ।

* ਰੰਗ ਅਤੇ ਖੁਸ਼ਬੂ

**–167–**

ਆਖਣ ਜੋ ਵੀ ਲੁਟ ਦਾ ਖਾਧਾ, ਸਾਨੂੰ ਸਭ ਕੁਛ ਪਚਨਾ ਹੈ
'ਠੱਗਾਂ ਦੇ ਵਿਚ ਸ਼ਾਮਲ ਹੋ ਜਾ', ਸੰਧੂ ਜੇ ਤੂੰ ਬਚਨਾ ਹੈ।

ਖਾਧਾ ਪੀਤਾ ਲਾਹੇ ਦਾ ਹੈ, ਲੁਟ ਲੌਂ ਜੋ ਵੀ ਲੁਟਨਾ ਹੈ
ਠਗਦਾ ਆਯਾ ਜਗ ਹੀ ਸਾਰਾ, ਐਸੀ ਜਗ ਦੀ ਰਚਨਾ ਹੈ।

ਮਿੱਤਰ ਵੀ ਆ ਧਰਦੇ ਛੁਰੀਆਂ, ਲੋੜ ਬਲੀ ਦੀ ਆਣ ਪਵੇ
ਸ਼ਾਬਾ ਸ਼ੇਰਾ ਹੋ ਜਾ ਮੂਹਰੇ, ਸੂਲੀ ਚੜ੍ਹਦੈ ਜਚਨਾ ਹੈ।

ਦੁੱਧ ਮਲਾਈਆਂ ਖਾਂਦੇ ਬਾਂਦਰ, ਬੋਟੀ ਬੋਟੀ ਤੋੜ ਰਹੇ
ਝੂਠ ਕਹੇ ਤੋਂ ਹੱਸਣ ਸਾਰੇ, ਭਾਂਬੜ ਸਚ ਤੇ ਮਚਨਾ ਹੈ।

ਇਹ ਜੇ ਸਾਡੀ ਰੀਤ ਰਹੀ ਤੇ, ਅੱਖਾਂ ਮੀਟੀ ਬੈਠ ਰਹੇ
ਅੱਗੇ ਅੱਗੇ ਵੇਖੋ ਠੱਗਾਂ, ਨੰਗੇ ਹੋਕੇ ਨਚਨਾ ਹੈ।

-168-

ਨਾਮ ਹੈ ਬਦਨਾਮ ਮੇਰਾ, ਵਾਂਗ ਉਸ ਮਨਸੂਰ ਦੇ
ਦੇਕੇ ਫਾਂਸੀ ਸੱਚ ਨੂੰ ਹਨ, ਲੋਕ ਪਿੱਛੋਂ ਝੂਰਦੇ।

ਜ਼ਖ਼ਮ ਦਿਲਦੇ ਯਾਰ ਕੀਕਣ,ਭਰਨਗੇ ਹੁਣ ਇਸ ਤਰਾਂ
ਰਿਸ ਰਹੇ ਜੋ ਹਰ ਘੜੀ ਪਲ, ਵਾਂਗਰਾਂ ਨਾਸੂਰ ਦੇ।

ਵਾਂਗ ਫੁੱਲਾਂ ਦੇ ਖਿੜੇ ਨੇ, ਯਾਰ ਤੇਰੇ ਨੈਣ ਜੋ
ਹਨ ਮਿਰੇ ਲੀ ਦੋਸਤਾ ਇਹ,ਖਾਸ ਚਸ਼ਮੇਂ ਨੂਰ ਦੇ।

ਯਾਰ ਮਿੱਤਰ ਹਨ ਬੜੇ ਜੋ, ਦਰਦ ਵੰਡਣ ਲੋੜਦੇ
ਲੋੜ ਵੇਲੇ ਉੱਡ ਜਾਵਣ, ਵਾਂਗ ਉਹ ਕਾਫੂਰ ਦੇ।

ਹਨ ਖਿਆਲੀ ਜੋ ਪਲਾ ਕੀ, ਪਹੁਚਣੇ ਤਕਮੀਲ* ਨੂੰ
ਇਹ ਸੁਹਾਣੇ ਤੇ ਬੜੇ ਨੇ, ਢੋਲ ਜੋ ਨੇ ਦੂਰ ਦੇ।

ਕੀ ਕਰਾਂ ਮੈਂ ਏਸ ਦਿਲ ਦਾ, ਵੱਸ ਮੇਰੇ ਨਾ ਰਹੇ
ਸੁਰਗ ਦੀ ਥਾਂ ਧਰਤ ਉੱਤੇ, ਸੁਪਨ ਲੈਂਦਾ ਹੂਰ ਦੇ।

ਜੋ ਜ਼ਮਾਨੇ ਸਾਜ਼ ਲੋਕੀਂ, ਪਾਰਖੂ ਨਾ ਸੱਚ ਦੇ
ਉਹ ਭਲਾ ਕੀ ਪਾ ਸਕਨਗੇ, ਜਲਵੇ ਕੋਹੇ ਤੂਰ ਦੇ।

*ਪੂਰੇ ਹੋਣੇ

-169-

ਯਾਦ ਅਪਣੀ ਤੂੰ ਪਿਆਰੀ, ਦੇ ਗਿਓਂ ਸਜਣਾ ਜਿਵੇਂ
ਲਾਕੇ ਸਜਣਾ ਨਾਲ ਯਾਰੀ, ਕਿਸ ਤਰਾਂ ਕੋਈ ਸਵੇਂ।

ਸੀ ਅਚੰਭਾ ਜੋ ਮਿਰੇ ਲੀ, ਵਰਤਿਆ ਹੈ ਆਣ ਕੇ
ਭੁੱਲ ਮੈਨੂੰ ਹੈ ਗਿਆ ਸਭ, ਸਵਰਨਾ ਸਜਣਾ ਥਵੇਂ।

ਬਣ ਗਿਆ ਬਣਬਾਸ ਵਾਸਾ, ਆਪਣੇ ਘਰ ਵੱਸਣਾ
ਨਾ ਪਤਾ ਮੇਰੀ ਸੁਤਾ ਕਿਸ, ਥਾਂ ਦਿਨੇ ਰਾਤੀਂ ਭਵੇਂ।

ਅੰਨ ਪਾਣੀ ਲੰਘਦਾ ਨਾ, ਅਜਬ ਐਸਾ ਹਾਲ ਹੈ
ਕੁੱਟ ਪਾਵਾਂ ਚੂਰੀਆਂ ਜਦ, ਕਾਂ ਬਨੇਰੇ ਆ ਲਵੇਂ।

ਨਾ ਤਬੀਬਾਂ ਦੇ ਕਦੀ ਵੀ, ਹੱਥ ਆਵੇ ਰੋਗ ਇਹ
ਦਰਸ ਤੇਰਾ ਜੇ ਮਿਲੇ ਤਾਂ,ਦਰਦ ਦਿਲਦਾ ਫਿਰ ਝਵੇਂ।

ਲੱਗੀਆਂ ਦੇ ਸਾਥ ਸਜਣਾ, ਨਿਭਨ ਉਮਰਾ ਨਾਲ ਹੀ
ਬੇਮੁਰੱਵਤ ਲੋਕ ਜਿਹੜੇ, ਜਾ ਲਗਾਵਣ ਥਾਂ ਨਵੇਂ।

ਕਾਗ ਚੰਗੇ ਲੱਗਦੇ ਤੇ, ਭੁੱਲੀਆਂ ਨੇ ਕੋਇਲਾਂ
ਨਿਤ ਉਡੀਕਾਂ ਕਾਗ ਨੂੰ ਮੈਂ, ਰਾਗ ਵਿਹੜੇ ਆ ਗਵੇਂ।

**-170-**

ਯਾਦਾਂ ਪਰਿੰਦੇ ਬਣ ਜਿਵੇਂ, ਹਨ ਡਾਰ ਬੰਨ੍ਹੀ ਆ ਰਹੇ
ਦਿਲ ਦੇ ਬਨੇਰੇ ਤੇ ਸਜਣ, ਹਨ ਵਾਸ ਕਰਦੇ ਜਾ ਰਹੇ।

ਇਕ ਕਸਕ ਜੇਹੀ ਜਾਪਦੀ, ਬਣ ਪੀੜ ਦਿਲ ਤੇ ਬੈਠਗੀ
ਤੇਰੀ ਜੁਦਾਈ ਦੇ ਗ਼ਮੀਂ, ਗ਼ਮ ਹੋਰ ਭੁਲਦੇ ਜਾ ਰਹੇ।

ਕੋਈ ਹਨੇਰੀ ਪਿਆਰ ਦੇ, ਦੀਪਕ ਬੁਝਾ ਨਾ ਪਾਇਗੀ
ਫਿਰ ਐ ਤੁਫਾਨੋਂ ਆਪਣੀ, ਕਿਉ ਵਾਹ ਐਡੀ ਲਾ ਰਹੇ।

ਬੀਤੇ ਸਮੇਂ ਦੀ ਯਾਦ ਆ, ਰਹਿ ਰਹਿ ਸਤਾਵੇ ਦਿਲ ਜਦੋਂ
ਦਿਲਕਸ਼ ਨਜ਼ਾਰੇ ਪਿਆਰ ਦੇ,ਫਿਰ ਰੂਹ ਤੇ ਹਨ ਛਾ ਰਹੇ।

ਧਰਤੀ ਅਤੇ ਅਸਮਾਨ ਵੀ, ਲਗਦੇ ਨੇ ਮੈਨੂੰ ਝੂਮਦੇ
ਤੇਰੇ ਮਿਲਨ ਦੇ ਪਲ ਜਦੋਂ, ਛਹਿਬਰ ਜਹੀ ਨੇ ਲਾ ਰਹੇ।

-171-

ਦਰਦ ਹੋਵਣਗੇ ਦਵਾ ਜਦ, ਤੂੰ ਲਵੇਂਗਾ ਇਹ ਵੰਡਾ
ਸਾਥ ਦਰਦਾਂ ਦਾ ਬਣੇਗਾ, ਦੋਸਤੀ ਇਕ ਦੇਰ ਪਾ।

ਨਾਲ ਖ਼ਾਰਾਂ ਜੋ ਭਿਆਲੀ, ਪਾਂਵਦੇ ਨੇ ਸਮਝਕੇ
ਕੰਡਿਆਂ ਦੇ ਵਿੱਚ ਰਹਿਕੇ, ਮਹਿਕ ਦੇਂਦੇ ਬੇ ਬਹਾ।

ਜ਼ਿਦ ਪੁਗਾਣੀ ਰੋਣ ਵਾਲੇ, ਬਾਲ ਵਾਂਗੂੰ ਏਸ ਦੀ
ਚਾਟ ਇਸਤੇ ਆਪਣਾ ਤੂੰ,ਦਿਲ ਪਿਆਰੇ ਨਾ ਲਗਾ।

ਭੁੱਲ ਜਾ ਬੀਤੇ ਸਮੇਂ ਨੂੰ, ਹੌਸਲਾ ਕਰ ਸਾਂਭ ਲੈ
ਵਕਤ ਜਾਏ ਬੀਤਦਾ ਜੋ, ਤੂੰ ਸਕਾਰਥ ਉਹ ਬਣਾ।

ਕਰ ਸਮਝ ਤੇ ਘੋਲ ਕਰਲੈ, ਨਾਲ ਤੂੰ ਅਗਿਆਨ ਦੇ
ਕਰ ਤਰੱਕੀ, ਸਾਂਝ ਅਪਣੀ, ਸੱਚ ਦੇ ਤੂੰ ਨਾਲ ਪਾ।

-172-

ਦੂਰ ਜਾ ਬੇਆਸਰਾ ਤੂੰ, ਸੱਜਣਾ ਵੇ ਕਰ ਗਿਓਂ
ਦੇ ਖੁਸ਼ੀ ਦੇ ਪਲ ਜ਼ਰਾ ਭਰ,ਨਾਲ ਗ਼ਮ ਦੇ ਵਰ ਗਿਓਂ।

ਦਰਦ ਮੇਰਾ ਨਾ ਕਿਸੇ ਨੂੰ, ਰੋਲਿਆ ਹੈ ਹਰ ਕਿਸੇ
ਵਾਂਗ ਸੁੱਕੇ ਪੱਤਿਆਂ ਦੇ, ਹੌਲਿਆਂ ਤੂੰ ਕਰ ਗਿਓਂ।

ਲਾ ਗ਼ਜ਼ਲ ਦਾ ਚੇਟਕਾ ਤੂੰ, ਗੁਣ ਗੁਣਾਕੇ ਦੋ ਸ਼ਬਦ
ਪੀਂਘ ਵਾਂਗੂੰ ਦੇ ਹੁਲਾਰਾ, ਵੈਣ ਝੋਲੀ ਭਰ ਗਿਓਂ।

'ਜ਼ਿੰਦਗੀ ਬਾਕੀ ਰਹੀ ਤਾਂ, ਫਿਰ ਮਿਲਾਂਗੇ' ਆਖਕੇ
ਰੂਹ ਮੇਰੀ ਨੂੰ ਉਡਾਕੇ, ਜਿਸਮ ਕਬਰੀਂ ਧਰ ਗਿਓਂ।

ਆਖਦਾ ਸੈਂ ਮੈਂ ਜਿਸਮ ਹਾਂ, ਜਾਨ ਮੇਰੀ ਤੂੰ ਸਜਣ
ਹੋ ਜੁਦਾ ਬੇਜਾਨ ਤੂੰ ਤੇ, ਜਾਨ ਮੇਰੀ ਕਰ ਗਿਓਂ।

-173-

ਸਰਦੀਆਂ ਨੂੰ ਹੈ ਨਿਤਾਣੀ ਟਿੱਕੀ ਸੂਰਜ ਦੀ ਜਿਵੇਂ
ਖੁਦ ਨਿਤਾਣਾ ਦੂਜਿਆਂ ਨੂੰ ਨਿੱਘ ਦੇਵੇਗਾ ਕਿਵੇਂ।

ਹੀਣ ਜਨਤਾ ਹੋ ਗਈ ਨਾ ਬਲ ਦਿਖਾਵੇ ਆਪਣਾ
ਲੀਡਰਾਂ ਦੀ ਅਕੜ ਸੋਚੋ ਇਸ ਤਰ੍ਹਾਂ ਫਿਰ ਕਿਵ ਨਿਵੇਂ।

ਆਸ ਹੈ ਸੀ ਲੋਕਤੰਤਰ ਕਰ ਵਿਖਾਸੀ ਮੁਅਜਜ਼ਾ
ਆਸ ਹੈ ਬੇਆਸ ਹੁਣ ਬਿਨ ਆਸਰਾ ਜਨਤਾ ਤਿਵੇਂ।

ਰਾਹ ਹੁਣ ਤੇ ਹੋਰ ਕੋਈ ਹੀ ਪਵੇਗਾ ਲੱਭਣਾ
ਹੋਰ ਲੰਮਾਂ ਨਾ ਉਡੀਕੋ ਕੰਮ ਚਲਦਾ ਨਾ ਇਵੇਂ।

ਸਭ ਉਡੀਕਾਂ ਹੋਣ ਯਾਰਾ ਪੂਰੀਆਂ ਜੇ ਆ ਮਿਲੇਂ
ਚਾਅ ਤੈਨੂੰ ਮਿਲਣ ਦਾ ਹੁਣ ਹਿੱਕ ਮੇਰੀ ਨਾ ਮਿਵੇਂ।

-174-

ਪਹਿਚਾਨ ਮੇਰੀ ਨਾਨਕਾ, ਤੂੰ ਜਿੰਦ ਮੇਰੀ ਜਾਨ ਵੀ
ਇਹ ਏਕਤਾ ਦੀ ਸੋਚ ਜੋ, ਹੈ ਝਲਕ ਤੇਰੀ ਸ਼ਾਨ ਵੀ।

ਹਰ ਸੂ ਤਿਰਾ ਹੀ ਨੂਰ ਹੈ, ਹਰ ਥਾਂ ਜਿਵੇਂ ਹੈਂ ਤੂੰ ਖੜਾ
ਹੈਂ ਮਾਨ ਮੇਰਾ ਤੂੰ ਹੀ ਤੇ, ਹੈਂ ਧਰਮ ਤੇ ਈਮਾਨ ਵੀ।

ਹੈ ਸ਼ਾਨ ਤੇਰੀ ਨਾਨਕਾ, ਤੂੰ ਰੱਬ ਨੂੰ ਵੀ ਆਖਦੇਂ
ਕਿਉ ਸੋ ਲਵੇ ਨਾ ਸਭਸਦੀ,ਤੇ ਕਿਉ ਕਰਾਵੇ ਘਾਣ ਵੀ।

ਜੋ ਬਾਬਰੀ ਹੋਇਆ ਜ਼ੁਲਮ, ਤੂੰ ਬਣ ਬਲੀ ਵੰਗਾਰਿਆ
ਕੰਧਾਰ ਦਾ ਸੀ ਜੋ ਵਲੀ, ਤੂੰ ਤੋੜਿਆ ਸੀ ਤਾਨ ਵੀ।

ਤੂੰ ਮਨ ਦੇ ਮੱਕੇ ਫੇਰਦੇਂ, ਤੇ ਕਰ ਦਵੇਂ ਤੂੰ ਰੌਸ਼ਨੀ
ਦੇਂ ਅੰਧਕਾਰਾਂ ਨੂੰ ਹਟਾ, ਤੂੰ ਵੰਡਦਾ ਹੈਂ ਗਿਆਨ ਵੀ।

ਸੋਚੀ ਬੁਰਾਈ ਮਾਰਨੀ, ਕੀਤਾ ਬੁਰੇ ਦਾ ਵੀ ਭਲਾ
ਤੂੰ ਸਿੱਖ ਦਿੱਤੀ ਗਿਆਨਦੀ, ਤੇ ਕਿਰਤ ਦੀ ਹੈ ਸ਼ਾਨਵੀ।

ਇਕ ਨੂਰ ਤੋਂ ਜੋ ਉਪਜਿਆ, ਹੈ ਸਗਲ ਇਹ ਸੰਸਾਰ ਹੀ
ਲੌ ਸੋਚ ਅਪਣੀ ਨੂੰ ਬਣਾ, ਕਰਕੇ ਯਤਨ ਇਸ ਹਾਣ ਵੀ।

ਐਸਾ ਬਣਾਇਆ ਧਰਮ ਹੈ,ਤੂੰ ਜ਼ਾਤ ਇਸ ਇਨਸਾਨ ਲੀ
ਜੋ ਏਕਤਾ ਦਾ ਪਾਠ ਦੇ, ਸਭ ਏਕ ਨੇ ਇਨਸਾਨ ਵੀ।

ਜੋ ਜਾਬਰਾਂ ਦੇ ਜ਼ੁਲਮ ਨੂੰ, ਵੰਗਾਰਦਾ ਗੋਬਿੰਦ ਬਣ
ਲੋੜੇ ਭਲਾ ਸਰਬੱਤ ਦਾ, ਦੈ ਵਾਰ ਇਸ ਤੋਂ ਜਾਨ ਵੀ

–175–

ਕਰ ਬਸੇਰਾ ਏਸ ਥਾਂ ਤੇ, ਆਲ੍ਹਣਾ ਤੂੰ ਲੈ ਬਣਾ
ਦਿਲ ਦਾ ਪੰਛੀ ਜੇਸ ਥਾਂ ਤੇ,ਭਰ ਉਡਾਰੀ ਆ ਗਿਆ।

ਨਾ ਕਦੀ ਵੀ ਜਾਣ ਪੰਛੀ, ਮਗਰ ਅਪਣੇ ਬੋਟ ਦੇ
ਆਦਮੀਂ ਸਾਰੀ ਹਯਾਤੀ, ਬੱਚਿਆਂ ਨੂੰ ਪਾਲਦਾ।

ਨਾ ਖੁਰਾ ਨਾ ਖੋਜ ਚਾਹੇ, ਅੰਬਰਾਂ ਤੇ ਰਹਿ ਸਕੇ
ਪੈੜ ਤੇਰੀ ਦੱਸ ਕਿੱਦਾਂ, ਮੈਂ ਭੁਲਾਵਾਂ ਦੋਸਤਾ।

ਕਾਬਲੇ ਇਤਰਾਜ਼ ਲੱਗੇ, ਸੱਚ ਹਰ ਥਾਂ ਬੋਲਣਾ
ਨਾਲ ਗੁੜ੍ਹਤੀ ਸਿੱਖਿਆ ਜੋ, ਕਿੰਜ ਦੇਵਾਂ ਮੈਂ ਭੁਲਾ।

ਅਕਲ ਆਖੇ ਗ਼ਲਤ ਇਹ ਹੈ, ਲੋਕ ਆਖਣ ਚੁੱਪ ਰਹਿ
ਅਕਲ ਤੇ ਦਸਤੂਰ ਵਿਚਲਾ, ਪੰਧ ਹੋਇਆ ਮੋਕਲਾ।

**–176–**

ਨਾ ਸਵੇਰਾ ਨਾ ਦੁਪਹਿਰਾਂ, ਹੋ ਗਈ ਹੈ ਸ਼ਾਮ ਹੁਣ
ਉੱਡ ਲੀਂ ਤੂੰ ਫਿਰ ਸਵੇਰੇ, ਕਰ ਜ਼ਰਾ ਆਰਾਮ ਹੁਣ।

ਹੈ ਨਸ਼ਾ ਤੇਰਾ ਕਦੀ ਤੇ, ਲੱਥ ਜਾਣਾ ਹਾਕਮਾਂ
ਬਦਲ ਜਾਣੀ ਹੈ ਹਕੂਮਤ, ਸੁਣ ਰਿਹਾ ਪੈਗਾਮ ਹੁਣ।

ਬੇਸੁਰੀ ਹੁਣ ਲੱਗਦੀ ਹੈ, ਲੋਕ ਰਾਜੀ ਗੱਲ ਵੀ
ਹਰ ਮੁਲਕ ਵਿਚ ਛੇੜ ਬੈਠਾ, ਸਾਮਰਾਜੀ ਲਾਮ ਹੁਣ।

ਬੇਲਗਾਮੇਂ ਬਹੁਤ ਘੋੜੇ, ਹਨ ਭਜਾਏ ਅੱਥਰੇ
ਖਿਸਕ ਜਾਣੀ ਧਰਤ ਹੇਠੋਂ, ਗੱਲ ਸੁਣਦੀ ਆਮ ਹੁਣ।

ਵੋਟ ਪਾਵਣ ਵੀ ਨ ਆਵਣ, ਯਾਰ ਮਿੱਤਰ ਸੱਜਰੇ
ਹੋ ਰਹੇ ਸਾਂ ਖੁਸ਼ ਅਸੀਂ ਤਕ, ਲਿਸਟ ਵਿੱਚੋਂ ਨਾਮ ਹੁਣ।

-177-

ਪੱਥਰ ਬਣਦੇ ਜਾਂਦੇ ਦਿਲ ਦਾ, ਕਰਨਾ ਕੋਈ 'ਲਾਜ ਬਣੇ
ਤੱਜੋ ਨੇਜੇ ਬਰਛੇ ਛੇਦੋ, ਬੰਸੀ ਦੀ ਇਹ ਵਾਜ ਬਣੇ।

ਤੇਰੇ ਮੋਢੇ ਲਗਕੇ ਰੋ ਲਾਂ, ਚਾਹਾਂ ਮੈਂ ਤੇ ਸਾਥ ਤਿਰਾ
ਅਥਰੂ ਪੂੰਝਣ ਤੇਰੇ ਪੋਟੇ, ਦਿਲ ਦੀ ਸਰਗਮ ਸਾਜ਼ ਬਣੇ।

ਕਲ ਆਵਾਂਗਾ ਕਲ ਨੂੰ ਆਸਾਂ, ਕਲ ਨਾ ਤੇਰੀ ਆਈ ਵੇ
ਕਦ ਉਹ ਤੇਰੀ ਆਸੀ ਯਾਰਾ, ਕਲ ਜੋ ਤੇਰੀ ਆਜ ਬਣੇ।

ਲੋਕਾਂ ਦੇ ਇਸ ਰਾਜ ਦੇ ਅੰਦਰ, ਰਾਜ ਨ ਦਿਸਦਾ ਲੋਕਾਂਦਾ
ਐਸੀ ਹੁਣ ਕੋ ਬਣਤ ਬਣਾਈਏ,ਲੋਕਾਂਦਾ ਇਹ ਰਾਜ ਬਣੇ।

ਸਭ ਤੋਂ ਵੱਡਾ ਗਹਿਣਾ ਵਿਦਿਆ, ਧੀਆਂ ਨੂੰ ਜੋ ਦੇ ਸਕਦੇ
ਸਾਰੇ ਮਾਪੇ ਚਾਰਾ ਕਰੀਏ, ਵਿਦਿਆ ਧੀ ਦਾ ਦਾਜ ਬਣੇ।

ਇਸ ਤੋਂ ਪਹਿਲਾਂ ਭੁੱਖਾਂ ਮਾਰੇ, ਲੋਕ ਹਨੇਰੀ ਬਣ ਜਾਵਣ
ਚੋਣਾਂ ਵੇਲੇ ਕੀਤਾ ਵਾਅਦਾ, ਹਰ ਇਕ ਲੀ ਆਨਾਜ ਬਣੇ।

ਵਹਿਮ ਭਰਮ ਤੇ ਜੋਤਸ਼ ਛਡਕੇ,ਸਾਹਸ ਕਰ ਤੂੰ ਕਦਮ ਵਧਾ
ਹੈ ਕਰਮ ਤਿਰਾ ਤਕਦੀਰ ਤਿਰੀ, ਕੀਤੇ ਹੀ ਤੇ ਕਾਜ ਬਣੇ।

-178-

ਬਾਬਾ ਕੇਹੇ ਧਰਮਾਂ ਦੇ ਰਖਵਾਲੇ
ਕੈਸੇ ਕਰਦੇ ਖੇਖਣ ਕੈਸੇ ਚਾਲੇ।

ਮੱਥੀਂ ਟਿੱਕੇ ਲਾਕੇ ਮਾਰਨ ਹੋਰਾਂ
ਹੱਥੀਂ ਛੁਰੀਆਂ ਤੇ ਕਿਰਪਾਨਾਂ ਵਾਲੇ।

ਜੰਗਲ ਭਵਿਆਂ ਜੇਕਰ ਮਿਲਦਾ ਸਾਂਈਂ
ਕਰਿਸ਼ਨ ਹੀ ਬਣ ਜਾਂਦੇ ਸਭ ਗੋਵਾਲੇ।

ਭੇਖੀ ਕਰਮਾਂ ਕਾਂਢਾਂ ਦਾ ਸ਼ੈਦਾਈ
ਚੰਗੇ ਕਰਮਾਂ ਨੂੰ ਲੋਚੇ ਨਾ ਭਾਲੇ।

ਬਾਂਗਾਂ ਦੇ ਦੇ ਸੁੱਤਾ ਰੱਬ ਜਗਾਵਣ
ਵਾਵਣ ਵਾਜੇ ਢੋਲਕ ਤੇ ਖੜਤਾਲੇ।

ਰਾਜ ਕਰੇਂਦੇ ਕੌਡੇ ਮਾਨਸ ਖਾਣੇ
ਕਿਰਤੀ ਹੱਥਾਂ ਵਿੱਚੋਂ ਰਿਸਦੇ ਛਾਲੇ।

ਵੋਟ ਵਕਾਊ ਹਰ ਥਾਂ ਰੋਟੀ ਖਾਤਰ
ਹਰਥਾਂ ਹਾਕਮ ਬਣਗੇ ਦਿਲਦੇ ਕਾਲੇ।

**-179-**

ਲੱਗਦਾ ਕਿੰਨਾ ਲੁਭੌਣਾ, ਮੁੱਖ ਇਸ ਇਨਸਾਨ ਦਾ
ਹੈ ਦਿਖਾਵਾ ਧਰਮ ਵਾਲਾ, ਕਰਮ ਪਰ ਹੈਵਾਨ ਦਾ।

ਵਾਂਗ ਚੋਰਾਂ ਦੇ ਸਦਾ ਇਹ, ਸੰਨ੍ਹ ਲਾਵੇ ਹੋਰਨਾਂ
ਯਤਨ ਇਸ ਦਾ ਹਰ ਘੜੀ ਹੈ ਸੱਚ ਨੂੰ ਫੁਸਲਾਨ ਦਾ।

ਆੜ ਆਇਆ ਏਸ ਦੀ ਜੋ, ਛੱਡਿਆ ਨਾ ਏਸ ਨੇ
ਯਤਨ ਕੀਤਾ ਕੁਦਰਤਾਂ ਵੀ, ਏਸ ਨੇ ਭਰਮਾਨ ਦਾ।

ਨਿਵ ਗਿਆ ਜਿੱਥੇ ਰਤੀ ਨਾ, ਜ਼ੋਰ ਇਸ ਦਾ ਚੱਲਿਆ
ਪਰ ਸਦਾ ਹੈ ਯਤਨ ਇਸ ਦਾ, ਹੋਰ ਨੂੰ ਯਰਕਾਨ ਦਾ।

ਸਭ ਖ਼ਜ਼ਾਨੇ ਕੁਦਰਤਾਂ ਦੇ, ਲੁੱਟ ਖਾਧੇ ਏਸ ਨੇ
ਹਵਸ ਬੱਧਾ ਹੋਰ ਅੱਗੇ, ਅੰਬਰਾਂ ਨੂੰ ਛਾਣਦਾ।

-180-

ਸਾਡੇ ਬੋਲਾਂ ਉੱਤੇ ਲਾਵੇਂ ਕਿਉ ਤੂੰ ਤਾਲੇ ਧਰਮਾਂ ਦੇ
ਦੂਜੇ ਪਾਸੇ ਆਖੇਂ ਹੋਸਣ ਸਭਸ ਨਬੇੜੇ ਕਰਮਾਂ ਤੇ।

ਯਾਰਾ ਪੱਬਾਂ ਭਾਰ ਤੁਰੇਂ ਤੂੰ ਹੇਠ ਨਜ਼ਰ ਨਾ ਕਰਦਾ ਏਂ
ਆਪ ਨੇ ਜੋ ਮਗ਼ਰੂਰੇ ਫਿਰਦੇ ਲਾਭ ਕਮਾਵਣ ਹੱਜਾਂ ਦੇ।

ਸਾਡੇ ਲੀ ਤਾਂ ਦਰਸ ਤਿਰੇ ਹੀ ਕਾਬਾ ਮੱਕਾ ਹੋਏ ਨੇ
ਲੋੜ ਪਵੇਗੀ ਜਦ ਵੀ ਤੈਨੂੰ ਪੂਰੇ ਹੋਕੇ ਨਿੱਤਰਾਂਗੇ।

ਕਰਮ ਕਰਨ ਤੋਂ ਜੋ ਕਤਰਾਵਣ ਝੂਰਨ ਅਪਣੇ ਕਰਮਾਂਨੂੰ
ਜੋਤ ਜਗਾਵਣ ਸਾਹਸ ਦੀ ਜੋ ਝੇੜੇ ਛਡਦੇ ਕਰਮਾਂ ਦੇ।

ਦੇਖ ਬਲੀ ਬਲਵਾਨ ਬੜਾ ਹੈ ਵਕਤ ਜੋ ਤੇਰਾ ਅਪਣਾ ਹੈ
ਸਾਂਭ ਲਵੇਂਗਾ ਜੇਕਰ ਇਸ ਨੂੰ ਉਡਸਨ ਨ੍ਹੇਰੇ ਭਰਮਾਂ ਦੇ।

-181-

ਕਰਕੇ ਬਹਾਨਾ ਸੌਣ ਦਾ, ਚੁਪ ਚਾਪ ਉਹ ਤੇ ਪੈ ਗਏ
ਜੋ ਚਾਅ ਭਰੇ ਸੀ ਦਿਲ ਮਿਰੇ, ਸਾਰੇ ਧਰੇ ਹੀ ਰਹਿ ਗਏ।

ਐਸੀ ਝਕਾਨੀ ਦੇ ਗਿਓਂ, ਤੂੰ ਯਾਰ ਨਜ਼ਰਾਂ ਨੂੰ ਚੁਰਾ
ਐ ਯਾਰ ਤੇਰੀ ਬੇਰੁਖੀ, ਬਸ ਵੇਖਦੇ ਹਾਂ ਰਹਿ ਗਏ।

ਕਹਿਣੀ ਬੜੀ ਮੁਸ਼ਕਲ ਜਿਹੀ, ਜੋ ਹੈ ਕਹਾਣੀ ਦਰਦ ਦੀ
ਸੀ ਚੁਪ ਜ਼ੁਬਾਂ ਬਿਨਬੋਲਿਆਂ,ਪਰ ਨੈਣ ਸਭਕੁਛ ਕਹਿ ਗਏ।

ਜਗ ਜਾਣਦਾ ਹੈ ਪਿਆਰ ਦੇ, ਰਸਤੇ ਅਵੱਲੇ ਨੇ ਬੜੇ
ਮੁਸ਼ਕਲ ਬੜਾ ਉਨ ਮੋੜਨਾ, ਜੋ ਵਹਿਣ ਇਸਦੇ ਵਹਿ ਗਏ।

# ਆਸਾਨ, ਸੌਖੀਆਂ

ਸਭ ਮੁਸ਼ਕਲਾਂ ਹੋਵਣ ਅ'ਸਾਂ#, ਜੇ ਲਗਣ ਹੋਵੇ ਮਨ ਲਗੀ
ਅਪਣੇ ਅਜ਼ਮ* ਦੇ ਆਸਰੇ, ਸਭ ਮੁਸ਼ਕਲਾਂ ਕਰ ਤਹਿ ਗਏ।

*ਇਰਾਦਾ

ਨਾ ਮੌਤ ਟਲਦੀ ਹੈ ਕਦੇ, ਲਖ ਰੋਣ ਪਿੱਟਣ ਜੇ ਕਰੇਂ
ਪਰ ਰਾਹ ਪੈ ਜੋ ਸੱਚ ਦੇ, ਹੋ ਮੌਤ ਤੋਂ ਨਿਰਭੈ ਗਏ।

ਕਰਨੀ ਕਥਾ ਹੀ ਧਰਮ ਦੀ, ਕਾਫੀ ਨਹੀਂਗੀ ਦੋਸਤਾ
ਨਾ ਧਰਮ ਦੇ ਜੋ ਕਰਮ ਨੇ, ਬਣਕੇ ਬਹਾਨਾ ਰਹਿ ਗਏ।

-182-

ਹੈ ਯਤਨ ਤੇ ਇਨਸਾਨ ਨੇ, ਕੀਤਾ ਸਦਾ ਹੀ ਜੀਣ ਦਾ
ਤੇ ਨਫਰਤਾਂ ਦੀ ਅੱਗ ਵਿਚ, ਵੀ ਹੋਣ ਦਾ ਤੇ ਥੀਣ ਦਾ।

ਇਹ ਨਾਲ ਸਮਿਆਂ ਨਾ ਬੁਝੀ, ਤੇ ਹੋਰ ਵਧਦੀ ਹੀ ਗਈ
ਬੇਦੋਸਿਆਂ ਦੇ ਕਤਲ ਹੀ, ਬਸ ਕੰਮ ਬਣਿਆਂ ਦੀਨ ਦਾ।

ਹੈ ਸ਼ਾਸਕਾਂ ਵੀ ਲੁੱਟਿਆ, ਤੇ ਮਾਰਿਆ ਹੀ ਹਰ ਜਗ੍ਹਾ
ਆਇਆ ਕਦੇ ਨਾ ਵਕਤ ਪਰ,ਉਹ ਸਾਂਝ ਤੇ ਤਸਕੀਨ*ਦਾ।

*ਤਸੱਲੀ

ਇਕ ਭਾਲਦਾ ਹੈ ਰਹਿਮਤਾਂ, ਕੋ ਭਾਲਦਾ ਹੈ ਦੌਲਤਾਂ
ਮੈਂ ਭਾਲਦਾਂ ਉਹ ਮੈਕਦਾ, ਜੋ ਵੱਲ ਦੱਸੇ ਜੀਣ ਦਾ।

ਨਾ ਰੱਬ ਭਾਲਾਂ ਨਾ ਕਰਾਂ, ਮੈਂ ਬਹਿਸ਼ਤਾਂ ਦੀ ਆਸ ਹੀ
ਤੇਰਾ ਤਸੱਵਰ ਆਸਰਾ, ਹੈ ਇਸ ਦਿਲੇ ਗ਼ਮਗ਼ੀਨ* ਦਾ।

*ਉਦਾਸ

ਜੇ ਪੀਣ ਦਾ ਹੈ ਸ਼ੌਕ ਤਾਂ, ਫਿਰ ਜਾਮ ਐਸਾ ਭਾਲ ਤੂੰ
ਜੋ ਨਫਰਤਾਂ ਨੂੰ ਖੋਰਦੇ, ਐਸੀ ਮਜ਼ਾ ਹੈ ਪੀਣ ਦਾ।

ਘਰ ਪਿਆਰ ਦੇ ਜੋ ਆ ਗਿਆ, ਤੇ ਕੰਮ ਐਸੇ ਉਹ ਕਰੇ
ਰਲਕੇ ਮਿਟਾਦੇ ਵਿਤਕਰੇ, ਤੇ ਪਾਟਿਆਂ ਨੂੰ ਸੀਨ ਦਾ।

-183-

ਨਾ ਅਸਰ ਕਰਦਾ ਚੰਨ ਤੇ, ਨੈਣਾ ਦਾ ਪਾਣੀ ਖਾਰਾ
ਏਸੇ ਲਈ ਤਾਂ ਚੰਨ ਤੇ, ਪਾਣੀ ਨਹੀਂ ਏਂ ਯਾਰਾ।

ਰਾਹਾਂ 'ਚ ਤੇਰੇ ਹੀ ਸਦਾ, ਕਰਦਾਂ ਉਡੀਕ ਯਾਰਾ
ਚਾਹਾਂ ਸਦਾ ਲੱਗਾ ਰਹੇ, ਐਸਾ ਹੁਸੀਨ ਲਾਰਾ।

ਬੇਕਿਰਕ ਮੈਂ ਨਾ ਸਮਝਦਾ, ਅਪਣਾ ਸਜਣ ਕਦੇ ਵੀ
ਧੜਕੇ ਇਵੇਂ ਦਿਲ ਓਸ ਦਾ, ਜੀਕਣ ਕਿ ਹੋਇ ਪਾਰਾ।

ਨਾ ਮਾਨ ਕਰ ਤੂੰ ਇਸ ਤਰ੍ਹਾਂ, ਇਸ ਜਿਸਮ ਮਰਮਰੀਂ* ਦਾ
ਹੈ ਮੁਅਜਜ਼ਾ ਇਹ ਇਸ਼ਕ ਦਾ, ਬਣਿਆਂ ਜਗਤ ਜੁ ਸਾਰਾ।

*ਸੰਗੇਮਰਮਰ ਵਰਗਾ ਕੂਲਾ, ਖ਼ੂਬਸੂਰਤ

ਐਸੀ ਰਚੀ ਹੈ ਪਿਆਰ ਨੇ, ਰੰਗਾਂ ਦੀ ਇਹ .ਗਜ਼ਲ ਜੋ
ਖੋਰੇ ਕਦੀ ਨਾ ਏਸ ਨੂੰ, ਕੋ ਵਕਤ ਟੂਣੇ ਹਾਰਾ।

ਪਾਏ ਗਏ ਨੇ ਜੂਨ ਜੋ, ਕੁਰਸੀ ਦੀ ਪੂਜਾ ਵਾਲੀ
ਫੇਰਨਗੇ ਸਭਦੇ ਹੱਕ ਤੇ, ਉਹ ਤੇ ਸਦਾ ਹੀ ਆਰਾ।

ਸੀ ਦਿਲ ਲਗਾਇਆ ਹੱਸਕੇ, ਸ਼ਿਕਵਾ ਨ ਕਰ ਤੂੰ ਯਾਰਾ
ਹੈ ਪਾਰ ਓਹੀ ਪਹੁਚਦਾ, ਡੁੱਬੇ ਜੋ ਇਸ ਦੀ ਧਾਰਾ।

-184-

ਓਨਾਂ ਚਿਰ ਤਾਂ ਸਾਰੇ ਮਿੱਤਰ, ਲੋੜ ਨ ਜਦ ਤਕ ਪੈਂਦੀ ਏ
ਲੋੜ ਪਈ ਤੋਂ ਖਿਸਕਣ ਸਾਰੇ,ਦੁਨੀਆਂ ਇਹਹੀ ਕਹਿੰਦੀ ਏ।

ਪੱਲਾ ਸਾਰੇ ਫੜਦੇ ਆਕੇ, ਤਰਦੀ ਹੋਈ ਬੇੜੀ ਦਾ
ਡੁਬਦੇ ਨੂੰ ਤਾਂ ਦੇਕੇ ਧੱਕਾ, ਦੁਨੀਆਂ ਖੁਸ਼ ਹੋ ਬਹਿੰਦੀ ਏ।

ਪਾਰ ਕਰੇਂਗਾ ਕੀਕਣ ਯਾਰਾ, ਦੁਨੀਆਂ ਦੇ ਭਵ ਸਾਗਰ ਨੂੰ
ਜੇ ਤੇਰੇ ਨਿਸਚੇ ਦੀ ਜੋਤੀ, ਜਗਦੀ ਬੁਝਦੀ ਰਹਿੰਦੀ ਏ।

ਈਸਾ ਮੂਸਾ ਰਾਮ ਰਹੀਮਾ, ਬੁਧ ਤੇ ਨਾਨਕ ਕਹਿੰਦੇ ਨੇ
ਸੱਚੇ ਕਰਮ ਕਰੇ ਤੋਂ ਬਾਝੋਂ, ਪੂਰੀ ਨਾਹੀਂ ਪੈਂਦੀ ਏ।

ਚਾਹੇ ਕਰ ਤੂੰ ਲੱਖ ਬਹਾਨੇ, ਦੁਨੀਆਂ ਤੋਂ ਲੈ ਅੱਖ ਬਚਾ
ਦਿਲ ਨਾ ਭਰਦਾ ਉਸਦੀ ਸ਼ਾਦ੍ਹੀ, ਕੰਧ ਕੁਫਰਦੀ ਢਹਿੰਦੀ ਏ।

-185-

ਛੇੜਿਆ ਕੀ ਸਿਲਸਲਾ ਹੈ, ਨਾਮ ਲੈ ਵਿਗਯਾਨ ਦਾ
ਬੀਜ ਵੀ ਹੁਣ ਖੁਹ ਰਿਹਾ ਹੈ, ਹੱਥ ਚੋਂ ਕਿਰਸਾਨ ਦਾ।

ਗੱਲ ਕਰਦਾ ਹਰ ਜਗ੍ਹਾ ਤੇ, ਇਹ ਮਨੁੱਖੀ ਹੱਕ ਦੀ
ਹੈ ਮਖੌਟਾ ਪਾ ਲਿਆ ਇਸ, ਦੋਗ਼ਲੀ ਪਹਿਚਾਣ ਦਾ।

ਮੁੱਦਤਾਂ ਤੋਂ ਏਸ ਨੇ ਹੈ, ਲੁੱਟਿਆ ਇਸ ਧਰਤ ਨੂੰ
ਗਰਵ ਇਸ ਨੂੰ ਹੋ ਗਿਆ ਹੈ, ਆਪਣੇ ਹੀ ਤਾਣ ਦਾ।

ਕੁਦਰਤਾਂ ਦੀ ਜੇ ਸਿਆਣਪ, ਸਮਝ ਲੈਗਾ ਆਦਮੀਂ
ਹੱਕ ਤਾਂ ਹੀ ਪਾ ਸਕੇਗਾ, ਆਦਮੀਂ ਅਖਵਾਨ ਦਾ।

ਛੱਡ ਕਰਨੇ ਤੂੰ ਅਡੰਬਰ, ਰਾਹ ਸਚ ਦੀ ਭਾਲ ਲੈ
ਕੂੜ ਦੀ ਥਾਂ ਪਕੜ ਰਸਤਾ, ਧਰਮ ਤੇ ਈਮਾਨ ਦਾ।

-186-

ਚਲਦੇ ਫਿਰਦੇ ਸਾਏ ਦੇ ਸੰਗ, ਕੀਕਣ ਯਾਰੀ ਲਾਵੇਂਗਾ
ਚਲਦੀ ਬਸ ਦੀ ਛਾਂਵੇਂ ਸੰਧੂ, ਕਦ ਤਕ ਤੂੰ ਬਹਿ ਜਾਵੇਂਗਾ।

ਰੋਜ਼ ਬਦਲਦੇ ਚਿਹਰੇ ਸਾਰੇ, ਚਲਦੀ ਫਿਰਦੀ ਭੀੜ ਜੁੜੀ
ਤਰਦੇ ਨੈਣਾਂ ਸੰਗ ਤੂੰ ਕੀਕਣ, ਇਕ ਪਹਿਚਾਨ ਬਣਾਵੇਂਗਾ।

ਪਹਿਚਾਨਾਂ ਦੀ ਚਮਕ ਨ ਕਿਧਰੇ, ਮੂੰਹ ਤੇ ਨਜ਼ਰੀਂ ਆਵੇ ਹੈ
ਜੋ ਤੂੰ ਸਾਂਝਾ ਕਰਨਾ ਲੋੜੇਂ, ਸਾਂਝਾ ਨਾ ਕਰ ਪਾਵੇਂਗਾ।

ਰਿਸ਼ਤੇ ਨਾਤੇ ਸੁਪਨਾ ਹੋਏ, ਆਸ ਰਹੀ ਨਾ ਯਾਰਾਂ ਤੇ
ਉਡਨੇ ਪੰਛੀ ਉਡ ਜਾਵਣਗੇ, ਫੜਦਾ ਹੀ ਰਹਿ ਜਾਵੇਂਗਾ।

ਤਾਣਾਬਾਣਾ ਉਲਝ ਗਿਆ ਹੈ,ਧਰਮ ਸਿਆਸਤ ਬਣ ਬੈਠਾ
ਵੋਟਾਂ ਲੈਕੇ ਲੁਟਦੇ ਲੀਡਰ, ਵੋਟਾਂ ਕਿਸ ਨੂੰ ਪਾਵੇਂਗਾ।

ਸਚ ਆਖਣ ਤੇ ਭਾਂਬੜ ਮੱਚੇ, ਝੂਠ ਪਿਆਰਾ ਲਗਦਾ ਹੈ
ਸੱਚੀ ਗਲ ਤੇ ਆਲੇ ਟਾਲੇ, ਕਦ ਤਕ ਗੱਲ ਵਲਾਵੇਂਗਾ।

–187–

ਚੁੱਪ ਕਰਕੇ ਬੈਠ ਜਾਣਾ, ਲੈ ਕੇ ਬੁਕਲੇ ਯਾਰ ਨੂੰ
ਸੁਧ ਗੁਆਣੀ ਜਗਤ ਵਾਲੀ, ਕਰ ਕੇ ਕੇਂਦਰ ਪਿਆਰ ਨੂੰ।

ਬੋਲਣਾ ਤੇ ਦੱਸਣਾ ਵੀ, ਕੁਛ ਨਹੀਂ ਬਸ ਚੁੱਪ ਹੈ
ਸਮਝ ਲੈਣਾ ਆਪਣੀ ਤੇ, ਪ੍ਰੀਤਮਾ ਦੀ ਸਾਰ ਨੂੰ।

ਸੁਰਤ ਜਾਵੇ ਟਿਕ ਜਿਵੇਂ, ਜੇ ਭਾਲ ਕੇਂਦਰ ਨੂੰ ਲਵੇਂ
ਸਮਝਦਾ ਹੈ ਫੇਰ ਉਹ ਲਿਵ, ਦੀ ਲਗੀ ਇਸ ਤਾਰ ਨੂੰ।

# ਬੇਪਰਵਾਹ

ਲੱਗੀਆਂ ਵਾਲੇ ਸਦਾ ਹੀ, ਹੋਰਨਾਂ ਤੋਂ ਬੇਨਿਆਜ਼#
ਯਾਰ ਦਾ ਹੀ ਵੇਖ ਜਲਵਾ, ਚੁੰਮ ਲੈਂਦੇ ਦਾਰ* ਨੂੰ।

* ਸੂਲੀ

ਧਾਰ ਪਰਖਣ ਤੇਗ਼ ਦੀ ਤੇ, ਸੀਸ ਦੇਵਣ ਉਹ ਕਟਾ
ਜਿੱਤ ਪਾਵਣ ਸਭਸ ਤੇ ਜਦ, ਪਰਖਦੇ ਉਹ ਧਾਰ ਨੂੰ।

ਸੱਚ ਦਾ ਜਦ ਸਿੰਘ ਬੁੱਕੇ, ਝੂਠ ਦੀ ਮਿਰਗਾਵਲੀ
ਧੀਰ ਕੀਕਣ ਉਹ ਧਰੇ ਜਦ, ਸ਼ੇਰ ਪੈਂਦਾ ਡਾਰ ਨੂੰ।

-188-

ਸਭਸ ਖੁਸ਼ੀਆਂ ਤੇ ਚੁਰਾਕੇ, ਲੈ ਗਈ ਜੀਕਣ ਖਿਜ਼ਾਂ
ਨਗਨ ਹੋਏ ਰੁੱਖ ਸਾਰੇ, ਹੈ ਵਿਲਕਣੀ ਦਾ ਸਮਾਂ।

ਨਾ ਕਿਤੇ ਕੋ ਨਜ਼ਰ ਆਵੇ, ਪੱਤ ਹਰਿਆ ਥਾਂ ਕਿਸੇ
ਨੀਰ ਵੀ ਨਾ ਕਲਕਲਾਵੇ, ਚੁੱਪ ਹੋਈ ਹੈ ਜ਼ੁਬਾਂ।

ਰੌਸ਼ਨੀ ਵੀ ਸੰਗਦੀ ਹੈ, ਏਸ ਵਿਹੜੇ ਆਣ ਤੋਂ
ਛੱਡ ਜਿਸ ਨੂੰ ਯਾਰ ਤੂੰ ਹੀ, ਦੂਰ ਕਿਧਰੇ ਤੁਰ ਗਿਆਂ।

ਰਾਹ ਬੁੱਸੇ ਜਾਪਦੇ ਨੇ, ਪੈੜ ਨਾ ਜਿਸ ਥਾਂ ਤਿਰੀ
ਮੈਂ ਇਨ੍ਹਾਂ ਬੇਸੁੱਧ ਰਾਹਾਂ, ਤੇ ਸਜਣ ਬਿਨ ਕਿਵ ਤੁਰਾਂ।

ਨਾਲ ਤੇਰੇ ਹੀ ਸੁਹਾਵੇ, ਹਰ ਘੜੀ ਬਣ ਰਾਂਗਲੀ
ਬਿਨ ਤਿਰੇ ਨੇ ਸੁੰਨ ਗਲੀਆਂ,ਦਸ਼ਤ* ਜਾਪੇ ਇਹ ਗਰਾਂ।

* ਉਜਾੜ ਬੀਆਬਾਨ

-189-

ਕੈਸੀ ਅਦਾ ਹੈ ਸਾਂਵਲੀ ਇਸ ਸ਼ਾਮ ਦੀ
ਬਹਿਕੀ ਹਵਾ ਮੰਦ ਰੌਸ਼ਨੀ ਹੈ ਜਾਮ ਵੀ।

ਕਰਕੇ ਸ਼ਰਾਰਤ ਲੰਘਦੀ ਹੈ ਮਹਿਕ ਵੀ
ਉਲਝੀ ਲਿਟਾ ਹੈ ਦੇ ਰਹੀ ਪੈਗ਼ਾਮ ਕੀ।

ਲੈ ਬੋਲ ਮੇਰੇ ਸਮਝ ਤੂੰ ਕਹਿੰਦੀ ਹਵਾ
ਹਰ ਇਕ ਇਸ਼ਾਰਾ ਰਮਜ਼ ਉਸਦੇ ਨਾਮ ਦੀ।

ਇਹ ਬੇਸ਼ਕੀਮਤ ਨੇ ਬੜੇ ਪਲ ਸਾਂਭ ਲੈ
ਲੈ ਕਰਮ ਕਰ ਤੂੰ ਛਡ ਘੜੀ ਆਰਾਮ ਦੀ।

ਕੁੱਦੇ ਅਗਨ ਨਮਰੂਦ ਦੀ ਜਿਸ ਇਸ਼ਕ ਹੈ
ਬੈਠੀ ਅਕਲ ਰਹਿ ਸੋਚਦੀ ਅੰਜਾਮ* ਹੀ।

*ਨਤੀਜਾ

ਗੁਰ ਬਲੀ ਗੋਬਿੰਦ ਸਾਥੋਂ, ਤੇ ਭੁਲਾਇਆ ਨਾ ਗਿਆ
ਸੱਚ ਤੋਂ ਪਰਵਾਰ ਵਾਰੇ, ਪਰ ਮਿਟਾਇਆ ਨਾ ਗਿਆ।

ਦੇਸ਼ ਤੋਂ ਕੁਰਬਾਨ ਕੀਤੇ, ਪੁੱਤ ਚਾਰੇ ਸੂਰਮੇਂ
ਕਟਗਿਆ ਪਰ ਸੀਸ ਜਬਰਾਂ, ਤੋਂ ਨਿਵਾਇਆ ਨਾ ਗਿਆ

ਤੇਗ਼ ਦੀ ਸੀ ਧਾਰ ਪਰਖੀ, ਧਰਮ ਖਾਤਰ ਤੇਗ਼ ਨੇ
ਉਮਰ ਸਾਰੀ ਤੇਗ਼ ਵਰਗਾ, ਨਾਂ ਭੁਲਾਇਆ ਨਾ ਗਿਆ।

ਕਲਮ ਤੋਂ ਤਲਵਾਰ ਤਕ ਦਾ, ਸਫਰ ਕੀਤਾ ਓਸ ਨੇ
ਦੇਸ਼ ਐਸੇ ਸਫਰ ਬਾਝੋਂ, ਸੀ ਜਗਾਇਆ ਨਾ ਗਿਆ।

ਵਰਨ ਚਾਰੇ ਵਰ ਲਏ ਇਵ, ਏਕਤਾ ਦੀ ਬੀੜ ਨੇ
ਧਰਮ ਐਸਾ ਹਿੰਦ ਅੰਦਰ, ਸੀ ਬਣਾਇਆ ਨਾ ਗਿਆ।

ਰੁੱਸਿਆ ਹੈ ਯਾਰ ਸਾਥੋਂ, ਨਾ ਮਨੀਚੇ ਕੀ ਕਰਾਂ
ਕਰਮ ਕੀਤੇ ਬਿਨ ਕਦੀਵੀ,ਲਕਸ਼ ਪਾਇਆ ਨਾ ਗਿਆ।

ਵਾਟ ਲੰਮੀਂ ਸੁੰਨ ਰਸਤੇ, ਧੁੰਦਲੀ ਜਿਉ ਕਹਿਕਸ਼ਾਂ
ਘਰ ਤਿਰੇ ਦਾ ਮਾਲਕਾ ਟੇਵਾ ਲਗਾਇਆ ਨਾ ਗਿਆ।

ਮਿਹਰ ਕਰਕੇ ਤਾਰ ਦਿੱਤੀ, ਹਿੰਦ ਸਾਰੀ ਸਤਿਗੁਰਾਂ
ਕਰ ਸ਼ੁਕਰ ਤੇ ਸੀਸ ਸਜਦੇ, ਚੋਂ ਉਠਾਇਆ ਨਾ ਗਿਆ।

ਭੁੱਲਕੇ ਇਤਹਾਸ ਸਾਰਾ, ਰਾਹ ਪੁੱਠੇ ਫਿਰ ਪਏ
ਕਰਮ ਕਾਂਢੀਂ ਫਸ ਗਏਹਾਂ, ਨਾਂ ਧਿਆਇਆ ਨਾ ਗਿਆ।

ਉਲਝਿਆ ਹੈ ਫੇਰ ਧੰਦਾ, ਹਰ ਜਗ੍ਹਾ ਹੀ ਧਰਮ ਦਾ
ਲੀਡਰਾਂ ਤੋਂ ਸਾਂਝ ਵਾਲਾ, ਗੀਤ ਗਾਇਆ ਨਾ ਗਿਆ।

-191-

ਤੱਤੀ ਹਵਾ ਦੇ ਝੋਕਿਆਂ, ਤੋਂ ਯਾਰ ਨਾਹੀਂ ਮੈਂ ਡਰਾਂ
ਦਮ ਆਖ਼ਰੀ ਦੇ ਆਣ ਤਕ, ਮੈਂ ਹੌਸਲੇ ਦਾ ਦਮ ਭਰਾਂ।

ਰਲਕੇ ਪਛਾੜੋ ਦੋਸਤੋ, ਟੋਲੇ ਪਖੰਡੀ ਧਰਮ ਦੇ
ਜੋਤੀ ਜਗਾਵੋ ਗਿਆਨ ਦੀ, ਹੁਣ ਫੇਰ ਤੋਂ ਵਿਚ ਗੁਰ ਘਰਾਂ।

ਹੈ ਕਾਂਗ ਜਬਰਾਂ ਦੀ ਚੜ੍ਹੀ, ਬਣਕੇ ਹਨੇਰਾ ਕੂੜ ਦਾ
ਪਾ ਰੋਕ ਦੇਣਾ ਹੈ ਵਸਾ, ਇਕ ਜ਼ਾਤ ਮਾਨਵ ਦਾ ਗਰਾਂ।

ਦਿਲ ਆਸਰਾ ਤੂੰ ਲੈ ਬਣਾ, ਜੇ ਵਧਣ ਅੱਗੇ ਲੋੜਦਾ
ਨਾ ਪਾਰ ਪਰਬਤ ਹੋਂਵਦਾ, ਬਿਨ ਹੌਸਲੇ ਦੇ ਹੀ ਪਰਾਂ।

ਬਣ ਯਾਰ ਮੇਰਾ ਬੈਠ ਜੇਂ, ਤੇ ਰੱਬ ਲੱਗੇਂ ਤੂੰ ਕਦੇ
ਇਸ ਸਾਦਗੀ ਤੇ ਪ੍ਰੇਮ ਦੀ, ਬਾਂਕੀ ਅਦਾ ਤੇ ਮੈਂ ਮਰਾਂ।

-192-

ਤੜਪ ਐਸੀ ਲਗਾਈ ਹੈ, ਸਜਣ ਦੀ ਯਾਦ ਹਾਂ ਖੋਏ
ਉਡੀਕਾਂ ਮੈਂ ਸਦਾ ਕਮਲੀ, ਪਤਾ ਉਸ ਨੂੰ ਕਿਵੇਂ ਹੋਏ?

ਰਹੇਗੀ ਰਾਤ ਕਾਲੀ ਵੀ, ਸੁਬਹ ਹਰ ਵਾਰ ਆਵੇਗੀ
ਰਹੀ ਹੈ ਰਾਤ ਹੀ ਦੇਂਦੀ, ਸਜਣ ਦੀ ਯਾਦ ਦੇ ਢੋਏ।

ਉਡੀਕਾਂ ਯਾਰ ਤੈਨੂੰ ਮੈਂ, ਚਿਤਾ ਪੁਰ ਜਾਣ ਤੋਂ ਪਹਿਲਾਂ
ਜ਼ਰਾ ਆ ਵੇਖ ਉਠ ਬੈਠਣ, ਤਿਰੇ ਜੋ ਪ੍ਰੇਮ ਵਿਚ ਮੋਏ।

ਬਣਾ ਤੂੰ ਸਾਂਝ ਪੀਢੀ ਰਿਸ਼ਤਿਆਂ ਦੀ ਦੋਸਤਾ ਐਸੀ
ਰਤਾ ਵਿਚ ਜੇਸ ਨਾ ਹੋਏ, ਰਲਾ ਖ਼ੁਦਗਰਜ਼ੀਆਂ ਕੋਏ।

ਛੁਪਾਵੋ ਬੰਦ ਬੂਹੇ ਨਾ, ਦਿਲਾਂ ਦੀ ਕਸਕ ਨੂੰ ਯਾਰੋ
ਕਹੋ ਦਿਲ ਦੀ ਸੁਣੋ ਦਿਲ ਦੀ, ਦਰਦ ਸਾਂਝੀ ਦਵਾ ਹੋਏ।

-193-

ਜਿਸ ਦੇ ਛੁਹਿਆਂ ਫੁਲ ਖਿੜ ਪੈਂਦੇ, ਮੈਂ 'ਡੀਕਾਂ ਓਸ ਹਵਾ ਨੂੰ
ਦਿਲ ਦੇ ਬੂਹੇ ਬਾਰੀ ਖੁੱਲ੍ਹੇ, ਆ ਮੁੜਕੇ ਫੇਰਾ ਪਾ ਤੂੰ।

ਕਸਮ ਖੁਦਾ ਦੀ ਚੇਤੇ ਆਵਣ, ਉਹ ਜੂਹਾਂ ਬੇਲੇ ਢੰਨਾਂ
ਮਸਜਦ ਮੰਦਰ ਗੁਰਦਾਰੇ ਤੇ, ਹਲਟਾਂ ਦੀ ਉਹ ਰੂੰ ਰੂੰ ਰੂੰ।

ਖੇਮਕਰਨ ਨੂੰ ਜਾਂਦਾ ਰਸਤਾ*, ਜਾਂ ਭੂਰੇ ਤੇ ਕਤਲੂਹੀ
ਰੱਤੋਕੇ ਦਾ ਮੇਲਾ ਚੇਤੇ, ਖੰਡੋਂ ਬਣਦੀ ਮਿੱਠੀ ਰੂੰ।

* ਮੇਰੇ ਪਿੰਡ ਸਹਿਜਰੇ ਤੋਂ

ਕਾਲਾ ਮਾਹਰ ਤੇ ਉਹ ਤਕੀਏ, ਤੇ ਵਣ ਉਹ ਪੀਲੂੰ ਵਾਲੇ
ਪੀਰ ਫਕੀਰਾਂ ਦਾ ਉਹ ਡੇਰਾ, ਧੁਖਦੀ ਧੂਣੀ ਦਾ ਉਹ ਧੂੰ।

ਗਾਧੀ ਤੇ ਉਹ ਹੂਟੇ ਲੈਣੇ, ਢੰਨਾਂ ਦੇ ਵਿਚ ਜਾ ਤਰਨਾ
ਡੂਮ ਮਰਾਸੀ ਕਰਨ ਕਲਾਨਾ, ਪੇਂਜਾ ਪਿੰਜੇ ਧੁਨਖੀ ਰੂੰ।

ਕਣਕਾਂ ਛੋਲੇ ਸੰਘਾੜੇ ਤੇ, ਖਰਬੂਜੇ ਤੇ ਹਦਵਾਣੇ
ਮਿੱਠੇ ਜਾਮਨ ਬੇਰ ਲਸੂੜੇ, ਪੀਲੂੰ ਪੇਂਝੂ ਤੇ ਛਪਨਾ ਛੂੰ।

ਖੜਕਣ ਚਾਦਰ ਸੋਹਣ ਸ਼ਮਲੇ, ਤੇ ਘਗਰੇ ਲੌਣਾ ਵਾਲੇ
ਕੰਨਾਂ ਦੇ ਵਿਚ ਹਾਲੇ ਰੁਮਕੇ, ਮਿੱਠੀ ਚਰਖੇ ਦੀ ਉਹ ਘੂੰ।

ਈਦਾਂ ਅੱਜ ਪਰਾਈਆਂ ਹੋਈਆਂ, ਤੇ ਪੁਰਬ ਗਏ ਨੇ ਵੰਡੇ
ਸਭ ਦੇ ਮੂੰਹੀਂ ਤਾਲੇ ਲੱਗੇ, ਹੁਣ ਕੋਈ ਨਾ ਕਰਦਾ ਚੂੰ।

ਛਣਕਣ ਚੂੜੇ ਪੈਰ ਪਜੇਬਾਂ, ਤੇ ਹਥ ਉਹ ਮਹਿੰਦੀ ਵਾਲੇ
ਸ਼ਗਨ ਮਨਾਨੇ ਸਭ ਖੁਸ਼ੀਆਂ ਦੇ, ਕਿਉ ਭੁੱਲ ਗਏਨੇ ਸਾਨੂੰ।

-194-

ਤਿਰਾ ਆਣਾ ਸਜਨ ਸੀ ਈਦ ਮੇਰੀ
ਨ ਚਨ ਚੜ੍ਹਿਆ ਡਗਰ ਦਿੱਸੇ ਹਨੇਰੀ।

ਗਲੇਡੂ ਹਣ ਨਿਰਾ ਪਰਤੀਕ ਸਜਨੀ
ਮਿਰੀ ਪੀੜਾ ਸਖੀ ਬਹੁਤੀ ਢੂੰਘੇਰੀ।

ਸੁਣੀ ਖਟਕਨ ਸਮਝ ਬੈਠਾ ਤੂੰ ਆਈ
ਹਵਾ ਨਟਖਟ ਚੁਰਾਈ ਮਹਿਕ ਤੇਰੀ।

ਯਤਨ ਕੀਤਾ ਬੜਾ ਜੁਗਨੂੰ ਨੇ ਫਿਰ ਵੀ
ਤਿਰੇ ਬਿਨ ਚਾਨਣੀ ਪਾਵੇ ਨ ਫੇਰੀ।

ਭਰੇਗਾ ਢਿੱਡ ਜਨਤਾ ਦਾ ਕਿਵੇਂ ਹੁਣ
ਸਿਆਸਤ ਹੋ ਗਈ ਤੋਕੜ ਲਵੇਰੀ।

.ਗਮਾਂ ਵਿਚ ਘਿਰ ਗਈ ਹੈ ਜ਼ਿੰਦਗੀ ਜੇ
ਫਿਕਰ ਕੀ ਘੋਲ ਦੀ ਉਮਰਾ ਬਥੇਰੀ।

ਜਿਵੇਂ ਹੈ ਚੁਪ ਚੁਫੇਰੇ ਛਾ ਗਈ ਹੁਣ
ਨਜ਼ਰ ਔਂਦਾ ਚੜ੍ਹੀ ਆਵੇ ਹਨੇਰੀ।

-195-

ਵੇਖਣ ਨੂੰ ਤਾਂ ਵੇਖੋ ਯਾਰੋ, ਧਰਮ ਬੜਾ ਗੁਣਕਾਰੀ ਹੈ
ਹਰ ਧਰਮ ਦਾ ਦਾਵਾ ਏਹੋ, ਦੁਨੀਆਂ ਉਸ ਨੇ ਤਾਰੀ ਹੈ।

ਲਕਸ਼ ਬਣਾਵਣ ਸੇਧ ਵਖਾਵਣ, ਜੁਗਤ ਰਹੀ ਹੈ ਧਰਮਾਂ ਦੀ
ਅਪਣੇ ਅਪਣੇ ਧਰਮਾਂ ਉੱਤੋਂ, ਜਾਨ ਜਗਤ ਨੇ ਵਾਰੀ ਹੈ।

ਤੋਤੇ ਰਟਨਾ ਦਾ ਨਾ ਕੋਈ, ਲਾਭ ਕਦੇ ਵੀ ਹੋਇਆ ਹੈ
ਕੱਟੜਪਣ ਨੇ ਇਸ ਦੁਨੀਆਂ ਤੇ, ਲੱਖਾਂ ਖਲਕਤ ਮਾਰੀ ਹੈ।

ਫਿਕਰਾਂ ਦੀ ਕੋ ਲੋੜ ਨਹੀਂ ਹੈ, ਲੋੜ ਤੇ ਹੈ ਬਸ ਕਰਮਾ ਦੀ
ਕਰਮ ਕਰਨ ਦੀ ਸੋਚ ਸਦਾਹੀ, ਸਭ ਅਕਲਾਂ ਤੇ ਭਾਰੀ ਹੈ।

ਸਚ ਨੂੰ ਅਪਣਾ ਧਰਮ ਬਣਾਵੋ, ਛਡਕੇ ਝੇੜੇ ਰਸਮਾਂ ਦੇ
ਇਸ ਤੋਂ ਵਧਕੇ ਧਰਮ ਨ ਕੋਈ, ਸਭ ਲੀ ਜੋ ਗੁਣਕਾਰੀ ਹੈ।

ਮੈਨੂੰ ਜਾਪੇ ਪ੍ਰੀਤਮ ਮੇਰਾ, ਅਜਬ ਕਲਾ ਦਾ ਮਾਲਕ ਹੈ
ਥਾਂ ਥਾਂ ਬੈਠਾ ਰੂਪ ਵਟਾਕੇ, ਪ੍ਰੇਮ ਤੋਂ ਉਹ ਬਲਹਾਰੀ ਹੈ।

ਛੱਡ ਦੁਆਰੇ ਮੰਦਰ ਮਸਜਦ, ਜੇ ਤੂੰ ਉਸ ਨੂੰ ਪਾਣਾ ਹੈ
ਪਹਿਚਾਨ ਸ਼ਕਲ ਹਰ ਬੰਦੇ ਵਿਚ, ਜੋ ਉਸ ਚੋਜੀ ਧਾਰੀ ਹੈ।

-196-

ਬਿਨ ਤਿਰੇ ਮੈਂ ਦੀਪ ਦੀ ਬਾਤੀ ਤੇ ਹਾਂ
ਸਾਥ ਤੇਰੇ ਬਿਨ ਭਲਾ ਮੈਂ ਕਿਵ ਜਗਾਂ।

ਬਦਨ ਮੇਰਾ ਲੋ ਤਦੇ ਹੀ ਦੇ ਸਕੇ
ਜਦ ਸਜਣ ਜੀ ਅੰਗ ਤੇਰੇ ਮੈਂ ਲਗਾਂ।

ਮੁੱਖ ਮੋੜੇਂ ਤੂੰ ਜਦੋਂ ਮੇਰੇ ਸਜਣ
ਰਾਤ ਕਾਲੀ ਮੈਂ ਜੁਦਾਈ ਦੀ ਸਹਾਂ।

ਜਾਨ ਜੀਕਣ ਪਾ ਦਵੇ ਚੁੰਮਣ ਤਿਰਾ
ਸਾਂਝ ਦੀ ਇਸ ਰੌਸ਼ਨੀ ਵਿਚ ਮੈਂ ਦਗਾਂ।

ਬਣ ਸਵੇਰਾ ਤੂੰ ਮਿਰੇ ਜੀਵਣ 'ਤ ਛਾ
ਲਟ ਲਟਾਕੇ ਹੋਰ ਰੌਸ਼ਨ ਮੈਂ ਬਣਾਂ।

ਸਾਜ਼ ਮੇਰੀ ਜ਼ਿੰਦਗੀ ਦੇ ਛੇੜ ਦੇਂ
ਅੰਗ ਆਪੇ ਛੇੜ ਦੇਵਣ ਸਰਗਮਾਂ।

ਜੇ ਗੁਰੂ ਤੂੰ ਗਿਆਨ ਨੂੰ ਹੈਂ ਮੰਨਦਾ
ਰੱਖ ਪੋਥੀ ਨਾ ਲੁਕਾਕੇ ਪਰਦਿਆਂ।

ਕੋਹ* ਜਾਪੇਂ ਰੌਸ਼ਨੀ ਦਾ ਆਪ ਤੂੰ
ਨਿੱਤ ਮੈਂ ਦੀਦਾਰ ਚਾਨਣ ਦਾ ਕਰਾਂ।

ਅੰਮ੍ਰਿਤਸਰ-23-05-2004

* ਪਹਾੜ, ਪਰਬਤ

-197-

ਜਦ ਆਸਰਾ ਬਣਾਇਆ ਹੈ ਪਿਆਰ ਜ਼ਿੰਦਗੀ ਦਾ
ਰੋਣਾ ਕੀ ਰੋ ਰਿਹਾ ਏਂ ਅਪਣੀ ਤੂੰ ਬੇਬਸੀ ਦਾ।

ਪੱਥਰ ਜੇ ਹੋ ਗਏ ਨੇ ਅਹਿਸਾਸ ਹੀ ਤੇਰੇ ਤਾਂ
ਕਰ ਨਾ ਫਰੇਬ ਯਾਰਾ ਐਂਵੇਂ ਤੂੰ ਆਸ਼ਕੀ ਦਾ।

ਇਕ ਫੌਜ ਨ੍ਹੇਰਿਆਂ ਦੀ ਆਈ ਤੁਫਾਨ ਬਣਕੇ
ਕੁਛ ਨਾ ਵਗਾੜ ਹੋਇਆ ਉਸ ਤੋਂ ਵੀ ਰੌਸ਼ਨੀ ਦਾ।

ਇਕ ਦਰਸ ਦਾ ਪਿਆਸਾ ਬੈਠਾ ਜੋ ਆਸ ਲਾਈ
ਹਰਗਿਜ਼ ਨ ਪਾਸ ਆਵੇ ਅਹਿਸਾਸ ਵੀ ਗ਼ਮੀਂ ਦਾ।

ਸਾਂਝਾਂ ਦੇ ਜਜ਼ਬਿਆਂ ਦੀ ਜਦ ਤਕ ਹੈ ਰਾਸ ਪੱਲੇ
ਹੈ ਲੁਤਫ ਜ਼ਿੰਦਗੀ ਦਾ ਤੇ ਪਾਸ ਦੋਸਤੀ ਦਾ।

ਦੰਭੀ ਜੋ ਮੁਰਦਿਆਂ ਤੇ ਬੈਠੇ ਨੇ ਆਸ ਲਾਈ
ਡਾਢਾ ਜਲੂਸ ਨਿਕਲੂ ਐਸੀ ਤੇ ਚੌਕਸੀ ਦਾ।

ਹੈ ਲਕਸ਼ ਹੀ ਨਿਸ਼ਾਨਾ ਬੈਠਾ ਜੋ ਦਿਲ ‘ਚ ਧਾਰੀ
ਪਾਸੀ ਉਮੀਦ ਦਿਲਦੀ ਉਹ ਇਵਜ਼ ਦਿਲਲਗੀ ਦਾ।

-198-

ਪਕੜ ਸੰਧੂ ਤੂੰ ਡੰਗੋਰੀ, ਆਕੜਾਂ ਨੂੰ ਦੇ ਭੁਲਾ
ਨਖ਼ਰਿਆਂ ਨੂੰ ਛੱਡ ਦੇ ਹੁਣ, ਵਕਤ ਪੀਰੀ ਆ ਗਿਆ।

ਸੁੰਨ ਹੋਈ ਜਾਪਦੀ ਹੈ, ਸੋਚ ਸੁੰਨੇ ਘਰ ਤਰ੍ਹਾਂ
ਮੰਜ਼ਲੇ ਨਾ ਪਹੁਚਿਆ ਮੈਂ, ਨਾ ਘਰੇ ਹੀ ਪਰਤਿਆ।

ਸਹਿਜ ਧਾਰੀ ਨਾਮ ਧਾਰੀ, ਕੇਸ ਧਾਰੀ ਨੇ ਬੜੇ
ਕੂੜ ਦੀ ਜੋ ਪਾਲ ਢਾਵੇ, ਇਸ਼ਟ ਐਸਾ ਤੂੰ ਧਿਆ।

ਦੂਰੀਆਂ ਨੇ ਘਾਣ ਕੀਤਾ, ਪੀੜਿਆ ਹੈ ਵਕਤ ਨੇ
ਵਾਂਗ ਬਦਲੀ ਬਰਸਕੇ ਤੂੰ, ਫਿਰ ਉਮੀਦਾਂ ਬਰ ਲਿਆ।

ਪਰ ਲਗਾਕੇ ਚੇਤਿਆਂ ਦੇ, ਪਹੁਚ ਜਾਵਾਂ ਓਸ ਥਾਂ
ਕਦਮ ਤੇਰੇ ਜੇਸ ਥਾਂ ਸੀ, ਮੌਸਮਾਂ ਨੂੰ ਬਦਲਿਆ।

-199-

ਸਾਂਝ ਪਾਕੇ ਨਾਲ ਪੂਰੇ, ਸੱਚ ਦੇ ਹੀ ਮਿੱਤਰਾ
ਨਾਲ ਉਸਦੇ ਪਾ ਭਿਆਲੀ, ਕੂੜ ਦੀ ਤੂੰ ਪਾਲ ਢਾ।

ਹਨ ਨਸ਼ੁਕਰੇ ਤੇ ਨਦੀਦੇ, ਲੋਕ ਦੁਨੀਆਂ ਤੇ ਬੜੇ
ਲੋਕ ਐਸੇ ਦੋਸਤੀ ਦੇ, ਅਰਥ ਜਾਨਣ ਕੀ ਭਲਾ?

ਵੇਖ ਮੁਸ਼ਕਲ ਨਾ ਕਦੇ ਵੀ, ਸਾਥ ਸਾਊ ਛੱਡਦੇ
ਦੋਸਤੀ ਦਾ ਪਾਕ ਰਿਸ਼ਤਾ, ਪਾਕਦਾਮਨ ਹੋ ਨਿਭਾ।

ਭਟਕਨਾ ਤੂੰ ਛੱਡ ਵਾਧੂ, ਨਾ ਗਵਾ ਤੂੰ ਜ਼ਿੰਦਗੀ
ਸਾਧਲੈ ਤੂੰ ਲਕਸ਼ ਅਪਣਾ,ਦਿਲ ਟਿਕਾਣੇ ਤੂੰ ਲਿਆ।

ਕਰਮ ਹੀਣੀ ਨਾ ਕਰੀਂ ਤੂੰ, ਜ਼ਿੰਦਗੀ ਇਹ ਕੰਮਦੀ
ਕਰਮ ਕਰਕੇ ਤੂੰ ਸੁਚੱਜੇ, ਜ਼ਿੰਦਗੀ ਬਿਹਤਰ ਬਣਾ।

-200-

ਕਰਦਾ ਰਿਹਾਂ ਹਰ ਬਾਰ ਮੈਂ ਤੇ ਇਹ ਖ਼ਤਾ
ਹਾਏ ਵਿਛੜਗੇ ਦਰਦ ਮੁੜਕੇ ਫੇਰ ਆ।

ਕਿੰਨਾ ਅਨੋਖਾ ਦਰਦ ਹੈ ਇਹ ਯਾਦ ਦਾ
ਹਰ ਵਾਰ ਇਸ ਨੂੰ ਹੱਸਕੇ ਗਲ਼ ਲਾ ਲਿਆ।

ਹੈ ਯਾਦ ਤੇਰੀ ਹਰ ਅਦਾ ਦਿਲ ਠੱਗਣੀ
ਹੈ ਵਿਚ ਵਿਛੋੜੇ ਯਾਦ ਪਰ ਇਕ ਆਸਰਾ।

ਜਿਸ ਸੱਜਣਾ ਹੀ ਯਾਦ ਨਾ ਰਹਿੰਦਾ ਕਦੀ
ਫਿਰ ਪਿਆਰ ਹੀ ਦਿਲ ਓਸ ਤੋਂ ਹੋਵੇ ਜੁਦਾ।

ਜੋ ਵਿਰਦ ਕਰਦਾ ਯਾਰ ਦਾ ਹੈ ਦਮ ਬਦਮ
ਸਭ ਰਹਿਮਤਾਂ ਹੀ ਓਸ ਤੇ ਹੋਵਣ ਫਿਦਾ।

9-01-2005

-201-

ਸਚ ਸੂਰਜ ਜਦ  ਆਣ ਚੜ੍ਹੇਗਾ, ਕਦ ਤਕ ਪਰਦਾ ਪਾਵੇਂਗਾ
ਕੂੜਾਂ ਦੇ ਸੰਗ  ਯਾਰੀ ਲਾ ਕੇ, ਕਦ ਤਕ ਜਸ਼ਨ  ਮਨਾਵੇਂਗਾ।

ਆਜ਼ਾਦੀ ਦੀ  ਖਾਤਰ ਜਿਸ ਨੇ, ਪੁੱਤਰ ਵਧ ਵਧ  ਵਾਰੇ ਸੀ
ਟੁਕੜੇ ਟੁਕੜੇ ਕਰਕੇ ਉਸਦੇ*, ਕਦ ਤਕ ਦਿਲ ਪਰਚਾਵੇਂਗਾ।

* ਪੰਜਾਬ ਵੱਲ ਇਸ਼ਾਰਾ ਹੈ

ਨਾ ਕੋ ਹਿੰਦੂ ਨਾ ਕੋ ਮੁਸਲਿਮ, ਨਾਨਕ ਨਾਹਰਾ ਲਾਇਆ ਸੀ
ਜਿਸ ਨੂੰ  ਰਲਕੇ  ਹਰ ਕੋ ਪੂਜੇ, ਕਦ ਤੂੰ  ਜੋਤ  ਜਗਾਵੇਂਗਾ।

ਹਰਮੰਦਰ  ਦੀ  ਨੀਂਹ  ਉਡੀਕੇ,  ਮੀਆਂ  ਮੀਰੀ  ਛੋਹਾਂ ਨੂੰ
ਵਿਚ ਅਰਦਾਸਾਂ ਨਾਂ ਦਾ ਨੌਂਗਾ, ਕਦ ਤੂੰ  ਉਸ ਦਾ ਪਾਵੇਂਗਾ।

ਹੀਰਾਂ  ਰਾਂਝੇ  ਸੱਸੀ  ਪੁੰਨੂੰ,  ਨਾਨਕ  ਤੇ  ਮਰਦਾਨਾ ਵੀ
ਤੜਪ ਰਹੇ ਨੇ  ਮਿਲਨੇ  ਖਾਤਰ, ਕਦ ਤੂੰ ਮੇਲ  ਕਰਾਵੇਂਗਾ।

-202-

ਚੜ੍ਹਤ ਮੇਰੇ ਪਿਆਰ ਵਾਲੀ, ਤੇ ਅਜੇ ਮੱਠੀ ਨਹੀਂ
ਗਰਮ ਨੇ ਅਹਿਸਾਸ ਹਾਲੇ, ਲੋ ਅਜੇ ਲੱਥੀ ਨਹੀਂ।

ਰੰਗ ਓਹੀ ਮਹਿਕ ਤਾਰੀ, ਹੈ ਅਜੇ ਵੀ ਯਾਰ ਦੀ
ਖ਼ਾਬ ਮੇਰੇ ਗਰਮ ਨੇ ਤੇ, ਭੁੱਲਦੀ ਜੱਟੀ ਨਹੀਂ।

ਹਨ ਬੜੇ ਨਾਯਾਬ ਹੋਏ, ਜਿਸਮ ਉੱਤੇ ਕਪੜੇ
ਹਰ ਕੁੜੀ ਕੀ ਇਸ ਨੁਮਾਇਸ਼ ਰੀਝ ਨੇ ਪੱਟੀ ਨਹੀਂ?

ਸਭ ਨਜ਼ਾਰੇ ਦਿਲ ਲੁਭਾਣੇ, ਕੋਲ ਭਾਵੇਂ ਹੋਣ ਵੀ
ਮੀਤ ਦੇ ਪਰ ਸਾਥ ਬਾਝੋਂ, ਜ਼ਿੰਦਗੀ ਅੱਛੀ ਨਹੀਂ।

ਪੁਲ ਸਰਾਤੋਂ ਲੰਘਣਾ ਹੈ, ਕਠਨ ਸਭ ਨੇ ਆਖਦੇ
ਕੀ ਗ਼ਰੀਬਾਂ ਦੇ ਲਈ ਇਹ, ਜ਼ਿੰਦਗੀ ਭੱਠੀ ਨਹੀਂ?

-203-

ਹੋ ਰਹੀ ਹੈ ਅਕਲ ਤੇਰੀ, ਬੰਦਿਆ ਨੀਲਾਮ ਹੁਣ
ਚੋਰ ਡਾਕੂ ਸਾਂਭ ਬੈਠੇ, ਲੋਕ ਰਾਜੀ ਨਾਮ ਹੁਣ।

ਹੋ ਗਏ ਜਾਪਣ ਨਤਾਣੇ, ਲੋਕ ਪੱਖੀ ਰਾਜ ਵੀ
ਸੋਚਦੇ ਨਾ ਮੂਲ ਬੇਕਲ, ਏਸ ਦਾ ਅੰਜਾਮ ਹੁਣ।

ਤੂੰ ਗੁਜ਼ਰ ਕਰ ਨਾਲ ਸੱਚੀ, ਕਾਰ ਦੇ ਕਰ ਮਿਹਨਤਾਂ
ਬੈਠ ਗੱਦੀ ਪਾ ਨ ਝੇੜੇ, ਧਰਮ ਦੇ ਹੀ ਧਾਮ ਹੁਣ।

ਲੈ ਸਕੇਂਗਾ ਨਾ ਕਦੀ ਤੂੰ, ਜ਼ਿੰਦਗੀ ਦਾ ਹੀ ਮਜ਼ਾ
ਜੇ ਰਹੇਂ ਗਲਤਾਨ ਪਕੜੀ, ਰਾਤ ਦਿਨ ਹੀ ਜਾਮ ਹੁਣ।

ਫੜ ਫੜਾਕੇ ਰਹਿ ਗਏ ਨੇ, ਚੋਗ ਪੰਛੀ ਭਾਲਦੇ
ਹਰ ਜਗ੍ਹਾ ਤੇ ਹੀ ਵਿਛਾਏ, ਲੋਭੀਆਂ ਨੇ ਦਾਮ* ਹੁਣ।

*ਜਾਲ

-204-

ਰੋਟੀ ਕਪੜੇ ਸਭ ਮਸਲੇ ਘਰ ਦੀਆਂ ਲੋੜਾਂ ਥਾਂਵਾਂ ਦੇ
ਫਿਰ ਵੀ ਗਾਂਦੇ ਰਹਿੰਦੇ ਆਸ਼ਕ ਕਿੱਸੇ ਪ੍ਰੀਤ ਕਥਾਵਾਂ ਦੇ।

ਆਸ ਕਰੇ ਤੇ ਰੀਝੇ ਨਿਸਦਿਨ ਜੋ ਵੀ ਅਪਣੇ ਪ੍ਰੀਤਮ ਨੂੰ
ਮਹਿਰਮ ਜਾਨੀ ਦੇ ਹੀ ਸਦਕੇ ਮਹਿਕਣ ਫੁੱਲ ਇਛਾਵਾਂਦੇ।

ਰੋਕਾਂ ਅਟਕਾਂ ਹੋਰ ਤਖੇਰਾ ਕਰ ਦੇਵਨ ਆ ਰੀਝਾਂ ਨੂੰ
ਆਸ਼ਕ ਨੂੰ ਕੀ ਰੋਕ ਸਕਣਗੇ ਚੱਕਰ ਇਹ ਘਟਨਾਵਾਂ ਦੇ।

ਇਕ ਤੋਂ ਦੋ ਪੰਜਾਬ ਬਣਾਏ ਧਰਮਾਂ ਦੇ ਟਕਰਾਵਾਂ ਨੇ
ਮੋਹਨ ਆਕੇ ਫਿਰ ਵੀ ਸਭਨੂੰ ਕਿੱਸੇ ਪੰਜ ਦਰਿਆਵਾਂ ਦੇ।

ਮਾਰੂ ਥਲ ਦੇ ਕਹਿਰਾਂ ਤੋਂ ਵੀ ਸਿਦਕ ਸਸੀ ਦਾ ਡੋਲੇ ਨਾ
ਤਪਦਾ ਸੂਰਜ ਬਿਖੜਾ ਰਸਤਾ ਹਮਲੇ ਗਰਮ ਹਵਾਵਾਂ ਦੇ।

ਕਿੱਥੋਂ ਤੁਰਕੇ ਵੇਖੋ ਕਿੱਥੇ ਆ ਪਹੁਚਾ ਹੈ ਮਾਨਵ ਇਹ
ਕੁਦਰਤ ਵੀ ਭਰਮਾਈ ਬੈਠਾ ਸਦਕੇ ਇਸ ਦੇ ਚਾਵਾਂ ਦੇ।

ਈਕਣ ਆਕੇ ਮੇਰੇ ਦਿਲ ਨੂੰ ਯਾਦਾਂ ਨੇ ਹੈ ਘੇਰ ਲਿਆ
ਸਾਵਣ ਦੀ ਰੁਤ ਘੇਰਨ ਜੀਕਣ ਝੁਰਮਟ ਆਣ ਘਟਾਵਾਂ ਦੇ।

ਕੈਲਗਰੀ 19-01-2005

-205-

ਕੈਸੀ ਤੇਹ ਮਿਟਾਵਣ ਖਾਤਰ, ਪੁੱਠੇ ਖੂਹ ਤੂੰ ਗੇੜ ਰਿਹੈਂ
ਰਾਹੇ ਜਾਂਦੇ ਜਾਣੇ ਬੁੱਝੇ, ਉਂਗਲੀ ਦੇਕੇ ਛੇੜ ਰਿਹੈਂ।

ਰਾਤ ਸਰਦ ਨੂੰ ਦੂਰੋਂ ਜਗਦੇ, ਲਾਟੂ ਦਿਸਦੇ ਬਿਜਲੀ ਦੇ
ਭੋਰਾ ਨਿੱਘ ਨਾ ਦੇਵਣਗੇ ਤੂੰ, ਬੂਹੇ ਕਾਹਤੋਂ ਭੇੜ ਰਿਹੈਂ।

ਹਮਦਰਦੀ ਦੀ ਆਸ ਨ ਕਰ ਤੂੰ, ਭੋਰਾ ਇਹਨਾਂ ਲੋਕਾਂ ਤੋਂ
ਤੂੰ ਜ਼ਖ਼ਮ ਵਖਾਕੇ ਕੀ ਲੈਣਾ, ਐਂਵੇਂ ਜ਼ਖ਼ਮ ਉਚੇੜ ਰਿਹੈਂ।

ਦੋ ਕਦਮ ਜੇ ਅੱਗੇ ਲੈਕੇ ਤੂੰ, ਚਾਰ ਪਿਛਾਂਹ ਨੂੰ ਲੈਣੇ ਨੇ
ਫਿਰ ਵੀ ਸਮਝੇਂ ਤੂੰ ਤੇ ਝਬਦੇ, ਅਪਣਾ ਪੰਧ ਨਬੇੜ ਰਿਹੈਂ?

ਹਰ ਵੇਲੇ ਹੀ ਹੂੰ ਹੂੰ ਕਰਦੇ, ਦਿਲ ਦੇ ਰਿਸ਼ਤੇ ਨਿਭਦੇ ਨਾ
ਚਿੱਕੜ ਦੇ ਵਿਚ ਪੈਰ ਫਸਾਕੇ, ਅਪਣਾ ਆਪ ਲਬੇੜ ਰਿਹੈਂ।

ਤੇਰੇ ਦਿਲ ਦਾ ਸ਼ੀਸ਼ਾ ਜੇ ਕਰ, ਸਾਫ ਨ ਹਾਲੀ ਹੋਇਆ ਹੈ
ਐਂਵੇਂ ਦੋਸ਼ ਲਗਾਕੇ ਹੋਰਾਂ, ਦਿਲ ਸ਼ੀਸ਼ੇ ਕਿਉ ਤ੍ਰੇੜ ਰਿਹੈਂ।

11-01-2005

-206-

ਜਦ ਤਕ ਖ਼ਿਆਲ ਤੇਰਾ ਮੁੜ ਮੁੜ ਪਿਆ ਬੁਲਾਵੇ
ਪੈਰੋਂ ਜ਼ਮੀਂ ਨ ਨਿਕਲੇ ਹੱਥੋਂ ਨ ਵਕਤ ਜਾਵੇ।

ਹੱਥਾਂ 'ਚ ਪਕੜ ਬਾਕੀ ਰਹਿੰਦੀ ਜਦੋਂ ਨ ਯਾਰੋ
ਸੁਪਨੇ 'ਚ ਵੀ ਨ ਕੋਈ ਆਕੇ ਗਲੇ ਲਗਾਵੇ।

ਮੁਜਰਮ ਦੇ ਵਾਂਗ ਬੈਠਾ ਉਮਰਾ ਬਿਤਾਕੇ ਦਰ ਤੇ
ਹਾਲੀ ਭੁਲੇਖਿਆਂ ਵਿਚ ਗੋਤੇ ਮੁਰੀਦ ਖਾਵੇ।

ਲਾਂਬੂ ਨਗਰ ਵਸੇਂਦੇ ਹੱਥੀਂ ਉਹ ਲਾਕੇ ਆਖੇ
ਜਲਦਾ ਵਤਨ ਉਦਾਸੀ ਕਿਉ ਨਾ ਮਨੋ ਭੁਲਾਵੇ?

ਮੂਰਤ ਦੇ ਵਾਂਗ ਸੁਹਣਾ ਲਗਦਾ ਹੁਸੀਨ ਦਿਲਬਰ
ਬੇਸ਼ਕ ਨ ਨੀਂਦ ਆਵੇ ਹਰਗਿਜ਼ ਨ ਰਾਤ ਜਾਵੇ।

ਦਿਲ ਦੀ ਸੁਣੇ ਜੇ ਮਹਿਰਮ ਬੋਲੇ ਨ ਆਪ ਚਾਹੇ
ਬੇਸ਼ਕ ਨ ਪਾਸ ਆਵੇ ਦਿਲ ਤੋਂ ਨ ਦੂਰ ਜਾਵੇ।

ਅੱਖੀਂ ਚਮਕ ਰਹੀ ਹੈ ਹਾਲੀ ਉਮੀਦ ਮੇਰੇ
ਤੇਰਾ ਹੀ ਆਸਰਾ ਹੈ ਕਸ਼ਤੀ ਜੋ ਪਾਰ ਲਾਵੇ।

ਹਨ ਛੇਕ ਬਾਂਸਰੀ ਨੇ ਸੀਨੇ 'ਚ ਆਪ ਕੀਤੇ
ਬੁੱਲ੍ਹਾਂ ਨੂੰ ਯਾਰ ਅਪਣੇ ਲਾਵੇ ਤੇ ਵਾਜ ਆਵੇ।

-207-

ਬਣਕੇ ਸੂਰਜ ਰਾਤ ਮੇਰੀ, ਨੂੰ ਸਵੇਰਾ ਦੇ ਬਣਾ
ਘੋਲਦੇ ਮਿਸ਼ਰੀ ਕਸੈਲੀ, ਜ਼ਿੰਦਗੀ ਵਿਚ ਦੋਸਤਾ।

ਪੁੰਗਰੇਗੀ ਸ਼ਾਖ਼ ਸੁੱਕੀ, ਫਿਰ ਖ਼ਿਜ਼ਾਂ ਦੇ ਵਿੱਚ ਵੀ
ਨਿੱਘ ਤੇਰੇ ਸਾਥ ਦਾ ਹੁਣ, ਕਰ ਵਿਖਾਸੀ ਮੁਅਜਜ਼ਾ।

ਹਰਨ ਹੋਵਣ ਸਭ ਹਨੇਰੇ, ਮੁੱਖ ਮੇਰੇ ਵੱਲ ਜੇ
ਦਿਨ ਵੀ ਕਾਲੇ ਜਾਪਦੇ ਨੇ, ਮੁੱਖੜਾ ਜੇ ਲੈਂ ਭੁਆ।

ਚਿਹ ਮਗੋਈਆਂ* ਕਰਨ ਲੋਕੀਂ, ਪ੍ਰੇਮ ਨੂੰ ਨਾ ਜਾਣਦੇ
ਜਾਣਕੇ ਅਣਜਾਣ ਬਣਦੇ, ਦੇਣ ਦੁਖਦੇ ਨੂੰ ਦੁਖਾ।

*ਕੰਨ ਵਿੱਚ ਗੱਲਾਂ

ਜੰਗ ਜਦਲੀ ਇਸ ਫਿਜ਼ਾ ਨੂੰ, ਯਾਰ ਆਓ ਬਦਲੀਏ
ਛੇੜ ਧੁਨ ਤੂੰ ਪਿਆਰ ਦੀ ਤੇ,ਸਾਂਝ ਦਾ ਨਗ਼ਮਾਂ ਸੁਣਾ।

ਕੋਇਲਾਂ ਦੇ ਵਾਂਗ ਬੱਚੇ, ਸੁੱਟ ਨਾ ਤੂੰ ਜਾਣਕੇ
ਕਾਗ ਵਾਂਗੂੰ ਪਾਲ ਬੱਚੇ, ਏਕਤਾ ਹੋਕਾ ਬਣਾ।

ਬਾਲਕੇ ਇਹ ਚਾਨਣੇ ਦੇ, ਜੋ ਨੇ ਜੁਗਨੂੰ ਜਗ ਰਹੇ
ਰੌਸ਼ਨੀ ਰਾਹਾਂ 'ਚ ਵੰਡਣ, ਜਿਸਮ ਅਪਣੇ ਜਗਮਗਾ।

-208-

ਵਾਂਗ ਸੀਜ਼ਰ* ਦੋਸਤਾਂ ਨੇ ਕੀਤਾ ਹਲਾਕ ਆਕੇ
ਸ਼ੁਕਰੀਆ ਹੈ ਯਾਰ ਤੇਰਾ ਵੇਖੇਂ ਨਜ਼ਰ ਮਿਲਾ ਕੇ।

* ਦੋਸਤਾਂ ਹੱਥੋਂ ਮਰਿਆ ਰੋਮ ਦਾ ਬਾਦਸ਼ਾਹ ਜੁਲੀਅਸ ਸੀਜ਼ਰ

ਵਾਂਗ ਰਹਿਮਤ ਦੀ ਘਟਾ ਦੇ ਜੋ ਬਰਸਦਾ ਰਿਹਾ ਸੀ
ਜਾਪਦਾ ਉਹ ਤੁਰ ਗਿਆ ਹੈ ਨਜ਼ਰਾਂ ਜਿਵੇਂ ਚੁਰਾਕੇ।

ਰੰਗ ਉੱਡੇ ਹੋ ਗਈ ਸਭ ਖੁਸ਼ਬੂ ਜਿਵੇਂ ਹਵਾ ਹੈ
ਆਸਮਾਨੀਂ ਉੱਡਦੇ ਨੂੰ ਧਰਤ ਤੇ ਗਿਰਾ ਕੇ।

ਕੌਣ ਕਿੱਥੇ ਤੇ ਕਦੋਂ ਤਕ ਬਣ ਆਸਰਾ ਖੜੇਗਾ
ਇਸ ਨਵਤਨੇ ਨੂੰ ਭਲਾ ਕੀ ਦੇਂ ਆਸਰਾ ਬੁਲਾ ਕੇ।

ਯਾਰ ਬੇਲੀ ਵੀ ਜਦੋਂ ਦੇ ਅੱਖਾਂ ਚੁਰਾ ਰਹੇ ਨੇ
ਹਰ ਗਿਲਾ ਸ਼ਿਕਵਾ ਸ਼ਕਾਇਤ ਮੈਂ ਮਸਤ ਹਾਂ ਭੁਲਾਕੇ

ਮੈਂ ਜਦੋਂ ਤੂਫਾਨ ਦਾ ਪਰਤਾਵਾ ਲਿਆ ਪਰਤ ਕੇ
ਸਾਥ ਉਸ ਵੀ ਛੱਡਿਆ ਮੈਨੂੰ ਧਰਤ ਤੋਂ ਉਡਾ ਕੇ।

ਧਿਜ ਗਿਆ ਹੈ ਦਿਲ ਨਸਮਝਾ ਉਸ ਯਾਰ ਤੇ ਜਦੋਂਦਾ
ਇਸ਼ਟ ਉਹ ਤੇ ਬਣ ਗਿਆ ਹੈ ਪੂਜਾ ਕਰਾਂ ਧਿਆਕੇ।

-209-

ਟਿਮ ਟਿਮਾਕੇ ਨ੍ਹੇਰਿਆਂ ਨੂੰ ਚੀਰਦਾ
ਕਰ ਗਿਆ ਜੁਗਨੂੰ ਤੇ ਕੰਮ ਸ਼ਮਸ਼ੀਰ ਦਾ।

ਉਮਰ ਸਾਰੀ ਖ਼ਾਰ ਜਿਸਦੇ ਭਾਗ ਵਿਚ
ਹਸਰਤਾਂ ਹੀ ਆਸਰਾ ਰਹਿਗੀਰ ਦਾ।

ਸਾਥ ਛੱਡੀ ਜਾ ਰਹੀ ਸਭ ਚਾਤਰੀ
ਨਾ ਗ਼ਜ਼ਲ ਨਾ ਗੀਤ ਸਾਧਨ ਧੀਰ ਦਾ।

ਪਾਰ ਲਾਵੇ ਦੂਰੀਆਂ ਦੇ ਰਾਸਤੇ
ਹਨ ਉਡੀਕਾਂ ਭਰਤ* ਦੇ ਉਸ ਤੀਰ ਦਾ।

ਜੰਗਬਾਜ਼ਾਂ ਦੀ ਭਿਅਨਕ ਚਾਲ ਨੂੰ
ਠੱਲ੍ਹ ਪਾ ਕਰ ਆਸਰਾ ਤਦਬੀਰ ਦਾ।

ਔਂਤ ਮਾਂਵਾਂ ਖੇਤ ਬੰਜਰ ਕਰ ਰਿਹਾ
ਹੈ ਮੁਕਾਲਾ ਔਂਤਰੇ ਬੇ ਪੀਰ ਦਾ।

ਕੀ ਸੁਣਾਵਾਂ ਗੀਤ ਤੇ ਕੀ ਗਾਂ ਗ਼ਜ਼ਲ
ਰੱਤ ਅੱਖੋਂ ਰੂਪ ਧਾਰੇ ਨੀਰ ਦਾ।

-210-

ਹਾਲੇ ਉਡੀਕੇ ਮਹਿੰਦੀਆਂ ਜਿਸ ਦੀ ਤਲੀ
ਉਹ ਸਾਹਿਬਾਂ ਹੈ ਹੇਠ ਜੰਡੀ ਦੇ ਖਲੀ।

ਜੋ ਤੀਰ ਵੀ ਸਨ ਤੀਰ ਹੋਏ ਬਿਨ ਚਲੇ
ਝੂਠੀ ਅਣਖ ਤਾਂ ਹੋਰ ਮੰਗੇ ਨਿਤ ਬਲੀ।

ਕਿਉਂ ਰਾਮ ਦੀ ਹੀ ਜਨਮ ਭੂਮੀ ਵਾਸਤੇ
ਸੁਗਰੀਵ ਨੂੰ ਛਡ ਪੂਜਦੇ ਬਾਲੀ ਬਲੀ।

ਸਿਮਰਨ ਕਰਾਵੇ ਕੌਣ ਸੁੱਤੇ ਤਾਣ* ਦਾ
ਹੁਣ ਸਾਮਣੇ ਹੈ ਵਾਟ ਸਾਗਰ ਦੀ ਤਲੀ।

* ਹਨੂਮਾਨ ਵੱਲ ਇਸ਼ਾਰਾ ਹੈ

ਹੈ ਜੰਗਬਾਜ਼ਾਂ ਦੀ ਸਤਾਈ ਧਰਤ ਇਹ
ਹਨ ਸ਼ਹਿਰ ਝੁਲਸੇ ਜਲ ਰਹੀ ਹੈ ਹਰ ਗਲੀ।

ਜੁਗਨੂੰ ਸਿਤਾਰੇ ਕਹਿਕਸ਼ਾਂ ਬਿਨ ਯਾਰ ਦੇ
ਨਾ ਸ਼ੈ ਕੁ ਲੱਗੇ ਓਸ ਬਿਨ ਮੈਨੂੰ ਭਲੀ।

-211-

ਦੋਸਤਾਂ ਦੀ ਦੋਸਤੀ ਵੀ ਹੋਈ ਸਤੀ ਹੈ ਜਾਪਦੀ
ਨਿੱਘ ਦੇਣੋ ਰਹਿ ਗਈ ਹੈ ਹੁਣ ਲਾਭ ਇਹ ਤੇ ਨਾਪਦੀ।

ਬੰਦ ਰਸਤੇ ਬਣ ਗਏ ਨੇ ਮੇਰਾ ਮੁਕੱਦਰ ਕਾਸਤੋਂ
ਜਿਸ ਬਣਾਇਆ ਇਹ ਮੁਕੱਦਰ ਕੀ ਮਿਹਰ ਹੋਈ ਆਪਦੀ।

ਦਿਲ ਨਿਮਾਣਾ ਹੋ ਗਿਆ ਬੇਵਤਨੀ ਲਈ ਮਜਬੂਰ ਜਦ
ਉਮਰ ਬਾਕੀ ਭੋਗਣੀ ਹੈ ਇਸ ਦੁੱਖ ਤੇ ਸੰਤਾਪ ਦੀ।

ਡਾਲ ਨਾਲੋਂ ਟੁੱਟ ਚੁੱਕੇ ਨਾ ਖਿੜ ਸਕੇ ਗ਼ੁੰਚੇ ਕਦੇ
ਕੌਣ ਸੁਣਦਾ ਹੂਕ ਦਿਲ ਦੇ ਇਸ ਦਰਦ ਤੇ ਵਿਰਲਾਪਦੀ।

ਮੰਦਰਾਂ ਤੇ ਮਸਜਦਾਂ ਨੂੰ ਘਰ ਦੁਸ਼ਮਨੀ ਦਾ ਨਾ ਬਣਾ
ਏਕਤਾ ਦਾ ਬੀਜ ਮਾਰੇਂ ਕਿਉ ਜੜ੍ਹ ਲਗਾਵੇਂ ਪਾਪ ਦੀ।

ਕਰ ਅਡੰਬਰ ਉਸਤਤਾਂ ਤੂੰ ਭਾਲੇਂ ਨਗੂਣੇ ਕਾਰਜੀਂ
ਕਰਮ ਤੇਰਾ ਸੋਚ ਤੇਰੀ ਕਿਉ ਰਾਹ ਪੁੱਠੇ ਥਾਪਦੀ।

-212-

ਚੂੰਝ ਚਰਚਾ ਹੈ ਬੜੀ ਪਰ ਮਰਮ ਪਾਇਆ ਨਾ ਗਿਆ
ਧਰਮ ਦਾ ਕਰਕੇ ਅਡੰਬਰ ਸਚ ਨਿਭਾਇਆ ਨਾ ਗਿਆ।

ਹੈ ਭੁਲਾਵਾ ਅੱਖਰਾਂ ਦਾ ਸ਼ਬਦ ਜੋੜਾਂ ਜੋ ਨਵੇਂ
ਸ਼ਬਦ ਖਾਲੀ ਰਹਿ ਗਏ ਨੇ ਅਰਥ ਪਾਇਆ ਨਾ ਗਿਆ।

ਆਲ੍ਹਣੇ ਦੇ ਤੀਲਿਆਂ ਨੂੰ ਕਿਸ ਲਗਾਈ ਹੈ ਅਗਨ
ਦੋਸ਼ ਮੈਥੋਂ ਬਿਜਲੀਆਂ ਦੇ ਸਿਰ ਲਗਾਇਆ ਨਾ ਗਿਆ।

ਦੂਰ ਤਕ ਰਾਹਾਂ ਦੇ ਅੰਦਰ ਧੂੜ ਛਾਣੀ ਹੈ ਬੜੀ
ਰਾਹ ਭੁੱਲੇ ਵਾਂਗ ਮੈਥੋਂ ਰਾਹ ਪਾਇਆ ਨਾ ਗਿਆ।

ਚੌਧਰਾਂ ਨੂੰ ਮਾਰ ਜੱਫੇ ਬਣ ਗਏ ਪਰਧਾਨ ਵੀ
ਕੰਮ ਕਰਨੇ ਦਾ ਸਲੀਕਾ ਪਰ ਸਿਖਾਇਆ ਨਾ ਗਿਆ।

ਹੈ ਭਿਆਲੀ ਪਾ ਲਈ ਮੈਂ ਵੱਸ ਹੋ ਮਜਬੂਰੀਆਂ
ਪਰ ਮਜ਼ਾ ਜੋ ਸਾਥ ਦਾ ਹੈ ਮੂਲ ਪਾਇਆ ਨਾ ਗਿਆ।

ਸੰਗਦੇ ਹੀ ਰਹਿ ਗਏ ਦੋ ਸ਼ਬਦ ਕਹਿਣੋ ਪ੍ਰੇਮ ਦੇ
ਜਲਵਿਆਂ ਦੀ ਤਾਬ ਅੱਗੇ ਸਿਰ ਉਠਾਇਆ ਨਾ ਗਿਆ।

-213-

ਭੀਲਣੀ ਦੇ ਬੇਰ ਰਾਮਾ ਰੁਲ ਰਹੇ ਬਾਜ਼ਾਰ ਵਿਚ।
ਆ ਰਲਾ ਲੈ ਸਾਥ ਅਪਣੇ ਕੂੰਜ ਵਿਛੜੀ ਡਾਰ ਵਿਚ।

ਨਾਨਕਾ ਆ ਵੇਖ ਆਕੇ ਹਾਲ ਅਪਣੇ ਯਾਰ ਦਾ
ਲਾਲੁਆਂ ਮਰਦਾਨਿਆਂ ਦੀ ਦੁਰਗਤੀ ਸੰਸਾਰ ਵਿਚ।

ਫਸ ਗਏ ਨੇ ਧਰਮ ਸਾਰੇ ਕਰਮ ਕਾਂਡੀ ਜਾਲ ਵਿਚ
ਸਭ ਕੁਰਾਹੇ ਪੈ ਰਹੇ ਨੇ ਝੂਠੜੀ ਤਕਰਾਰ ਵਿਚ।

ਜੋ ਪਿਆਰੇ ਸੀ ਕਦੇ ਗੋਬਿੰਦ ਦੇ ਉਹ ਨਾ ਰਹੇ
ਨਾ ਰਹੀ ਤਾਕਤ ਨਿਤਾਣੀ ਹੋ ਚੁਕੀ ਤਲਵਾਰ ਵਿਚ।

ਜ਼ਾਤ ਪਾਤੀ ਭੇਤ ਜੋ ਸੀ ਆ ਮਿਟਾਏ ਨਾਨਕਾਂ
ਫੇਰ ਪੈਦਾ ਹੋ ਗਏ ਨੇ ਗੁਰਘਰੇ ਦਰਬਾਰ ਵਿਚ।

ਧਰਮ ਦੇ ਨਾਂ ਕਤਲ ਹੁੰਦੇ ਹਰ ਜਗ੍ਹਾ ਦਿਨ ਰਾਤ ਹੀ
ਉਲਝਿਆ ਹੈ ਧਰਮ ਐਸਾ ਦਹਿਸ਼ਤਾਂ ਦੀ ਮਾਰ ਵਿਚ।

ਜ਼ਾਤ ਮਾਨਵ ਦੀ ਨੂੰ ਝੇੜੇ ਮਜ਼ਹਬਾਂ ਦੇ ਖਾ ਰਹੇ
ਡੋਬ ਦੇ ਆ ਸਬਸ ਝੇੜੇ ਸੱਚ ਦੀ ਲਲਕਾਰ ਵਿਚ।

-214-

ਵਰ੍ਹ ਰਹੀ ਇਸ ਬਰਫ ਅੰਦਰ ਕੌਣ ਤੁਰਦਾ ਆ ਰਿਹਾ
ਜਾਪਦਾ ਸੰਧੂ ਏ ਜਿਹੜਾ ਨਾ ਰਤਾ ਘਬਰਾ ਰਿਹਾ।

ਜਦ ਬਦਲਦੀ ਸੇਂ ਭੁਲੇਖਾ ਖਾਕੇ ਪੁਸਤਕ ਆਪਣੀ
ਜਾਣਦਾ ਸਾਂ ਖ਼ਤ ਤੇਰਾ ਹੈ ਵੱਲ ਮੇਰੇ ਆ ਰਿਹਾ।

ਉਹ ਗੁਲਾਬੀ ਸੂਟ ਮੈਨੂੰ ਤੇ ਅਜੇ ਵੀ ਯਾਦ ਹੈ
ਹਥ ਕਲੀਰੇ ਤੇ ਹਿਨਾ ਦਾ ਰੰਗ ਸੀ ਮੁਸਕਾ ਰਿਹਾ।

ਨਾਰੀਅਲ ਦੇ ਵਾਂਗ ਪੀਢਾ ਢਲ ਗਿਆ ਚਾਹੇ ਬਦਨ
ਯਾਰ ਦੀ ਹੀ ਚਿਤਵਨਾ ਦਾ ਹੈ ਨਸ਼ਾ ਪਰ ਆ ਰਿਹਾ।

ਪਿਆਰ ਬਾਝੋਂ ਨਾ ਕਦੀ ਕੋ ਰੱਬ ਨੂੰ ਵੀ ਪਾ ਸਕੇ
ਯਾਰ ਚੋਂ ਹੀ ਰੱਬ ਦਾ ਆਂਦਾ ਨਜ਼ਰ ਝਲਕਾ ਰਿਹਾ।

ਰੰਗ ਬਦਲੇ ਫਿਰ ਖ਼ਿਜ਼ਾਂ ਦੇ ਹਨ ਸ਼ਗੂਫੇ ਖਿੜ ਰਹੇ
ਪੁੰਗਰੇਗੀ ਧਰਤ ਸਾਰੀ ਮੋੜ ਮੌਸਮ ਖਾ ਰਿਹਾ।

ਨਜ਼ਰ ਟਿਕਦੀ ਡਾਲਰੀਂ ਪਰਚਾਰਕਾਂ ਦੀ ਹਰ ਸਮੇਂ
ਧਰਮ ਦਾ ਪਰਚਾਰ ਕੈਸੇ ਰੰਗ ਬਦਲੀ ਜਾ ਰਿਹਾ।

-215-

ਆਓ ਸਾਰੇ ਰਲਕੇ ਭਾਲੋ ਏਸ ਨਵਤਨੇ ਦਾ ਸਰਨਾਂਵਾਂ
ਰਾਹਾਂ ਦੇ ਵਿਚ ਖੋਏ ਘਰ ਨੂੰ ਭਾਲਾਂ ਜਿਉਂ ਪੁੱਤਾਂ ਨੂੰ ਮਾਂਵਾਂ।

ਸਾਂਝ ਸਕੀਰੀ ਸਾਰੀ ਖੋਟੀ ਟੁਕੜੇ ਟੁਕੜੇ ਹੋਏ ਰਿਸ਼ਤੇ
ਮੈਥੋਂ ਮੇਰੇ ਰਸਤੇ ਵਿਛੜੇ ਰੁਲੀਆਂ ਰਾਹਾਂ ਦੇ ਵਿਚ ਛਾਂਵਾਂ।

ਨਜ਼ਮਾਂ ਗੀਤਾਂ ਤੇ ਗ਼ਜ਼ਲਾਂ ਦੀ ਨਿਤ ਲਿਖਲਿਖ ਭੇਜਾਂ ਪਾਤੀ ਮੈਂ
ਪਰ ਨਾ ਕੋਈ ਮੁੜਕੇ ਆਵੇ ਉਸਦਾ ਅੱਖਰ ਇਕ ਪਰਤਾਂਵਾਂ।

ਜ਼ੁਲਮਾਂ ਦੀ ਇਸ ਬੇਲਾ ਅੰਦਰ ਥਾਂ ਥਾਂ ਕਾਤਲ ਠੱਗ ਉਚੱਕੇ
ਵੰਡੀ ਸਾਰੀ ਧਰਤੀ ਬੈਠੇ ਵੰਡੀ ਬੋਲੀ ਵੀਰੇ ਮਾਂਵਾਂ।

ਵੰਡੇ ਨਾਨਕ ਤੇ ਮਰਦਾਨੇ, ਸਿੰਘ ਫਤਿਹ ਤੇ ਫਤਿਹ ਮੁਹੰਮਦ
ਰਾਮ ਰਹੀਮਾਂ ਦੀ ਇਸ ਵੰਡੀ ਵੰਡਿਆ ਪੰਜਾਂ ਹੀ ਦਰਿਆਵਾਂ।

ਮਾਂ ਬੋਲੀ ਪਰ ਮੁੜ ਆ ਜੋੜੇ ਲੰਘ ਸਤ ਸਮੁੰਦਰ ਘਰ ਤੋਂ ਦੂਰੇ
ਏਸ ਪਲਾਤੀ ਆਸਾ ਸਦਕੇ ਫੋਲਾਂ ਮੰਦਰ ਤੇ ਦਰਗਾਵ੍ਹਾਂ।

ਬੀਤ ਗਈ ਤੇਰੇ ਆਵਣ ਦੀ ਕਲ ਤੂੰ ਅਜ ਆਵੇਂ ਨਾ ਭਲਕੇ
ਵਿਚ ਬਿਰਹਾ ਦੇ ਛਮ ਛਮ ਰੋਵਾਂ ਝੁੱਮਰ ਘੱਤੀ ਆਣ ਘਟਾਵਾਂ।

–216–

ਨਾ ਮਿਲਨ ਦਾ ਨਾ ਖੁਸ਼ੀ ਦਾ ਹਰਫ ਆਵੇ ਯਾਰ ਤੋਂ
ਬਸ ਸਨਾਟਾ ਹੀ ਸਨਾਟਾ ਸ਼ੂਕਦਾ ਹੈ ਪਾਰ ਤੋਂ।

ਕਿਸ ਤਰ੍ਹਾਂ ਰੰਗਾਂ ਦੇ ਹਰਫੀਂ ਨਾਮ ਤੇਰਾ ਮੈਂ ਲਿਖਾਂ
ਪੀੜ ਸੁਲਘੇ ਹਰ ਘੜੀ ਜਦ ਜ਼ੁਲਮ ਦੀ ਤਲਵਾਰ ਤੋਂ।

ਚਾਪ ਦੱਸੇ ਮਹਿਕ ਦੇਵੇ ਨਾਮ ਤੇਰੇ ਦਾ ਪਤਾ
ਦਿਲ ਨਿਵਤਨਾ ਹੋ ਤੁਰੇ ਜਿਵ ਕੂੰਜ ਵਿਛੜੇ ਡਾਰ ਤੋਂ।

ਜ਼ਿੰਦਗੀ ਵਿੱਚ ਭਰ ਲਿਆ ਹੈ ਯਾਦ ਤੇਰੀ ਦਾ ਮਧੂ
ਗੁਜ਼ਰ ਸੌਖਾ ਜਿਸ ਬਣਾਇਆ ਦਰਦਦੀ ਗ਼ੁਲਜ਼ਾਰ ਤੋਂ।

ਰੁਦਨ ਝੂਠੇ ਵਾਂਗ ਜਾਪੇ ਦੋਸਤਾਂ ਦੀ ਹਾਕ ਵੀ
ਹੋ ਗਏ ਅਰਮਾਨ ਬੇਹਿਸ ਸ਼ੋਰ ਦੀ ਭਰਮਾਰ ਤੋਂ।

-217-

ਨਾ ਕਦੇ ਤੂੰ ਗੌਲਿਆ ਹੈ ਨਾ ਕਦੇ ਮੈਂ ਖਿਆਲਿਆ
ਬੇਰੁਖੀ ਦਾ ਵਿਚ ਮਨਾ ਇਕ ਅਜਬ ਰਿਸ਼ਤਾ ਵਸਾ ਲਿਆ।

ਧਰਮ ਦੇ ਨਾ ਤੇ ਅਸਾਂ ਕੀਤੇ ਅਡੰਬਰ ਅਨੇਕ ਹੀ
ਵਹਿਮ ਤੇ ਹਰ ਭਰਮ ਨੂੰ ਹੀ ਧਰਮ ਦਾ ਅੰਗ ਬਣਾ ਲਿਆ।

ਨੀਲ ਕੰਠ ਆਵੇ ਉਠੇ ਜਾਂ ਕੋਈ ਨਾਨਕ ਜੋ ਪੀ ਲਵੇ
ਜ਼ਹਿਰ ਦਾ ਕਸ਼ਕੌਲ ਭਰਿਆ ਜੋ ਨਫਰਤਾਂ ਉਛਾਲਿਆ।

ਜੇ ਰਿਹਾ ਵਲਿਆ ਮੁਕੱਦਰ ਇਸ ਤਰ੍ਹਾਂ ਹੱਥ ਸ਼ਾਸਕਾਂ
ਹੱਕ ਹਰ ਮਜ਼ਲੂਮ ਦਾ ਫਿਰ ਕਿੰਜ ਜਾਸੀ ਦਵਾਲਿਆ।

ਪਿਆਰ ਨਫਰਤ ਤੇ ਦੁਚਿੱਤੀ ਦੇ ਮਿਲੇ ਜਜ਼ਬਿਆਂ ਘਿਰੇ
ਆਦਮੀ ਨੂੰ ਜ਼ਿੰਦਗੀ ਨੇ ਵਕਤ ਕੀ ਕੀ ਵਖਾਲਿਆ।

-218-

ਨਾਂ ਤੇਰੇ ਦਾ ਚੇਤਾ ਛੇੜੇ ਰਾਗਨੀਆਂ
ਦਰਸ ਤੇਰੇ ਦੀ ਲੋਚਾ ਪਾਵੇ ਫੁੱਮਣੀਆਂ।

ਮਾਣ ਸਕਾਂ ਨਾ ਹੁਣ ਤੇ ਰੁੱਤਾਂ ਚਾਨਣੀਆਂ
ਮੇਘਲ ਨਾ ਹੁਣ ਬਰਸਣ ਆਵਣ ਕਿਣ ਮਣੀਆਂ।

ਦੂਰ ਦੁਰਾਡੇ ਪਹੁੰਚ ਸਕਾਂ ਨਾ ਪਾਸ ਤਿਰੇ
ਕਿਸ ਨੂੰ ਯਾਰ ਸੁਣਾਵਾਂ ਦਰਦਾਂ ਆਪਣੀਆਂ।

ਉਖੜ ਗਈ ਹਰ ਚੂਲ ਜਿਵੇਂ ਹੁਣ ਜੀਵਨ ਦੀ
ਈਕਣ ਹਰ ਕੋ ਬੋਲੇ ਕੱਢੇ ਦੁਸ਼ਮਨੀਆਂ।

ਹਰ ਗੁਣ ਸਭ ਨੂੰ ਰੜਕੇ ਅਵਗੁਣ ਵਾਂਗੂੰ ਹੀ
ਔਝੜ ਵਿੱਚੋਂ ਦੋਸਤੀਆਂ ਕੀ ਭਾਲਣੀਆਂ?

ਭੋਰੇ ਪੈਕੇ ਬੀਤ ਰਹੇ ਦਿਨ ਜੀਵਣ ਦੇ
ਬਿਨ ਸੂਰਜ ਨੇ ਕਿੱਥੋਂ ਆਸਾਂ ਉਗਮਣੀਆਂ?

ਬਿਰਹਾ ਵਕਤ ਗੁਜ਼ਾਰਨ ਡਾਢੀ ਆਣ ਬਣੀ
ਦਿਨ ਨੇ ਸਰਪ ਸਰਾਲਾਂ ਰਾਤਾਂ ਨਾਗਨੀਆਂ।

ਸੱਚਾ ਇਸ਼ਕ ਕਮਾਵਣ ਵਾਲੇ ਜਾਨਣ ਇਹ
ਯਾਰੜਿਆਂ ਦੇ ਸੱਥਰ ਸੇਜਾਂ ਕਦ ਬਣੀਆਂ।

ਦੀਦੇ ਦੀਦ ਤੇ ਮਨ ਮੇਲੇ ਨੂੰ ਤਰਸੇ ਹੈ
ਹਿਜਰ ਹਨੇਰੀ ਮੁਸ਼ਕਲ ਰਾਤਾਂ ਝਾਗਣੀਆਂ।

-219-

ਇਸ ਬਰੇਤੀ ਧਰਤ ਲੀ ਕਿਣ ਮਿਣ ਸਹੀ
ਦੀਦ ਆਖ਼ਰ ਦੀਦ ਹੈ ਪਲ ਛਿਨ ਸਹੀ।

ਤੁਹਮਤਾਂ ਨੂੰ ਤੂੰ ਲਗਾਣਾ ਛੱਡ ਦੇ
ਪਿਆਰ ਜੇ ਕਰ ਨਾ ਸਹੀ ਨਾ ਘਿਨ ਸਹੀ।

ਬਰਸਦੀ ਬਰਸਾਤ ਅੰਦਰ ਭਿੱਜਣਾ
ਜੇ ਨਹੀਂ ਰਹਿਮਤ ਪਿਆਰੇ ਰਿਨ ਸਹੀ।

ਜਾਣਕੇ ਆਵਾਜ਼ ਮੇਰੀ ਨਾ ਸੁਣੇਂ
ਬੋਲਣਾ ਮਨਜ਼ੂਰ ਨਾਹੀਂ ਗਿਣ ਸਹੀ।

ਹੈ ਮੁਹੱਬਤ ਜ਼ਿੰਦਗੀ ਦਾ ਮੂਲ ਪਰ
ਉਮਰ ਦਾ ਜੇ ਸਾਥ ਨਾ, ਕੁਛ ਦਿਨ ਸਹੀ।

ਸਾਥ ਗੁਜ਼ਰੇ ਵਕਤ ਦਾ ਇਕ ਹੈ ਨਸ਼ਾ
ਸਾਥ ਜੇਕਰ ਨਾ ਸਹੀ ਚਿਤਵਿਨ ਸਹੀ।

ਦੋਸਤਾਂ ਦੀ ਦਾਦ ਕਰਦੀ ਦਿਲ ਵਧੀ
ਦਾਦ ਜੇ ਕਰ ਨਾ ਸਹੀ ਮਿਨ ਮਿਨ ਸਹੀ।

-220-

ਪੈਂਤੜੇ ਕੁਛ ਬਦਲਦੇ ਨੇ ਯਾਰ ਮਿੱਤਰ ਇਸ ਤਰ੍ਹਾਂ
ਦੋਸਤਾਂ ਦੀ ਦੋਸਤੀ ਕਰ ਯਾਰ ਮੈਂ ਤੇ ਨਿਤ ਹਰਾਂ।

ਯਾਰ ਮਰਦਾਨੇ ਜਿਹਾ ਤਾਂ ਸਿਰਫ ਨਾਨਕ ਨੂੰ ਮਿਲੇ
ਗੁਣ ਵਿਹੂਣਾ ਚਾਹ ਐਸੇ ਯਾਰ ਦੀ ਕਿਤ ਗੁਣ ਕਰਾਂ।

ਇਸ ਉਦਾਸੀ ਰਾਤ ਵਿਚ ਤਾਰੇ ਨਾ ਜੁਗਨੂੰ ਹੀ ਕਿਤੇ
ਦਿਲਬਰਾ ਹੈ ਮਹਿਕ ਤੇਰੀ ਦੂਰ ਮੈਥੋਂ ਜਿਸ ਤਰਾਂ।

ਵਾਂਗ ਦੀਪਕ ਅਣਜਗੇ ਮੈਂ ਛੁਹ ਤਿਰੀ ਨੂੰ ਤਰਸਦਾ
ਲੋ ਤਿਰੀ ਬਿਨ ਰਾਹ ਰੌਸ਼ਨ ਨਾ ਕਿਤੇ ਚਾਨਣ ਘਰਾਂ।

ਹੌਸਲਾ ਕਾਤਲ ਨੂੰ ਦੇਂਦੀ ਜ਼ੁਲਮ ਨੂੰ ਦੇਂਦੀ ਹਵਾ
ਹੈ ਹਵਾ ਕੈਸੀ ਕਸੂਤੀ ਵਗ ਰਹੀ ਹੁਣ ਹਰ ਗਰਾਂ।

ਵਾਂਗ ਪੋਰਸ ਮਾਨਮੱਤਾ ਹਾਂ ਅਣਖ ਵਿਚ ਆਪਣੀ
ਨ੍ਹੇਰਿਆਂ ਦੇ ਮੈਂ ਸਕੰਦਰ ਤੋਂ ਭਲਾ ਫਿਰ ਕਿਉਂ ਡਰਾਂ।

ਬਣਕੇ ਸਰਘੀ ਦਾ ਸਿਤਾਰਾ ਜੋ ਮਿਟੇਗਾ ਦੋਸਤੋ
ਉਹ ਸੁਨੇਹੇਂ ਦੇਕੇ ਜਾਵੇ ਰੌਸ਼ਨੀ ਦੇ ਸਹਿਸਰਾਂ।

-221-

ਮਹਿਕ ਉਠਿਆ ਧਰਤ ਵਾਂਗੂੰ ਪਿਆਰ ਦੀ ਬਰਸੀ ਕਣੀ
ਯਾਰ ਮੇਰੇ ਯਾਦ ਤੇਰੀ ਸਾਰ ਜੀਵਣ ਦਾ ਬਣੀ।

ਰਾਤ ਰਾਣੀ ਮਹਿਕਦੀ ਜਿਉ ਵਿਚ ਫਿਜ਼ਾ ਦੇ ਰਾਤ ਨੂੰ
ਹੋਂਦ ਮੇਰੀ ਤੇ ਇਵੇਂ ਇਕ ਮਹਿਕ ਦੀ ਚਾਦਰ ਤਣੀ।

ਪਿਆਰ ਦੇ ਜਜ਼ਬੇ ਨੇ ਕੀਤਾ ਹੈ ਜਵਾਂ ਮੁਰਦਾ ਦਿਲਾਂ
ਪਿਆਰ ਦੀ ਦੌਲਤ ਦੇ ਸਾਂਵੇਂ ਹੋਰ ਨਾ ਕੋ ਹੈ ਧਨੀ।

ਵੀਰ ਭੈਣਾ ਵੀ ਬੜਾ ਨੇ ਸਾਥ ਅਪਣੇ ਜੀਣ ਦਾ
ਮਾਪਿਆਂ ਦੇ ਵਾਂਗ ਮਿੱਠੀ ਹੋਰ ਨਾ ਪਰ ਛਾਂ ਘਣੀ।

ਦੋਸਤਾਂ ਦੀ ਦੋਸਤੀ ਦੇ ਨਾਲ ਜੀਵਨ ਰਾਂਗਲਾ
ਤੀਰ ਬਣਕੇ ਛੇਦ ਦੇਵੇ ਬੋਲ ਦੀ ਤਿੱਖੀ ਅਣੀ।

ਜੁਗਨੂਆਂ ਦੀ ਕਹਿਕਸ਼ਾਂ ਦੇ ਵਾਂਗ ਸਾਰੇ ਫੁਲ ਖਿੜੇ
ਮਹਿਕ ਮਿੱਠੀ ਪਿਆਰ ਦੀ ਮੌਸਮ ਸੁਹਾਵਾ ਹੈ ਬਣੀ।

ਮਹਿਕ ਤੇਰੀ ਹੋਂਦ ਮੇਰੀ ਤੇ ਇਵੇਂ ਹੈ ਛਾ ਰਹੀ
ਠੰਡ ਪਾਵੇ ਕਾਲਜੇ ਜਦ ਪਿਆਰ ਦੀ ਬਰਸੇ ਕਣੀ।

ਬਖ਼ਸ਼ ਦੇਵੇ ਹਰ ਗੁਨ੍ਹਾਂ ਜੋ ਰੱਬ ਹੈ ਅਖਵਾਂਵਦਾ
ਸ਼ਕਲ ਮੇਰੇ ਰੱਬ ਦੀ ਮਹਿਬੂਬ ਵਾਂਗੂੰ ਹੈ ਬਣੀ।

-222-

ਛਾਂਗਿਆ ਹੈ ਪੱਤਿਆਂ ਕਹਿਰੀ ਹਵਾ
ਹੌਸਲਾ ਨਾ ਛੱਡਿਆ ਮਹਿਕੀ ਅਦਾ।

ਹੁਸਨ ਤੇਰਾ ਜੋਸ਼ ਮੇਰਾ ਰਲ ਗਏ
ਹੋ ਇਕੱਠੇ ਬਦਲਤੀ ਸਾਰੀ ਫਿਜ਼ਾ।

ਜ਼ਿੰਦਗੀ ਨੂੰ ਮਾਤ ਕਰਨਾ ਮੌਤ ਕੀ
ਪੱਥਰੋਂ ਵੀ ਬੀਜ ਵੇਖੋ ਫੁੱਟਦਾ।

ਸਭਿਅਤਾ ਹੈ ਗੁੰਮ ਹੋਈ ਬਹੁ ਦਫਾ
ਫੇਰ ਅਕਲਾਂ ਦਾ ਸਿਤਾਰਾ ਚਮਕਦਾ।

ਘੱਲੂ ਘਾਰੇ ਪਰਗਤੀ ਕੀ ਰੋਕਣੀ
ਜੋਤ ਜਾਂਦੇ ਮਰਦ ਨੇ ਰਾਹੀਂ ਜਗਾ।

ਗ਼ਜ਼ਨਵੀ ਵੀ ਮਾਤ ਆਖ਼ਰ ਖਾ ਗਿਆ
ਜਾਨਬਾਜ਼ਾਂ ਛੱਡਿਆ ਨਾ ਹੌਸਲਾ।

ਪਾਂਡਵਾਂ ਘਰ ਬਾਰ ਰਾਜਸ ਛੱਡਿਆ
ਏਕਤਾ ਫਿਰ ਤਾਜ ਸਿਰਤੇ ਰੱਖਿਆ।

-223-

ਚਮਤਕਾਰੇ ਸੋਚ ਦੇ ਵੇਖੋ ਜ਼ਰਾ
ਆਦਮੀ ਨੇ ਘੜ ਲਿਆ ਕੈਸਾ ਖੁਦਾ।

ਲਾਲੁਆਂ ਦੀ ਲੋੜ ਸੇਵਾ ਵਾਸਤੇ
ਚੌਧਰਾਂ ਤੇ ਹੱਕ ਭਾਗੋ ਦਾ ਸਦਾ।

ਡੱਡੂਆਂ ਦੀ ਪੰਜ ਸੇਰੀ ਤੋਲਣੀ
ਗੁਰਘਰਾਂ ਦੇ ਵਿਚ ਕਰੌਣੀ ਏਕਤਾ।

ਏਕਤਾ ਦੇ ਨਾਮ ਉੱਤੇ ਖੇਡ ਕੀ
ਗੱਦੀਆਂ ਤੇ ਹੱਕ ਪੱਕਾ ਕਰ ਲਿਆ।

ਚੁੱਪ ਕਰਕੇ ਬੈਠ ਸੰਧੂ ਬੋਲ ਨਾ
ਛੇੜ ਨਾ ਇਹ ਚੋਣ ਦੀ ਸੁੱਤੀ ਕਲਾ।

ਮੈਂਬਰਾਂ ਨੂੰ ਮੂਰਖਾਂ ਵਿਚ ਇਹ ਗਿਣਨ
ਵੋਟ ਦਾ ਹੀ ਹੱਕ ਸਾਥੋਂ ਖੁਹ ਲਿਆ।

ਡਾਲਰਾਂ ਦੀ ਚਮਕ ਐਸੀ ਮੋਹਣੀ
ਹੈ ਜਥਾ ਪਰਚਾਰਕਾਂ ਦਾ ਆ ਗਿਆ।

-224-

ਯਾਰਾਂ ਆਣ ਵਰ੍ਹਾਈਆਂ ਵੇਖੋ ਵਿਸ਼ ਕਣੀਆਂ
ਦਰਦ ਅਸਾਡੇ ਤਕ ਤਕ ਹੱਸਣ ਮੁਸਕਣੀਆਂ।

ਰਹਬਰ ਜਿਸ ਨੂੰ ਜਾਣਕੇ ਅੱਗੇ ਲਾਇਆ ਸੀ
ਕੱਢੇ ਸਾਡੇ ਨਾਲ ਹੀ ਵੇਖੋ ਦੁਸ਼ਮਣੀਆਂ।

ਕੁਦਰਤ ਬਖ਼ਸ਼ੀ ਸ਼ਕਤੀ ਜਿਸ ਨੂੰ ਕਰਤਾਰੀ
ਕਿਉਂ ਰੱਖੇ ਉਹ ਹੋਰ ਕਿਸੇ ਤੇ ਝਾਕਣੀਆਂ।

ਰਸਤਾ ਜਿਸ ਨੇ ਪਿਆਰ ਕਰਨ ਦਾ ਚੁਣਿਆ ਹੈ
ਉਹ ਨਾ ਡਰਦਾ ਵਾਟਾਂ ਔਝੜ ਝਾਗਣੀਆਂ।

ਨਫਰਤ ਵੰਡੇ ਆਸ ਕਰੇ ਫਿਰ ਆਦਰ ਦੀ
ਮਾਣ ਸਕੇ ਨਾ ਛਾਵਾਂ ਉਹ ਤੇ ਅਤਿ ਘਣੀਆਂ।

ਧਾੜ ਬਗਾਨੀ ਕਦ ਤਕ ਸਾਥ ਨਿਭਾਵੇਗੀ
ਭਜ ਜਾਵਣਗੇ ਸਿਰ ਤੇ ਜਦ ਵੀ ਆ ਬਣੀਆਂ।

ਕਰਨ ਬਖੇੜੇ ਤੱਕ ਦੂਜੇ ਦੀ ਮਜਬੂਰੀ
ਰੋਵਣ ਭੁੱਬੀਂ ਅਪਣੇ ਸਿਰ ਤੇ ਜਦ ਬਣੀਆਂ।

-225-

ਜਾ ਰਿਹਾਂ ਜਿਸ ਯਾਰ ਦੇ ਆਦਰ ਲਈ
ਯਾਰ ਰਸਤੇ ਹੈ ਖੜ੍ਹਾ ਖੰਜਰ ਲਈ।

ਜਾਨ ਮੇਰੀ ਜਾ ਰਹੀ ਹੈ ਨਾਤਵਾਂ
ਖੇਲ੍ਹ ਇਹ ਤੇ ਹੋ ਗਈ ਦਿਲਬਰ ਲਈ।

ਗੱਲ ਹੈ ਆਦਰਸ਼ ਦੀ ਵੀ ਠੀਕ ਪਰ
ਦਾਲ ਫੁਲਕਾ ਹੈ ਜ਼ਰੂਰੀ ਘਰ ਲਈ।

ਵੱਟ ਦੇ ਕਿਉ ਨਾਲ ਵੱਟਾਂ ਛੱਡ ਜੇਂ
ਚਾਰ ਬੂੰਦਾਂ ਹੀ ਬਹੁਤ ਬੰਜਰ ਲਈ।

ਝਗੜਿਆਂ ਤੋਂ ਦੂਰ ਟੋਲੋ ਥਾਂ ਨਵਾਂ
ਬੰਦਗੀ ਫਿਰ ਜਾਣੋ ਸੱਚੀ ਕਰ ਲਈ।

ਚਾਹਿ ਬਿਖੜੇ ਪ੍ਰੇਮ ਦੇ ਰਸਤੇ ਬੜੇ
ਢਾਰਸਾਂ ਦੀ ਲੋੜ ਨਾ ਇਸ ਡਰ ਲਈ।

-226-

ਯਾਦ ਤੇਰੀ ਦਾ ਪਰਿੰਦਾ ਬਿਨ ਡਰਾਂ
ਪਾਰ ਕਰਦਾ ਔਝੜਾਂ ਨੂੰ ਬਿਨ ਪਰਾਂ।

ਰੁੱਸ ਜਾਣਾ ਓਸ ਦਾ ਹੈ, ਪਿਆਰ ਹੀ
ਹਰ ਅਦਾ ਤੇ ਜਾਨ ਉਸ ਦੇ, ਦਰ ਧਰਾਂ।

ਇਹ ਸੁਹਲ ਪਿੰਡਾ ਤੇ ਨਾਜ਼ਕ ਜੋ ਅਦਾ
ਚਿਤਵ ਕੇ ਹੀ ਮੈਂ ਨਸ਼ੇ ਦੇ, ਘੁਟ ਭਰਾਂ।

ਆਦਮੀਂ ਤੇ ਬੇਦਮੀ ਨੇ, ਹੋ ਗਏ
ਸ਼ਾਸਕਾਂ ਦੇ ਟੋਡੀ ਕਰਦੇ, ਟਿੱਚਰਾਂ।

ਗੱਲ ਸੁਣ ਕਿਉ ਤਲਮਿਲਾਗੇ, ਦੋਸਤੋ
ਨਾ ਸੁਣੋਂ ਝੂਠੇ ਕਦੀ ਜੇ, ਕੰਨ ਭਰਾਂ।

-227-

ਮਹਿਕਾਂ ਬਣ ਬਣ ਛਾਵਣ ਦਿਲ ਤੇ ਸੁਪਨ ਤੇਰੇ
ਤਪਦੇ ਥਲ ਤੇ ਬਦਲੀ ਜੀਕਣ ਛਾਉਂ ਕਰੇ।

ਲੁਛ ਲੁਛ ਜਾਂਦੇ ਡੋਬੇ ਖਾਂਦੇ ਦਿਲ ਤੇ ਜਿਉਂ
ਧਰਵਾਸਾਂ ਦਾ ਹਥ ਇਕ ਮਹਿਰਮ ਆਣ ਧਰੇ।

ਥਲ ਵਿਚ ਸੜਦੀ ਭਾਲ ਕਰੇਂਦੀ ਸੱਸੀ ਨੂੰ
ਮਹਿਰਮ ਬਣਕੇ ਛਾਂ ਇਕ ਤਰਵਰ ਆਣ ਕਰੇ।

ਕੂੰਜਾਂ ਵਾਂਗੂੰ ਯਾਦਾਂ ਦੀ ਇਕ ਪਾਲ ਬਣੇ
ਯਾਦਾਂ ਸਦਕਾ ਦੂਰੀ ਤੈਥੋਂ ਜਿੰਦ ਜਰੇ।

ਬੱਦਲ ਕਣੀਆਂ ਘੁੱਪ ਹਨੇਰੀ ਰਾਤੇ ਵੀ
ਇਸ਼ਕ ਝਨਾ ਨੂੰ ਸੁਹਣੀ ਜੀਕਣ ਰੋਜ਼ ਤਰੇ।

ਪੀੜ ਪਰੁੱਤੇ ਰਸਤੇ ਸੌਖੇ ਹੋ ਜਾਂਦੇ
ਚਿਤਵਨ ਤੇਰਾ ਹਰ ਮੰਜ਼ਲ ਦੀ ਥਕਨ ਹਰੇ।

ਯਾਦਾਂ ਭੇਜੇਂ ਪਰ ਨਾ ਆਵੇਂ ਸਜਣਾ ਵੇ
ਏਸ ਖਲਾ ਨੂੰ ਤੇਰੇ ਬਾਝੋਂ ਕੌਣ ਭਰੇ।

ਚੰਦ ਚਕੋਰੀ ਵਿਚਲੀ ਦੂਰੀ ਹਰ ਲੈ ਤੂੰ
ਜਿੰਦ ਨਿਮਾਣੀ ਤਰਲਾ ਏਹੀ ਨਿੱਤ ਕਰੇ।

ਮੰਜ਼ਲ ਦੀ ਹਰ ਔਕੜ ਪੈਰਾਂ ਜਾ ਲੈਣੀ
ਸਿਦਕਾਂ ਵਾਲੇ ਕਦ ਰੋਕਾਂ ਤੋਂ ਰਹਿਣ ਡਰੇ।

-228-

ਜੋ ਰੰਗ ਰੱਤੇ ਤੇਰੇ ਘਾਲਾਂ ਘਾਲਣੀਆਂ
ਇਸ਼ਕ ਫਰਾਕੇ ਨਿਸ ਦਿਨ ਹਡੀਆਂ ਬਾਲਣੀਆਂ।

ਸਚ ਦੀ ਰਾਹੇ ਢਾਲੇ ਜੋ ਤਦਬੀਰਾਂ ਨੂੰ
ਓਸ ਸ਼ਖ਼ਸ ਹਨ ਲਾਜ਼ਮ ਰਾਹਾਂ ਭਾਲਣੀਆਂ।

ਸਧਰਾਂ ਬਹਿਬਿਲ ਹੋ ਹੋ ਤੜਪਣ ਰਾਤ ਦਿਨੇ
ਮੈਨੂੰ ਹੋਈਆਂ ਮੁਸ਼ਕਲ ਇਹੁ ਸੰਭਾਲਣੀਆਂ।

ਸਾਂਝਾਂ ਦੀ ਉਸ ਖ਼ਾਕ ਉਸਾਰੀ ਕਰਨੀ ਹੈ
ਨਫਰਤ ਜੋ ਵਰਤਾਵੇ ਕੁਲ ਨੂੰ ਗਾਲਣੀਆਂ।

ਸਿਰਜਨ ਹਾਰੀ ਸੱਤਾ ਜਿਸ ਦੀ ਰਹਿਬਰ ਹੈ
ਹੁਨਰਾਂ ਵਾਲੇ ਦੁਸ਼ਮਨੀਆਂ ਨਾ ਪਾਲਣੀਆਂ।

ਦਰ ਤੇਰੇ ਤੇ ਅਲਖ ਜਗਾਈ ਜਾਵਾਂਗੇ
ਚਿਤਵਨ ਤੇਰੇ ਵਿਚ ਹੀ ਰਾਤਾਂ ਜਾਲਣੀਆਂ।

ਸੰਧੂ ਕਰ ਤਦਬੀਰਾਂ ਯਾਰ ਮਨਾ ਲੈ ਤੂੰ
ਫੇਰ ਪਿਛਾਂਹਾਂ ਘੜੀਆਂ ਮੁਸ਼ਕਲ ਢਾਲਣੀਆਂ।

-229-

ਤੇਰੇ ਬਿਨ ਨਾ ਕੁਛ ਵੀ ਭਾਵੇ ਨਾ ਹੀ ਰੁੱਤਾਂ ਰਾਂਗਲੀਆਂ
ਤੇਰੇ ਸੰਗ ਤਾਂ ਸਹਿਰਾ ਵਿਚ ਵੀ ਹਰ ਥਾਂ ਚਟਖਣ ਫੁਲ ਕਲੀਆਂ।

ਵਿਰਸੇ ਬਾਰੇ ਦੇਣ ਦੁਹਾਈ ਭੁੱਲ ਗਏ ਜੋ ਵਿਰਸਾ ਹੀ
ਢੋਲ ਢਮੱਕਾ ਸਮਝਣ ਵਿਰਸਾ ਗੱਲਾਂ ਕਰਦੇ ਬਾਵਲੀਆਂ।

ਗ਼ਿਆਨ ਵਿਹੂਣੇ ਭਾਈ ਪੰਡਤ ਲੋਕਾਂ ਨੂੰ ਪਰਚਾਰ ਕਰਨ
ਤੋਤੇ ਰਟਨਾਂ ਵਿਚ ਉਹ ਜਾਪਣ ਭੁੱਲ ਗਏ ਅਰਥਾਵਲੀਆਂ।

ਮੰਦਰ ਮਸਜਦ ਢਹਿ ਢਹਿ ਉਸਰੇ ਸਿਰ ਲੋਕਾਂ ਦੇ ਨੀਂਹੀਂ ਪਾ
ਰਹਿਬਰ ਫਿਰ ਹੁਣ ਵਰਤ ਰਹੇ ਨੇ ਓਹੋ ਹੀ ਸ਼ਬਦਾਵਲੀਆਂ।

ਸਾਂਝਾਂ ਦਾ ਮਾਹੌਲ ਉਸਾਰਨ ਵਾਲੇ ਹੀਰਾਂ ਰਾਂਝੇ ਹੀ
ਟੁਟੀਆਂ ਬਾਹੀਂ ਲਮਕ ਲਮਕਕੇ ਆਖਰ ਗਲਨੂੰ ਆ ਮਿਲੀਆਂ।

ਆਦਰ ਕਰਨਾ ਮਿੱਠਾ ਬੋਲਣ ਜਿਸ ਨੇ ਗਹਿਣੇ ਲਾਹ ਸੁਟੇ
ਬੀਤ ਗਿਆਂ ਦੇ ਪਿੱਛੋਂ ਦੇਵਣ ਲਖ ਲਖ ਉਹ ਸ਼ਰਧਾਂਜਲੀਆਂ।

ਇਸ਼ਕ ਮੁਹੱਬਤ ਤੋਂ ਜੋ ਕੋਰੇ ਪਿਆਰ ਨ ਜਾਨਣ ਕੀ ਹੈ ਸ਼ੈ
ਚੋਰੀ ਡਾਕੇ ਕਤਲ ਫਰੇਬੀਂ ਪਾਵਣ ਜਗ ਤੇ ਧਾਂਦਲੀਆਂ।

ਰੋਜ਼ ਸਵੇਰੇ ਖ਼ਬਰਾਂ ਦੀ ਇਕ ਵਾਛੜ ਜੀਕਣ ਵਰ੍ਹ ਪੈਂਦੀ
ਅਮਨਾ ਦੇ ਸਭ ਖੇਤ ਚੁਗੇ ਨੇ ਵੇਖੋ ਚਿੜੀਆਂ ਜਾਂਗਲੀਆਂ।

-230-

ਬਲਨ ਬਰੂਹੀਂ ਦੀਪਕ ਜੀਕਣ ਸ਼ਾਮ ਢਲੇ
ਯਾਦ ਤੇਰੀ ਨਿਤ ਲਟ ਲਟ ਦੀਪਕ ਵਾਂਗ ਬਲੇ।

ਬੀਤ ਰਹੇ ਪਲ ਘੜੀਆਂ ਕਸਕਾਂ ਬਣ ਬਣ ਕੇ
ਚੁਭਣ ਵਧੇਰੇ ਮੇਲ ਵਿਹੂਣੇ ਸ਼ਾਮ ਢਲੇ।

ਦੂਰ ਪਰ੍ਹਾਂ ਦਿਸ ਹੱਦੇ ਤੇ ਜਾਂ ਨਜ਼ਰ ਪਈ
ਚਾਨਣ ਸੰਗ ਹਨੇਰਾ ਮਿਲਦਾ ਆਣ ਗਲੇ।

ਕਿਰਨ ਸੁਬ੍ਹਾ ਦੀ ਆਸ ਬਨ੍ਹਾਵੇ ਰਾਤ ਗਈ
ਖੁਸ਼ੀਆਂ ਗ਼ਮੀਆਂ ਜੀਵਣ ਕੈਸੇ ਰੰਗ ਰਲੇ।

ਦੂਰੀ ਐਸੀ ਦੂਰ ਨਾ ਸਾਥੋਂ ਹੋ ਸਕਦੀ
ਆਸ ਮਿਲਣ ਦੀ ਫਿਰ ਵੀ ਦਿਲ ਦੇ ਵਿੱਚ ਪਲੇ।

ਖੂਨ ਉਬਾਲੇ ਖੂਨੀ ਹੋਲੀ ਨਫਰਤ ਦੀ
ਦਿਲ ਚਾਹੇ ਕੋ ਅਮਨਾ ਦਾ ਰੰਗ ਆਣ ਮਲੇ।

ਕਿਣਮਿਣ ਕਿਣਮਿਣ ਬਰਸ ਰਹੀ ਹੈ ਬਦਲੀ ਤੇ
ਯਾਰਾਂ ਵਾਂਗੂੰ ਮਿੱਟੀ ਪਾਣੀ ਮਿਲਣ ਗਲੇ।

-231-

ਆਪਣੀਆਂ ਨਾ ਛਾਂਵਾਂ ਜਾਪਣ ਆਪਣੀਆਂ
ਬਦਲ ਗਈਆਂ ਨੇ ਯਾਰੋ ਹੁਣਤੇ ਝਾਕਣੀਆਂ।

ਰਹਿਮਤ ਵਰਗੀ ਛਾਇਆ ਜੋ ਸੀ ਪ੍ਰੀਤਮ ਦੀ
ਸਿੱਖ ਗਈ ਹੈ ਹੁਣ ਤੇ ਲੋੜਾਂ ਨਾਪਣੀਆਂ।

ਸੂਰਜ ਮੁਖੀਏ ਬੱਦਲ ਸੁੱਕੇ ਤੁਰ ਜਾਂਦੇ
ਰੌੜਾਂ ਤੇ ਨਾ ਬਰਸਣ ਕਾਹਤੋਂ ਇਹ ਕਣੀਆਂ।

ਠੰਡੀ ਛਾਇਆ ਦੂਰ ਸੁਹਾਂਦੇ ਬਾਗਾਂ ਦੀ
ਤਪਦੇ ਪੈਰੀਂ ਦੇਵੇ ਕੀ ਧਰਵਾਸਣੀਆਂ।

ਕਦਰ ਨ ਆਲਮ ਕਰਦਾ ਜੀਂਦੇ ਆਲਮ ਦੀ
ਗ਼ੁਜ਼ਰ ਗਿਆਂ ਤੋਂ ਪਿਛੋਂ ਕਦਰਾਂ ਜਾਪਣੀਆਂ।

ਹਰ ਪਾਸੇ ਹੀ ਤੜਪ ਰਹੀ ਹੈ ਲੋਕਾਈ
ਸੁਣ ਪਾਵਾਂ ਮੈਂ ਕੀਕਣ ਯਾਰੋ ਰਾਗਣੀਆਂ।

ਕਸਕ ਜੁਦਾਈ ਵਾਲੀ ਰੜਕੇ ਹਰਦਮ ਹੀ
ਮੁਸ਼ਕਲ ਹੋਈਆਂ ਰੀਝਾਂ ਦਿਲ ਵਿਚ ਸਾਂਭਣੀਆਂ

-232-

ਮੇਲ ਵਿਹੂਣੇ ਪਲ ਛਿਨ ਜੀਕਣ ਬੀਤ ਰਹੇ
ਵੇਦਨ ਦਿਲ ਦੀ ਕਿਸ ਨੂੰ ਕੋਈ ਦੱਸ ਕਹੇ।

ਬਰਫਾਂ ਵਰਗੇ ਸੁੰਨ ਜਹੇ ਇਸ ਮੌਸਮ ਵਿਚ
ਯਾਦਾਂ ਦਿਲ ਤੇ ਆਕੇ ਰੱਖਣ ਗਰਮ ਫਹੇ।

ਦਿਲ ਦਿਲਗੀਰੀ ਵਿੱਚੋਂ ਬਾਹਰ ਨਿਕਲੇ ਨਾ
ਬੂਹੇ ਦਿਲ ਦੇ ਬਿਰਹਾ ਜਦ ਤਕ ਆਣ ਬਹੇ।

ਦਸਤਕ ਦੇਵੇ ਜਦ ਵੀ ਕੋਈ ਬੂਹੇ ਤੇ
ਤੇਰੇ ਹਰ ਦਮ ਪੈਣ ਭੁਲੇਖੇ ਚੁੱਪ ਜਹੇ।

ਅਪਣੇ ਹੀ ਮੈਂ ਸਜਣਾ ਨੂੰ ਕੀ ਦੋਸ਼ ਦਿਆਂ
ਪਲ ਪਲ ਜਿਸਦੇ ਦਰ ਤੇ ਇਹ ਦਿਲ ਆਣ ਢਹੇ।

ਖੇੜਾ ਉਸ ਬਿਨ ਮੂਲ ਨਾ ਮੂੰਹ ਤੇ ਆਵੇ ਹੈ
ਦਰਸ ਪਿਆਸੀ ਚਿਤਵਨ ਜਿਸ ਬਿਨ ਨਿੱਤ ਦਹੇ।

ਛਾਂਵਾਂ ਦੀ ਕੀ ਆਸ ਕਰਾਂ ਮੈਂ ਬਦਲੀ ਤੇ
ਮਾਰੂ ਥਲ ਤੇ ਲੋ ਤੱਤੀ ਜਦ ਨਿੱਤ ਵਹੇ।

-233-

ਕੀ ਕੰਮ ਸਿਆਸਤ ਆ ਕਰਦੀ
ਹਰ ਥਾਂ ਤੇ ਵੰਡੀਆਂ ਪਾ ਧਰਦੀ।

ਅਕਲ ਸਿਆਣਪ ਪੈਗੀ ਖੂਹੇ
ਐਸੀ ਚੱਲੀ ਹੈ ਜੁਗ-ਗਰਦੀ।

ਬੰਦੇ ਡੰਗਰ ਢੋਰ ਬਣੇ ਨੇ
ਅਕਲ ਵਿਚਾਰੀ ਘਾ ਹੈ ਚਰਦੀ।

ਸੀਤ ਸਿਆਲੇ ਵੀ ਨਫਰਤ ਦੀ
ਭਾ ਭਖਦੀ ਹੈ ਮੂਲ ਨ ਮਰਦੀ।

ਨਫਰਤ ਪਸਰੀ ਚਾਰ ਚੁਫੇਰੇ
ਧਰਮਾਂ ਦੀ ਜੰਗ ਖਲਕਤ ਮਰਦੀ।

ਐਸੀ ਮਨ ਤੇ ਲੀਕ ਬਣਾ ਨਾ
ਵੰਡਣ ਦਾ ਜੋ ਕੰਮ ਹੈ ਕਰਦੀ।

ਤੂੰ ਜਨ ਦਰਦਾਂ ਦੀ ਗ਼ਜ਼ਲ ਸੁਣਾ
ਵਾਂਗ ਨਦੀ ਜੋ ਅੱਖਾਂ ਭਰਦੀ।

-234-

ਹੌਂਕੇ ਨਾ ਤੂੰ ਜਾਮ ਬਣਾ
ਉਲਫਤ ਦੇ ਤੂੰ ਗੀਤ ਸੁਣਾ।

ਪੀੜਾਂ ਪੀ ਲੈ ਜੇਰਾ ਕਰ
ਹਿੰਮਤ ਨੂੰ ਲੈ ਢਾਲ ਬਣਾ।

ਘਰ ਨਾ ਕੋਈ ਦਿਲ ਵਰਗਾ
ਦਿਲ ਦੀ ਬਸਤੀ ਯਾਰ ਵਸਾ।

ਮਾਲਾ ਗੁਟਕੇ ਸਾਧਨ ਨੇ
ਕਸਬੀ ਲੈਂਦੇ ਕਸਬ ਬਣਾ।

ਰਗੜੇ ਖਾਕੇ ਆਵੇ ਰੰਗ
ਪੱਥਰ ਤੇ ਲੈ ਰਗੜ *ਹਿਨਾ।

ਹੋਕਾ ਦੇਕੇ ਹੱਕਾਂ ਦਾ
ਲੋਕਾਂ ਨੂੰ ਤੂੰ ਫੇਰ ਜਗਾ।

ਜੰਗਾਂ ਖਾਧੀ ਲੋਕਾਈ
ਅਮਨਾ ਦਾ ਰੰਗ ਧਰਤੀ ਲਾ।

*ਮਹਿੰਦੀ

-235-

ਆਵੇਂ ਦਿਲ ਕਰਦਾ ਚੌੜਾਂ
ਜਾਵੇਂ ਤਾਂ ਦਿਲ ਨੂੰ ਔੜਾਂ।

ਆਵੇਂ ਤਾਂ ਮੈਂ ਪੈੜਾਂ ਚੁੰਮਾਂ
ਜਾਵੇਂ ਤਾਂ ਪਿੱਛੇ ਦੌੜਾਂ।

ਆਵੇਂ ਤਾਂ ਸੱਭੋ ਕੁਛ ਹੈ
ਜਾਵੇਂ ਤਾਂ ਸਭ ਨੇ ਰੌੜਾਂ।

ਆਵੇਂ ਤਾਂ ਸਾਰੀ ਦੁਨੀਆਂ
ਜਾਵੇਂ ਤਾਂ ਹਰ ਥਾਂ ਸੌੜਾਂ।

ਆਵੇਂ ਤਾਂ ਸਭਨੇ ਖੁਸ਼ੀਆਂ
ਜਾਵੇਂ ਤਾਂ ਗ਼ਾਇਬ ਚੌੜਾਂ।

ਆਵੇਂ ਤਾਂ ਮਿੱਠੇ ਮੇਵੇ
ਜਾਵੇਂ ਤਾਂ ਪੱਲੇ ਕੌੜਾਂ।

ਆਵੇਂ ਤਾਂ ਲੁਤਫ ਨੇ ਸਾਰੇ
ਜਾਵੇਂ ਤਾਂ ਝੋਲੀ ਵੌੜਾਂ।

-236-

ਰਾਤ ਕਾਲੀ ਵਾਂਗ ਪਸਰੀ ਪਿਆਸ ਹੈ
ਆਸ ਦਾ ਵੀ ਆਸਰਾ ਬੇਆਸ ਹੈ।

ਕੋਹ ਕਾਲੇ ਦੂਰੀਆਂ ਦੇ ਦਰਮਿਆਂ
ਪਰ ਸਜਣ ਦਾ ਦਿਲ ‘ਚ ਮੇਰੇ ਵਾਸ ਹੈ।

ਦੇਣ ਨੂੰ ਤੇ ਬਹੁਤ ਕੁਛ ਉਹ ਦੇ ਗਿਆ
ਯਾਦ ਉਸ ਦੀ ਪਰ ਅਮੁੱਲੀ ਰਾਸ ਹੈ।

ਸ਼ੋਰ ਐਨਾ ਕਰ ਰਿਹਾ ਸੀਨੇ ‘ਚ ਜੋ
ਚੀਰੀਏ ਤਾਂ ਦਿਲ ਲਹੂ ਤੇ ਮਾਸ ਹੈ।

ਜ਼ਬਰਦਸਤੀ ਜੋੜਿਆਂ ਨਾ ਦਿਲ ਜੁੜੇ
ਨਰਮੁਨਾਜ਼ਕ ਪਿਆਰ ਦਾ ਅਹਿਸਾਸ ਹੈ।

ਧਰਮ ਐਸਾ ਦੇ ਸਕੂ ਕੀ ਰੌਸ਼ਨੀ
ਮਾਨਵਾਂ ਦਾ ਜੇਸ ਕੀਤਾ ਨਾਸ ਹੈ।

ਤੇਲ ਸਾਡੇ ਦੀਵਿਓਂ ਜੋ ਲੈ ਗਏ
ਅਜ ਉਨ੍ਹਾਂ ਦੀ ਪਰ ਦਿਵਾਲੀ ਖ਼ਾਸ ਹੈ।

ਡੁਬ ਗਈ ਕਿਸ਼ਤੀ ਨੂੰ ਹੁਣ ਕੀ ਭਾਲਦੈਂ
ਹੁਣ ਮਲਾਹਾਂ ਤੋਂ ਭਲਾ ਕੀ ਆਸ ਹੈ।

ਕਚਘੜੇ ਜਿਉ ਰੋਜ਼ ਵਾਅਦੇ ਤਿੜਕਦੇ
ਕਸਬ ਤੇ ਮਹਿਬੂਬ ਦਾ ਇਹ ਖ਼ਾਸ ਹੈ।

-237-

ਚਲਨ ਐਸਾ ਦੋਸਤੀ ਦਾ ਬਦਲਿਆ
ਦੁਸ਼ਮਨੀ ਕਰ, ਦੋਸਤੀ ਦਾ ਹਕ ਅਦਾ।

ਤੂੰ ਮਕਾਂ ਖਾਲੀ 'ਚ ਹੁਣ ਕੀ ਭਾਲਦੈਂ
ਪਿੰਜਰੇ 'ਚੋਂ ਰੂਹ ਹੋਈ ਹੈ ਜੁਦਾ।

ਸੁਪਨ ਹੋਈ ਓਸ ਦੀ ਹੈ ਹੁਣ ਸ਼ਕਲ
ਪਾ ਭਿਆਲੀ ਨਿੱਤ ਜੋ ਸੀ ਚਹਿਕਦਾ।

ਪੀਰ ਤੇ ਅਵਤਾਰ ਬਣ ਬਹੁ ਰੂਪੀਏ
ਉਹ ਦਲਾਲਾਂ ਵਾਂਗ ਵੇਚਣ ਹੁਣ ਖੁਦਾ।

ਤੁਰ ਗਿਆ ਹੈ ਯਾਰ ਸਾਥੋਂ ਦੂਰ ਪਰ
ਹੈ ਜ਼ਿਕਰ ਉਸਦਾ ਖ਼ਿਆਲੀਂ ਮਹਿਕਦਾ

ਕਹਿਕਸ਼ਾਂ ਦੇ ਵਾਂਗ ਡੂੰਘੀ ਰੌਸ਼ਨੀ
ਸਾਂਭ ਰੱਖੇ ਰਾਜ਼ ਅਪਣੇ ਉਹ ਸਦਾ।

-238-

ਦਰਸ ਵਿਹੂਣਾ ਦੀਦ ਨੂੰ ਤਰਸਾਂ
ਬਾਝ ਤਿਰੇ ਮੈਂ ਦਸ ਕੀ ਕਰਸਾਂ।

ਚਾਰ ਚੁਫੇਰੇ ਜਾਲ ਵਿਛੇ ਨੇ
ਜਾਲ ਜੰਜਾਲ ਨੂੰ ਕੀਕਣ ਹਰਸਾਂ।

ਦੁਖੜੇ ਜਰਦੇ ਜੀਵਣ ਜਰਿਆ
ਦਰਦ ਵਿਛੋੜਾ ਕੀਕਣ ਜਰਸਾਂ।

ਦਰਸ਼ਨ ਦੇਂਵੇਂ ਹਰ ਸ਼ੈ ਵਿੱਚੋਂ
ਦਰਸ ਤਿਰੀ ਨੂੰ ਫਿਰ ਵੀ ਤਰਸਾਂ।

ਦੂਰ ਵਸੇਂਦੇ ਸਜਣਾ ਤੈਨੂੰ
ਖਾਬਾਂ ਦੇ ਵਿਚ ਨਿਸਦਿਨ ਪਰਸਾਂ।

ਆਣ ਮਿਲੇ ਗਲ ਮੇਰਾ ਮਾਹੀ
ਸੁਖ ਜੀਵਣ ਦੇ ਸਾਰੇ ਵਰਸਾਂ।

ਜਿੱਥੇ ਯਾਰ ਉਥਾਂਹੀਂ ਕਾਅਬਾ
ਸਿਰ ਸਜਦੇ ਵਿਚ ਅਪਣਾ ਧਰਸਾਂ।

-239-

ਹੋਕੇ ਸੁਪਨਾ ਸੁਪਨਿਆਂ ਵਿਚ ਆ ਬਹੇਂ
ਕੰਨ ਜਿਸ ਨੂੰ ਡੀਕਦੇ ਆ ਸੁਪਨੇ ਕਹੇਂ।

ਜੋ ਵਿਸਾਰਾਂ ਰਾਤ ਦਿਨ ਕਰਕੇ ਯਤਨ
ਵਾਂਗ ਪੁੱਠੀ ਤੂੰ ਹਵਾ ਦੇ ਕਿਉ ਵਹੇਂ?

ਸਿਸਲਾ ਹੈ ਵਾਂਗ ਸਿਲ ਦੇ ਓਸਦਾ
ਉਸ ਦੇ ਦਰ ਤੇ ਬਣ ਸ਼ਦਾਈ ਕਿਉ ਢਹੇਂ?

ਨਫਰਤਾਂ ਦੀ ਅਗਨ ਲੂਹੇ ਹਰ ਕਿਸੇ
ਇਸ ਅਗਨ ਵਿਚ ਨਿੱਤ ਆਪਾ ਕਿਉ ਦਹੇਂ

ਵੰਝਲੀ ਦੀ ਲੈ ਤੇ ਮਿੱਠੇ ਗੀਤ ਗਾ
ਬਾਂਸ ਬਣ ਕਿਉ ਦੂਜਿਆਂ ਦੇ ਸੰਗ ਖਹੇਂ?

ਮੇਲ ਮੇਲੇ ਵਾਂਗ ਜੀਵਣ ਨੂੰ ਬਣਾ
ਵਿਚ ਭਰੀ ਦੁਨੀਆਂ ਇਕੱਲਾ ਕਿਉ ਰਹੇਂ?

ਖੁਦ ਸਹੇੜਨ ਜੋ ਪੁਆੜੇ ਰਾਤ ਦਿਨ
ਸਾਥ ਐਸੇ ਦੋਸਤਾਂ ਦੇ ਕਿਉ ਬਹੇਂ?

-240-

ਮਿੱਠੀ ਜੇ ਕਰ ਗੱਲ ਕਰੇਂਗਾ
ਜ਼ਖ਼ਮ ਅਵੱਲੇ ਵੱਲ ਕਰੇਂਗਾ।

ਬੋਲ ਕਸੂਤੇ ਬੋਲੇਂ ਜੇਕਰ
ਸਭ ਦੇ ਦਿਲ ਤੇ ਸੱਲ ਕਰੇਂਗਾ।

ਉਲਝ ਗਈ ਜਦ ਸਾਰੀ ਤਾਣੀ
ਇਸ ਦਾ ਤਦ ਕੀ ਹੱਲ ਕਰੇਂਗਾ।

ਝੂਠੀ ਹੈ ਜੇ ਤੇਰੀ ਤੋਬਾ
ਤੋਬਾ ਕੀ ਤੂੰ ਵੱਲ* ਕਰੇਂਗਾ?

*ਫੇਰ

ਜੀਵਣ ਹੈ ਇਕ ਘੋਲ ਪਿਆਰੇ
ਘੋਲ ਬਿਨਾ ਕੀ ਮੱਲ ਕਰੇਂਗਾ।

ਗ਼ਾਫਲ ਨੂੰ ਹੈ ਚੇਤਨ ਕਰਦਾ
ਹੋਰ ਭਲਾ ਕੀ ਟੱਲ ਕਰੇਂਗਾ।

ਪਿਆਰ ਮੁਹੱਬਤ ਜੀਵਣ ਤੋਰੇ
ਕਰ ਨਫਰਤ ਅਣਚੱਲ ਕਰੇਂਗਾ।

ਤੂੰ ਹੁਣ ਕਰ ਲੈ ਜੋ ਫਿਰ ਕਰਨਾ
ਅਜ ਕਰ ਲੈ ਜੋ ਕੱਲ ਕਰੇਂਗਾ।

-241-

ਥਾਂ ਥਾਂ ਝਗੜੇ ਪੌਂਦੇ ਫਿਰਦੇ
ਇੱਲਾਂ ਵਾਂਗੂੰ ਲੌਂਦੇ ਫਿਰਦੇ।

ਵੇਖ ਪਰਾਇਆਂ ਭੌਂਕਣ ਕੁੱਤੇ
ਓਧਰ ਪੂਛ ਹਲੌਂਦੇ ਫਿਰਦੇ।

ਉਮਰ ਗਵਾਈ ਖੇਖਣ ਕਰਕੇ
ਹਰ ਥਾਂ ਜਾਲ ਵਛੌਂਦੇ ਫਿਰਦੇ।

ਫਰਜ਼ ਨਿਭਾਇਆ ਆਪ ਕਦੀਨਾ
ਹੋਰਾਂ ਸਬਕ ਪੜ੍ਹੌਂਦੇ ਫਿਰਦੇ।

ਪੁੱਤਰ ਧੀਆਂ ਰੁਲਣ ਵਿਚਾਰੇ
ਅਪਣੀ ਧਾਕ ਜਮੌਂਦੇ ਫਿਰਦੇ।

ਬਣਕੇ ਟੀਚਰ ਕੰਮ ਨ ਕੀਤਾ
ਆਗੂ ਹਾਂ ਅਖਵੌਂਦੇ ਫਿਰਦੇ।

ਨਾਮ ਨਗਰ ਵਿਚ ਜਾਨਣ ਸਾਰੇ
ਏਸ ਲਈ ਕੁਰਲੌਂਦੇ ਫਿਰਦੇ।

ਤਿੰਨਾਂ ਵਿਚ ਨਾ ਤੇਰ੍ਹਾਂ ਅੰਦਰ
ਵੱਡਾ ਨਾਮ ਧਰੌਂਦੇ ਫਿਰਦੇ।

ਠੱਗੀ ਠੋਰੀ ਹਰ ਥਾਂ ਕਰਦੇ
ਨੇਤਾ ਢੋਂਗ ਰਚੌਂਦੇ ਫਿਰਦੇ।

ਨਫਰਤ ਦਾ ਘਰ ਜਾਪਣ ਮੈਨੂੰ
ਦਾਦੇ ਧਾਂਕ ਜਮੌਂਦੇ ਫਿਰਦੇ।

ਕੰਮ ਨ ਕੋਈ ਸਿੱਧਾ ਕੀਤਾ
ਚਾਤਰ ਨੇ ਅਖਵੌਂਦੇ ਫਿਰਦੇ।

242-

ਵਿੱਚ ਉਡੀਕਾਂ ਸ਼ਾਮੀਂ ਸੂਰਜ ਆ ਢਲਿਆ
ਕੰਧਾਂ ਵਾਂਗੂੰ ਯਾਦਾਂ ਨੇ ਹੈ ਆ ਵਲਿਆ।

ਰਾਤ ਉਦਾਸੀ ਬੀਤ ਗਈ ਵਿਚ ਉਲਝਣ ਦੇ
ਫੇਰ ਸਵੇਰੇ ਰੰਗ ਉਮੀਦਾਂ ਆ ਮਲਿਆ।

ਕਿੰਨੇ ਹੋਰ ਅੰਗੂਠੇ* ਲੈਣੇ ਦਛਣਾ ਦੇ
ਹੱਕ ਹੁਨਰ ਨੂੰ ਸਦੀਆਂ ਰੁਤਬੇ ਨੇ ਛਲਿਆ।

* ਏਕਲੱਵਯ ਵੱਲ ਇਸ਼ਾਰਾ ਹੈ

ਟਾਲ ਰਿਹਾਸਾਂ ਉਸ ਦਾ ਜਾਣਾ ਨਿਸਦਿਨ ਹੀ
ਵਕਤ ਜੁਦਾਈ ਦਾ ਨਾ ਮੈਥੋਂ ਪਰ ਟਲਿਆ।

ਖ਼ਤ ਜਿਹੜਾ ਵੀ ਬਿਨ ਸਰਨਾਂਵੇਂ ਪੌਂਦਾ ਹਾਂ
ਤੇਰੇ ਹੀ ਸਰਨਾਂਵੇਂ ਜਾਵੇ ਉਹ ਚਲਿਆ।

ਪੀਸ ਰਿਹਾ ਹੈ ਵਕਤ ਸਦਾ ਹੀ ਮਾੜੇ ਨੂੰ
ਦਾਲਾਂ ਦੇ ਸੰਗ ਢੋਰਾ ਜਾਵੇ ਜਿਵ ਦਲਿਆ।

ਗੀਤ ਗ਼ਜ਼ਲ ਤੇ ਕਵਿਤਾ ਜੋ ਵੀ ਕਹਿੰਦਾ ਹਾਂ
ਦਰਦ ਦਿਲੇਦਾ ਲਟਲਟ ਦੀਪਕ ਹੋ ਬਲਿਆ

ਲੱਖ ਭੁਲਾਵਾਂ ਤੈਨੂੰ ਚਾਹੇ ਰਾਤ ਦਿਨੇ
ਸਾਹਾਂ ਵਿਚ ਵੀ ਨਾਮ ਮੁਹਿੰਦਰ ਹੈ ਰਲਿਆ

-243-

ਖੁਹਕੇ ਚਾਨਣ ਲੈ ਗਈ ਉਹ ਕਹਿਕਸ਼ਾਂ
ਯਾਰ ਐਸੇ ਨੂੰ ਭਲਾ ਮੈਂ ਕੀ ਕਹਾਂ।

ਦਿਨ ਦਿਹਾੜੇ ਦਿਲ ਚੁਰਾਇਆ ਓਸਨੇ
ਸਾਥ ਦਾ ਇਨਕਾਰ ਕੀਕਣ ਹੁਣ ਸੁਣਾਂ

ਦੇ ਗਿਆ ਪੁੱਠੀ ਭਵਾਲੀ ਉਹ ਜਿਵੇਂ
ਜ਼ਖ਼ਮ ਅਪਣੇ ਲੈਕੇ ਛਿੱਲਾਂ ਨਸ਼ਤਰਾਂ।

ਮੂੰਹ ਭਵਾਇਆ ਓਸ ਨੇ ਮੈਥੋਂ ਜਿਵੇਂ
ਬੇਰੁਖ਼ੀ ਮੈਂ ਏਸ ਦਾ ਕੀ ਨਾਂ ਧਰਾਂ।

ਜਾਨ ਮੇਰੀ ਜਾਨ ਨੂੰ ਬੇਜਾਨ ਕਰ
ਤੜਪਣੀ ਜੋ ਦੇ ਗਈ ਮੈਂ ਨਿਤ ਸਹਾਂ।

-244-

ਇਸ ਚਮਨ ਦਾ ਮੈਂ ਨਿਮਾਣਾ ਫੁੱਲ ਹਾਂ
ਰੀਸ ਮੈਂ ਜਗਤਾਰ ਦੀ ਨਾ ਕਰ ਸਕਾਂ।

ਜੋ ਗ਼ਜ਼ਲ ਦਾ ਬਾਗ਼ ਲਾਇਆ ਹੈ ਚਮਨ
ਪਨਪਿਆ ਹੈ ਸ਼ੌਕ ਉਸ ਦੀ ਹੇਠ ਛਾਂ।

ਤਾਰਿਆਂ ਦੇ ਵਾਂਗ ਸੂਰਜ ਸਾਮ੍ਹਣੇ
ਚਮਕਦਾ ਹਾਂ ਯਾਰ ਅਪਣੇ ਹੀ ਗਰਾਂ।

ਸਾਕੀਆਂ ਦੇ ਪੁੱਤ ਏਥੋਂ ਜਾਮ ਲੈ
ਆ ਲਈ ਬਖ਼ਸ਼ੀਸ਼ ਏਥੋਂ ਗੋਸਲਾਂ।

ਫੁੱਟ ਨਿਕਲੀ ਲਗਰ ਏਥੋਂ ਹੋਰ ਵੀ
ਕਹਿ ਗ਼ਜ਼ਲ ਤੇ ਗੀਤ ਉਸਦਾ ਹੈ ਵੇ ਨਾਂ

ਖ਼ਾਬ ਦੀ ਤਾਬੀਰ ਹਾਂ ਮੈਂ ਦੋਸਤੋ
ਉਮਰ ਬੀਤੀ ਜੇਸ ਨੂੰ ਸੀ ਵੇਖਿਆਂ।

ਇਸ਼ਕ ਨੇ ਬਦਨਾਮ ਕੀਤਾ ਜੱਗ ਤੇ
ਨਾਲ ਮੇਰੇ ਜੁੜ ਗਿਆ ਹੈ ਉਸਦਾ ਨਾਂ।

ਹਸਦ ਕਰਦੇ ਦੋਸਤਾਂ ਦਾ ਸ਼ੁਕਰੀਆ
ਨਸ਼ਰ ਕੀਤਾ ਨਾਮ ਮੇਰਾ ਕੁਲ ਜਹਾਂ।

ਨਾਮ ਹੈ ਸ਼ਮਸ਼ੇਰ ਸੰਧੂ ਆਖਦੇ
ਹੈ ਸੁਭਾ ਮੱਥਾ ਲਗਾਣਾ ਔਕੜਾਂ।

ਸੀ ਗ਼ਜ਼ਲ ਦੀ ਲਟਕ ਲਾਈ ਜੋ ਚਮਨ
ਸ਼ੌਕ ਮੇਰਾ ਮੈਂ ਗ਼ਜ਼ਲ ਸੁਹਣੀ ਕਹਾਂ।

ਆਪਣੇ ਤੇ ਦੁੱਖ ਹਰ ਕੋ ਰੋਂਵਦਾ
ਜਗਤ ਇਸ ਦੇ ਦੁੱਖੜੇ ਜੇ ਮੈਂ ਹਰਾਂ।

ਰੀਨ ਭਰ ਜੁਗਨੂੰ ਹੈ ਕਰਦਾ ਚਾਨਣਾ
ਮੈਂ ਨਿਮਾਣਾ ਹੀ ਸਹੀ ਚਾਨਣ ਤੇ ਹਾਂ।

-245-

ਯਾਰ ਮੇਰੇ ਫਿਕਰ ਬਹੁਤਾ ਨਾ ਕਰੀਂ
ਬਣਕੇ ਸੁਪਨਾ ਔਣ ਤੋਂ ਪਰ ਨਾ ਡਰੀਂ।

ਦੂਰ ਜਾਕੇ ਪਾਸ ਰਹਿਣਾ ਲੋਚਣਾ
ਦੂਰੀਆਂ ਤੂੰ ਸੰਗ ਯਾਦਾਂ ਦੇ ਹਰੀਂ।

ਨਾ ਫਿਰੀਂ ਤੂੰ ਹੋਰ ਥਾਂਵੇਂ ਲੋਚਦਾ
ਰੌਸ਼ਨੀ ਦੀ ਭਾਲ ਅੰਦਰ ਹੀ ਕਰੀਂ।

ਬਦਲ ਜਾਵੇ ਜਦ ਸਵੇਰਾ ਸ਼ਾਮ ਵਿਚ
ਬਾਲ ਦੀਪਕ ਫਿਰ ਸਵੇਰਾ ਤੂੰ ਕਰੀਂ।

ਆ ਗਈ ਬਰਸਾਤ ਜੇ ਕਰ ਕੱਲਿਆਂ
ਬਣ ਪਪੀਹਾ ਸਬਰ ਦਾ ਤੂੰ ਘੁਟ ਭਰੀਂ।

ਚਾਲ ਅਪਣੀ ਰਖ ਰਵਾਂ ਕਰ ਹੌਸਲਾ
ਰਸਤਿਆਂ ਦੇ ਕੰਡਿਆਂ ਤੋਂ ਨਾ ਡਰੀਂ।

ਹੈ ਰਵਾਨੀ ਜ਼ਿੰਦਗੀ ਦਾ ਨਾਮ ਹੀ
ਪਰਬਤਾਂ ਨੂੰ ਪਾਰ ਕਰ ਅਪਣੇ ਪਰੀਂ।

ਇਕ ਸਵੇਰਾ ਉੱਤਰੇ ਗਾ ਧਰਤ ਤੇ
ਅਮਨ ਦਾ ਪੈਗ਼ਾਮ ਲੈਕੇ ਸਭ ਘਰੀਂ।

-246-

ਫੇਰ ਕਬੂਤਰ ਦਾ ਇਕ ਜੋੜਾ ਬੈਠਾ ਆਣ ਬਨੇਰੇ ਤੇ
ਮੇਰੀ ਨਾ ਤਨਹਾਈ ਜਾਵੇ ਕੋਹੇ ਸ਼ਾਮ ਸਵੇਰੇ ਤੇ।

ਸਾਂਗ ਕਰੇਂਦੇ ਬਦਲਾਂ ਵਿੱਚੋਂ ਨਕਸ਼ ਤਿਰੇ ਮੈਂ ਭਾਲ ਰਿਹਾਂ
ਬੀਤ ਗਏ ਪਲ ਚੇਤੇ ਆਵਣ ਮੈਨੂੰ ਵਿਛੜਣ ਤੇਰੇ ਤੇ।

ਨਾਲ ਕਦੀ ਨਾ ਮੇਰੇ ਚਾਹੇ ਹੱਸੇ ਨਾ ਕੋਈ ਬੋਲੇ
ਨਿੱਤ ਉਡੀਕਾਂ ਕਦ ਆ ਬੋਲੂ ਕਾਲਾ ਕਾਗ ਬਨੇਰੇ ਤੇ।

ਸੁੰਨ ਮਸੁੰਨੇ ਰਾਤ ਦਿਵਸ ਨੇ ਚਾਰ ਚੁਫੇਰੇ ਬਰਫ ਪਈ
ਸੁਲਘਣ ਯਾਦਾਂ ਧੁਖਦੇ ਧੂੰਏਂ ਖਾਲੀ ਚਾਰ ਚੁਫੇਰੇ ਤੇ।

ਜੀਵਨ ਦੀ ਇਹ ਸ਼ਾਮ ਗੁਜ਼ਾਰਨ ਮੁਸ਼ਕਲ ਹੋਈ ਤੇਰੇ ਬਿਨ
ਸਿਖਰ ਦੁਪਹਿਰੇ ਜੀਵਨ ਦੇ ਹਨ ਵਾਰੇ ਵਕਤ ਲੁਟੇਰੇ ਤੇ।

ਖਾਲੀ ਖਾਲੀ ਅਰਥਾਂ ਹੀਣੇ ਨਕਸ਼ੇ ਸ਼ਾਮ ਸਵੇਰੇ ਦੇ
ਇਹ ਵੀ ਸਾਰੇ ਰੁੱਸੇ ਜਾਪਣ ਤੇਰੇ ਦੂਰ ਬਸੇਰੇ ਤੇ।

ਗੀਤ ਅਧੂਰੇ ਚੁਪ ਨੇ ਗ਼ਜ਼ਲਾਂ ਰੁਕਦੀ ਜਾਪੇ ਧੜਕਣ ਵੀ
ਪਿਆਸ ਨ ਉਤਰੇ ਸਾਂਤ ਨਹੀਂ ਬਿਨ ਤੇਰੇ ਦਰਸ ਘਨੇਰੇ ਤੇ।

-247-

ਦੋਸਤਾਂ ਦੀ ਦੁਸ਼ਮਨੀ ਦਾ ਕੀ ਕਰਾਂ
ਵਿਤਕਰੇ ਤੇ ਵੰਡੀਆਂ ਦੀ ਦਾਸਤਾਂ।

ਕੀਨਿਆਂ ਨੇ ਆ ਵਲੀ ਹੈ ਧਰਤ ਹੀ
ਏਕਤਾ ਦੇ ਦੰਭ ਦਾ ਕੀ ਦਮ ਭਰਾਂ।

ਸਾਮਰਾਜੀ ਹੋਰ ਫਿਰਦੇ ਭੂਤਰੇ
ਸਾਂਝ ਵਾਲਾ ਦੇਸ਼ ਹੋਇਆ ਜਦ ਫਨਾਂ

ਕਾਮਰੇਡਾਂ ਵੀ ਚੜ੍ਹਾਇਆ ਚੰਦ ਕੀ
ਦਮਨ ਦਾ ਦਸਤੂਰ ਸੀ ਓਥੇ ਰਵਾਂ।

ਕੰਗਲੇ ਤੇ ਪਿੰਗਲੇ ਜੋ ਸੋਚ ਦੇ
ਧਰਮ ਹੇਠਾਂ ਕਰਮ ਦੇ ਕੱਜਣ ਗੁਨ੍ਹਾਂ।

ਦੇਣ ਹੋਕੇ ਚੌਧਰਾਂ ਦੇ ਹਰ ਜਗ੍ਹਾ
ਖਬਰ ਭੇਜਨ ਨਫਰਤਾਂ ਦੀ ਬਿਨਪਰਾਂ

ਦੇਸ਼ ਅਪਣੇ ਤੋਂ ਵਲੈਤੀਂ ਆਣਕੇ
ਕੋਝ ਅਪਣੇ ਨਿੱਤ ਕਰਦੇ ਨੇ ਅਯਾਂ*

* ਨੰਗੇ

-248-

ਬਿਨ ਤੇਰੇ ਇਹ ਸੰਮਤ ਜਾਪੇ ਅੱਗੇ ਨਾ ਹੁਣ ਤੁਰਿਆ ਸਜਨੀ
ਰਾਤ ਉਡੀਕੇ ਦਿਨ ਵੀ ਤਾਂਘੇ ਛੇਤੀ ਘਰ ਨੂੰ ਮੁੜਿਆ ਸਜਨੀ।

ਪੁੱਤਰ ਧੀਆਂ ਅਪਣੀ ਥਾਂਵੇਂ ਇਹ ਘਰ ਬਾਰ 'ਤ ਦੌਲਤ ਸਾਰੀ
ਸਾਥ ਤਿਰੇ ਬਿਨ ਮੈਂ ਤੇ ਜਾਪਾਂ ਹਰਇਕ ਸ਼ੈ ਤੋਂ ਥੁੜਿਆ ਸਜਨੀ।

ਮਾਨ ਮੁਹੱਬਤ ਦੁਨੀਆਂ ਵਾਲੀ ਫਿੱਕੇ ਫਿੱਕੇ ਰਿਸ਼ਤੇ ਜਾਪਣ
ਨਾਲ ਤਿਰੇ ਬਿਨ ਸਾਂਝੇ ਕੀਤੇ ਜਾਪੇ ਕੁਛ ਨਾ ਜੁੜਿਆ ਸਜਨੀ।

ਪੂਰਨਮਾਸ਼ੀ ਦਾ ਇਹ ਚੰਦਾ ਪੀਲਾ ਪੀਲਾ ਜਾਪ ਰਿਹਾ ਹੈ
ਸੁਹਜ ਸਵਾਦਾਂ ਦਾ ਹਰ ਮੰਜ਼ਰ* ਜਾਪੇ ਭੁਰਿਆ ਭੁਰਿਆ ਸਜਨੀ।

*ਨਜ਼ਾਰਾ

ਸਜਣਾ ਦੇ ਸੰਗ ਹਰਪਲ ਲੰਘਦਾ ਲਗਦਾ ਸੀ ਨਸ਼ਿਆਇਆ ਮੈਨੂੰ
ਹੁਣਤੇ ਜਾਪੇ ਪਲਪਲ ਦੇ ਵਿਚ ਬਿਰਹੋਂ ਜੀਕਣ ਘੁਲਿਆ ਸਜਨੀ।

ਜਾਮ ਸੁਰਾਹੀ ਕੂੜੇ ਜਾਪਣ ਸਭ ਨਸ਼ਿਆਂ ਤੋਂ ਖਾਲੀ ਖਾਲੀ
ਗੀਤ ਗ਼ਜ਼ਲ ਦਾ ਰੰਗ ਸਦੀਵੀ ਲਾਕੇ ਪਰ ਹੈ ਉਡਿਆ ਸਜਨੀ।

ਦੂਰੀ ਨਾ ਇਹ ਰਿਸ਼ਤੇ ਤੋੜੇ ਤੋੜ ਰਹੀ ਪਰ ਪਲ ਪਲ ਮੈਨੂੰ
ਤਾਨ ਰਿਹਾ ਨ ਤਨ ਵਿਚ ਜੀਕਣ ਜੋਸ਼ ਜਿਵੇਂ ਸਭ ਖੁਰਿਆ ਸਜਨੀ।

-249-

ਜਦ ਤੂੰ ਨਹੀਂ ਅਹਿਸਾਸ ਤੇਰਾ ਨਾਲ ਹੈ
ਬੀਤੇ ਸਮੇਂ ਦੀ ਯਾਦ ਵੱਸੇ ਦਿਲ ਦੀ ਤ੍ਹੈ।

ਤੇਰੀ ਛਵੀ ਹੀ ਨਜ਼ਰ ਆਵੇ ਹਰ ਜਗ੍ਹਾ
ਪਲਪਲ ਨਿਹਾਰਾਂ ਘਰ'ਚ ਤੇਰੀ ਜੋਵੀ ਸ਼ੈ।

ਕਿਰਨਾ ਲੁਟਾਂਦੀ ਆਂਵਦੀ ਜਦ ਭੋਰ ਹੈ
ਉਡ ਜਾਣ ਸਾਰੇ ਨ੍ਹੇਰਿਆਂ ਦੇ ਭਰਮ ਭੈ।

ਜਦ ਗ਼ਮ ਜੁਦਾਈ ਆਣ ਮੈਨੂੰ ਘੇਰਦਾ
ਵਿਚ ਬੇ ਬਸੀ ਅਥਰੇ ਅਥਰ ਪੈਂਦੇ ਨੇ ਢੈ।

ਮਹਿਕਾਂ ਭਰੀ ਬਣ ਚਾਨਣੀ ਉਤਰੇਂ ਸਦਾ
ਹਰਇਕ ਗ਼ਜ਼ਲਤੇ ਗੀਤ ਵਿਚ ਤੇਰੀਹੀ ਲ਼ੈ

ਹਨ ਲਿਸ਼ਕਦੇ ਉ ਬਣਕੇ ਚਾਨਣ ਯਾਦਵਿਚ
ਸੀ ਜਿਹੜੀਆਂ ਥਾਂਵਾਂ ਤੇ ਤੇਰੇ ਕਦਮ ਪੈ।

ਹੋਸ਼ਾਂ ਗਵਾਕੇ ਵਣਜੀਏ ਜਦ ਪਿਆਰ ਨੂੰ
ਮਸਤੀ ਟਕਾਨੇ ਰੱਖਦੀ ਹੈ ਪਿਆਰ ਮੈ।

-250-

ਨਾਮ ਤੇਰਾ ਪਾਣੀਆਂ ਤੇ ਕਿਵ ਲਿਖਾਂ
ਹਰ ਘੜੀ ਬੀਤੇ ਦਰਦ ਦੀ ਹੇਠ ਛਾਂ।

ਕਰਮ ਤੇਰਾ ਹੈ ਬੜਾ ਹੀ ਦੋਸਤਾ
ਵੱਸਦੈਂ ਮੇਰੀ ਸੁਤਾ ਹਰ ਏਕ ਥਾਂ।

ਦਰ ਅਤੇ ਦੀਵਾਰ ਵੀ ਹੁਣ ਜਾਣਦੇ
ਵਾਂਗ ਬਾਣੀ ਰੋਜ਼ ਜਪਦਾਂ ਮੈਂ ਜੋ ਨਾਂ।

ਮੈਂ ਅਨਾ* ਅਪਣੀ ਨੂੰ ਹੱਥੀਂ ਮਾਰਿਆ
ਦੋਸਤੋ ਕੀਤਾ ਭਲਾ ਮੈਂ ਕੀ ਗੁਨ੍ਹਾਂ।

ਗੁਜ਼ਰਦਾ ਹਾਂ ਅਗਰ ਵੀਰਾਨੇ ਚੋਂ ਮੈਂ
ਸਾਥ ਤੇਰਾ ਹਰ ਵਕਤ ਮਹਿਸੂਸਦਾਂ।

ਇਹ ਵਿਛੋੜੇ ਮੇਲ ਦੀ ਆਵਾਜ਼ ਨੇ
ਗੀਤ ਗ਼ਜ਼ਲਾਂ ਮੈਂ ਇਹ ਜਿਹੜੇ ਰੋਜ਼ ਗਾਂ।

ਦਿਨ ਸਲੇਟੀ ਸ਼ਾਮ ਬਣਕੇ ਲੰਘਦਾ
ਗੁਜ਼ਰਦਾ ਹੈ ਰਾਤ ਦਾ ਮੁਸ਼ਕਲ ਸਮਾਂ।

*ਹਉਂਮੇਂ

ਵੇਖੋ ਦਰਸ ਤਿਹਾਈਆਂ ਅਖੀਆਂ
ਛਮਛਮ ਛਹਿਬਰ ਲਾਈਆਂ ਅਖੀਆਂ।

ਸੀਨੇ ਸਾਂਭੀ ਰਖੀਆਂ ਯਾਦਾਂ
ਮੋਤੀ ਚੋਗ ਚੁਗਾਈਆਂ ਅਖੀਆਂ।

ਲਿਖ ਲਿਖ ਭੇਜਾਂ 'ਵਾ ਹਥ ਪਾਤੀ
ਡੋਰਾਂ ਕਿਹੀਆਂ ਪਾਈਆਂ ਅਖੀਆਂ।

ਸੀਨੇ ਦੇ ਵਿਚ ਦਬੀਆਂ ਆਸਾਂ
ਬਾਹਰ ਖੋਰ ਲਿਆਈਆਂ ਅਖੀਆਂ।

ਦਿਨ ਨੂੰ ਸੁਪਨੇ ਰਾਤੀਂ ਤਾਰੇ
ਗਿਣ ਗਿਣਕੇ ਪਰਚਾਈਆਂ ਅਖੀਆਂ।

ਦੋਸ਼ ਦਿਆਂ ਮੈਂ ਕੀਕਣ ਇਹਨਾਂ
ਰੋ ਰੋ ਆਪ ਗੁਆਈਆਂ ਅਖੀਆਂ।

ਮੋਏ ਚੁਕ ਚੁਕ ਚਾਅ ਵੀ ਵੇਖੋ
ਜਾਨਾਂ ਕੀਕਣ ਪਾਈਆਂ ਅਖੀਆਂ।

ਲਿਸ਼ਕ ਅਨੋਖੀ ਉਸ ਦੇ ਆਇਆਂ
ਚਮਕਨ ਫਿਰ ਮੁਰਝਾਈਆਂ ਅਖੀਆਂ

ਸਦਕੇ ਜਾਵਾਂ ਦਿਲਬਰ ਤੇਰੇ
ਨਾਲ ਜਿਦ੍ਹੇ ਮੈਂ ਲਾਈਆਂ ਅਖੀਆਂ।

ਦਿਲ ਦੀ ਚੁੱਪ ਕਹਾਣੀ ਆਖਣ
ਦਰ ਤੇ ਰਹਿਨ ਵਛਾਈਆਂ ਅਖੀਆਂ।

ਸ਼ਰਮਾਂ ਵਾਲੇ ਅੱਖ ਝੁਕਾਵਣ
ਬੇਸ਼ਰਮਾਂ ਗਰਮਾਈਆਂ ਅਖੀਆਂ।

ਵਹਿਸ਼ਤ ਤਕ ਤਕ ਦਹਿਸ਼ਤ ਪਸਰੀ
ਅਪਣੀ ਜਾਨ ਹੰਡਾਈਆਂ ਅਖੀਆਂ।

ਬੰਦਾ ਬੰਦੇ ਦਾ ਕਿਉ ਵੈਰੀ
ਤਕ ਤਕ ਨੇ ਸ਼ਰਮਾਈਆਂ ਅਖੀਆਂ।

# ਰੌਸ਼ਨੀ ਦੀ ਭਾਲ

## ਦੋ ਸ਼ਬਦ

ਪੰਜਾਬੀ ਕਵਿਤਾ ਦੇ ਪਾਠਕ ਤਾਂ ਪੰਜਾਬ ਵਿੱਚ ਵੀ ਸ਼ਾਇਦ ਬਹੁਤ ਥੋੜੇ ਹਨ ਤੇ ਫੇਰ ਕੈਲਗਰੀ, ਕੈਨੇਡਾ ਵਿੱਚ ਬੈਠਿਆਂ ਕਵਿਤਾ ਲਿਖਣਾ ਤੇ ਉਹ ਵੀ ਗ਼ਜ਼ਲ ਅਤੇ ਕੈਲਗਰੀ ਵਿੱਚ ਹੀ ਛਪਵਾਉਣਾ ਕਈਆਂ ਨੂੰ ਸ਼ਾਇਦ ਸਿਆਣਪ ਦੀ ਗੱਲ ਨਾ ਲਗਦੀ ਹੋਵੇ ਪਰ ਮੇਰਾ ਤੇ ਇਹ ਇਸ਼ਕ ਹੋ ਨਿਬੜਿਆ ਹੈ। ਇਸ਼ਕ ਕੀ ਲੱਗੇ ਰਾਹ ਦੇ ਨਾਲ?

'ਰੌਸ਼ਨੀ ਦੀ ਭਾਲ' ਮੇਰਾ ਚੌਥਾ ਕਾਵਿ ਸੰਗ੍ਰਹਿ ਹੈ। ਮੈਨੂੰ ਕੈਲਗਰੀ ਦੇ ਪੰਜਾਬੀ ਪਾਠਕਾਂ ਵੱਲੋਂ ਸਦਾ ਚੰਗਾ ਹੁੰਗਾਰਾ ਮਿਲਿਆ ਹੈ। ਆਮ ਤੌਰ ਤੇ ਦੋਸਤ ਮਿੱਤਰ ਤੇ ਰਿਸ਼ਤੇਦਾਰ ਚਾਹੇ ਘੱਟ ਹੀ ਸਲਾਹੁਤ ਦਾ ਹੁੰਗਾਰਾ ਭਰਦੇ ਹਨ ਪਰ ਉਹਨਾਂ ਦੀ ਅਣਹੋਂਦ ਵੀ ਨਹੀਂ। ਖ਼ਾਸ ਕਰਕੇ ਸੁਰੀਤਮ ਰਾਏ ਅਤੇ ਸਿਮਰਤ ਕੌਰ ਰਾਏ ਵਰਗੇ ਪ੍ਰਸੰਸਕ ਜਿਨ੍ਹਾ ਨੇ ਲਗਾਤਾਰ ਮੇਰੀਆ ਰਚਨਾਵਾਂ ਨੂੰ ਆਪਣੇ ਮੈਗਜ਼ੀਨ 'ਅਲਬਰਟਾ ਦਰਪਨ' ਵਿੱਚ ਛਾਪਿਆ ਹੈ ਅਤੇ ਛਾਪ ਰਹੇ ਹਨ ਜਿਸ ਕਰਕੇ ਕੈਲਗਰੀ ਅਤੇ ਐਡਮਿੰਟਨ ਦੇ ਪੰਜਾਬੀ ਪਾਠਕਾਂ ਵਿੱਚ ਮੇਰੀ ਪਛਾਣ ਹੋਰ ਵਧੀ ਹੈ।

ਇਸ ਇਲੈਕਟ੍ਰਾਨਿਕ ਯੁਗ ਵਿੱਚ ਇੰਟਰਨੈਟ ਵੀ ਦੂਰ ਬੈਠੇ ਲੋਕਾਂ ਤਕ ਪਹੁੰਚਣ ਦਾ ਇਕ ਪ੍ਰਬਲ ਮਾਧਿਅਮ ਹੈ। ਇੰਗਲੈਂਡ ਤੋਂ ਇੰਟਰਨੈਟ ਤੇ ਛਪਦੇ ਮੈਗਜ਼ੀਨ 'ਲਿਖਾਰੀ' ਅਤੇ ਐਡਮਿੰਟਨ ਤੋਂ ਇੰਟਰਨੈਟ ਤੇ ਛਪਦੇ ਮੈਗਜ਼ੀਨ 'ਪੰਜਾਬੀ ਸਾਹਿਤ' ਨੇ ਲੇਖਕਾਂ ਦੀਆਂ ਰਚਨਾਵਾਂ ਦੁਨੀਆਂ ਭਰ ਵਿੱਚ ਦੂਰ ਦੂਰ ਤਕ ਬੈਠੇ ਪਾਠਕਾਂ ਤਕ ਪੁਚਾਈਆਂ ਹਨ। ਮੈਂ ਉਹਨਾਂ ਦੀ ਬਹੁਤ ਰਿਣੀ ਹਾਂ ਕਿ ਉਹ ਸਦਾ ਮੇਰੀਆਂ ਰਚਨਾਵਾਂ ਨੂੰ ਛਾਪਕੇ ਦਿਲਵਧੀ ਕਰਦੇ ਆਏ ਹਨ। ਮੈਂ ਰੇਡਓ ਸੁਰ ਸੰਗਮ ਅਤੇ ਕੈਲਗਰੀ, ਐਮਿੰਟਨ, ਵੈਨਕੂਵਰ ਦੇ ਉਹਨਾਂ ਅਖ਼ਬਾਰਾਂ ਰਸਾਲਿਆਂ ਦਾ, ਜੋ ਮੇਰੀਆਂ ਰਚਨਾਵਾਂ ਪਰਸਾਰਿਤ ਕਰਦੇ ਜਾਂ ਛਾਪਦੇ ਰਹਿੰਦੇ ਹਨ, ਦਾ ਵੀ ਧੰਨਵਾਦੀ ਹਾਂ।

ਮੈਂ ਕੈਲਗਰੀ ਨਿਵਾਸੀ ਗ਼ਜ਼ਲਗੋ ਕਸ਼ਮੀਰਾ ਸਿੰਘ 'ਚਮਨ', ਪ੍ਰੋ. ਮੋਹਨ ਸਿੰਘ ਔਜਲਾ ਅਤੇ ਸੁਰਿੰਦਰ ਕੌਰ 'ਗੀਤ' ਅਤੇ ਹੋਰ ਸਾਥੀਆਂ ਮਿੱਤਰਾਂ ਤੇ ਰਾਈਟਰਜ਼ ਫੋਰਮ, ਕੈਲਗਰੀ ਦੇ ਮੈਂਬਰਾਂ ਦਾ ਵੀ ਆਭਾਰੀ ਹਾਂ ਕਿ ਉਹਨਾਂ ਸਦਾ ਹੀ ਮੇਰੀ ਦਿਲਵਧੀ ਕੀਤੀ ਹੈ ਅਤੇ ਮੈਨੂੰ ਆਪਣੇ ਸਾਥ ਦਾ ਮਾਣ ਦਿੱਤਾ ਹੈ। ਪ੍ਰੋ. ਮੋਹਨ ਸਿੰਘ ਔਜਲਾ ਹੋਰਾਂ ਨੇ ਇਸ ਰਚਨਾ ਨੂੰ ਚੰਗੇਰਾ ਬਣਾਉਣ ਲਈ ਜੋ ਨਿੱਗਰ ਸੁਝਾ ਦਿੱਤੇ ਹਨ ਮੈਂ ਉਹਨਾਂ ਦਾ ਸ਼ੁਕਰਗੁਜ਼ਾਰ ਹਾਂ।

ਮਨ ਦੀ ਸੋਚ ਸਦਾ ਪਹਾੜੀ ਚਸ਼ਮੇਂ ਵਾਂਗ ਉਮ੍ਹਲਦੀ ਹੈ। ਮੈਂ ਗ਼ਜ਼ਲ ਨੂੰ ਆਪਣੀਆਂ ਅਨੁਭੂਤੀਆਂ ਤੇ ਆਂਤ੍ਰਿਕ ਉਦਗਾਰਾਂ ਦਾ ਮਾਧਿਅਮ ਬਣਾਇਆ ਹੈ। ਗ਼ਜ਼ਲ ਆਪਣੇ ਮੁਢਲੇ ਪ੍ਰੰਪਰਾਗਤ ਰੂਪ ਤੋਂ ਬੁਹਤ ਬਦਲ ਚੁੱਕੀ ਹੈ ਹੁਣ ਇਸ ਵਿੱਚ ਸਮਾਜ ਦੇ ਬਦਲੇ ਰੰਗਰੂਪ, ਦੁੱਖਾਂ ਤਕਲੀਫਾਂ, ਮੁਸ਼ਕਲਾਂ, ਜੰਗਾਂ, ਲੁੱਟ ਖਸੁੱਟ,

ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਪਖੰਡ ਦਾ ਜ਼ਿਕਰ ਅਤੇ ਉਹਨਾਂ ਵਿਰੁੱਧ ਉਠਦੀ ਆਵਾਜ਼ ਵੀ ਸੁਣੀਦੀ ਹੈ। ਪਰ ਅਜੇ ਵੀ ਇਸ ਵਿੱਚ ਪਿਆਰ ਦਾ ਪੱਖ ਭਾਰੂ ਹੈ ਅਤੇ ਸਦਾ ਭਾਰੂ ਰਹੇਗਾ ਵੀ।

ਮੈਂ 65 ਸਾਲ ਦੀ ਉਮਰ ਹੋਣ ਪਿਛੋਂ ਗ਼ਜ਼ਲ ਲਿਖਣੀ ਸ਼ੁਰੂ ਕੀਤੀ ਸੀ। ਪਹਿਲੀਆਂ ਤਿੰਨ ਕਿਤਾਬਾਂ ਵਿੱਚ ਮੇਰੀਆਂ 251 ਗ਼ਜ਼ਲਾਂ ਛਪ ਚੁਕੀਆਂ ਹਨ। ਹੱਥਲੀ ਪੁਸਤਕ 'ਰੌਸ਼ਨੀ ਦੀ ਭਾਲ' ਦੀਆਂ 88 ਗ਼ਜ਼ਲਾਂ ਨਾਲ ਹੁਣ ਤਕ ਛਪੀਆਂ ਗ਼ਜ਼ਲਾਂ ਦੀ ਕੁਲ ਗਿਣਤੀ 339 ਹੋ ਗਈ ਹੈ ਜੋ ਮੇਰੇ ਵਰਗੇ ਸ਼ਾਇਰ ਲਈ ਫ਼ਖ਼ਰ ਵਾਲੀ ਗੱਲ ਹੈ।

ਮੈਂ ਡਾ. ਜਗਤਾਰ ਸਿੰਘ ਨੂੰ ਭਾਵੇਂ ਕਦੇ ਮਿਲਿਆ ਤਾਂ ਨਹੀਂ ਪਰ ਜਗਤਾਰ ਮੇਰਾ ਸਭ ਤੋਂ ਦਿਲਦਾਦਾ ਗ਼ਜ਼ਲਗੋ ਹੈ ਤੇ ਸੁਰਜੀਤ ਪਾਤਰ ਵੀ ਮੈਨੂੰ ਬਹੁਤ ਪਸੰਦ ਹੈ। ਗੁਰਭਜਨ ਸਿੰਘ ਗਿੱਲ ਵੀ ਮੈਨੂੰ ਚੰਗਾ ਲਗਦਾ ਹੈ ਅਤੇ ਅੰਮ੍ਰਿਤਸਰ ਦਾ ਅਜਾਇਬ ਸਿੰਘ ਹੁੰਦਲ ਤੇ ਲੁਧਿਆਣੇ ਦਾ ਕਰਤਾਰ ਕਾਲੜਾ ਵੀ। ਵੱਡਿਆਂ ਸ਼ਾਇਰਾਂ ਦੀ ਬ੍ਰਾਬਰੀ ਤਾਂ ਮੈਂ ਸਾਇਦ ਨਾ ਕਰ ਸਕਾਂ ਪਰ ਮੈਨੂੰ ਆਸ ਹੈ ਪਾਠਕ ਨਿਰਾਸ ਵੀ ਨਹੀਂ ਹੋਣਗੇ। ਜੋ ਮਾਹੌਲ ਪੰਜਾਬ ਵਿੱਚ ਰਹਿੰਦੇ ਲਿਖਾਰੀਆਂ ਨੂੰ ਪ੍ਰਾਪਤ ਹੋ ਸਕਦਾ ਹੈ ਉਹ ਕੈਲਗਰੀ, ਕੈਨੇਡਾ ਬੈਠੇ ਲੇਖਕਾਂ ਨੂੰ ਪ੍ਰਾਪਤ ਨਹੀਂ। ਫੇਰ ਵੀ ਆਪਣੀਆਂ ਰਚਨਾਵਾਂ ਦੁਆਰਾ ਆਪਣੀ ਮਾਤ ਬੋਲੀ ਦੀ ਜੋ ਸੇਵਾ ਮੈਂ ਕਰ ਸਕਦਾ ਹਾਂ ਉਹ ਕਰ ਰਿਹਾ ਹਾਂ। ਕੈਨੇਡਾ ਵਿੱਚ ਪੰਜਾਬੀ ਬੋਲੀ ਦਾ ਚੌਥਾ ਥਾਂ ਹੈ। ਸ਼ਾਇਦ ਮੈਂ ਇੱਕੋ ਇਕ ਅਜਿਹਾ ਲੇਖਕ ਹਾਂ ਜਿਸ ਦੀਆਂ ਰਚਨਾਂਵਾਂ ਨੂੰ ਏਥੇ ਛਪਣ ਦਾ ਮਾਣ ਹੈ ਅਤੇ ਕੈਨੇਡਾ ਦੇ ਪੰਜਾਬੀ ਸਾਹਿਤ ਦੇ ਇਤਹਾਸ ਵਿੱਚ ਇਸ ਦਾ ਜ਼ਿਕਰ ਜ਼ਰੂਰ ਹੋਵੇਗਾ।

ਮੈਨੂੰ ਇਸ ਗੱਲ ਦਾ ਵੀ ਮਾਣ ਹੈ ਕਿ ਕੈਨੇਡਾ ਦੇ ਰਾਸ਼ਟਰ ਗੀਤ 'ਓ ਕੈਨੇਡਾ' ਦਾ ਪੰਜਾਬੀ ਅਤੇ ਹਿੰਦੀ ਰੂਪਾਂਤਰ ਤਿਆਰ ਕਰਨ ਵਾਲਾ ਮੈਂ ਪਹਿਲਾ ਸ਼ਾਇਰ ਹਾਂ ਅਤੇ ਅਲਬਰਟਾ ਦੇ ਗੀਤ 'ਅਲਬਰਟਾ' ਅਤੇ ਦੁਨੀਆਂ ਭਰ ਦੇ ਕਾਮਿਆਂ ਮਜ਼ਦੂਰਾਂ ਦੇ ਗੀਤ 'ਇੰਟਰਨੈਸ਼ਨੇਲ' ਦਾ ਪੰਜਾਬੀ ਰੂਪਾਂਤਰ ਤਿਆਰ ਕਰਨ ਵਾਲਾ ਮੈਂ ਪਹਿਲਾ ਵਿਅਕਤੀ ਹਾਂ। ਆਉਣ ਵਾਲਾ ਵਕਤ ਜਦ ਪਿਛਾਂਹ ਮੁੜਕੇ ਵੇਖੇਗਾ ਤਾਂ ਇਹ ਇਤਹਾਸ ਦਾ ਅੰਗ ਬਣ ਚੁਕੇ ਹੋਣਗੇ।'ਰੌਸ਼ਨੀ ਦੀ ਭਾਲ' ਦੀਆਂ ਗ਼ਜ਼ਲਾਂ ਲੈਕੇ, ਪਾਠਕਾਂ ਦੇ ਸਦਾ ਵਾਂਗ ਭਰਵੇਂ ਹੁੰਗਾਰੇ ਦੀ ਆਸ ਵਿੱਚ ਉਹਨਾਂ ਦੇ ਰੂਬਰੂ ਹਾਂ।

*ਸ਼ਮਸ਼ੇਰ ਸਿੰਘ ਸੰਧੂ*

**ਐਮ. ਏ; ਐਮ. ਐਡ.; ਪੀ. ਈ. ਐਸ. (1)**

**ਰੀ. ਡਿ. ਡੀ. ਪੀ. ਆਈ., ਪੰਜਾਬ, ਚੰਡੀਗੜ੍ਹ।**

-252-

ਥਲ ਜਹੀ ਇਸ ਜ਼ਿੰਦਗੀ ਵਿਚ ਹਾਂ ਜਲੇ ਹਰ ਦਿਨ ਜਲੇ
ਬਿਰਖ ਬੂਟੇ ਨਾ ਕਿਤੇ ਕੋ ਅੱਕ ਦੀ ਵੀ ਛਾਂ ਮਿਲੇ।

ਦੋਸਤਾਂ ਨੇ ਵਾਹ ਪੂਰੀ ਲਾ ਲਈ ਹਰ ਮੋੜ ਤੇ
ਫੱਟ ਖਾਕੇ ਵੀ ਅਸਾਂ ਤੇ ਹੋਂਟ ਰੱਖੇ ਨੇ ਸਿਲੇ।

ਮਿਲਨ ਦੀ ਹੀ ਆਸ ਲੈਕੇ ਹਰ ਸੁਬ੍ਹਾ ਔਂਦੀ ਰਹੀ
ਸ਼ਾਮ ਤੋਂ ਫਿਰ ਰਾਤ ਹੋਵੇ ਯਾਦ ਪਲਦੀ ਵਿਚ ਦਿਲੇ।

ਵਾਂਗ ਪੰਛੀ ਨਾ ਕਦੇ ਵੀ ਕੈਦ ਮੈਨੂੰ ਗਾਖਦੀ
ਚੋਗ ਖਾਕੇ ਪਿੰਜਰੇ ਦੀ ਕੈਦ ਨੂੰ ਨਾ ਪਰ ਹਿਲੇ।

ਹਰ ਲਹਿਰ ਜੋ ਕੰਢਿਆਂ ਨੂੰ ਚੁੰਮਦੀ ਹੈ ਕਹਿ ਗਈ
ਮਿਲਨ ਚਾਹੇ ਮੌਤ ਦੇਵੇ ਪਰ ਜੁਦਾਈ ਨਾ ਮਿਲੇ।

ਜੁਗਨੁਆਂ ਦੀ ਰੌਸ਼ਨੀ ਵੀ ਹੈ ਬੜੀ ਰਸਤੇ ਲਈ
ਜਾ ਰਿਹਾ ਹਾਂ ਕੋਲ ਉਸਦੇ ਹਰ ਕਦਮ ਤੇ ਦਿਲ ਖਿਲੇ।

ਆਖਦੇ ਸੰਧੂ ਦਿਵਾਨਾ ਹੋ ਗਿਆ ਹੈ ਢੂੰਡਦਾ
ਰੌਸ਼ਨੀ ਦੀ ਭਾਲ ਕਰਦਾ ਰਾਤ ਲਾਵੇ ਉਹ ਬਿਲੇ।

-253-

ਤੇਰੇ ਬਿਨਾ ਹੈ ਜੀਵਣ ਬਿਲਕੁਲ ਹਨੇਰ ਮੇਰਾ
ਦੀਪਕ ਨੂੰ ਲੌ ਜੇ ਲਿਪਟੇ ਕਰਦਾ ਹੈ ਦੂਰ ਨ੍ਹੇਰਾ।

ਹੋਕੇ ਜੁਦਾ ਹੈ ਜੀਣਾ ਮਛਲੀ ਦੇ ਵਾਂਗ ਮੁਸ਼ਕਿਲ
ਅੱਖਾਂ 'ਚ ਆਣ ਲਾਇਆ ਪਾਣੀ ਨੇ ਤਾਂ ਹੀ ਡੇਰਾ।

ਟਹਿਕਣ ਗੁਲਾਬ ਕਲੀਆਂ ਜ਼ੀਨਤ ਨੇ ਉਹ ਚਮਨ ਦੀ
ਖ਼ਾਰਾਂ ਨੇ ਹਿੱਕ ਚੀਰੀ ਬੁਲਬੁਲ ਦਾ ਵੇਖ ਜੇਰਾ।

ਨ੍ਹੇਰੇ ਨੂੰ ਆਣ ਚੀਰੇ ਸੂਰਜ ਦੀ ਰੋਜ਼ ਲਾਲੀ
ਮਿਲਕੇ ਜੇ ਰਾਤ ਗੁਜ਼ਰੇ ਭਾਵੇ ਤਦੇ ਸਵੇਰਾ।

ਗੁਥਲੀ 'ਚ ਨਾਗ ਕਾਲੇ ਕੀਲੇ ਤੇ ਪਾ ਲਵੇ ਹੈ
ਮਾਰੇ ਕੀ ਆਣ ਮੰਤਰ ਇਸ਼ਕੇ ਦਾ ਇਹ ਸਪੇਰਾ।

ਫੁੱਲਾਂ ਤੇ ਭੌਰ ਭੌਂਦਾ ਗੁਣਗੁਣ ਉਹ ਗੁਣ ਗਣਾਵੇ
ਏਸੇ ਤਰ੍ਹਾਂ ਐ ਮਹਿਰਮ ਬੁੱਲ੍ਹਾਂ ਤੇ ਨਾਮ ਤੇਰਾ।

ਨਾਗਾਂ ਨੂੰ ਬੀਨ ਭਾਵੇ ਜ਼ਹਿਰਾਂ ਨੂੰ ਮਾਤ ਕਰਦੀ
ਮਸਤੇ ਇਹ ਨਾਗ ਕਾਲੇ ਚਿਹਰੇ ਨੂੰ ਪਾਣ ਘੇਰਾ।

-254-

ਆਕੇ ਤੂੰ ਵੇਖ ਯਾਰਾ ਦਿਲ ਦਾ ਉਦਾਸ ਵਿਹੜਾ
ਤੇਰੀ ਤੇ ਦੀਦ ਬਾਝੋਂ ਆਵੇ ਨਾ ਦਿਲ ਤੇ ਖੇੜਾ।

ਪੱਲੇ ਤੂੰ ਪਾ ਉਦਾਸੀ ਤੁਰਿਓਂ ਤੂੰ ਦੇ ਜੁਦਾਈ
ਦੁਸ਼ਮਨ ਜ਼ਮਾਨਾ ਹੋਇਆ ਵਕਤਾਂ ਦਾ ਵੇਖ ਗੇੜਾ।

ਮਾਹੀ ਤੋਂ ਬਾਝ ਦਿਲ ਦੀ ਧਰਤੀ ਉਦਾਸ ਸਾਰੀ
ਦਿਲਦੀ ਇਹ ਹੀਰ ਜਾਪੇ ਜਿਵ ਲੈ ਗਿਆ ਏ ਖੇੜਾ।

ਦਿਲ ਦੀ ਸਲੇਟ ਉੱਤੇ ਉਕਰੇ ਨੇ ਨਕਸ਼ ਤੇਰੇ
ਯਾਦਾਂ ਦੀ ਰਾਸ ਐਸੀ ਜਾਣੇ ਨਾ ਦੂਰ ਨੇੜਾ।

ਆਵੇਂ ਤੂੰ ਜਾਂ ਨਾ ਆਵੇਂ ਦਿਲਦਾਰ ਤੇਰੀ ਮਰਜ਼ੀ
ਆਵੇਂ ਤੂੰ ਫੇਰ ਹੋਣਾ ਦੁੱਖਾਂ ਦਾ ਤਾਂ ਨਬੇੜਾ।

-255-

ਦਿਲ ਦੀ ਇਹ ਧਰਤ ਬੰਜਰ ਰੌੜਾਂ ਦੇ ਵਾਂਗ ਵਿਹੜਾ
ਹਿਜਰਾਂ ਦੀ ਔੜ ਲੱਗੀ ਉੱਗੇ ਗਾ ਖ਼ਾਬ ਕਿਹੜਾ?

ਆਸਾਂ ਦੇ ਬੀਜ ਬੀਜੇ ਪੁੰਗਰ ਸਕੇ ਨਾ ਹਾਲੀ
ਸਾਵਣ ਤੂੰ ਬਣਕੇ ਆ ਜਾ ਜਾਨੀ ਤੂੰ ਮਾਰ ਗੇੜਾ।

ਹੈਂ ਜਾਨ ਤੂੰ ਤੇ ਮੇਰੀ ਫਿਰ ਕੀ ਨਿਸਾਰ ਕਰਸਾਂ
ਐ ਜਾਨ ਤੋਂ ਪਿਆਰੇ ਮਸਲਾ ਬੜਾ ਹੈ ਟਿਹੜਾ।

ਆਕੇ ਜੇ ਪੈਰ ਪਾਵੇਂ ਸਦਕੇ ਕਰਾਂ ਮੈਂ ਸਭ ਕੁਛ
ਕਰਕੇ ਨਸਾਰ ਆਪਾ ਦੇਵਾਂ ਮੁਕਾ ਮੈਂ ਝੇੜਾ।

ਲੋਕੀਂ ਜੋ ਦੇਣ ਤਾਅਨੇ ਸੂਲਾਂ ਦੇ ਵਾਂਗ ਚੁਭਦੇ
ਵਰ ਕੇ ਇਹ ਜਿੰਦ ਮੇਰੀ ਕਰਦੇ ਤੂੰ ਸਭ ਨਬੇੜਾ।

-256-

ਹਵਾਓ ਡੁਬ ਗਿਆ ਸੂਰਜ ਤੁਹਾਡੀ ਲੇਰ ਦਸਦੀ ਏ
ਪਈ ਹਰਚੀਜ਼ ਰੋਂਦੀ ਏ ਜੁਦਾਈ ਜਿਸ ਨੂੰ ਡਸਦੀ ਏ।

ਉਹ ਬੈਠੀ ਰਹਿ ਗਈ ਕੋਲੇ ਜਿਦ੍ਹੇ ਅਰਪਣ* ਸਭੋ ਤਨਮਨ
ਜਦੋਂ ਚੇਤੇ ਘੜੀ ਆਵੇ ਜਿਸਮ ਚੋਂ ਜਾਨ ਨਸਦੀ ਏ।

* ਇਬਾਲ ਅਰਪਣ

ਪਿਆਰਾ ਉਹ ਬੜਾ ਇਨਸਾਨ ਸੀ ਯਾਰੋ ਜ਼ਮਾਨੇ ਦਾ
ਵਿਦਾ ਕਰਨੇ ਨੂੰ ਜੋ ਆਈ ਇਹ ਸਾਰੀ ਭੀੜ ਦਸਦੀਏ।

ਬੜਾ ਇਕਬਾਲ ਸੀ ਉਸ ਦਾ ਬੜਾ ਹੀ ਨਾਮ ਸੀ ਉਸ ਦਾ
ਕਿਓਂ ਮੂੰਹ ਮੋੜ ਬੈਠਾ ਹੈ ਅਸਾਡੀ ਜਾਨ ਖਸਦੀ ਏ।

ਖਿਡਾਰੀ ਖੇਢ ਦਾ ਚਾਤਰ ਰਿਹਾ ਉਹ ਗੋਲ ਹੀ ਕਰਦਾ
ਗਿਆ ਤੁਰ ਯਾਰ ਹੈ ਸਾਡਾ ਦਿਲਾਂ ਵਿਚ ਯਾਦ ਵਸਦੀਏ।

ਰਹੇ ਨਾਨਕ ਨਹੀਂ ਈਸਾ ਰਹੇ ਬਸ ਨਾਮ ਦੁਨੀਆਂ ਤੇ
ਭਲੇ ਨੂੰ ਯਾਦ ਕਰ ਰੋਵੇ ਬੁਰੇ ਦੇ ਨਾਂ ਤੇ ਹਸਦੀ ਏ।

ਝੜੀ ਹੈ ਨੀਰ ਨੇ ਲਾਈ ਨਹੀਂ ਰੁਕਣੇ ਦਾ ਨਾਂ ਲੈਂਦਾ
ਕਰੇ ਮਾਤਮ ਨਗਰ ਸਾਰਾ ਦਿਲਾਂ ਦੀ ਕਸਕ ਰਸਦੀ ਏ।

-257-

ਅਜ ਹੈ ਪਿਆਰ ਬਣਿਆਂ ਦਿਹ ਦੇ ਵਪਾਰ ਵਰਗਾ
ਇਹ ਜ਼ਰਦ ਜ਼ਰਦ ਚਿਹਰਾ ਝੂਠੇ ਨਿਖਾਰ ਵਰਗਾ।

ਕਰਦੀ ਰਹੀ ਏ ਮਾਤਮ ਦਿਲ ਦੀ ਹਰੇਕ ਧੜਕਣ
ਨਕਲੀ ਹੁਲਾਰ ਜਾਪੇ ਉਠਦੇ ਗ਼ੁਬਾਰ ਵਰਗਾ।

ਅੰਧਰਾਤਿਆਂ ਦੇ ਮਾਰੇ ਧਰਮਾਂ ਨੇ ਲੋਕ ਸਾਰੇ
ਵੇਲਾ ਨਜ਼ਰ ਨਾ ਆਵੇ ਮੁੜਦੀ ਮੁਹਾਰ ਵਰਗਾ।

ਧਰਮਾਂ ਦੇ ਸਭ ਅਡੰਬਰ ਵਾਧੂ ਨੇ ਸਭ ਵਲੇਂਵੇਂ
ਮਜ਼ਹਬ ਨਾ ਹੋਰ ਕੋਈ ਸੁੱਚੇ ਵਿਹਾਰ ਵਰਗਾ।

ਤੇਰੇ ਪਿਆਰ ਯਾਰਾ ਕੱਢੇ ਨੇ ਵਲ ਹੀ ਸਾਰੇ
ਸਿੱਧਾ ਹੈ ਆਣ ਕੀਤਾ ਇਸ ਨੇ ਕਤਾਰ ਵਰਗਾ।

ਆਵੇ ਹੈ ਜਦ ਜਵਾਨੀ ਨੱਚੀ ਹੈ ਹੀਰ ਹਰ ਇਕ
ਹਰ ਏਕ ਛੂਹਰ ਸਮਝੇ ਮੈਂ ਹਾਂ ਕੁਮਾਰ ਵਰਗਾ।

ਇਸ਼ਕੇ ਦੀ ਨੈਂ ਨੂੰ ਤਰਦੀ ਸੁਹਣੀ ਸੀ ਰੋਜ਼ ਜਿਸਤੇ
ਐਸਾ ਘੜਾ ਤੂੰ ਘੜਦੇ ਤੁੱਲੇ ਘੁਮਾਰ ਵਰਗਾ।

-258-

ਦਰ ਉਦਾਸਾ ਤੇ ਹਿਰਾਸਾ ਤਰਸਦਾ ਹੈ ਰੋਜ਼ ਹੀ
ਤੇਰਿਆਂ ਹੱਥਾਂ ਲਈ ਆਮਦ ਲਈ ਦਸਤਕ ਲਈ।

ਹਰ ਉਦਾਸੀ ਤੇ ਪਿਆਸੀ ਸ਼ਾਮ ਤੈਨੂੰ ਢੂੰਡਦੀ
ਚੌਧਵੀਂ ਦਾ ਚੰਦ ਬਣਕੇ ਵੰਡਦੇ ਤੂੰ ਰੌਸ਼ਨੀ।

ਜਗ- ਮਗਾਵੇ ਨ੍ਹੇਰਿਆਂ ਨੂੰ ਯਾਦ ਤੇਰੀ ਆਣਕੇ
ਲਾਟ ਦੀਵੇ ਦੀ ਜਿਵੇਂ ਹੈ ਨ੍ਹੇਰਿਆਂ ਨੂੰ ਚੀਰਦੀ।

ਪੰਛੀਆਂ ਦੇ ਵਾਂਗ ਮੈਂ ਤੇ ਰੋਜ਼ ਹੀ ਪਰ ਤੋਲਦਾਂ
ਬਾਝ ਤੇਰੇ ਪਰ ਮੇਰੀ ਪਰਵਾਜ਼ ਕਿੱਥੇ ਰਹਿ ਗਈ।

ਝੁਰਮਟਾਂ ਵਿਚ ਘਿਰਕੇ ਵੀ ਮੈਂ ਨਿੱਤ ਕੱਲ੍ਹਾ ਜਾਪਦਾਂ
ਜਿਉ ਮੇਰੀ ਪਹਿਚਾਨ ਹਰਇਕ ਅੱਖਚੋਂ ਹੈ ਗੁੰਮਗੀ।

ਇਕ ਨਦੀ ਜੋ ਵਹਿ ਗਈ ਸੀ ਸਾਗਰਾਂਦੇ ਵਹਿਣ ਵਿਚ
ਚੀਕ ਉਸਦੀ ਰੋਜ਼ ਮੈਨੂੰ ਵਾਂਗ ਸੁਪਨੇ ਵਸੁਣ ਰਹੀ।

ਲੇਰ ਮੇਰੀ ਰੋਜ਼ ਉਹ ਸੀ ਸੁਣ ਰਹੀ ਪਰ ਚੁੱਪ ਸੀ
ਦਿਲ ਮੇਰੇ ਦੀ ਮੂਕ ਵਿਥਯਾ ਉਹਸੀ ਸਾਰੀ ਜਾਣਦੀ

-259-

ਹਾਰੇ ਸਦਾ ਹੀ ਲੀਡਰ ਖੋਟੇ ਵਪਾਰ ਵਰਗਾ
ਤਾਕਤ ਗਈ ਤੋਂ ਚਿਹਰਾ ਉਤਰੇ ਖੁਮਾਰ ਵਰਗਾ।

ਇਹ ਮੌਤ ਦੇ ਵਪਾਰੀ ਨਸ਼ਿਆਂ ਦੀ ਮਾਰ ਕੋਝੀ
ਲੋਕਾਂ ਨੂੰ ਲਾਕੇ ਵੇਖਣ ਮੇਲਾ ਛਪਾਰ ਵਰਗਾ।

ਪੁੱਤਰ ਕਿਸੇ ਦੇ ਮਾਰਨ ਅੱਗਾਂ ਦੀ ਖੇਡ੍ਹ ਵਾਲੇ
ਡੁੱਲ੍ਹੇ ਲਹੂ ਨੂੰ ਆਖਣ ਲੱਗੇ ਚਨਾਰ ਵਰਗਾ।

ਭੁੱਖਾਂ ਪਈ ਏ ਜਰਦੀ ਹੁਣ ਦੇਸ਼ ਦੀ ਕਿਸਾਨੀ
ਚਿਮਨੀਦਾ ਇਹ ਹੈ ਧੂੰਆਂ ਅੱਗ ਦੇ ਡਕਾਰ ਵਰਗਾ।

ਵੇਖੇ ਤੇ ਮੁਸਕਰਾਵੇ ਐਸੀ ਅਦਾ ਹੈ ਉਸ ਦੀ
ਕੋਈ ਨਾ ਹੋਰ ਜਾਪੇ ਉਸ ਦੇ ਨਿਖਾਰ ਵਰਗਾ।

ਬਾਰੂਦ ਦੇ ਵਪਾਰੀ ਹਰ ਥਾਂ ਤੇ ਮੌਤ ਬੀਜਣ
ਕਿਰਦਾਰ ਸਾਰਿਆਂ ਦਾ ਝੂਠੇ ਮਕਾਰ ਵਰਗਾ।

ਵੰਡਣ ਅਗਨ ਜੋ ਹਰ ਥਾਂ ਅਸਪਾਤ ਦੇ ਵਪਾਰੀ
ਸਭ ਦਾ ਹਸ਼ਰ ਹੈ ਹੋਣਾ ਡਿਗਦੇ ਸਵਾਰ ਵਰਗਾ।

-260-

ਜਾਲਮਾਂ ਤੂੰ ਕਤਲਗਾਹਾਂ ਹੋਰ ਨਾ ਹਰ ਥਾਂ ਬਣਾ
ਅਕਲ ਕਰ ਤੂੰ ਹੋਰ ਨਾ ਬੇਦੋਸਿਆਂ ਦੀ ਰੱਤ ਨ੍ਹਾ।

ਭੇਜਦਾ ਹੈਂ ਪੁੱਤ ਧੀਆਂ ਕਰਕੇ ਭਰਤੀ ਜੰਗ ਵਿਚ
ਮਰਨ ਪੁੱਤਰ ਹੋਰਨਾ ਦੇ ਦਰਦ ਨਾ ਤੈਨੂੰ ਜ਼ਰਾ।

ਜਦ ਮਰੇ ਕੋਈ ਜਵਾਨੀ ਧਰਤ ਹੈ ਕੁਰਲਾਂਵਦੀ
ਪੁੱਤ ਮਰਦਾ ਮਾਪਿਆਂ ਦਾ ਭੈਣ ਦਾ ਮਰਦਾ ਭਰਾ।

ਅੱਤ ਦਾ ਤੇ ਰੱਬ ਦਾ ਹੈ ਵੈਰ ਸਾਰੇ ਆਖਦੇ
ਪੁੱਤ ਅਪਣੇ ਦੇਸ ਦੇ ਵੀ ਨਾ ਅਜਾਂਈ ਤੂੰ ਮਰਾ।

ਹੋਰਨਾ ਦੇ ਪੁੱਤ ਮਾਰੇਂ ਸੇਕ ਤੈਨੂੰ ਨਾ ਲਗੇ
ਮਾਨਸਾਂ ਨੂੰ ਖਾਣ ਵਾਲੀ ਨੀਤ ਅਪਣੀ ਨਾ ਬਣਾ।

ਤੇਲ ਪੀਣਾ ਅੱਗ ਖਾਣਾ ਦੈਂਤ ਤੈਨੂੰ ਆਖਦੇ
ਤੂੰ ਬਣਾ ਦਿੱਤਾ ਹੈ ਸਾਰੀ ਧਰਤ ਨੂੰ ਹੀ ਕਰਬਲਾ।

ਵਹਿਸ਼ੀਆਂਦੀ ਕਾਰ ਕਰਕੇ ਫਿਰ ਮਸੀਹਾ ਬਣਬਹੇਂ
ਭਾਸ਼ਨਾ ਦੀ ਮਰ੍ਹਮ ਲਾਵੇਂ ਵਾਂਗ ਢੀਠਾਂ ਮੁਸਕਰਾ।

## -261-

ਕਿਰਨ ਤੇਰੀ ਮੈਂ ਹਾਂ ਮੇਰੇ ਸੂਰਜਾ
ਹੋ ਸਕਾਂ ਨਾ ਮੈਂ ਕਦੀ ਤੈਥੋਂ ਜੁਦਾ।

ਜਾ ਵਸੇਂ ਤੂੰ ਧਰਤ ਦੇ ਉਸ ਪਾਰ ਜੇ
ਇਸ ਜਗ੍ਹਾ ਤੇ ਨ੍ਹੇਰ ਜਾਵੇ ਤੁਰਤ ਛਾ।

ਹਰ ਸਵੇਰੇ ਆ ਲਵੇਂ ਤੂੰ ਸਾਰ ਫਿਰ
ਹਰ ਤਰਫ ਤੋਂ ਨ੍ਹੇਰਿਆਂ ਨੂੰ ਦੇਂ ਭਜਾ।

ਧਰਤ ਸਾਰੀ ਨਿੱਘ ਤੇਰੀ ਮਾਣਦੀ
ਸਰਦ ਹੋਏ ਰੁਖ਼ ਤੂੰ ਸਾਰੇ ਦੇਂ ਮਘਾ।

ਹਸਰਤਾਂ ਦੀ ਹਰ ਕਲੀ ਫਿਰ ਖਿੜ ਪਵੇ
ਰੂਪ ਨਿਖਰੇ ਰੌਸ਼ਨੀ ਤੇਰੀ 'ਚ ਨ੍ਹਾ।

ਤਪਸ਼ ਤੇਰੀ ਰੂਹ ਵੀ ਬਖ਼ਸ਼ੇ ਫੇਰ ਤੋਂ
ਬੇਹਿਸਾਂ ਵਿਚ ਜਿੰਦ ਦੇਵੇਂ ਫੇਰ ਪਾ।

ਨਿੱਘ ਤੇਰੀ ਰੂਹ 'ਚ ਮੇਰੀ ਵੱਸਦੀ
ਪਿਆਰ ਮੇਰੇ ਬਣਕੇ ਸੂਰਜ ਜਗਮਗਾ।

-262-

ਡੂੰਘਾ ਹੈ ਦਰਦ ਕੋਈ ਹਿਕੜੀ 'ਚ ਆਰ ਵਰਗਾ
ਹੋਇਆ ਇਹ ਰੰਗ ਤਾਂਹੀਂ ਪੀਲਾ ਵਸਾਰ ਵਰਗਾ।

ਕਲੀਆਂ ਦੇ ਮੂੰਹ ਖਿਲੇ ਨੇ ਕਾਰਣ ਜ਼ਰੂਰ ਕੋਈ
ਆਇਆ ਜ਼ਰੂਰ ਕੋਈ ਝੋਕਾ ਬਹਾਰ ਵਰਗਾ।

ਆਵੀਂ ਤੂੰ ਜਾਂ ਨਾ ਆਵੀਂ ਤੇਰੀ ਰਜ਼ਾ ਹੈ ਮਹਿਰਮ
ਵਾਅਦਾ ਕਰੀਂ ਨਾ ਕੋਈ ਝੂਠੇ 'ਕਰਾਰ ਵਰਗਾ।

ਕੂੰਜਾਂ ਦੇ ਵਾਂਗ ਯਾਦਾਂ ਉਤਰਨ ਜਾਂ ਦਿਲ ਦੇ ਵਿਹੜੇ
ਬੁੱਲਾ ਹਵਾ ਦਾ ਆਵੇ ਸੰਦਲੀ ਫੁਹਾਰ ਵਰਗਾ।

ਆਸ਼ਕ ਜਾ ਦਾਰ ਚੁੰਮੇਂ ਮਾਣੇ ਉ ਫੇਰ ਲੱਜ਼ਤ
ਸੂਲੀ ਦਾ ਜਾਣੇ ਹੂਟਾ ਦੀਦਾਰਿ ਯਾਰ ਵਰਗਾ।

ਕੀਤੇ ਬੜੇ ਯਤਨ ਮੈਂ ਉਸ ਨੂੰ ਭੁਲਾਣ ਬਦਲੇ
ਜਾਪੇ ਹਰੇਕ ਚਿਹਰਾ ਉਸ ਦੀ ਨੁਹਾਰ ਵਰਗਾ।

-263-

ਬਸ ਕਰ ਸਜਣਾ ਹੁਣ ਨਾ ਜਾਵੇ ਪੀੜ ਜਰੀ
ਦਗਦੀ ਹੈ ਅੰਗਿਆਰਾਂ ਵਾਂਗੂੰ ਯਾਦ ਤੇਰੀ।

ਮੋਰਾਂ ਵਾਂਗੂੰ ਪੈਲਾਂ ਪਾਵਣ ਰਾਤ ਦਿਨੇ
ਸੁਪਨੇ ਤੇਰੇ ਖੇੜਣ ਯਾਦੀਂ ਮੌਲਸਰੀ।

ਤੁਰਸ਼ੀ ਤੰਗੀ ਹਿੱਸੇ ਆਈ ਜਨਤਾ ਦੇ
ਹਰਦਮ ਰਹਿੰਦੀ ਲੀਡਰ ਦੀ ਤੇ ਝੋਲ ਭਰੀ।

ਉਸ ਦੇ ਕੋਲੋਂ ਹੋਵਣ ਲੋਕੀਂ ਦੂਰ ਪਰੇ
ਮੂੰਹ ਤੇ ਆਖੇ ਜੋ ਵੀ ਸਭ ਨੂੰ ਗੱਲ ਖਰੀ।

ਕੂੜਾਂ ਦੇ ਦਰਵਾਜੇ ਜਾ ਜਾ ਬਹਿੰਦੇ ਜੋ
ਕਸਬੀ ਰਖਦੇ ਪਾਖੰਡਾਂ ਦੀ ਵੇਲ ਹਰੀ।

ਮੰਦਰ ਦੀ ਛਬ ਵਧਦੀ ਜਾਵੇ ਰਾਤ ਦਿਨੇ
ਝੰਬੀ ਝਾੜੀ ਜਨਤਾ ਜਾਵੇ ਹੋਰ ਮਰੀ।

-264-

ਗੁਲਾਬੀ ਗੁਲਾਬੀ ਸੁਬ੍ਹਾ ਸ਼ਾਮ ਹੋਏ
ਤਿਰੇ ਆਣ ਸਦਕਾ ਨੇ ਆਰਾਮ ਹੋਏ।

ਜ਼ਰਾ ਮੁਸਕਰਾਵੇਂ ਤਾਂ ਸੂਰਜ ਵੀ ਨਿਕਲੇ
ਝੁਕਾਵੇ ਜੇ ਪਲਕਾਂ ਤਾਂ ਫਿਰ ਸ਼ਾਮ ਹੋਏ।

ਭੁਲੇਖੇ ਬੜੇ ਯਾਰ ਪਾਏ ਸਮੇਂ ਨੇ
ਤਿਰੇ ਪਿਆਰ ਸਦਕਾ ਉ ਨਾਕਾਮ ਹੋਏ।

ਬੜਾਹੀ ਛੁਪਾਇਆ ਮੈਂ ਦਰਦਾਂਨੂੰ ਅਪਣੇ
ਮਗਰ ਇਸ ਦੇ ਕਿੱਸੇ ਸ਼ਰੇ ਆਮ ਹੋਏ।

ਕਿਵੇਂ ਜੋੜ ਲੈਂਦੇ ਨੇ ਤੇਰਾ ਵੀ ਨਾਂ ਉਹ
ਜਾਂ ਬਦਨਾਮ ਯਾਰਾ ਮਿਰਾ ਨਾਮ ਹੋਏ।

ਪਿਲਾਦੇ ਤੂੰ ਸਾਕੀ ਤੇ ਮਸਤੀ ਚੜ੍ਹਾ ਦੇ
ਜੇ ਨੈਣਾਂ ਦੀ ਮੈ ਦਾ ਕੋਈ ਜਾਮ ਹੋਏ।

ਜੋ ਡਰਦੇ ਨੇ ਰਸਤੇ ਦੀ ਵੀਰਾਨਗੀ ਤੋਂ
ਕਦੋਂ ਫੇਰ ਸਾਬਤ ਉਨ੍ਹਾਂ ਗਾਮ* ਹੋਏ।

ਇਹ ਮਿੱਠੀ ਹੈ ਲਗਦੀ ਤੇਰੀ ਕੈਦ ਮੈਨੂੰ
ਸਭੋ ਤੌਖਲੇ ਨੇ ਮਿਰੇ ਖ਼ਾਮ ਹੋਏ।

* ਕਦਮ

-265-

ਇਸ਼ਕ ਕਰਦਾ ਨਿੱਤ ਐਸੀ ਘਾਲਣਾ
ਬਾਰ ਬਾਰਮ ਸੜਕੇ ਬਿਜਲੀ ਭਾਲਣਾ।

ਅਰਸ਼ ਤੇ ਬਿਜਲੀ ਹੈ ਲਿਸ਼ਕਾਂ ਮਾਰਦੀ
ਜੋੜ ਲੀਤਾ ਫੇਰ ਮੈਂ ਵੀ ਆਲ੍ਹਣਾ।

ਗ਼ੁੰਚਿਆਂ ਨੂੰ ਮੁੱਛਿਆ ਸੀ ਆ ਜਿਨ੍ਹਾਂ
ਫਿਰ ਹਵਾਵਾਂ ਚਲਦੀਆਂ ਚੰਡਾਲਣਾਂ।

ਲਖ ਹਵਾਵਾਂ ਤੇਜ਼ ਆਵਣ ਰੋਜ਼ ਹੀ
ਵਿਚ ਬਰੂਹਾਂ ਰੋਜ਼ ਦੀਵਾ ਬਾਲਣਾ।

ਜਜ਼ਬਿਆਂ ਨੂੰ ਮਾਤ ਆਵੇ ਕਿਸ ਤਰ੍ਹਾਂ
ਹੁਸਨ ਦਾ ਤੇ ਕੰਮ ਹੈ ਉਕਸਾਲਣਾ।

ਦੋਸਤਾਂ ਨੇ ਦੋਸਤੀ ਕਰ ਡੱਸਿਆ
ਦੋਸਤੀ ਨੂੰ ਪਰ ਨਾ ਜਾਣਾ ਟਾਲਣਾ।

ਦਿਨ'ਚ ਸੌਸੌ ਵਾਰ ਮਰਮਰ ਜੀਂਵਦਾ
ਔਕੜਾਂ ਨੂੰ ਓਸ ਨੇ ਕੀ ਢਾਲਣਾ।

ਬੂਟੜਾ ਇਹ ਪ੍ਰੇਮ ਦਾ ਤਾਂ ਪਣਪਦਾ
ਪੈ ਜਿਗਰ ਦੀ ਰੱਤ ਪਾਕੇ ਪਾਲਣਾ।

-266-

ਮੈਨੂੰ ਉਹ ਮਿਲਣ ਆਇਆ ਸੁਪਨੇ 'ਚ ਵਾਸ ਕਰਕੇ
ਪਰ ਤੁਰ ਗਿਆ ਉਹ ਮੈਨੂੰ ਡਾਢਾ ਉਦਾਸ ਕਰਕੇ।

ਯਾਦਾਂ ਦੇ ਜੋ ਪਰਿੰਦੇ ਆ ਬੈਠਦੇ ਨੇ ਨਿਸਦਿਨ
ਸਮਝਣ ਉਹ ਦਿਲ ਨੂੰ ਮੇਰੇ ਅਪਣਾ ਨਿਵਾਸ ਕਰਕੇ।

ਆਵੇ ਗਾ ਯਾਰ ਲਾਜ਼ਮ ਮੈਨੂੰ ਯਕੀਨ ਪੂਰਾ
ਐਵੇਂ ਨਹੀਂ ਮੈਂ ਬੈਠਾ ਰਾਹਾਂ 'ਚ ਆਸ ਕਰਕੇ।

ਸੁਹਣਾ ਜੋ ਵਰਤੇ ਸੁਹਣਾ ਸੁਹਣੀ ਹੈ ਬੋਲ ਬਾਣੀ
ਸੁਹਣਾ ਨ ਕੋਈ ਜਾਣੋ ਕੇਵਲ ਲਿਬਾਸ ਕਰਕੇ।

ਨਾਭੀ 'ਚ ਲੈਕੇ ਖ਼ੁਸ਼ਬੂ ਦਿਲਦਾ ਇਹ ਮਿਰਗ ਭਟਕੇ
ਕਸ਼ਤੀ 'ਚ ਬੈਠ ਕੋਈ ਭਟਕੇ ਪਿਆਸ ਕਰਕੇ।

ਝੋਲੀ ਨਾ ਪਾ ਉਦਾਸੀ ਹੰਝੂ ਨਾ ਕੇਰ ਬੈਠਾ
ਕੁਛਵੀ ਨਹੀਂ ਹੈ ਹਾਸਿਲ ਦਿਲ ਨੂੰ ਨਿਰਾਸ ਕਰਕੇ।

ਤੰਗ ਦਿਲ ਬਣਾ ਨ ਅਪਣਾ ਸਿਖ ਲੈ ਸ਼ਊਰ ਕੋਈ
ਦਰਿਆ ਤੂੰ ਦਿਲ ਬਣਾ ਲੈ ਥੋੜਾ ਵਿਕਾਸ ਕਰਕੇ।

-267-

ਦੀਪਕ ਦੀ ਮੈਂ ਜੂਨ ਹੰਡਾਵਾਂ ਬਲਦਾ ਰਸਤੇ ਤੇਰੇ ਤੇ
ਛੋਟਾ ਹਾਂ ਪਰ ਗ਼ਲਬਾ ਪਾਵਾਂ ਪਸਰੇ ਏਸ ਹਨੇਰੇ ਤੇ।

ਪੱਥਰ ਪੂਜਣ ਦੀ ਮੈਂ ਥਾਂਵੇਂ ਪੂਜਾਂ ਪੱਥਰ ਘਾੜੇ ਨੂੰ
ਪੱਥਰ ਪੂਜਾਂ ਉਸਦਾ ਘੜਿਆ ਵਾਰੀ ਓਸ ਪਥੇਰੇ ਤੇ।

ਸਭ ਦੁਨੀਆਂ ਤੋਂ ਵਾਕਿਫ ਹੋਣਾ ਹਰਗਿਜ਼ ਮੂਲ ਨ ਲੋਚਾਂ ਮੈਂ
ਨੈਣ ਵਿਛਾਈ ਰੱਖਾਂ ਯਾਰਾ ਮੈਂ ਤੇ ਰਸਤੇ ਤੇਰੇ ਤੇ।

ਕਦ ਆਵੇਂ ਤੇ ਪੈਰ ਟਕਾਵੇਂ ਲੰਘੇਂ ਮੇਰੇ ਉੱਤੋਂ ਦੀ
ਪੱਥਰ ਬਣਕੇ ਤੇਰੇ ਦਰ ਦਾ ਰਹਿਨਾਂ ਸ਼ਾਮ ਸਵੇਰੇ ਤੇ।

ਬਿਖੜੇ ਤੇ ਅਣਜਾਣੇ ਰਸਤੇ ਗਰਮ ਹਵਾਵਾਂ ਰੇਤਛਲੇ
ਰੋਕ ਸਕਣ ਨਾ ਧਾਰ ਲਿਆ ਜਿਸ ਤੁਰਨਾ ਪੰਧ ਲਮੇਰੇ ਤੇ।

ਗੁਜ਼ਰੀ ਉਮਰਾ ਤੋਂ ਵੀ ਲੰਮੀਂ ਡੋਰੀ ਬਣਦੀ ਯਾਦਾਂ ਦੀ
ਲੰਮੇਂ ਨੇ ਪਰਛਾਂਵੇਂ ਹੁੰਦੇ ਢਲਦੇ ਦਿਨ ਦੇ ਘੇਰੇ ਤੇ।

ਆਣ ਸਜਾਵੇ ਪਤਝੜ ਨੂੰ ਵੀ ਰੰਗਾਂ ਦੀ ਫੁਲਕਾਰੀ ਨਾਲ
ਉਸ ਤੋਂ ਵਾਰੀ ਮੈਂ ਤੇ ਜਾਵਾਂ ਸਦਕੇ ਏਸ ਚਤੇਰੇ ਤੇ।

-268-

ਦੁੱਖਾਂ 'ਚ ਜਾਨ ਮੇਰੀ ਰੱਖੇ ਸਦਾ ਜੋ ਪਾਈ
ਆਪੇ ਹਰੀ ਹੈ ਉਸ ਨੇ ਪੀੜਾਂ ਭਰੀ ਜੁਦਾਈ।

ਭੌਰੇ ਦੇ ਵਾਂਗ ਲਾਟੂ ਜਿਸ ਤੇ ਹੈ ਜਾਨ ਮੇਰੀ
ਉਸ ਜਾਨ ਤੋਂ ਪਿਆਰੇ ਤੇ ਜਾਨ ਮੈਂ ਘੁਮਾਈ।

ਅੱਖਾਂ ਨੂੰ ਪੂੰਝ ਮੇਰੀ ਅਪਣਾ ਰੁਮਾਲ ਲੈ ਕੇ
ਮਾਹੀ ਨੇ ਮੁਸਕਰਾਕੇ ਹਸਰਤ ਨਵੀਂ ਜਗਾਈ।

ਮੇਰਾ ਤੂੰ ਹੈਂ ਮੁਕੱਦਰ ਤੇਰੀ ਉਡੀਕ ਮੈਨੂੰ
ਤੇਰੀ ਹੀ ਯਾਦ ਹਰਦਮ ਦਿਲ ਵਿਚ ਰਹੇ ਸਮਾਈ।

ਸੁਰ ਤਾਲ ਤੋਂ ਵਿਹੂਣਾ ਸਮਝਾਂ ਨਾ ਸਰਗਮਾਂ ਨੂੰ
ਤੇਰੀ ਆਵਾਜ਼ ਦੇਵੇ ਸੁਰ ਤਾਲ ਦੀ ਸੁਝਾਈ।

ਸ਼ਬਦਾਂ ਦੀ ਭਾਲ ਮੈਨੂੰ ਆਵਣ ਨਾ ਹੱਥ ਮੇਰੇ
ਤੇਰੀ ਅਦਾ ਨੇ ਆਪੇ ਮੈਥੋਂ ਗ਼ਜ਼ਲ ਲਿਖਾਈ।

ਹੋਵੇ ਜੇ ਪਾਸ ਮਹਿਰਮ ਰੰਗੀਨ ਹੈ ਜ਼ਮਾਨਾ
ਜੰਨਤ ਵੀ ਰਾਸ ਨਾਹੀਂ ਦੈ ਯਾਰ ਜਾਂ ਜੁਦਾਈ।

-269-

ਕਰਦਾ ਉਡੀਕ ਉਹ ਨਾ ਬਹਿਕੇ ਕਿਨਾਰਿਆਂ ਤੇ
ਤਰਨਾ ਜੋ ਜਾਣਦਾ ਹੈ ਸਾਗਰ ਦੇ ਧਾਰਿਆਂ ਤੇ।

ਮੇਰੇ ਰਫੀਕ ਤੂੰ ਵੀ ਕਰ ਲੈ ਧਿਆਨ ਇਸ ਦਾ
ਇਸ਼ਕੇ ਦਾ ਰਾਹ ਹੈ ਬਿਖੜਾ ਤੁਰਨਾ ਅੰਗਾਰਿਆਂ ਤੇ।

ਰਹਿਬਰ ਜੇ ਆਪ ਹੀ ਨਾ ਮੰਜ਼ਲ ਦੀ ਟੋਹ ਜਾਣੇ
ਐਂਵੇਂ ਨਾ ਰੱਖ ਸਾਨੂੰ ਝੂਠੇ ਤੂੰ ਲਾਰਿਆਂ ਤੇ।

ਨਫਰਤ ਨੂੰ ਧੋਕੇ ਦਿਲ ਚੋਂ ਕਰ ਪਾਸ ਦੋਸਤੀ ਦਾ
ਨਾ ਆਸ ਲਾਕੇ ਬੈਠੀਂ ਭਰਮਾਂ ਨਕਾਰਿਆਂ ਤੇ।

ਹਟਕੋਰਿਆਂ 'ਚ ਬੀਤੇ ਜੀਵਣ ਨਹੀਂ ਉਹ ਜੀਵਣ
ਜੀਣਾ ਭਲਾ ਕੀ ਹੋਇਆ ਸਾਹਾਂ ਉਧਾਰਿਆਂ ਤੇ।

ਸ਼ਗਨਾ ਦੇ ਨਾਲ ਜੋ ਸੀ ਪਾਲੇ ਨਸੀਬ ਵਾਂਗੂੰ
ਧੂੜਾਂ ਦੀ ਪਰਤ ਜੰਮੀਂ ਚਾਵਾਂ ਕੁਆਰਿਆਂ ਤੇ।

ਦੀਦੇ ਗਵਾ ਨਾ ਰੋਕੇ ਬੁਜ਼ਦਿਲ ਦੇ ਵਾਂਗ ਬੈਠਾ
ਹਿੰਮਤ ਦਾ ਪੁਲ ਬਣਾ ਲੈ ਅਥਰਾਂ ਤੂੰ ਖਾਰਿਆਂ ਤੇ।

-270-

ਲਗਰ ਵਾਂਗੂੰ ਝੂਮਦੀ ਉਹ ਆ ਗਈ ਬਾਹਾਂ ਦੇ ਵਿਚ
ਰੰਗ ਰਸ ਤੇ ਮਹਿਕ ਜੀਕਣ ਘੁਲ ਗਏ ਸਾਹਾਂ ਦੇ ਵਿਚ।

ਸੀ ਉਦੇ ਸ਼ੰਗਾਰ ਮੈਨੂੰ ਮੁਹ ਗਏ ਤੇ ਭਾ ਗਏ
ਦਿਲ ਜਲਾਲੀ ਹੋ ਗਿਆ ਫਿਰ ਮੇਲ ਦੇ ਚਾਹਾਂ ਦੇ ਵਿਚ।

ਮਹਿਕ ਸੰਦਲੀ ਮਲਕੜੇ ਹੀ ਕੁਲ ਸੁਤਾ ਤੇ ਛਾ ਗਈ
ਮੰਜ਼ਲਾਂ ਹੀ ਧਾਕੇ ਆਵਣ ਖ਼ੁਦ ਜਿਵੇਂ ਰਾਹਾਂ ਦੇ ਵਿਚ।

ਦੂਰ ਤਕ ਮੰਜ਼ਰ ਬੜਾ ਦਿਲਕਸ਼ ਨਜ਼ਰ ਸੀ ਆ ਰਿਹਾ
ਕਰਕੇ ਨਖ਼ਰੇ ਪੈਰ ਕੂਲੇ ਮੇਲਦੇ ਘਾਹਾਂ ਦੇ ਵਿਚ।

ਪਾ ਧਮਾਲਾਂ ਸੱਧਰਾਂ ਨੇ ਤਬਕ ਵੀ ਦਿੱਤੇ ਹਿਲਾ
ਸੁਣ ਗਈ ਆਵਾਜ਼ ਜਾਪੇ ਯਾਰ ਦਰਗਾਹਾਂ ਦੇ ਵਿਚ।

ਮਨ ਜਦੋਂ ਖਿਚੜੀ ਘਿਓ ਬਣ ਰਲ ਗਏ ਇਕ ਸਾਰ ਹੋ
ਦਾਲ ਚਣਿਆਂ ਦੀ ਰਲੇ ਜਿਉ ਦਾਲ ਦੇ ਮਾਹਾਂ ਦੇ ਵਿਚ।

ਯਾਰ ਦਾ ਦੀਦਾਰ ਹਰ ਥਾਂ ਨਜ਼ਰ ਜਿਸ ਨੂੰ ਆਂਵਦਾ
ਕੁੱਦ ਜਾਵੇ ਬੇਖ਼ਤਰ ਹੋ ਬਲਦੀਆਂ ਭਾਹਾਂ ਦੇ ਵਿਚ।

-271-

.ਗ਼ਮ ਨਾ ਹੁੰਦਾ ਖ਼ਾਰ ਨੂੰ ਚਾਹੇ ਕਦੀ ਮੁਰਝਾਣ ਦਾ
ਵਾਂਗ ਫੁੱਲਾਂ ਮੈਂ ਖਿੜਾਂ ਫਿਰ .ਗ਼ਮ ਨਹੀਂ ਤੁਰਜਾਣਦਾ।

ਦੂਰ ਜਾਕੇ ਵੀ ਤੂੰ ਸਜਣਾ ਦਿਲ 'ਚ ਮੇਰੇ ਵੱਸਦਾ
ਭੇਜ ਕੇ ਯਾਦਾਂ ਤੂੰ ਲੱਭਾ ਢੰਗ ਜੀ ਪਰਚਾਣ ਦਾ।

ਰਾਤ ਦਿਨ ਜੋ ਬਿਰਹੜੇ ਦਾ ਰੂਪ ਸ਼ਬਦੀਂ ਢਾਲਦਾਂ
ਲਗ ਗਿਆ ਹੈ ਤੈਨੂੰ ਚਸਕਾ .ਗ਼ਜ਼ਲ ਮੇਰੀ ਗਾਣ ਦਾ।

ਦੋ ਤੁਕਾਂ ਮੈਂ ਜੋੜਕੇ ਹੀ .ਗ਼ਜ਼ਲ ਗੋ ਹਾਂ ਬਣ ਗਿਆ
ਆਖਦਾ ਅਣਜਾਣ ਲਾਣਾ ਜੋ ਹੁਨਰ ਨਾ ਜਾਣਦਾ।

ਰੀਸ ਕਰਨੀ ਲੋੜਦਾਂ ਜਗਤਾਰ ਦੀ ਮੈਂ ਦੋਸਤੋ
ਵੱਲ ਮੈਨੂੰ ਪਰ ਅਜੇ ਨਾ ਕਿਵ ਬਣਾ ਮੈਂ ਹਾਣ ਦਾ।

ਗੀਟੀਆਂ ਤੇ ਵੱਟੀਆਂ ਕੁਛ ਕਰ ਇਕੱਤਰ ਸੋਚਦਾਂ
ਲਭ ਲਿਆ ਹੈ ਮੈਂ ਖ਼ਜ਼ਾਨਾ ਹੀਰਿਆਂ ਦੀ ਖਾਣ ਦਾ।

ਕਲਮ ਅਪਣੀ ਸੋਚ ਦੀ ਤੇ ਲੈ ਸਿਆਹੀ ਰੱਤ ਦੀ
ਸ਼ੌਕ ਪੂਰਾ ਕਰ ਤੂੰ ਸੰਧੂ ਇਸ .ਗ਼ਜ਼ਲ ਦੀ ਬਾਣ ਦਾ।

-272-

ਨਾਮ ਤੇਰੇ ਤੇ ਮੈਂ ਯਾਰਾ ਹੋਰ ਕਿੰਨਾ ਚਿਰ ਜੀਆਂ
ਹੋਰ ਲੰਮਾ ਹੋ ਗਿਆ ਹੈ ਇਹ ਵਿਛੋੜਾ ਦਰਮਿਆਂ।

ਭਟਕਣਾ ਮੁੱਕੀ ਨਹੀਂ ਗੀ ਚੰਦ ਤੇ ਵੀ ਜਾਣ ਦੀ
ਚੰਦ ਤਾਰੇ ਤੋਂ ਅਗੇਰੇ ਹੋਰ ਵੀ ਨੇ ਆਸਮਾਂ।

ਕੁਦਰਤਾਂ ਦੇ ਭੇਤ ਪਾਉਣੇ ਸੂਰਿਆਂ ਦੇ ਲਕਸ਼ ਨੇ
ਜਾਨਣਾ ਹੈ ਕੀ ਲਕੋਇਆ ਰਾਜ਼ਹੈ ਇਸ ਕਹਿਕਸ਼ਾਂ।

ਦਮਨ ਦਾ ਦਸਤੂਰ ਕਿੰਨਾ ਹੋਰ ਰਹਿਣਾ ਜੱਗ ਤੇ
ਜ਼ੁਲਮ ਕਾਲੇ ਦਾ ਹਨੇਰਾ ਹੋਵਣਾ ਹੈ ਕਦ ਫਨਾਂ।

ਗ਼ੈਰਤਾਂ ਦੇ ਨਾਲ ਜੀਣਾ ਜਾਣਦੀ ਹੈ ਕੌਮ ਜੋ
ਹੱਕ ਦੀ ਆਵਾਜ਼ ਬੋਲੇ ਓਸ ਦੀ ਤੇ ਹਰ ਜ਼ੁਬਾਂ।

ਪੱਤ ਹੀਣੇ ਰੁੱਖ ਜੀਕਣ ਹਨ ਬਹਾਰਾਂ ‘ਡੀਕਦੇ
ਦਰਸ ਤੇਰੇ ਦੀ ਘੜੀ ਨੂੰ ਰਾਤ ਦਿਨ ਮੈਂ ‘ਡੀਕਦਾਂ।

ਇਕ ਸਵਾਂਤੀ ਬੂੰਦ ਪੀਕੇ ਜਿਵ ਪਪੀਹਾ ਸ਼ਾਂਤ ਹੈ
ਦਰਸ ਤੇਰੇ ਤੋਂ ਮਿਲੇਗਾ ਸਾਥ ਜਿਸ ਤੋਂ ਦੂਰ ਹਾਂ।

ਉਹ ਮਿਰੀ ਮਹਿਬੂਬ ਮੇਰੀ ਜ਼ਿੰਦਗੀ ਜੋ ਬਣ ਗਈ
ਸੀਤਲਾਂ ਦੀ ਧੀ ਮੁਹਿੰਦਰ ਹੈ ਮਿਰੀ ਜੋ ਸਾਧਨਾਂ।

ਬਿਨ ਮਿਰੇ ਮਹਿਬੂਬ ਕੋਈ ਆਸਰਾ ਨਾ ਜੱਗ ਤੇ
ਇਸ ਨਵਤਨੇ ਦਾ ਟਿਕਾਣਾ ਨਾ ਕਿਸੇ ਵੀ ਹੋਰ ਥਾਂ।

-273-

ਦੋ ਭਾਈਆਂ ਨੇ ਗੁੱਸੇ ਹੋਕੇ ਵੰਡ ਲਿਆ ਸੀ ਚੁੱਲ੍ਹਾ
ਵੰਡ ਨਾ ਹੋਣਾ ਵਾਰਸ ਸਾਥੋਂ ਸ਼ਾਹ ਹੁਸੈਨ ਤੇ ਬੁੱਲ੍ਹਾ।

ਬਾਬੇ ਨਾਨਕ ਨਾਲ ਰਹੇਗਾ ਸਾਥੀ ਬਣ ਮਰਦਾਨਾ
ਰਾਗ ਇਲਾਹੀ ਗਾਸਣ ਉਹ ਤੇ ਸਾਥ ਅਜੇ ਨਾ ਭੁੱਲਾ।

ਨੂਰੀ ਨੂਰ ਵਰ੍ਹਾਵੇ ਮੌਲਾ ਹਰ ਥਾਂ ਨਜ਼ਰੀਂ ਆਵੇ
ਇਹ ਹੀ ਦੱਸੇ ਭਾਈ ਪੰਡਤ ਆਖੇ ਇਹੀ ਮੁੱਲਾ।

ਡਿੱਗ ਪਏ ਸਾਂ ਛੇਤੀ ਉੱਠੇ ਫੜਕੇ ਮਾਂ ਦੀ ਉਂਗਲੀ
ਹੋਰ ਜ਼ਬਾਨਾਂ ਸਿੱਖੋ ਚਾਹੇ ਮਾਂ ਨੂੰ ਕਾਹਤੋਂ ਭੁੱਲਾ।

ਮਾਂ ਵਰਗੀ ਹੈ ਮਿੱਠੀ ਬੋਲੀ ਸਾਡੀ ਮਾਂ ਪੰਜਾਬੀ
ਰਾਜ ਮਹੱਲਾਂ ਤੋਂ ਵੀ ਨਿੱਘਾ ਸਾਨੂੰ ਅਪਣਾ ਕੁੱਲਾ।

ਜੋੜੇਗੀ ਮੁੜ ਮਾਂ ਪੰਜਾਬੀ ਚੇਤੇ ਮਨ ਵਿਚ ਰਖੀਏ
ਅਪਣੀ ਮਾਂ ਦੇ ਹਿਰਦੇ ਵਾਂਗੂੰ ਮਨ ਨੂੰ ਰਖੀਏ ਖੁੱਲ੍ਹਾ।

ਮੈਦੇ ਖਾਵਣ ਪੱਟ ਹੰਡਾਵਣ ਵਾਲੇ ਰਹਿੰਦੇ ਰੋਗੀ
ਚੰਗੀ ਸੇਹਤ ਜੇ ਹੈ ਰੱਖਣੀ ਖਾਈਏ ਮੋਟਾ ਠੁੱਲ੍ਹਾ।

ਭੁੱਲ ਗਇਓਂ ਜੇ ਤੂੰ ਪੰਜਾਬੀ ਸਮਝੀਂ ਭੁਲਿਆ ਵਿਰਸਾ
ਕੀਕਣ ਭੈਣਾਂ ਘੋੜੀ ਗਾਸਣ ਲੁਹੜੀ ਵੰਡਸੀ ਦੁੱਲਾ।

-274-

ਹੈ ਪਾਰ ਜੇ ਤੂੰ ਹੋਣਾ ਬਹਿ ਨਾ ਕਿਨਾਰਿਆਂ ਤੇ
ਕਿਉ ਆਸ ਲਾਕੇ ਬੈਠੇਂ ਮਾਂਝੀ ਦੇ ਲਾਰਿਆਂ ਤੇ।

ਚਾਨਣ ਦੀ ਆਸ ਰੱਖੇ ਬੈਠੇ ਹਨੇਰ ਕਰਕੇ
ਉਸ ਦੀ ਨਜ਼ਰ ਕੀ ਜਾਣੀ ਚੰਨਾਂ ਤੇ ਤਾਰਿਆਂ ਤੇ।

ਡਰਦਾ ਰਹੇ ਜੋ ਹਰਦਮ ਮੁਸ਼ਕਲ ਤੋਂ ਸਿਰ ਲੁਕਾਵੇ
ਕੀ ਲੁਤਫ ਨੂੰ ਉਹ ਜਾਣੇ ਜੀਵਣ ਜੋ ਆਰਿਆਂ ਤੇ।

ਫੂਕੀ ਹੈ ਜੰਗ- ਬਾਜ਼ਾਂ ਸਾਰੀ ਲੋਕਾਈ ਵੇਖੋ
ਨਾ ਤਰਸ ਇਹ ਤੇ ਖਾਵਣ ਲੋਕਾਂ ਵਿਚਾਰਿਆਂ ਤੇ।

ਰੋਟੀ ਨੂੰ ਵੇਖੋ ਤਰਸਣ ਖੇਤਾਂ ਦੇ ਜੋ ਸੀ ਰਾਖੇ
ਡੂੰਘੀ ਉਦਾਸੀ ਛਾਈ ਛੰਨਾਂ ਤੇ ਢਾਰਿਆਂ ਤੇ।

ਪ੍ਰੀਤਾਂ ਦਾ ਜੋ ਨਸ਼ਾ ਹੈ ਕਿਧਰੇ ਨਾ ਹੋਰ ਹਾਸਿਲ
ਐਂਵੇਂ ਨਾ ਹੋ ਨਿਛਾਵਰ ਝੂਠੇ ਹੁਲਾਰਿਆਂ ਤੇ।

ਆਉਣਾ ਹੀ ਭੁੱਲ ਜਾਵੇਂ ਕਰਕੇ ਕਰਾਰ ਯਾਰਾ
ਹੈ ਬਿੱਜ ਆਣ ਪੈਂਦੀ ਉਸਰੇ ਮੁਨਾਰਿਆਂ ਤੇ।

ਕਰਕੇ ਕਰਾਰ ਪੂਰਾ ਥੋੜਾ ਤੇ ਤਰਸ ਖਾਓ
ਐਨਾ ਨ ਜ਼ੁਲਮ ਢਾਓ ਅਪਣੇ ਪਿਆਰਿਆਂ ਤੇ।

-275-

ਸ਼ਾਇਰਾਂ ਦੀ ਸ਼ਾਇਰੀ ਤੇ ਵੰਡਦੀ ਹੈ ਰੌਸ਼ਨੀ
ਚੇਤਨਾ ਪਰਵਾਜ਼ ਕਰਦੀ ਸੱਚ ਦੀ ਹੀ ਲੈ ਕਣੀ।

ਬਿਨ ਕਣੀ ਇਸ ਸੱਚਦੀ ਕਿਸ ਕੰਮਦੀ ਪਰਵਾਜ਼ ਹੈ
ਜੇ ਨਾ ਛੇਦੇ ਨ੍ਹੇਰਿਆਂ ਨੂੰ ਰੌਸ਼ਨੀ ਦੀ ਇਹ ਅਣੀ।

ਸੂਰਤਾ ਨੇ ਕਾਲੀਆਂ ਪਰ ਅਕਲ ਦੇ ਨੇ ਇਹ ਧਨੀ
ਹਰਫ ਕਾਲੇ ਨੇ ਮਗਰ ਇਹ ਵੰਡਦੇ ਨੇ ਰੌਸ਼ਨੀ।

ਜੋ ਲਫਾਫੇ ਬਾਜ਼ੀਆਂ ਤੇ ਮਸਖ਼ਰੀ ਦੇ ਪੁੰਜ ਨੇ
ਨਾ ਕਿਸੇ ਸਿਰ ਪੈਰ ਦੀ ਹੈ ਸਮਝ ਉਹਨਾਂ ਦੀ ਬਣੀ।

ਜੋ ਪੜ੍ਹੇ ਨੇ ਪੋਥੀਆਂ ਬਿਨ ਸੋਚ ਤੇ ਬਿਨ ਸਮਝ ਦੇ
ਭਟਕਦੇ ਹਨ ਉਮਰ ਸਾਰੀ ਔਝੜਾਂ ਦੇ ਹੀ ਵਣੀ।

ਸਮਝ ਲੈ ਤੇ ਕਰ ਕਿਨਾਰਾ ਇਸ ਪਖੰਡੀ ਸੋਚ ਤੋਂ
ਕੰਮ ਆਵਣ ਗੇ ਜੋ ਸ਼ਸਤਰ ਧਾਰਕੇ ਤੂੰ ਵੜ ਰਣੀ।

ਕਾਮਰੇਡੀ ਪਾਕੇ ਚੋਲਾ ਠੱਗਦੇ ਨੇ ਰਾਤ ਦਿਨ
ਹੱਕ ਮਾਰਨ ਹੋਰਨਾ ਦੇ ਸੋਚ ਪੁੱਠੀ ਦੇ ਧਨੀ।

ਛਾਂਗਦੇ ਨੇ ਰੋਜ਼ ਜਿਹੜੇ ਰੁੱਖ ਫਲ ਤੇ ਫੁੱਲ ਦੇ
ਲੋਚਦੇ ਨੇ ਮਾਨਣਾ ਉਹ ਰੁੱਖ ਉਸਦੀ ਛਾਂ ਘਣੀ।

ਨਾਮ ਤੇਰਾ ਵਾਂਗ ਬਾਣੀ ਜਪ ਰਿਹਾਂ ਮੈਂ ਰਾਤ ਦਿਨ
ਇਸ਼ਟ ਮੇਰੀ ਆਤਮਾ ਦਾ ਤੇਰੀ ਮੂਰਤ ਹੈ ਬਣੀ।

-276-

ਬੜਾ ਮਾਣ ਰਾਵਣ ਨੂੰ ਅਪਣੀ ਅਨਾ ਦਾ
ਗਿਆ ਉਹ ਵੀ ਜੈਸੇ ਕਿ ਬੁੱਲਾ ਹਵਾ ਦਾ।

ਬੜੇ ਸ਼ੋਖ਼ ਬਣਦੇ ਸੀ ਹਰਦਮ ਹੀ ਜਿਹੜੇ
ਨਹੀਂ ਜੋੜ ਕੋਈ ਸੀ ਜਿਸ ਦੀ ਅਦਾ ਦਾ।

ਉਹ ਸੌਂਗੇ ਨੇ ਨਿੰਦਰਾ ਹਮੇਸ਼ਾ ਦੀ ਯਾਰੋ
ਜਦੋਂ ਵਕਤ ਆਇਆ ਹੈ ਵੇਖੋ ਕਜ਼ਾ ਦਾ।

ਜੋ ਮੰਨੋਂ ਨਾ ਮੰਨੋਂ ਤੁਹਾਡੀ ਹੈ ਮਰਜ਼ੀ
ਸਦਾ ਪਾਸ ਰੱਖੋ ਹਯਾ ਤੇ ਵਫਾ ਦਾ।

ਬੜੇ ਮੇਲ ਦੁਨੀਆਂ ਤੇ ਹੋਂਦੇ ਨੇ ਆਏ
ਬਣੇ ਵਕਤ ਸਭ ਤੇ ਜ਼ਰੂਰੀ ਵਿਦਾ ਦਾ।

ਸਕੰਦਰ ਮਸੀਹੇ ਤੇ ਰਹਿਬਰ ਵੀ ਤੁਰਗੇ
ਪਟਾ ਲੈ ਕੇ ਆਇਆ ਨਾ ਕੋਈ ਸਦਾ ਦਾ।

ਸੀ ਜੀਵਣ ਲਿਆਯਾ ਤਾਂ ਵੇਖੀ ਇਹ ਦੁਨਯਾਂ
ਬਸ਼ਰ ਹਰ ਕੋ ਅਪਣੀ ਹੈ ਵਾਰੀ ਪੁਗਾਂਦਾ।

ਜੋ ਰਗੜੇ ਵੀ ਖਾਵੇ ਤੇ ਹਸਤੀ ਗਵਾਵੇ
ਤਦੇ ਰੰਗ ਨਿਖਰੇ ਹੈ ਪੂਰਾ ਹਿਨਾ ਦਾ।

ਜੋ ਦਰਦਾਂ ਨੂੰ ਵੰਡਣ ਦੀ ਪਾਵੇ ਭਿਆਲੀ
ਸਦਾ ਓਹੀ ਦੁਨੀਆਂ ਤੇ ਨਾਂ ਕਰਕੇ ਜਾਂਦਾ।

ਨਾ ਇਕਬਾਲ ਜੈਸਾ ਕਿਸੇ ਹੋਰ ਹੋਣਾ
ਨਾ ਐਸੇ ਹੈ ਸ਼ਾਇਰ ਜ਼ਮਾਨਾ ਭੁਲਾਂਦਾ।

-277-

ਸਾਹਾਂ 'ਚ ਮਹਿਕ ਤੇਰੀ ਤੇ ਆਤਮਾ 'ਚ ਡੇਰਾ
ਬਣਕੇ ਰਹੀ ਤੂੰ ਮੇਰੀ ਹੋਕੇ ਰਿਹਾ ਮੈਂ ਤੇਰਾ।

ਸਾਂਝਾਂ ਤੇ ਸਾਥ ਤੇਰੇ ਰਚਨਾ ਰਚੀ ਅਨੋਖੀ
ਖ਼ੁਸ਼ੀਆਂ ਨੇ ਪੈਰ ਪਾਏ ਮਹਿਕਾਂ ਦਾ ਹੈ ਬਸੇਰਾ।

ਚਾਨਣ ਤੇ ਰੌਸ਼ਨੀ ਨੇ ਰਿਸ਼ਮਾਂ ਦਾ ਘਰ ਬਣਾਇਆ
ਹੈ ਜ਼ਿੰਦਗੀ ਵੀ ਟਹਿਕੀ ਆਇਆ ਨ ਪਾਸ ਨ੍ਹੇਰਾ।

ਕਰਨਾ ਤੂੰ ਲੋੜੇਂ ਚਾਨਣ ਦੇਣਾ ਜੇ ਚਾਹੇਂ ਖ਼ੁਸ਼ਬੂ
ਸਾਂਝਾਂ ਦੀ ਪਾ ਭਿਆਲੀ ਖ਼ੁਸ਼ੀਆਂ ਦਾ ਕੇਰ ਕੇਰਾ।

ਤੁਹਮਤ ਜਹਾਨ ਲਾਵੇ ਹਸਕੇ ਸਹਾਰ ਲੈਣੀ
ਡਾਢੀ ਸਹਾਰ ਉਸ ਦੀ ਕਰਕੇ ਵਖਾ ਤੂੰ ਜੇਰਾ।

-278-

ਚਾਹਤ ਨੇ ਯਾਰ ਤੇਰੀ ਲਾਇਆ ਹੈ ਦਿਲ ਤੇ ਡੇਰਾ
ਦੁਨੀਆਂ 'ਚ ਹੋਰ ਇਸਤੋਂ ਸੁਪਨਾ ਨਹੀਂ ਵਡੇਰਾ।

ਸਦਕੇ ਮੈਂ, ਸਾਥ ਤੇਰੇ, ਕੀਤਾ ਹੈ ਮੁਅਜਜ਼ਾ ਜੋ
ਤੁਹਫੇ ਉਹ ਲੈਕੇ ਆਇਆ ਸੀ ਵਕਤ ਜੋ ਲੁਟੇਰਾ।

ਘਿਰਨਾ ਤੇ ਦੁਸ਼ਮਨੀ ਦਾ ਹਰਗਿਜ਼ ਨਾ ਪਾਸ ਰਖ ਤੂੰ
ਲੋੜੇਂ ਜੇ ਰੰਗ ਖ਼ੁਸ਼ਬੂ ਚਮਕੇ ਗਾ ਭਾਗ ਤੇਰਾ।

ਜੰਗਾਂ ਨੇ ਹਰ ਸਮੇਂ ਹੀ ਲੱਖਾਂ ਨੇ ਲੋਕ ਮਾਰੇ
ਲੋਚੇ ਇਹ ਧਰਤ ਮੇਰੀ ਅਮਨਾ ਦਾ ਹੁਣ ਸਵੇਰਾ।

ਕੈਸੀ ਅਜੀਬ ਫਿਤਰਤ ਪਾਈ ਹੈ ਯਾਰ ਮੇਰੇ
ਚੰਦਾ ਦੇ ਵਾਂਗ ਚਿਹਰਾ ਸਰਪਾਂ ਦਾ ਉਸ ਤੇ ਘੇਰਾ।

-279-

ਮੁਅਜਜ਼ਾ ਉਸ ਕਰ ਵਖਾਇਆ ਕਲਮ ਤੇ ਤਲਵਾਰਦਾ
ਜਗਤ ਦਾ ਸੀ ਜੋ ਰਿਦਾ ਨਿਤ ਨਾਲ ਬਾਣੀ ਠਾਰਦਾ।

ਜ਼ੁਲਮ ਦੀ ਉਸ ਰੇਤ ਤੱਤੀ ਸੀਸ ਅਪਣੇ ਲੈ ਲਈ
ਦੋਸਤੋ ਹੈ ਨਾਮ ਅਰਜਨ ਉਸ ਮਿਰੇ ਦਿਲਦਾਰ ਦਾ।

ਸੀ ਨਾ ਕੀਤੀ ਸਭ ਤਸੀਹੇ ਝੱਲਕੇ ਵੀ ਸਤਗੁਰਾਂ
ਸ਼ੁਕਰ ਕੀਤਾ ਹਰ ਘੜੀ ਪਲ ਓਸ ਸਿਰਜਨਹਾਰ ਦਾ।

ਜੋ ਖ਼ਜ਼ਾਨਾ ਸਿਦਕ ਦਾ ਤੂੰ ਬਖ਼ਸ਼ਿਆ ਸੀ ਸਿੱਖ ਨੂੰ
ਬਦਲ ਦਿੱਤਾ ਰੂਪ ਉਸਨੇ ਧਰਮ ਤੇ ਸੰਸਾਰ ਦਾ।

ਬੀਜ ਐਸਾ ਬੀਜਿਆ ਕੁਰਬਾਨੀਆਂ ਦਾ ਓਸ ਨੇ
ਸਿਰ ਤਲੀ ਤੇ ਰੱਖ ਸੂਰਾ ਜ਼ੁਲਮ ਨੂੰ ਵੰਗਾਰਦਾ।

ਲਾ ਝੜੀ ਕੁਰਬਾਨੀਆਂ ਦੀ ਲਿਖ ਗਏ ਇਤਹਾਸ ਜੋ
ਜ਼ਾਤ ਮਾਨਵ ਦੇ ਲਈ ਸੀ ਇਕ ਸੁਨੇਹਾਂ ਪਿਆਰਦਾ।

ਸੁਖਮਨੀ ਦੀ ਦਾਤ ਸਾਨੂੰ ਬਖ਼ਸ਼ ਦਿੱਤੀ ਜੋ ਗੁਰਾਂ
ਸਹਿਸਰਾਂ ਹੀ ਰੋਗ ਮਾਰੇ ਚਿਤਵਨਾ ਨੂੰ ਠਾਰਦਾ।

ਕਰਮ ਦੀ ਸ਼ਕਤੀ ਉਭਾਰੇ ਸੱਚ ਦੀ ਤਾਸੀਰ ਨੂੰ
ਨਾਮ ਤੇਰਾ ਬਣਕੇ ਸ਼ਕਤੀ ਡੁੱਬਦੇ ਹੈ ਤਾਰਦਾ।

ਸਿਰ ਉਠਾਕੇ ਜੀਣ ਲੀ ਨੇ ਲਾਜ਼ਮੀ ਕੁਬਾਨੀਆਂ
ਸਿਦਕ ਸੰਧੂ ਇਸ ਤਰ੍ਹਾਂ ਹੈ ਰੂਪ ਚੰਡੀ ਧਾਰਦਾ।

-280-

ਖਿੱਚ ਪਾਂਦੇ ਨੇ ਅਜੇ ਵੀ ਕਾਰਨਾਮੇਂ ਬੀਰ ਦੇ
ਤੱਤੀਆਂ ਲੋਹਾਂ ਦੇ ਚੇਤੇ ਹਿੱਕ ਸਾਡੀ ਚੀਰਦੇ।

ਨੀਂਹ ਰਖਾਈ ਏਕਤਾ ਦੀ ਵਿੱਦਿਆ ਦੇ ਪੁੰਜ ਨੇ
ਹਰ ਕਿਸੇ ਨੂੰ ਯਾਦ ਹਾਲੀ ਉਬਲਨਾ ਵਿਚ ਨੀਰ ਦੇ।

ਸੁਖਮਨੀ ਦੀ ਵਾਜ ਗੂੰਜੇ ਵਿਚ ਘਰਾਂ ਦੇ ਰੋਜ਼ ਹੀ
ਜੱਗ ਕਿੱਸੇ ਜਾਣਦਾ ਅਰਜਨ ਗੁਰੂ ਦੀ ਧੀਰ ਦੇ।

ਵਰਨ ਚਾਰੇ ਜਿਸ ਪਰੋਏ ਏਕਤਾ ਦੀ ਬੀੜ ਵਿਚ
ਚਾਰੇ ਕੂਟੀਂ ਚਾਰੇ ਬੂਹੇ ਖੁਹਲਤੇ ਤਦਬੀਰ ਦੇ।

ਗਿਆਨ ਅੰਜਣ ਦੇ ਗੁਰੂ ਨੇ ਸੂਝ ਬਖ਼ਸ਼ੀ ਜੱਗ ਨੂੰ
ਨੇ੍ਹਰਿਆਂ ਨੂੰ ਚੀਰਿਆ ਜਿਸ ਸਦਕੇ ਉਸ ਤਹਿਰੀਰਦੇ

ਹੱਦ ਦੇ ਉਸ ਪਾਰ ਗੂੰਜਣ, ਗੂੰਜਦੇ ਇਸ ਪਾਰ ਵੀ
ਬੋਲ ਸਾਂਝਾਂ ਦੇ ਅਲਾਏ ਜੋ ਸੀ ਮੀਂਆਂ ਮੀਰ ਦੇ।

ਰਲ ਕੇ ਸਾਰੇ ਫੇਰ ਆਓ ਬਦਲੀਏ ਤਸਵੀਰ ਨੂੰ
ਏਕਤਾ ਤੇ ਸਾਂਝ ਬੂਹੇ ਖੁਹਲਦੀ ਤਕਦੀਰ ਦੇ।

-281-

ਪੰਛੀ ਦੇ ਵਾਂਗ ਉਡਦਾ ਤੇ ਤੈਰਦਾ ਹੀ ਜਾਵੇ
ਤੇਰਾ ਖ਼ਿਆਲ ਆਵੇ ਤਕਦੀਰ ਮੁਸਕਰਾਵੇ।

ਪਰ ਵੀ ਨਾ ਮਾਰ ਸਕਦਾ ਉਸ ਥਾਂ ਤੇ ਹੋਰ ਕੋਈ
ਜਿਸ ਥਾਂ ਖ਼ਿਆਲ ਤੇਰਾ ਆਕੇ ਧਮਾਲ ਪਾਵੇ।

ਸੂਰਜ ਦੇ ਨਿੱਘ ਵਰਗਾ ਸਜਣਾ ਪਿਆਰ ਤੇਰਾ
ਜੀਵਨ ਨੂੰ ਹਰ ਦਿਸ਼ਾ ਤੋਂ ਰੌਸ਼ਨ ਪਿਆ ਬਨਾਵੇ।

ਵਿਛੜਨ ਦੀ ਪੀੜ ਰੜਕੇ ਸੂਲੀ ਦੀ ਪੀੜ ਵਾਂਗੂੰ
ਕਦਤਕ ਰਹਾਂਗੇ ਵਿਛੜੇ ਹਰਦਮ ਇਹ ਸੋਚ ਘਾਵੇ।

ਮਰਹਮ ਲਗਾਦੇ ਜ਼ਖ਼ਮੀਂ ਅਪਣੀ ਤੂੰ ਛੁਹ ਦੀ ਯਾਰਾ
ਰੋ ਰੋ ਕੇ ਗੀਤ ਮੇਰੇ ਹੁਣ ਹੋ ਗਏ ਨੇ ਫਾਵੇ।

ਆਪਾ ਕਰਾਂ ਮੈਂ ਹੱਸਕੇ ਤੈਥੋਂ ਨਿਸਾਰ ਯਾਰਾ
ਤੇਰਾ ਮਿਲਨ ਹੀ ਮੇਰੇ ਜੀਵਨ ਨੂੰ ਰੰਗ ਲਾਵੇ।

ਆਓ ਕਰੋ ਇਹ ਚਾਰਾ ਜੰਗਾਂ ਦੀ ਬਾਤ ਮੁੱਕੇ
ਅਮਨਾ ਦਾ ਰੰਗ ਸਾਰੀ ਧਰਤੀ ਤੇ ਯਾਰ ਛਾਵੇ।

-282-

ਕਹਿੰਦੇ ਵੀ ਰਹਿਣਾ ਤੇ ਸੁਣਦੇ ਵੀ ਰਹਿਣਾ
ਬੜਾ ਬੇਸ਼ਕੀਮਤ ਹੈ ਯਾਰੋ ਇਹ ਗਹਿਣਾ।

ਜੇ ਸੁਣੀਏਂ ਦਿਲਾਂ ਦੀ ਸੁਣਾਈਏ ਦਿਲਾਂ ਦੀ
ਤੁਸੀਂ ਰਾਜ਼ ਸਮਝੋ ਸਦਾ ਖੁਸ਼ ਜੇ ਰਹਿਣਾ।

ਨਾ ਪਲ ਦਾ ਭਰੋਸਾ ਹੈ ਕੀ ਹੋਣ ਵਾਲਾ
ਮਗਰ ਯਾਰ ਮੇਰੇ ਨਤਾਣੇ ਨਾ ਬਹਿਣਾ।

ਜੇ ਮੰਜ਼ਲ ਅਜੇ ਹੈ ਬੜੀ ਦੂਰ ਤੈਥੋਂ
ਕਰੀਂ ਦਿਲਤੇ ਕਾਬੂ ਤੇ ਮੁਸ਼ਕਲ ਵੀ ਸਹਿਣਾ।

ਸਦਾ ਜਿੱਤ ਓਸੇ ਦੀ ਹੁੰਦੀ ਰਹੀ ਹੈ
ਦਿਲੋਂ ਜਿੱਤ ਧਾਰੇ ਤੇ ਸੋਚੇ ਨਾ ਢਹਿਣਾ।

ਜ਼ਖ਼ਮ ਦਿਲ ਤੇ ਖਾਣੇ ਤੇ ਨਗ਼ਮੇਂ ਸੁਣਾਨੇ
ਨਹੀਂ ਕੰਮ ਸੌਖਾ ਇਹ ਗ਼ਜ਼ਲਾਂ ਦਾ ਕਹਿਣਾ।

ਤੂੰ ਬੰਸੀ ਬਣੀ ਤੇ ਸੁਣਾਵੀਂ ਤੂੰ ਨਗ਼ਮੇਂ
ਕਦੇ ਰਾਸ ਆਵੇ ਨਾ ਬਾਂਸਾਂ ਦਾ ਖਹਿਣਾ।

-283-

ਜ਼ਖਮਾਂ ਤੇ ਲੂਣ ਛਿੜਕੋ ਦੇਂਦੇ ਹੋ ਪਰ ਦਿਲਾਸਾ
ਅੱਖਾਂ 'ਚ ਹੈ ਸ਼ਰਾਰਤ ਬੁੱਲ੍ਹਾਂ ਤੇ ਚਾਹੇ ਹਾਸਾ।

ਯਾਰੋ ਸ਼ੁਕਰ ਹੈ ਰਬ ਦਾ ਯਾਰਾਂ ਨੇ ਆਣ ਦਿੱਤਾ
ਯਾਰਾਂ ਦੀ ਯਾਰਮਾਰੀ ਐਂਵੇਂ ਨਹੀਂ ਗਾ ਝਾਸਾ।

ਬੱਚੇ ਵਿਆਹ ਤੋਂ ਪਹਿਲਾਂ ਹੁੰਦੇ ਨੇ ਹੁਣ ਤੇ ਏਥੇ
ਤਹਿਜ਼ੀਬ ਕੈਸੀ ਯਾਰੋ ਹੁਣ ਬਣ ਗਈਏ ਖ਼ਾਸਾ।

ਰੜਕੇ ਅਜੇ ਤੇ ਸਾਨੂੰ ਹਮਜਿਨਸ ਨੂੰ ਵਿਆਹੁਣਾ
ਥੋੜੀ ਉਡੀਕ ਰੱਖੋ ਪੈਜੇ ਗਾ ਇਹ ਵੀ ਘਾਸਾ।

ਲੱਗੀ ਹੈ ਸੇਲ ਹਰ ਥਾਂ ਰਿਸ਼ਤੇ ਦੀ ਦੇਣ ਬੋਲੀ
ਸੌਦੇ'ਚ ਸੰਗ ਕਾਹਦੀ ਰਖਦੇ ਨਾ ਸ਼ਰਮ ਮਾਸਾ।

ਢੋਲੇ ਅਤੀਤ ਦੇ ਹੀ ਰਹਿੰਦੇ ਅਸੀਂ ਹਾਂ ਗੌਂਦੇ
ਏਥੇ ਨਾ ਸਾਂਝ ਪਾਈਏ ਜਿੱਥੇ ਹੈ ਸਾਡਾ ਵਾਸਾ।

ਝੱਲੇ ਵਿਯੋਗ ਕੀਤਾ ਵਿਛੜੇ ਹਾਂ ਯਾਰ ਤੈਥੋਂ
ਪੁੱਠਾ ਹੀ ਆਣ ਪੈਂਦਾ ਹੁਣ ਤੇ ਹਰੇਕ ਪਾਸਾ।

-284-

ਸ਼ਬੋ ਰੋਜ਼ ਚਰਚਾ ਹੈ ਤੇਰਾ ਹੀ ਯਾਰਾ
ਤੇਰਾ ਨਾਮ ਲਬ ਤੇ, ਹੈ ਸਭ ਤੋਂ ਕਿਨਾਰਾ।

ਕਿਨਾਰੇ ਤੇ ਹੋਕੇ ਵੀ ਦੇਂਦੇ ਨਾ ਜੀਣਾ
ਕਦੇ ਸੋਚ ਵੱਖਰੀ ਨਾ ਕਰਦੇ ਗਵਾਰਾ।

ਜੋ ਅਪਣੇ ਹੀ ਨਾਵਾਂ ਤੇ ਹਰ ਕੋ ਪੁਕਾਰੇ
ਪਤਾ ਨਾ ਤੂੰ ਦੇਂਵੇਂ ਨਾ ਦੇਂ ਭੇਤ ਸਾਰਾ।

ਇਹ ਕੰਡੇ ਉਮੀਦਾਂ ਨੂੰ ਚੁਭਦੇ ਰਹਿਣਗੇ
ਜਦੋਂ ਤਕ ਨਾ ਦੇਂਵੇਂ ਤੂੰ ਅਪਣਾ ਸਹਾਰਾ।

ਸਹਾਰੇ ਨੇ ਦੁਖੜੇ ਮੈਂ ਦੁਨੀਆਂ ਦੇ ਸਾਰੇ
ਤਿਰੇ ਪਿਆਰ ਬਿਨ ਮੈਂ ਨਕਾਰਾ ਨਕਾਰਾ।

-285-

ਰਹੇਂ ਦੂਰ ਆਵੇਂ ਨਾ ਲਾਗੇ ਵੀ ਯਾਰਾ
ਕਿਵੇਂ ਛੱਡ ਦੇਵਾਂ ਮੈਂ ਗ਼ਮ ਦਾ ਸਹਾਰਾ।

ਇਹ ਮੁੱਲਾਂ ਤੇ ਪੰਡਤ ਤਿਰੇ ਨਾਂ ਤੇ ਵੰਡਣ
ਤੇਰੇ ਨਾਂ ਤੇ ਹੋਇਆ ਇਹ ਝੂਠਾ ਪਸਾਰਾ।

ਤੇਰੇ ਘਰ ਬਣਾਕੇ ਇਹ ਲੋਕਾਂ ਨੂੰ ਲੁਟਦੇ
ਤੇਰੇ ਨਾਂ ਤੇ ਲਾਵਣ ਗ਼ਰੀਬਾਂ ਨੂੰ ਲਾਰਾ।

ਮੈਂ ਆਕੀ ਮੈਂ ਆਕੀ ਜ਼ਮਾਨੇ ਤੋਂ ਆਕੀ
ਤਿਰੇ ਬਿਨ ਵੀ ਹੋ ਜੇ ਗਾ ਮੇਰਾ ਗੁਜ਼ਾਰਾ।

ਜ਼ਰਾ ਬਾਜ਼ ਆਜਾ ਤੂੰ ਆਦਤ ਤੋਂ ਸੰਧੂ
ਕਿਤੇ ਫੂਕ ਦੇਵੇ ਨਾ ਗ਼ਮ ਦਾ ਸ਼ਰਾਰਾ।

-286-

ਯਾਰ ਮੇਰਾ ਤੁਰ ਗਿਆ ਅੱਖਾਂ ਚੁਰਾਕੇ ਜਿਸ ਤਰ੍ਹਾਂ
ਵਿਲ੍ਹਕਦੀ ਤੇ ਡੋਬ ਖਾਂਦੀ ਜਾਨ ਦਾ ਮੈਂ ਕੀ ਕਰਾਂ।

ਕੋਲ ਹੋਵੇ ਉਹ ਜਦੋਂ ਹਰ ਪਲ ਸੁਹਾਣਾ ਜਾਪਦਾ
ਦੂਰ ਜਾਵੇ ਤਪਸ਼ ਬੈਠਾ ਵਾਂਗ ਸੱਸੀ ਦੇ ਜਰਾਂ।

ਬਿਨ ਮੁਹਾਨੇ ਪਾਰ ਬੇੜੀ ਹੁਣ ਕਿਵੇਂ ਹੈ ਲੱਗਣੀ
ਤਰਨ ਜਾਣਾ ਮੂਲ ਨਾ ਮੈਂ ਤਾਰੂ ਪਾਣੀ ਕਿਵ ਤਰਾਂ

ਜੋਤ ਸਾਹਸ ਦੀ ਜਗਾਕੇ ਹੌਸਲੇ ਦੀ ਛੂਹ ਲੜੀ
ਚਿਤਵਨਾ ਦੇ ਆਸਰੇ ਹੀ ਪਾਰ ਸਾਗਰ ਮੈਂ ਕਰਾਂ।

ਜੁਗਨੂਆ ਤੇ ਦੀਪਕਾਂ ਨੂੰ ਨਿੱਤ ਮੈਂ ਤੇ ਚਿਤਵਦਾਂ
ਆਸਰੇ ਮੈਂ ਏਸਦੇ ਹੀ ਨ੍ਹੇਰਿਆਂ ਨੂੰ ਜਾ ਹਰਾਂ।

-287-

ਅਜ ਮੇਰੀ ਸਰਕਾਰ ਨੇ ਹੈ ਯਾਦ ਕੀਤਾ ਜਾਪਦਾ
ਕਾਂ ਬਨੇਰੇ ਬੋਲਿਆ ਹੈ ਲੈ ਸੁਨੇਹਾਂ ਆਪ ਦਾ।

ਦਿਲ ਸ਼ਗੂਫੇ ਵਾਂਗ ਖਿੜਿਆ ਏਸ ਹੀ ਇਹਸਾਸ ਤੇ
ਅੰਤ ਹੋਇਆ ਬੇਬਸੀ ਵਿਚ ਤੜਪਦੇ ਵਿਰਲਾਪ ਦਾ।

ਬੌਰਿਆਂ ਦੇ ਵਾਂਗ ਵੌੜਾਂ ਮੈਂ ਲਵਾਂ ਹਰ ਪਲ ਘੜੀ
ਨਾਲ ਨਜ਼ਰਾਂ ਰਾਹ ਤੇਰਾ ਮੈਂ ਹਾਂ ਬੈਠਾ ਨਾਪਦਾ।

ਹੋਰ ਨਾ ਕੋਈ ਸੁਣੇ ਆਵਾਜ਼ ਮੈਨੂੰ ਖ਼ਲਕ ਦੀ
ਦਿਲ ਉਡੀਕਾਂ ਕਰ ਰਿਹਾ ਹੈ ਯਾਰ ਦੀ ਪਗ-ਚਾਪ ਦਾ।

ਰੇਤ ਦੇ ਘਰ ਵਾਂਗ ਮੇਰਾ ਇਹ ਤਖ਼ੱਯਲ ਖੁਰ ਗਿਆ
ਦਰ ਤੇ ਦਸਤਕ ਤਾਂ ਸੁਣੀ ਪਰ ਉਹ ਨਾ ਆਯਾ ਯਾ ਖ਼ੁਦਾ।

-288-

ਜੀਵਨ ਦੇ ਹਰ ਮੌਸਮ ਮੈਨੂੰ ਕਪੜੇ ਵਾਂਗ ਹੰਡਾਇਆ ਹੈ
ਤੇਰਾ ਪਰ ਅਜ਼ਮਾਨਾ ਮੈਨੂੰ ਰਾਸ ਬੜਾ ਹੀ ਆਇਆ ਹੈ।

ਜਾਨ ਤੂੰ ਮੇਰੀ ਜਾਨ ਇਹ ਵਾਰਾਂ ਸਜਣਾ ਮੈਂ ਤੇ ਤੇਰੇ ਤੋਂ
ਪਿਆਰਾ ਲੱਗੇ ਚਾਹੇ ਫਿਰ ਤੂੰ ਝੂਠਾ ਲਾਰਾ ਲਾਇਆ ਹੈ।

ਬਿਖੜੇ ਪੈਂਡੇ ਔਝੜ ਰਾਹਾਂ ਦਰਦ ਨਾ ਉਸ ਨਿਰਮੋਹੀ ਨੂੰ
ਕੇਹੇ ਪੱਥਰ ਦਿਲ ਸਜਣਾ ਨੇ ਨਿਸਦਿਨ ਹੀ ਅਜ਼ਮਾਇਆ ਹੈ।

ਜੀਵਨ ਦੀ ਇਹ ਪਤਝੜ ਵੇਖੋ ਥਾਂ ਥਾਂ ਮੈਨੂੰ ਰੋਲ ਰਹੀ
ਟੁੱਟੇ ਪੱਤੇ ਵਾਂਗੂੰ ਮੈਨੂੰ ਥਾਂ ਥਾਂ ਏਸ ਰੁਲਾਇਆ ਹੈ।

ਯਾਦਾਂ ਵਿਚ ਮੈਂ ਸਾਂਭ ਲਿਆਹੈ ਮਿਲਣ ਤੇਰੇਦਾ ਹਰਇਕ ਪਲ
ਹੋਰ ਕਿਸੇ ਨਾ ਵਧਕੇ ਇਸ ਤੋਂ ਦਿਲ ਮੇਰਾ ਭਰਮਾਇਆ ਹੈ।

ਹਿਜਰਾਂ ਦੇ ਥਲ ਤਪਦੇ ਵੀ ਨੇ ਪੈਰਾਂ ਨੂੰ ਹੁਣ ਰਾਸ ਬੜੇ
ਯਾਦ ਤੇਰੀ ਦੇ ਤਰਵਰ ਨਾਲੋਂ ਹੋਰ ਨਾ ਠੰਡੀ ਛਾਇਆ ਹੈ।

ਰੂਹਾਂ ਦੇ ਨੇ ਮੇਲੀ ਸਜਣਾ ਮਨ ਮੇਲੇ ਦੇ ਮੇਲੇ ਨੇ
ਦਰਦ ਵਿਛੋੜੇ ਤਾਂਹੀ ਭਾਸਣ ਸਾਧਨ ਬਣਦੀ ਕਾਇਆ ਹੈ।

ਤਾਂ ਕੀ ਹੋਇਆ ਹੜ੍ਹ ਨ੍ਹੇਰੇ ਦਾ ਚਾਰ ਚੁਫੇਰੇ ਪਸਰ ਗਿਆ
ਸਜਣਾ ਮੈਂ ਵੀ ਅਪਣਾ ਆਪਾ ਦੀਪਕ ਵਾਂਗ ਜਗਾਇਆ ਹੈ।

-289-

ਲਗਦੀ ਇਹ ਚਾਨਣੀ ਵੀ ਤਪਦੀ ਦੁਪਹਿਰ ਮੈਨੂੰ
ਤੇਰੇ ਬਿਨਾ ਤੇ ਲਗਦਾ ਜੀਵਣ ਵੀ ਕਹਿਰ ਮੈਨੂੰ।

ਬਚਪਣ ਜਵਾਨ ਹੋਇਆ ਪੀਰੀ ਵੀ ਆ ਗਈ ਹੈ
ਭੁੱਲੇ ਨਾ ਹਾਲ ਤੀਕਰ ਤੇਰਾ ਉਹ ਦਹਿਰ ਮੈਨੂੰ।

ਵਿਥਿਆ ਅਜੀਬ ਮੇਰੀ ਰਾਹਾਂ ਵੀ ਗੁੰਮ ਹੋਈਆਂ
ਜਾਪਣ ਇ ਸਭ ਉਜਾੜਾਂ ਵਸਦੇ ਇ ਸ਼ਹਿਰ ਮੈਨੂੰ।

ਤੇਰਾ ਉਦਾਸ ਚਿਹਰਾ ਵਿਛੜਣ ਦਾ ਵਕਤ ਚੇਤੇ
ਸੁਪਨੇ ਜੋ ਰੋੜ੍ਹ ਖੜਦੀ ਚੇਤੇ ਉਹ ਲਹਿਰ ਮੈਨੂੰ।

ਝੂਠੇ ਬਣਾਏ ਲੱਗਣ ਧਰਮਾਂ ਦੇ ਕਰਮ ਘੇਰੇ
ਪਾੜਣ ਜੋ ਦੋ ਦਿਲਾਂ ਨੂੰ ਲਗਦੇ ਨੇ ਜ਼ਹਿਰ ਮੈਨੂੰ।

ਮਰਹਮ ਲਗਾਣ ਵਾਲੇ ਪੋਟੇ ਹੀ ਗੁੰਮ ਗਏ ਨੇ
ਕਿੱਥੇ ਮੁਕਾਮ ਕਰਨਾ ਲੱਭੇ ਨਾ ਠਹਿਰ ਮੈਨੂੰ।

ਪੈਲੀ ਵੀ ਖਾ ਗਈ ਜੋ ਰੋਂਦੇ ਕਿਸਾਨ ਰਹਿਗੇ
ਬਰਬਾਦੀਆਂ ਦੀ ਆਮਦ ਲਗਦੀ ਉ ਨਹਿਰ ਮੈਨੂੰ।

ਝੂਠੀ ਹੈ ਚਮਕ ਨਜ਼ਰੀਂ ਝੂਠਾ ਲਬਾਂ ਤੇ ਹਾਸਾ
ਗ਼ਮ ਨੂੰ ਭੁਲਾਣ ਵਾਲੀ ਲੱਭੀ ਹੈ ਬਹਿਰ ਮੈਨੂੰ।

-290-

ਦਿਨ ਰਾਤ ਅਪਣੀ ਬੇਬਸੀ ਤੇ ਰੋ ਰਿਹਾਂ ਮੈਂ ਦੋਸਤਾ
ਨਾ ਯਾਦ ਆ ਨਾ ਯਾਦ ਆ ਤੂੰ ਆਪ ਆ ਤੂੰ ਆਪ ਆ।

ਨਿਤ ਚਾਨਣੇ ਦੀ ਤਾਂਘ ਹੈ ਜੋ ਉਪਜਦੀ ਵਿਚ ਮਨ ਮਿਰੇ
ਸੂਰਜ ਮੁਖੀ ਤੂੰ ਬਣਕੇ ਸੂਰਜ ਦਰਦ ਦਾ ਨ੍ਹੇਰਾ ਹਟਾ।

ਹੈ ਲਗਨ ਜਿਸ ਮਨ ਦੇ ਅੰਦਰ ਉਹ ਪਾਲਵੇ ਹਰਚੀਜ਼ ਹੀ
ਹਨ ਲਗਨ ਵਾਲੇ ਪਰਬਤਾਂ ਚੋਂ ਨਹਿਰ ਵੀ ਦੇਂਦੇ ਵਗਾ।

ਪੈੜਾਂ ਮਿਟਾਈ ਜਾ ਰਿਹੈਂ ਹਮਦਰਦੀਆਂ ਦੀ ਧਰਤ ਤੋਂ
ਤੂੰ ਜੰਗਲਾਂ ਦਾ ਰਾਜ ਮੁੜਕੇ ਧਰਤ ਉੱਤੇ ਨਾ ਲਿਆ।

ਹੈ ਵਾਂਗ ਲਾੜੀ ਸੱਜਨਾ ਤੇ ਰੀਝ ਹਰ ਮੁਟਿਆਰ ਦੀ
ਪਰ ਬਿਨ ਸਮੇਂ ਹਰਏਕ ਨੱਢੀ ਵਾਂਗ ਲਾੜੀ ਨਾ ਸਜਾ।

ਹੈ ਸੱਭਿਤਾ ਦੇ ਵਿੱਚ ਰਹਿਣਾ ਲਾਜ਼ਮੀਂ ਇਨਸਾਨ ਲੀ
ਤੂੰ ਬੇਮੁਰੱਵਤ ਬੇਅਸੂਲੇ ਨਾ ਸਬਕ ਸਭ ਨੂੰ ਪੜ੍ਹਾ।

ਹੁਣ ਬਾਜ਼ ਆਓ ਜੰਗਬਾਜ਼ੋ ਇਸ ਕੁਲਹਿਣੀ ਬਾਣ ਤੋਂ
ਦਰਦਾਂ ਤੇ ਪੀੜਾਂ ਮਾਨਵੀ ਹਰ ਰੋਜ਼ ਦੇਂਦੇ ਹੋ ਵਧਾ।

-291-

ਕੇਸ ਟਹਿਣੀ ਤੇ ਬਣਾਵਾਂ ਆਲ੍ਹਣਾ
ਬਿਜਲੀਆਂ ਨੂੰ ਹੋ ਜੇ ਸੌਖਾ ਜਾਲਣਾ।

ਕਸਕ ਕੈਸੀ ਜ਼ਿੰਦਗੀ ਨੂੰ ਦੇ ਰਹੀ
ਦੁਸ਼ਮਨੀ ਦੀ ਹਰ ਨਜ਼ਰ ਦਾ ਭਾਲਣਾ।

ਹੋ ਗਈ ਸਾਥੋਂ ਭਲਾ ਦਸ ਕੀ ਖ਼ਤਾ
ਬਰ ਨ ਆਈ ਪਿਆਰ ਦੀ ਕਿਉ ਘਾਲਣਾ।

ਮੰਜ਼ਲੇ ਮਕਸੂਦ ਪਾਸੀ ਲਾਜ਼ਮੀਂ
ਜਾਣਦਾ ਤਕਦੀਰ ਨੂੰ ਜੋ ਢਾਲਣਾ।

ਮੌਤ ਦੀ ਝੋਲੀ ਵੀ ਜੀਵਨ ਪਲ ਸਕੇ
ਬਿਜਲੀਆਂ ਵੀ ਬਣਗੀਆਂ ਜਦ ਮਾਲਣਾ।

ਅੱਗ ਦੀ ਇਹ ਖੇਡ ਕਦ ਤਕ ਖੇਡਣੀ
ਸਬਰ ਟੁੱਟੇ ਹੋ ਜੂ ਮੁਸ਼ਕਲ ਟਾਲਣਾ।

ਧਰਤ ਦਿਲ ਦੀ ਆਸ ਦਾ ਬੂਟਾ ਹਰਾ
ਅੱਖੀਆਂ ਦਾ ਨੀਰ ਪਾ ਪਾ ਪਾਲਣਾ।

-292-

ਕਾਲ਼ਖ ਹਨੇਰਿਆਂ ਦੀ  ਜਗ ਤੋਂ ਮਿਟਾਣ  ਬਦਲੇ
ਦੀਪਕ ਜਲਾਣ ਆਪਾ  ਰਸਤਾ ਦਿਖਾਣ ਬਦਲੇ।

ਹਸ ਹਸ ਸ਼ਮ੍ਹਾਂ ਤੋਂ ਮਿਟਦੇ ਪਰਵਾਨਿਆਂ ਤੋਂ ਸਿੱਖੋ
ਆਪਾ ਨਿਸਾਰ ਕਰਨਾ  ਪ੍ਰੀਤਮ ਰੀਝਾਣ ਬਦਲੇ।

ਕਰਦੇ ਨੇ ਉਹ ਤਰੱਕੀ  ਮਿਹਨਤ ਸਦਾ ਜੋ ਕਰਦੇ
ਤਲੀਆਂ ਤੇ  ਸੀਸ ਧਰਦੇ  ਕੌਮਾਂ ਬਚਾਣ ਬਦਲੇ।

ਕੰਡੇ ਜੇ ਹਰਤਰਫ ਨੇ  ਫਿਰ ਵੀ ਜ਼ਰਾ ਨਾ ਡਰਦੇ
ਖੇੜਾ ਗੁਲਾਬ ਵੰਡਣ  ਖ਼ੁਸ਼ੀਆਂ  ਵਧਾਣ  ਬਦਲੇ।

ਤਕਦੀਰ ਤੇ  ਨਾ ਰੋ ਤੂੰ  ਤਦਬੀਰ  ਵੀ ਬਣਾ ਲੈ
ਮੁਸ਼ਕਲ ਨਾ ਕੰਮ  ਕੋਈ  ਬੰਦੇ ਸੁਜਾਨ  ਬਦਲੇ।

ਨਸ਼ਿਆਂ ਦੀ ਲੱਤ ਮਾੜੀ ਯੁਵਕਾਂ ਨੂੰ ਖਾ ਰਹੀ ਹੈ
ਕਰਨਾ ਪਵੇਗਾ ਚਾਰਾ  ਬਦਅਤ ਹਟਾਣ ਬਦਲੇ।

ਜੀਵਨ ਇਹ ਬੇਸ਼ਕੀਮਤ  ਐਵੇਂ ਗਵਾ ਨਾ ਯਾਰਾ
ਆਏ ਹਾਂ  ਏਸ ਜਗ ਤੇ  ਦੁਖੜੇ ਵੰਡਾਣ ਬਦਲੇ।

-293-

ਕੀਕਣ ਮੈਂ ਯਾਦ ਤੇਰੀ ਦਿਲ ਤੋਂ ਵਿਸਾਰਦਾ
ਆ ਜਾ ਤੂੰ ਮੇਰੇ ਮਹਿਰਮ ਦਿਲ ਹੈ ਪੁਕਾਰਦਾ।

ਪੰਛੀ ਵੀ ਘਰ ਨੂੰ ਮੁੜਦੇ ਲੰਮੀਂ ਉਡਾਣ ਦੇ
ਚੇਤਾ ਤੂੰ ਕਿਓਂ ਭੁਲਾਇਆ ਅਪਣੇ ਕਰਾਰ ਦਾ।

ਮਛਲੀ ਦੇ ਵਾਂਗ ਤੜਪੇ ਜਿੰਦੜੀ ਉਦਾਸ ਇਹ
ਦਿਲ ਨੂੰ ਉਡੀਕ ਤੇਰੀ ਹਿੰਮਤ ਨਾ ਹਾਰਦਾ।

ਕਰਨੀ ਉਮੀਦ ਔਖੀ ਜਗ ਤੋਂ ਪਿਆਰ ਦੀ
ਤਕਵਾ ਹਮੇਸ਼ ਰੱਖਾਂ ਅਪਣੇ ਮੈਂ ਯਾਰ ਦਾ।

ਬੁਣਦਾ ਰਿਹਾਂ ਮੈਂ ਸੁਪਨੇ ਤੇਰੇ ਵਿਸਾਲ ਦੇ
ਆ ਮਿਲ ਗਲੇ ਤੂੰ ਯਾਰਾ ਬਾਹੀਂ ਪਸਾਰਦਾ।

ਬਾਣੀ ਦੇ ਵਾਂਗ ਜਪਦਾਂ ਤੇਰਾ ਤੇ ਨਾਮ ਮੈਂ
ਵਿਛੜਣ ਦੀ ਪੀੜ ਏਸੇ ਦਮ ਤੇ ਸਹਾਰਦਾ।

ਨ੍ਹੇਰੇ 'ਚ ਯਾਰ ਬਣਿਆਂ ਦੀਵੇ ਦੀ ਲਾਟ ਹੈ
ਆਇਆ ਹੀ ਜਾਪਦਾ ਹੈ ਕੰਢਾ ਉਹ ਪਾਰ ਦਾ।

-294-

ਕਦ ਤਕ ਸੀ ਸਾਥ ਦੇਣਾ ਹੌਕੇ ਵਿਚਾਰਿਆਂ ਨੇ
ਤੇਰੀ ਹੀ ਭਾਲ ਕਰਦੇ ਠੱਗੇ ਹਾਂ ਲਾਰਿਆਂ ਨੇ।

ਜੀਵਨ ਬਤੀਤ ਹੋਇਆ ਏਸੇ ਹੀ ਆਸ ਅੰਦਰ
ਫਲਨਾ ਜ਼ਰੂਰ ਇਹਨਾਂ ਸੁਪਨੇ ਸ਼ੰਗਾਰਿਆਂ ਨੇ।

ਹਰਦਮ ਹੀ ਦਮ ਸੀ ਭਰਦੇ ਤੇਰੇ ਕਰਾਰ ਕੀਤੇ
ਵਿਥਿਆ ਜਵਾਨ ਰੱਖੀ ਇਹਨਾਂ ਹੁੰਗਾਰਿਆਂ ਨੇ।

ਮੇਰਾ ਕਸੂਰ ਇਹ ਸੀ ਸ਼ਬਦਾਂ ਨੂੰ ਯਾਦ ਰਖਿਆ
ਅਰਥਾਂ ਨੂੰ ਸਾਂਭ ਰਖਿਆਂ ਸ਼ਬਦਾਂ ਉਚਾਰਿਆਂ ਨੇ।

ਖ਼ੁਸ਼ਬੂ ਚਮਨ ਦੀ ਸਾਰੀ ਜਿਸਦੀ ਹੈ ਹੋਂਦ ਸਦਕਾ
ਉਸ ਨੂੰ ਹੈ ਕੀ ਭੁਲੌਣਾ ਵਕਤੀ ਨਜ਼ਾਰਿਆਂ ਨੇ।

ਯਾਦਾਂ ਦੇ ਚੌਲ ਛੜਦੇ ਅੱਟਣ ਪਏ ਸੀ ਹੱਥੀਂ
ਮਹਿੰਦੀ ਲਗਾਈ ਆਕੇ ਚਾਵਾਂ ਕੁਆਰਿਆਂ ਨੇ।

ਨਖ਼ਰਾ ਤੇ ਮਟਕ ਤੇਰੀ .ਗ਼ਜ਼ਲਾਂ ‘ਚ ਆਣ ਉਤਰੇ
ਮੁੜ ਮੁੜਕੇ ਯਾਦ ਆਉਣਾ ਲੀਤੇ ਹੁਲਾਰਿਆਂ ਨੇ।

ਸਾਂਝਾਂ ਦਾ ਰੰਗ ਸਾਰਾ ਸਾਥੀ ਦੇ ਨਾਲ ਮਾਣੋਂ
ਮੁੜਕੇ ਨਾ ਫੇਰ ਆਉਣਾ ਵਕਤਾਂ ਗੁਜ਼ਾਰਿਆਂ ਨੇ।

ਭਟਕੇ ਨਾ ਕਦਮ ਮੇਰੇ ਔਝੜ ਵੀ ਤੋਰ ਤੁਰਦੇ
ਰਸਤਾ ਸਦਾ ਵਖਾਇਆਂ ਤੇਰੇ ਇਸ਼ਾਰਿਆਂ ਨੇ।

ਮੀਲਾਂ ਦੇ ਮੀਲ ਤੁਰਦੇ ਊਠਾਂ ਦੇ ਗਲ ਦੀ ਟੱਲੀ
ਹਰਗਿਜ਼ ਭੁਲਾ ਨਾ ਸਕਨੀ ਪਾਏ ਖਿਲਾਰਿਆਂ ਨੇ।

-295-

ਕੂ ਕੂ ਕਰਦੀ ਕੋਇਲ ਜਾਪੇ ਤੇਰਾ ਗੀਤ ਸੁਣਾਵੇ
ਤੇਰੇ ਪੈਣ ਭੁਲੇਖੇ ਮੈਨੂੰ ਗੀਤ ਜਦੋਂ ਕੋਈ ਗਾਵੇ।

ਅਰਥ ਵਿਹੂਣੇ ਸ਼ਬਦਾਂ ਦੀ ਮੈਂ ਕਰਦਾਂ ਜੋੜਾ ਜਾੜੀ
ਆਪੇਹੀ ਬਣ ਜਾਵਣ ਗ਼ਜ਼ਲਾਂ ਜ਼ਿਕਰ ਤਿਰਾ ਜਦ ਆਵੇ।

ਤਨ ਵੀ ਤੇਰਾ ਮਨ ਵੀ ਤੇਰਾ ਸੋਚਾਂ ਸੁਪਨੇ ਤੇਰੇ
ਮੇਰੇ ਸਜਣਾ ਬਿਨ ਤੇਰੇ ਨਾ ਪਲ ਵੀ ਕੱਟਿਆ ਜਾਵੇ।

ਬੀਤ ਜਵਾਨੀ ਵੇਖ ਬੁਢਾਪੇ ਕੀਤਾ ਆਣ ਬਸੇਰਾ
ਰਾਤ ਦਿਨੇ ਪਰ ਤੇਰਾ ਸ਼ਾਇਰ ਗੀਤੀਂ ਹਾਰ ਬਣਾਵੇ।

ਵਿੱਚ ਪਰਾਂ ਪਰਵਾਜ਼ ਦੀ ਤਾਕਤ ਮੁਕਦੀ ਜਾਵੇ ਚਾਹੇ
ਪਰ ਮਨ ਦੀ ਪਰਵਾਜ਼ ਅਜੇ ਵੀ ਅੰਬਰ ਚੀਰ ਵਖਾਵੇ।

ਧਰਮ ਸਖਾਵੇ ਬੰਦੇ ਹੋਣਾ ਖੋਲ੍ਹ ਅਕਲ ਦੇ ਬੂਹੇ
ਮਾਨਵ ਦਾ ਜੋ ਵੈਰੀ ਹੋਵੇ ਰਾਜ ਸਦਾ ਮਿਟ ਜਾਵੇ।

ਹੈਂਕੜ ਮਾਰੇ ਲੋਕਾਂ ਤਾਂਈਂ ਬਣਗੀ ਜੰਗ ਖਿਲੌਣਾ
ਲੋਕੀਂ ਜਾਗਣ ਹੋਣ ਇਕੱਠੇ ਜੰਗ ਖ਼ਤਮ ਹੋ ਜਾਵੇ।

-296-

ਤੇਰਾ ਨਾ ਯਾਰ ਮੈਨੂੰ ਕੋਈ ਜਵਾਬ ਆਇਆ
ਬੁੱਲੇ ਹਵਾ ਦੇ ਹਰਇਕ ਰਾਹੀਂ ਮੈਂ ਖ਼ਤ ਹੈ ਪਾਇਆ।

ਵਸਦੀ ਰਹੀ ਨਿਗਾਹੀਂ ਤੇਰੀ ਛਵੀ ਸਦਾ ਹੀ
ਲੱਗੇ ਨਜ਼ਰ ਨ ਕੋਈ ਸੁਰਮੇਂ ਦਾ ਤਿਲਕ ਲਾਇਆ।

ਸਾਂਭੀ ਉਮੀਦ ਵਾਂਗੂੰ ਹਰ ਇਕ ਮੈਂ ਯਾਦ ਤੇਰੀ
ਦਿਲਦਾਇ' ਮਿਰਗ ਮੇਰਾ ਭਟਕੇ ਸਦਾ ਤਿਹਾਇਆ।

ਸੂਰਜ ਨੂੰ ਵੇਖ ਜੀਕਣ ਕਲੀਆਂ ਵੀ ਜਾਗ ਉੱਠਣ
ਏਧਰ ਵੀ ਲਾ ਤੂੰ ਗੇੜਾ ਜਾਵੇ ਹਨੇਰ ਛਾਇਆ।

ਰੰਗਾਂ ਦੀ ਫੁੱਲਕਾਰੀ ਪਤਝੜ ਵੀ ਆਣ ਲੀਤੀ
ਚਿਹਰੇ ਉਦਾਸ ਉੱਤੇ ਕੈਸਾ ਹੈ ਰੰਗ ਆਇਆ।

ਦੀਪਕ ਇਹ ਟਿਮਟਿਮਾਵੇ ਮੁਕਦਾ ਹੀ ਤੇਲ ਜਾਵੇ
ਕਤਰਾ ਲਹੂਦਾ ਹਰਇਕ ਅਪਣਾ ਮੈਂ ਇਸ'ਚ ਪਾਇਆ

ਤੇਰਾ ਨਾ ਯਾਰ ਮੈਨੂੰ ਕੋਈ ਜਵਾਬ ਆਇਆ
ਬੁੱਲੇ ਹਵਾ ਦੇ ਹਰਇਕ ਰਾਹੀਂ ਮੈਂ ਖ਼ਤ ਹੈ ਪਾਇਆ।

-297-

ਆਇਆ ਨਿਰਾਸ ਕੈਸਾ ਮੌਸਮ ਬਹਾਰ ਦਾ
ਤੇਰਾ ਵਿਜੋਗ ਯਾਰਾ ਕੀਕਣ ਸਹਾਰਦਾ।

ਰਾਤਾਂ ਦੀ ਨੀਂਦ ਉੱਡੀ ਦਿਲ ਦਾ ਕਰਾਰ ਵੀ
ਰਹਿੰਦਾ ਸਦਾ ਮੈਂ ਸੁਪਨੇ ਤੇਰੇ ਨਿਹਾਰਦਾ।

ਤੁਹਮਤ ਲਗਾਣ ਵਾਲੇ ਜਾਨਣ ਨਾ ਪ੍ਰੇਮ ਕੀ
ਆਸ਼ਕ ਨਾ ਮੂਲ ਐਸੇ ਫਤਵੇ ਵਿਚਾਰਦਾ।

ਲੱਗੀ ਹੈ ਅੱਖ ਜਿਸਦੀ ਰਖਦਾ ਟਿਕਾਕੇ ਦਿਲ
ਬਸ ਆਸ ਦੇ ਸਹਾਰੇ ਜੀਵਨ ਗੁਜ਼ਾਰਦਾ।

ਜੀਵਨ ਦਾ ਲਕਸ਼ ਹੋਇਆ ਤੇਰੀ ਉਡੀਕ ਹੀ
ਹਰਦਮ ਹੀ ਨਾਮ ਤੇਰਾ ਰਹਿੰਦਾ ਉਚਾਰਦਾ।

ਮੋਢੇ ਤੇ ਰੱਖ ਸਿਰ ਨੂੰ ਸੁਪਨੇ 'ਚ ਰੋਜ਼ ਹੀ
ਤੇਰੀ ਮੈਂ ਜ਼ੁਲਫ ਯਾਰਾ ਰਹਿੰਦਾ ਸਵਾਰਦਾ।

ਦੀਦਾਰ ਤੇਰਾ ਹੋਵੇ ਸਜਣਾ ਵੇ ਜਦ ਕਦੀ
ਪਤਝੜ ਵੀ ਫੇਰ ਜਾਪੇ ਮੌਸਮ ਬਹਾਰ ਦਾ।

-298-

ਆ ਗਿਆ ਹੈ ਫੇਰ ਚੇਤੇ ਉਹ ਮਹੀਨਾ ਜੂਨ ਦਾ
ਬੇਗੁਨਾਹਾਂ ਦੇ ਵਹਾਏ ਧਰਮੀਆਂ ਦੇ ਖ਼ੂਨ ਦਾ।

ਪੂਰਬ ਲੋਕੀਂ ਤੇ ਮਨਾਵਨ ਵਾਸਤੇ ਸਨ ਆ ਗਏ
ਘੇਰਕੇ ਤੇ ਮਾਰ ਘੱਤੋ ਸੀ ਹੁਕਮ ਫਰਊਨ ਦਾ।

ਦੇਸ਼ ਖ਼ਾਤਰ ਦਿੱਤੀਆਂ ਕੁਰਬਾਨੀਆਂ ਪੰਜਾਬੀਆਂ
ਅਜ ਗੁਨ੍ਹਾਂ ਕੀਤਾ ਸੀ ਉਹਨਾਂ ਹਕ ਲਈ ਫਿਰ ਕੂਣਦਾ

ਜਿਸ ਗਰਾਂ ਚੋਂ ਉੱਠਦੀ ਸੀ ਲਹਿਰ ਸਾਂਝੀਵਾਲ ਦੀ
ਹਾਕਮਾਂ ਨੇ ਬਦਲ ਦਿੱਤਾ ਅਰਥ ਹੀ ਮਜ਼ਮੂਨ ਦਾ।

ਨਾ ਕਦੇ ਇਹ ਸੋਚਿਆ ਸੀ ਨਾ ਕਦੇ ਸੀ ਚਿਤਵਿਆ
ਇਸ ਤਰ੍ਹਾਂ ਮੋੜਣਗੇ ਹਿੰਦੀ ਇਵਜ਼ ਖਾਧੇ ਲੂਣ ਦਾ।

ਰਾਖਿਆਂ ਤੇ ਜੋ ਧਰੋ ਦੇ ਦੋਸ਼ ਹੈ ਸੀ ਲਾ ਰਹੀ
ਅੰਤ ਮਾੜਾ ਹੋਵਣਾ ਸੀ ਸਿਰਫਿਰੀ ਖ਼ਾਤੂਨ ਦਾ।

ਵਕਤ ਘੱਲੂ-ਘਾਰਿਆਂ ਦਾ ਫੇਰ ਚੇਤੇ ਆ ਗਿਆ
ਕੰਮ ਐਸਾ ਕਰ ਗਿਆ ਉਹ ਪੁੱਤ ਅਫਲਾਤੂਨ ਦਾ।

ਪੁੱਤ ਮਾਂਵਾਂ ਦੇ ਦੁਲਾਰੇ ਚੜ੍ਹ ਗਏ ਇਸ ਦੀ ਬਲੀ
ਹਰ ਗਲੀ ਕੂਚੇ ਤੇ ਪਹਿਰਾ ਮੌਤ ਦੇ ਕਾਨੂਨ ਦਾ।

-299-

ਗੁਜ਼ਾਰਾਂ ਗੁਜ਼ਾਰਾਂ ਮੈਂ ਗਿਣ ਗਿਣ ਗੁਜ਼ਾਰਾਂ
ਉਡੀਕਾਂ ਮੈਂ ਤੈਨੂੰ ਤੇ ਰਾਹਾਂ ਨਿਹਾਰਾਂ।

ਬਹਾਰਾਂ ਜੇ ਆਵਣ ਤੇਰੇ ਬਿਨ ਨਾ ਭਾਵਣ
ਤੇਰੇ ਬਿਨ ਨਾ ਜੀਵਨ ਹੀ ਮੈਂ ਤੇ ਚਤਾਰਾਂ।

ਤੇਰੇ ਬਿਨ ਹੈ ਪਸਰੀ ਵਿਰਾਨੀ ਚੁਫੇਰੇ
ਮਿਰੇ ਯਾਰ ਆਵੇਂ ਤਾਂ ਆਵਣ ਬਹਾਰਾਂ।

ਕੀ ਸੁਹਣੀ ਤਰੇਗੀ ਝਨਾਵਾਂ ਹਮੇਸ਼ਾਂ
ਤੇ ਸੱਸੀ ਦੀ ਕਿਸਮਤ ਨੇ ਰੇਤਲ ਮਜ਼ਾਰਾਂ?

ਇਹ ਗੀਤਾਂਤੇ .ਗਜ਼ਲਾਂਦੀ ਦੁਨੀਆਂ ਨਿਰਾਲੀ
ਅਦੁੱਤੀ ਇਹ ਪੂੰਜੀ ਨਾ ਮਿਲਦੀ ਗਵਾਰਾਂ।

ਸਦਾ ਵਾਜ ਰਾਂਝੇ ਦੀ ਬਨਸੀ ਦੀ ਸੁਣਦੀ
ਚਲੀ ਹੀਰ ਜਾਵੇ ਜੇ ਕੋਹਾਂ ਹਜ਼ਾਰਾਂ।

ਸਭੋ ਚੰਦ ਤਾਰੇ ਆ ਵਿਹੜੇ 'ਚ ਉਤਰੇ
ਜਾਂ ਡੋਲੀ ਲਿਆਂਦੀ ਸੀ ਤੇਰੀ ਕਹਾਰਾਂ।

ਸੀ ਬਚਪਨ ਜਵਾਨੀ ਮੈਂ ਜਿਸ ਥਾਂ ਗੁਜ਼ਾਰੇ
ਕਿਵੇਂ ਯਾਰ ਅਪਣੀ ਮੈਂ ਧਰਤੀ ਵਿਸਾਰਾਂ।

–300–

ਹਾਸਿਆਂ ਦੀ ਖਾਨ ਚੋਂ ਹਾਸੇ ਲਿਆਵਨ ਵਾਲਿਆ
ਸਾਡਾ ਮੌਜੂ ਤੂੰ ਬਣਾਕੇ ਮੁਸਕਰਾਵਣ ਵਾਲਿਆ।

ਵਾਰ ਮੇਰੀ ਉੱਠ ਕੇ ਕਿਉ ਤੁਰ ਗਿਓਂ ਤੂੰ ਆਪ ਹੀ
ਆਪਣੀ ਕਵਿਤਾ ਸੁਣਾ ਕੇ ਭੱਜ ਜਾਵਣ ਵਾਲਿਆ।

ਨਾਲ ਯਤਨਾਂ ਦੇ ਬੜੇ ਤੂੰ ਨੀਂਦ ਮੇਰੀ ਦੈਂ ਉਡਾ
ਬੰਬੇ ਕੈਫੇ ਮਿਲੀਂ ਆਕੇ ਯਾਦ ਆਵਣ ਵਾਲਿਆ।

ਮੁਸ਼ਕਲਾਂ ਦੇ ਨਾਲ ਯਾਰੋ ਮੈਂ ਚੁਰਾਈ ਬਹਿਰ ਜੋ
ਕੰਨ ਚਮਨ ਦੇ ਇਸਦੀ ਜਾਕੇ ਦੱਸ ਪਾਵਣ ਵਾਲਿਆ।

ਵੱਸਦੀ ਸੀ ਨਾਲ ਅਮਨਾਂ ਬਿਨ ਤੇਰੇ ਇਹ ਕਲਗਰੀ
ਆਕੇ ਏਥੇ ਧਰਮ ਦੇ ਨਾਂ ਖੌਰੂ ਪਾਵਣ ਵਾਲਿਆ।

ਮਨ ਦੇ ਲੱਡੂ ਭੋਰਨੇ ਵੀ ਹੋ ਗਏ ਮੁਸ਼ਕਲ ਬੜੇ
ਦਿਲ ਮਿਰੇ ਦੇ ਥਾਲ ਵਿੱਚੋਂ ਕੁਛ ਚੁਰਾਵਣ ਵਾਲਿਆ।

ਵੱਟ ਘੂਰੀ ਤੱਕਦਾ ਜੋ ਮੁਸਕਰਾਵੇ ਨਾ ਕਦੀ
ਯਾਰ ਐਸੇ ਤੋਂ ਮਿਰਾ ਪੱਲਾ ਛੁਡਾਵਣ ਵਾਲਿਆ।

ਬਿੱਲਿਆ ਦੇ ਵਾਂਗ ਝਾਕੇ ਬੰਬੇ ਕੈਫੇ ਵਾਲੜਾ
ਖਾ ਸਮੋਸੇ ਮੁਫਤ ਸੰਧੂ ਖਿਸਕ ਜਾਵਣ ਵਾਲਿਆ।

-301-

ਬਣ ਹਨੂੰ ਤੇ ਅੱਗ ਥਾਂ ਥਾਂ ਰੋਜ਼ ਲਾਵੋ ਦੋਸਤੋ
ਪੂਛ ਅਪਣੀ ਨੂੰ ਅਗਣ ਤੋਂ ਪਰ ਬਚਾਵੋ ਦੋਸਤੋ।

ਅਹਿਮਕਾਂ ਦੇ ਵਾਂਗ ਨੱਚੇ ਹਰ ਕਿਸੇ ਬਾਰਾਤ ਵਿਚ
ਭੂਤਰੇ ਨੂੰ ਹੋਰ ਥੋੜ੍ਹੀ ਤੇ ਪਿਲਾਵੋ ਦੋਸਤੋ।

ਹਰ ਜਗ੍ਹਾ ਤੇ ਹੀ ਪੁਆੜੇ ਪਾ ਰਿਹਾ ਜੋ ਰਾਤ ਦਿਨ
ਹੈਂਕੜਾਂ ਦਾ ਮਾਰਿਆ ਹੈ ਚਾ ਭੁਤਾਵੋ ਦੋਸਤੋ।

ਤੁੱਖਣੀ ਜੋ ਹਰ ਕਿਸੇ ਨੂੰ ਦੇ ਕੇ ਹੋਵੇ ਖ਼ੁਸ਼ ਬੜਾ
ਸਾਧ ਕਹਿ ਕੇ ਚੰਦਰੇ ਨੂੰ ਸਿਰ ਚੜ੍ਹਾਵੋ ਦੋਸਤੋ।

ਖ਼ਬਰ ਨਾਮੇਂ ਭੇਜ ਝੂਠੇ ਨਾਮ ਝੂਠਾ ਕਰ ਲਵੇ
ਹਰ ਸਭਾ ਵਿਚ ਓਸ ਢੋਂਗੀ ਨੂੰ ਬੁਲਾਵੋ ਦੋਸਤੋ।

ਨਾਚ ਨੰਗੇ ਵੇਖਣਾ ਹੈ ਸ਼ੌਕ ਜੇ ਕਰ ਆਪ ਦਾ
ਨੰਗ ਅਪਣਾ ਸਭਸ ਤੋਂ ਹੀ ਫਿਰ ਲੁਕਾਵੋ ਦੋਸਤੋ।

ਭੇਤ ਖੋਲੋ ਸਾਥੀਆਂ ਦੇ ਬੇ ਅਸੂਲੇ ਵਾਂਗ ਹੀ
ਜ਼ਾਤ ਅਪਣੀ ਹੋਰਨਾਂ ਤੋਂ ਪਰ ਲੁਕਾਵੋ ਦੋਸਤੋ।

ਹੈ ਤੁਸਾਂ ਜੇ ਨਾਮ ਕਰਨਾ ਦਾਨਿਆਂ ਵਿਚ ਆਪਣਾ
ਬਲਦੀਆਂ ਤੇ ਤੇਲ ਥੋੜਾ ਹੋਰ ਪਾਵੋ ਦੋਸਤੋ।

ਹੁਣ ਪੁਆੜੇ ਰਹਿਣ ਪੈਂਦੇ ਹਰ ਜਗ੍ਹਾ ਹਰ ਥਾਂਵ ਤੇ
ਚਾਟ ਐਸੀ ਤੇ ਸਦਾ ਹੀ ਦਿਲ ਲਗਾਵੋ ਦੋਸਤੋ।

ਇਸ ਤਰ੍ਹਾਂ ਹੀ ਰੋਜ਼ ਕਰਦੇ ਜੇ ਰਹੋਗੇ ਚਾਕਰੀ
ਲਾਜ਼ਮੀਂ ਫਿਰ ਇਵਜ਼ ਇਸ ਦਾ ਰੱਜ ਪਾਵੋ ਦੋਸਤੋ।

ਬਾਤ ਚੇਤੇ ਰੱਖਣੀ ਤੇ ਗੰਢ ਪੱਕੀ ਦੇ ਲਵੋ
ਜ਼ੋਰ ਹਰ ਕੋ ਲਾ ਲਵੇ ਨਾ ਮੁਸਕਰਾਵੋ ਦੋਸਤੋ।

ਯਾਰ ਮਿੱਤਰ ਭੁੱਲਕੇ ਜੇ ਪਾਰਟੀ ਤੇ ਸੱਦ ਲੈ
ਖ਼ੂਬ ਪੀਓ ਖ਼ੂਬ ਰਗੜਾ ਵੀ ਲਗਾਵੋ ਦੋਸਤੋ।

ਜੇ ਤਿਆਰੀ ਘਰ ਨੂੰ ਅਗਲੇ ਜਾਣ ਦੀ ਛੇਤੀ ਕਰੋ
ਪੀਕੇ ਦਾਰੂ ਕਾਰ ਅਪਣੀ ਫਿਰ ਚਲਾਵੋ ਦੋਸਤੋ।

-302-

ਸਾਸ ਅਪਣੇ ਵੀ ਅਮਾਨਤ ਯਾਰ ਧਰ ਜਾਵਾਂਗਾ ਮੈਂ
ਦੂਰੀਆਂ ਦੇ ਸਭ ਸਮੁੰਦਰ ਸਹਿਲ ਤਰ ਜਾਵਾਂ ਗਾ ਮੈਂ।

ਜੋ ਪਿਆਸੇ ਗਲ 'ਚ ਉਤਰੇ ਬੂੰਦ ਬਣਨਾ ਲੋਚਦਾਂ
ਇਕ ਨਦੀ ਹਾਂ ਵਿਚ ਸਮੁੰਦਰ ਦੇ ਉਤਰ ਜਾਵਾਂਗਾ ਮੈਂ।

ਵਾਂਗ ਸੂਰਜ ਡੁੱਬਣਾ ਹੈ ਮੈਂ ਵੀ ਅਪਣੀ ਸ਼ਾਮ ਨੂੰ
ਲਾਲੀਆਂ ਕੁਛ ਸਿਰ ਹਨੇਰੀ ਸ਼ਾਮ ਧਰ ਜਾਵਾਂਗਾ ਮੈਂ।

ਰਾਤ ਕਾਲੀ ਜ਼ੁਲਫ ਤੇਰੀ ਬਣ ਜਿਵੇਂ ਹੈ ਪਸਰਦੀ
ਬਣਕੇ ਜੁਗਨੂੰ ਨਾਲ ਚਾਨਣ ਮਾਂਗ ਭਰ ਜਾਵਾਂਗਾ ਮੈਂ।

ਬਣਕੇ ਦੀਪਕ ਮੈਂ ਹਨੇਰੇ ਨਾਲ ਲੜਿਆਂ ਰਾਤ ਭਰ
ਬੁਝਣ ਤੋਂ ਪਹਿਲਾਂ ਮਗਰ ਫਿਰ ਸੁਬਹ ਕਰ ਜਾਵਾਂਗਾ ਮੈਂ।

ਹਾਂ ਬੜਾ ਖ਼ੁਦਦਾਰ ਸ਼ਾਇਰ ਮਾਨ ਹੈ ਪਰਵਾਜ਼ ਤੇ
ਬਿਨ ਬੁਲਾਏ ਨਾ ਕਦੀ ਵੀ ਰੱਬ ਘਰ ਜਾਵਾਂਗਾ ਮੈਂ।

ਲੜਣ ਜਿਹੜੇ ਸੱਚ ਖ਼ਾਤਰ ਮੌਤ ਵੀ ਦੇਵਣ ਹਰਾ
ਇਹ ਨਾ ਸਮਝੀਂ ਮੌਤ ਆਈ ਤੇ ਹੀ ਮਰ ਜਾਵਾਂਗਾ ਮੈਂ।

-303-

ਯਾਦ ਤੇਰੀ ਦਾ ਹਰਦਮ ਹਾਰ ਬਣਾਈਦਾ
ਧਾਗੇ ਦੀ ਥਾਂ ਗ਼ਮ ਤੇ ਹੌਕਾ ਪਾਈਦਾ।

ਸੁਪਨੇ ਵਿਚ ਵੀ ਮਿਲਣਾ ਸੁਪਨਾ ਹੋਇਆ ਹੈ
ਦੱਸਾਂ ਤੈਨੂੰ ਕਿਸ ਬਿਧ ਹਾਲ ਜੁਦਾਈ ਦਾ।

ਛਮਛਮ ਕਰਦੀ ਆ ਵਰ੍ਹਦੀ ਬਰਸਾਤ ਜਦੋਂ
ਗ਼ਮ ਹਿਜਰਾਂ ਦਾ ਲਾ ਸੀਨੇ ਬਹਿ ਜਾਈਦਾ।

ਕਾਲੀ ਬਦਲੀ ਦੇ ਵਿਚ ਬਿਜਲੀ ਜਦ ਲਿਸ਼ਕੇ
ਤੇਰੇ ਚੇਤੇ ਮਨ ਨੂੰ ਹੈ ਭਰਮਾਈ ਦਾ।

ਪੁੱਛਣ ਲੋਕੀਂ ਮੈਥੋਂ ਹਾਲ ਉਦਾਸੀ ਦਾ
ਆਲੇ ਟਾਲੇ ਕਰਕੇ ਪਰਦਾ ਪਾਈਦਾ।

ਕਲ ਆਇਆਹੀ ਸਮਝੋ ਉਸਦਾ ਵਾਅਦਾ ਹੈ
ਲਾਰੇ ਲਾਕੇ ਮਨ ਨੂੰ ਹੈ ਪਰਚਾਈ ਦਾ।

ਦਾਤ ਸੰਭਾਲੀ ਬੈਠੇ ਹਾਂ ਬਸ ਯਾਦਾਂ ਦੀ
ਇਸ ਦੇ ਸਦਕੇ ਬੀਤੇ ਵਕਤ ਜੁਦਾਈ ਦਾ।

-304-

ਭੁਲਾਵਾਂ ਮੈਂ ਤੈਨੂੰ ਬਥੇਰਾ ਓ ਯਾਰਾ
ਕਰਾਂ ਦਸ ਮੈਂ ਕੀਕਣ ਇਹ ਯਾਦੋਂ ਕਿਨਾਰਾ।

ਇਹ ਯਾਦਾਂ ਦੇ ਦੀਪਕ ਤੇ ਰਹਿੰਦੇ ਨੇ ਜਗਦੇ
ਹੈ ਯਾਦਾਂ ਦਾ ਸਾਰੀ ਇਹ ਦੁਨੀਆਂ ਪਸਾਰਾ।

ਕਦੇ ਬਣਕੇ ਜੁਗਨੂੰ ਇਹ ਰਸਤਾ ਦਿਖਾਵਣ
ਕਦੇ ਬਣਕੇ ਸੂਰਜ ਦਿਖਾਵਣ ਨਜ਼ਾਰਾ।

ਕਦੇ ਯਾਦ ਆਂਦੇ ਨੇ ਵਿਛੜੇ ਉਹ ਮਾਪੇ
ਕਦੇ ਵੀਰ ਵਿਛੜਣ ਦਾ ਭਾਸੇ ਖ਼ਸਾਰਾ।

ਕਦੇ ਬਣ ਕੇ ਅਥਰੂ ਇਹ ਮੈਨੂੰ ਰੁਲਾਵਣ
ਕਦੇ ਬਣਕੇ ਬੈਠਣ ਇਹ ਮੇਰਾ ਸਹਾਰਾ।

ਇਹ ਯਾਦਾਂ ਦੀ ਦੁਨੀਆਂ ਬੜੀ ਰਾਂਗਲੀਏ
ਇਹ ਯਾਦਾਂ ਨੂੰ ਛਡਣਾ ਨਾ ਮੈਨੂੰ ਗਵਾਰਾ।

ਇਹ ਯਾਦਾਂ ਚੋਂ ਯਾਦਾਂ ਦੀ ਜੁੜਦੀ ਕੜੀ ਹੈ
ਤੇ ਜੀਵਣ ਨੂੰ ਅੱਗੇ ਜੋ ਤੋਰਨ ਦੁਬਾਰਾ।

-305-

ਵਾਰੇ ਨੇ ਪੁੱਤ ਚਾਰੇ ਵਾਰੇ ਨੇ ਬਾਪ ਮਾਈ
ਸਾਂਝਾ ਛਕਾ ਕੇ ਬਾਟਾ ਕੀਤੇ ਨੇ ਸਭਸ ਭਾਈ।

ਨੀਲੇ ਦੀ ਸ਼ਹਿਸਵਾਰੀ ਕਲਗੀ ਸੀ ਸੀਸ ਜਿਸਦੇ
ਕਰਕੇ ਵਖਾਈ ਉਸਨੇ ਸਚ ਧਰਮ ਦੀ ਕਮਾਈ।

ਰਾਜ਼ੀ ਰਜ਼ਾ'ਚ ਰਹਿਣਾ ਜੀਵਣਦਾ ਅੰਗ ਬਣਿਆਂ
ਦੁੱਖਾਂ ਮੁਸੀਬਤਾਂ ਦਾ ਉਸ ਤੇ ਅਸਰ ਨਾ ਕਾਈ।

ਜ਼ਰ ਤੇ ਜ਼ਮੀਨ ਸਾਰੇ ਸਮਝੇ ਸੀ ਉਸ ਨਕਾਰੇ
ਬਿਰਤੀ ਸੀ ਨਾਲ ਉਸਨੇ ਸਤਿਨਾਮ ਦੇ ਲਗਾਈ।

ਜ਼ੋਰਾਵਰਾਂ ਤੇ ਭਾਰੂ ਜਿੱਤੇ ਅਜੀਤ ਬਣ ਕੇ
ਪਾਈ ਫਤਹਿ ਜ਼ੁਲਮ ਤੇ ਐਸੇ ਜੁਝਾਰ ਭਾਈ।

ਲਾਲਚ ਨਾ ਗੱਦੀਆਂ ਦਾ ਪੁੱਤਾਂ ਲਈ ਸੀ ਕੀਤਾ
ਸਰਬੰਸ ਵਾਰ ਗੋਬਿੰਦ ਸੀ ਕੌਮ ਵੀ ਜਗਾਈ।

ਇਤਹਾਸ ਦੇ ਸਫੇ ਤੇ ਲਿਖਿਆ ਲਹੂ ਦੇ ਨਾਲੇ
ਮਰਦਾਂ ਦੀ ਕੌਮ ਵੀਰੋ ਜਾਂਦੀ ਹੈ ਕਿੰਜ ਬਣਾਈ।

ਚਾਰੇ ਸ਼ਹੀਦ ਬੇਟੇ ਦਸਦੇ ਨੇ ਧਰਮ ਕੀ ਹੈ
ਜ਼ਾਤਾਂ ਦੇ ਫਰਕ ਮੇਟੇ ਸੋਚਾਂ ਦੀ ਸਾਂਝ ਪਾਈ।

ਤੁਰਦੇ ਨਹੀਂ ਗੇ ਜਿਹੜੇ ਪੈੜਾਂ ਤੇ ਗੁਰ ਦੇ ਵੀਰੋ
ਫਿਰਦੇ ਪਖੰਡ ਕਰਦੇ ਭੇਖਾਂ ਦੀ ਪੰਡ ਚਾਈ।

ਸਚ ਦੇ ਲਈ ਹੈ ਜੀਣਾ ਸਚਦੇ ਲਈ ਹੈ ਮਰਨਾ
ਬਿਰਤੀਸੀ ਓਸ ਅਪਣੀ ਸਚਦੇਹੀ ਸੰਗ ਲਾਈ।

ਸੰਧੂ ਗਿਆਨ ਤੇਰਾ ਝੂਠਾ ਗੁਮਾਨ ਤੇਰਾ
ਜੋ ਪ੍ਰੇਮ ਤੋਂ ਵਿਹੂਣਾ ਕੀਮਤ ਨਾ ਉਸਦੀ ਪਾਈ।

ਭੇਖਾਂ 'ਚ ਧਰਮ ਅਪਣਾ ਬੁੰਨੋ ਕਦੀ ਨਾ ਵੀਰੋ
ਦਿਲ ਦੇ ਕਪਾਟ ਖੋਲੋ ਸਮਝੋ ਜੇ ਗੁਰ ਬੁਝਾਈ।

-306-

ਦਰਦਾਂਨੇ ਘਰ ਬਣਾਇਆ ਆਕੇ ਇਹ ਦਿਲ ਹੈ ਮੇਰਾ
ਅਥਰੂ ਵੀ ਤੁਰਗੇ ਏਥੋਂ ਅੱਖਾਂ ਦਾ ਢਾਅ ਬਨੇਰਾ।

ਪੀੜਾਂ ਦੀ ਧਾੜ ਆਕੇ ਦਿਲ ਨੂੰ ਹੈ ਚੀਰ ਜਾਂਦੀ
ਜਦ ਵੀ ਹੈ ਯਾਦ ਔਂਦਾ ਤੇਰਾ ਉਦਾਸ ਚਿਹਰਾ।

ਬਣਕੇ ਰਹੇ ਨੇ ਸਾਥੀ ਹਰ ਥਾਂ ਤੇ ਹਾਦਸੇ ਹੀ
ਸੁੱਖਾਂ ਦਾ ਵਾਸ ਜਾਪੇ ਮੈਨੂੰ ਸਦਾ ਛਲੇਰਾ।

ਯਾਦਾਂ ਦੇ ਆਕੇ ਪੰਛੀ ਦਿਲ ਨੂੰ ਆਬਾਦ ਕਰਦੇ
ਪੰਛੀ ਜਿਵੇਂ ਨੇ ਕਰਦੇ ਟਹਿਣੀ ਤੇ ਆ ਬਸੇਰਾ।

ਪਹੁੰਚੇ ਕਿ ਆਣ ਪਹੁੰਚੇ ਮੰਜ਼ਲ ਕਰੀਬ ਜਾਪੇ
ਠੇਡੇ ਨੇ ਹੋਰ ਕੀਤਾ ਪੈਰਾਂ ਨੂੰ ਹੈ ਤਖੇਰਾ।

-307-

ਦੀਪਕ ਦੇ ਵਾਂਗ ਮੇਰਾ ਸਾਥੀ ਹੈ ਚਹਿ ਹਨੇਰਾ
ਆਪਾ ਜਲਾਕੇ ਕਰਦਾਂ ਰੌਸ਼ਨ ਮੈਂ ਰਾਹ ਤੇਰਾ।

ਕਾਤਲ ਨੇ ਸਭ ਨਿਗਾਹਾਂ ਕਰਨਾ ਹੈ ਫਿਰ ਗਿਲਾ ਕੀ
ਨਫਰਤ ਦੇ ਨਾਲ ਭਰਿਆ ਲਗਦਾ ਹੈ ਸਭ ਚੁਫੇਰਾ।

ਨ੍ਹੇਰੀ ਤੁਫਾਨ ਰਾਹੀਂ ਰਸਤੇ ਨੇ ਬੇਪਛਾਣੇ
ਪੈਰਾਂ 'ਚ ਬੇੜੀਆਂ ਨੇ ਰਸਤਾ ਵੀ ਬਹੁ ਲੰਮੇਰਾ।

ਤਲਵਾਰ ਤੀਰ ਤੇਰੇ ਰਸਤਾ ਨਾ ਰੋਕ ਸਕਦੇ
ਸਾਧੇਗਾ ਲਕਸ਼ ਅਪਣਾ ਤੁਰਿਆ ਜੋ ਕਰਕੇ ਜੇਰਾ।

ਤਪਦੇ ਥਲਾਂ 'ਚ ਤੁਰਦੇ ਆਸਾਂ ਦੇ ਕਾਫਲੇ ਨੂੰ
ਯਾਦਾਂ ਦੇ ਸਬਜ਼ ਤਰਵਰ ਪਾਂਦੇ ਨੇ ਆਣ ਘੇਰਾ।

ਰੁੱਤਾਂ ਦਾ ਉਹ ਸੀ ਰਾਜਾ ਰੁਸਕੇ ਗਿਆ ਜੋ ਸਾਥੋਂ
ਸਾਵਣ ਦੀ ਬਣਕੇ ਬਦਲੀ ਪਾਵੇਗਾ ਕਦ ਉਹ ਫੇਰਾ।

-308-

ਲੈਣੀ ਖ਼ਬਰ ਹੈ ਬਣਦੀ ਫਿਰ ਦੋਸਤਾਂ ਦੇ ਹਾਲ ਦੀ
ਏਸੇ ਲਈ ਮੈਂ ਚਾਹਾਂ ਦੇਣੀ ਵਧਾਈ ਸਾਲ ਦੀ।

ਡੁੱਲੇ ਨਾ ਖ਼ੂਨ ਕਿਧਰੇ ਐਸਾ ਇਹ ਸਾਲ ਆਵੇ
ਰਲਕੇ ਨਸੀਬ ਹੋਵੇ ਹੋਲੀ ਸਦਾ ਗੁਲਾਲ ਦੀ।

ਤਾਜਰ ਜੋ ਮੌਤ ਦੇ ਨੇ ਵੇਚਣ ਬਰੂਦ ਨਿਸਦਿਨ
ਕਦਤਕ ਤੜ੍ਹੀ ਹੈ ਰਹਿਣੀ ਔਣੀ ਘੜੀ ਜ਼ਵਾਲਦੀ।

ਲੋਕਾਂ ਨੂੰ ਸਾਹ ਸੁਖਾਲਾ ਲੈਣਾ ਨਸੀਬ ਹੋਵੇ
ਅਪਣੀ ਕਮਾਕੇ ਖਾਵਣ ਰੋਟੀ ਸਭੇ ਹਲਾਲ ਦੀ।

ਉੱਡਣ ਜੇ ਰਲਕੇ ਪੰਛੀ ਸ਼ਕਤੀ ਲਗਾਕੇ ਸਾਰੇ
ਟੁੱਟੇਗੀ ਤੰਦ ਲਾਜ਼ਮ ਪਸਰੇ ਚੁਫੇਰੇ ਜਾਲ ਦੀ।

ਮਜ਼ਹਬ ਤੇ ਰੰਗ ਨਸਲਾਂ ਤਜੀਏ ਇਹ ਸਭ ਵਖੇਂਵੇਂ
ਬਚਨੀ ਤਦੇ ਲੁਕਾਈ ਆਉਣੀ ਘੜੀ ਕਮਾਲ ਦੀ।

-309-

ਸੂਰਜ ਹੈ ਆਣ ਚੜ੍ਹਿਆ ਰੀਝਾਂ ਦੇ ਆ ਸਵੇਰੇ
ਮੁਸਕਾਨ ਇਕ ਅਨੂਠੀ ਖੋਲ੍ਹੇ ਨੇ ਭਾਗ ਮੇਰੇ।

ਠੰਢੀ ਹਵਾ ਤੇ ਕਣੀਆਂ ਬੱਦਲ ਦੀ ਤਾਣ ਛਤਰੀ
ਤਪਦੇ ਥਲਾਂ ਤੇ ਜੀਕਣ ਸਾਵਣ ਆ ਲਾਏ ਡੇਰੇ।

ਨਸ਼ਿਆ ਗਿਆ ਹੈ ਸਾਰਾ ਮੇਰਾ ਤੇ ਸਭ ਚੁਫੇਰਾ
ਅਤਰਾਂ ਦੇ ਨਾਲ ਭਿੱਜੇ ਕੁੰਡਲ ਤੂੰ ਜਾਂ ਖਿਲੇਰੇ।

ਚੰਦਨ ਦੇ ਵਾਂਗ ਦੇਹੀ ਮਹਿਕੀ ਹੈ ਆਣ ਤੇਰੀ
ਸੱਪਾਂ ਦੇ ਵਾਂਗ ਲਿਪਟੇ ਉਸਤੇ ਨੇ ਵਾਲ ਤੇਰੇ।

ਐਨਾ ਗ਼ਰੂਰ ਕਰਨਾ ਚੰਗਾ ਨਾ ਯਾਰ ਮੇਰੇ
ਗੁਥਲੀ 'ਚ ਪਾ ਨੇ ਲੈਂਦੇ ਮਾਂਦਰਕੇ ਸਪ ਸਪੇਰੇ।

-310-

ਚੰਦਾ ਦੇ ਵਾਂਗ ਰੌਸ਼ਨ ਮੁਖੜੇ ਨੂੰ ਵੇਖ ਤੇਰੇ
ਰੀਝਾਂ ਨੇ ਬਣ ਸਿਤਾਰੇ ਪਾਏ ਨੇ ਉਸ ਨੂੰ ਘੇਰੇ।

ਜੀਵਣ ਤਰੰਗ ਜਾਗੀ ਨ੍ਹੇਰੇ ਨੇ ਮਾਤ ਹੋਏ
ਖ਼ੁਸ਼ੀਆਂ ਦੇ ਸ਼ਾਦਿਆਨੇ ਵਜਦੇ ਨੇ ਆ ਚੁਫੇਰੇ।

ਸਾਥੀ ਦੇ ਨਾਲ ਜੀਵਣ ਉਸਦੇ ਬਿਨਾ ਹੈ ਖ਼ਾਲੀ
ਜੀਵਣ ਨੂੰ ਦੇ ਹੁਲਾਰਾ ਸਾਂਝਾਂ ਦੀ ਕੇਰ ਕੇਰੇ।

ਸਾਥੀਦਾ ਸਾਥ ਭਰਦਾ ਜੀਵਣ ਨੂੰ ਆਣ ਈਕਣ
ਚਾਨਣ ਦੇ ਨਾਲ ਭਰਦੇ ਜੀਕਣ ਨੇ ਆ ਸਵੇਰੇ।

ਭਰਦਾ ਉਕਾਬ ਵਾਂਗੂੰ ਮਨ ਹੈ ਨਵੀਂ ਉਡਾਰੀ
ਜਾਂਦੀ ਉਡਾਨ ਉਸਦੀ ਅਰਸ਼ਾਂ ਤੋਂ ਵੀ ਅਗੇਰੇ।

-311-

ਦੇ ਦੀਦ ਤੂੰ ਪਿਆਰੇ ਸਾਹਾਂ ਨੂੰ ਸੁਰਤ ਆਵੇ
ਢੋਂਦੇ ਗ਼ਮਾਂ ਦਾ ਬੂਹਾ ਤੜਫਨ ਅਰਾਮ ਪਾਵੇ।

ਮੁੜਕੇ ਜਦੋਂ ਵੀ ਸੋਚਾਂ ਜਾਵਾਂ ਮੈਂ ਦੇਸ਼ ਅਪਣੇ
ਸਾਂਝਾਂ ਦਾ ਮੁੱਕ ਜਾਣਾ ਆਕੇ ਤੇ ਦਿਲ ਤਪਾਵੇ।

ਸਭ ਓਪਰੇ ਨੇ ਹੋਏ ਘਰ ਬਾਰ ਤੇ ਸਿਆਣੂ
ਏਹੀ ਪਤਾ ਨਾ ਲੱਗੇ ਕਿੱਧਰ ਨੂੰ ਕੋਈ ਜਾਵੇ।

ਛਾਯਾ ਨਾ ਬਾਪ ਮਾਂ ਦੀ ਚਾਚਾ ਵੀ ਤੁਰ ਗਿਆ ਏ
ਅਪਣੇ ਇਹ ਦਰਦ ਜਾਕੇ ਕਿਸ ਨੂੰ ਕੁਈ ਸੁਣਾਵੇ।

ਦੇ ਕੇ ਗਿਆ ਵਗੋਚਾ ਵੀਰਾ ਸੀ ਜੇਸ ਉਮਰੇ
ਕਿੰਨੀ ਕੁ ਦੇਰ ਤੀਕਰ ਦਿਲ ਨੂੰ ਕੁਈ ਵਰਾਵੇ।

-312-

ਤੇਰੀ ਤਲਬ ਹੈ ਦਿਲ ਨੂੰ ਭਰਦਾ ਹੈ ਹੌਕੇ ਹਾਵੇ
ਦਿਨ ਰਾਤ ਦੀ ਇਹ ਦੂਰੀ ਹੱਡਾਂ ਨੂੰ ਰੋਜ਼ ਖਾਵੇ।

ਕਿੱਥੇ ਤੂੰ ਤੁਰ ਗਿਆਏਂ ਲਾਇਆ ਈ ਜਾਕੇ ਡੇਰਾ
ਸਾਵਣ ਨਾ ਮਨ ਨੂੰ ਭਾਵੇ ਆਵੇਂ ਤਾਂ ਰੁਤ ਸੁਹਾਵੇ।

ਤੇਰੇ ਬਿਨਾ ਅਧੂਰਾ ਲਗਦਾ ਏ ਹਰ ਨਜ਼ਾਰਾ
ਕੋਈ ਵੀ ਰੰਗ ਖ਼ੁਸ਼ਬੂ ਮੇਰਾ ਨਾ ਮਨ ਲੁਭਾਵੇ।

ਤੇਰੇ ਹੀ ਨਾਲ ਸਾਂਝਾਂ ਸਾਂਝੇ ਨੇ ਖ਼ਾਬ ਸਾਡੇ
ਸਾਂਝੀ ਦਿਲਾਂ ਦੇ ਬਾਝੋਂ ਮੈਨੂੰ ਨਾ ਕੁਛ ਸੁਖਾਵੇ।

ਤੇਰੇ ਬਿਨਾ ਨਾ ਕੋਈ ਦੇਵੇ ਸ਼ਫਾ ਜੋ ਮੈਨੂੰ
ਮੇਰੇ ਦਿਲਾਂ ਦੇ ਜਾਨੀ ਆਜਾ ਇਹ ਦਿਲ ਬੁਲਾਵੇ।

-313-

ਲੱਖਾਂ ਹੁਸੀਨ ਚਿਹਰੇ ਕੋਈ ਨਾ ਦਿਲ ਨੂੰ ਭਾਵੇ
ਫਿਰਦੇ ਨੇ ਆਸੇ ਪਾਸੇ ਨਾ ਸੁਰਤ ਹੀ ਵਲਾਵੇ।

ਰਹਿੰਦੀ ਹੈ ਯਾਦ ਤੇਰੀ ਮੇਰੀ ਸੁਤਾ ਤੇ ਛਾਈ
ਬੁਣਤਾਂ ਰਹਾਂ ਮੈਂ ਬੁਣਦਾ ਸੁਹਣਾ ਉਹ ਯਾਰ ਆਵੇ।

ਐ ਦਰਦ ਦੇਣ ਵਾਲੇ ਜਾਣੇ ਤੂੰ ਕੀ ਬਿਮਾਰੀ
ਤੇਰੇ ਹੀ ਹੱਥ ਨੁਸਖ਼ਾ ਜੋ ਦਰਦ ਨੂੰ ਗਵਾਵੇ।

ਢੋਏ ਗ਼ਮਾਂ ਦੇ ਦੇਕੇ ਤੁਰਿਓਂ ਤੂੰ ਦੇ ਜੁਦਾਈ
ਤੂੰਹੀ ਦਵਾ ਹੈਂ ਇਸਦੀ ਗ਼ਮ ਤੋਂ ਜੋ ਆ ਬਚਾਵੇ।

ਸਹਿਕਾਂ ਮੈਂ ਸਾਥ ਉਸ ਨੂੰ ਸਾਂਝਾਂ ਦਾ ਜੋ ਭਿਆਲੀ
ਜੀਵਣ ਨੂੰ ਰੰਗ ਬਖ਼ਸ਼ੇ ਸਾਂਝਾਂ ਨੂੰ ਭਾਗ ਲਾਵੇ।

-314-

ਮਹਿਕਾਂ ਵਰਗੇ ਪੈਰ ਸੀ ਤੇਰੇ
ਮਿੱਧ ਗਏ ਕਿਉ ਸੁਪਨੇ ਮੇਰੇ।

ਭੋਰਾ ਤਰਸ ਨਾ ਕੀਤਾ ਯਾਰਾ
ਤਾਂ ਵੀ ਵੇਖ ਤੂੰ ਸਾਡੇ ਜੇਰੇ।

ਭੋਰਾ ਸੀ ਨਾ ਕਰਦੇ ਸਜਣਾ
ਚਾਹੇ ਗ਼ਮ ਨੇ ਪਾਏ ਘੇਰੇ।

ਡੋਰ ਗ਼ਮਾਂ ਦੀ ਸਾਡੀ ਲੰਮੀਂ
ਉਡਦਾ ਜਾ ਤੂੰ ਹੋਰ ਉਚੇਰੇ।

ਨੀਤਾਂ ਬਾਝ ਨਿਸ਼ਾ ਨਾ ਹੋਵੇ
ਧਨਦੌਲਤ ਚਹਿ ਹੋਣ ਬਥੇਰੇ।

ਜਨਮਨ ਰੀਝਾਂ ਰਿਸ਼ਤੇ ਵਿੱਚੋਂ
ਹੋਵਣ ਜੇ ਕਰ ਸਾਥ ਭਲੇਰੇ।

ਸੁਪਨ ਪਖੇਰੂ ਚੁਗਦੇ ਚੋਗਾ
ਸਾਂਝ ਦਿਲਾਂ ਦੀ ਕੇਰਾ ਕੇਰੇ।

ਸੁਪਨ ਸੰਧੂਰੀ ਲੈਕੇ ਤੁਰੀਏ
ਉਗਦਾ ਚਾਨਣ ਚਾਰ ਚੁਫੇਰੇ

ਨ੍ਹੇਰੇ ਨ੍ਹੇਰ ਮਚਾਵਣ ਵਾਲੇ
ਉਡ ਜਾਂਦੇ ਨੇ ਵੇਖ ਸਵੇਰੇ।

ਸਬਰ ਦਾ ਪੱਲਾ ਜੇ ਨਾ ਛੱਡੇਂ
ਚਾਨਣ ਚੁੰਮੂੰ ਪੈਰ ਵੀ ਤੇਰੇ।

-315-

ਅਜਨਬੀ ਦੇ ਵਾਂਗ ਵੇਖੇ ਯਾਰ ਹੀ
ਮੈਂ ਸ਼ਕਾਇਤ ਕੀ ਕਰਾਂ ਦਿਲਦਾਰਦੀ।

ਵਾਂਗ ਮਕੜੀ ਆਪਣੇ ਹੀ ਜਾਲ ਵਿਚ
ਫਸ ਗਿਆ ਹੈ ਧਰਮ ਕਾਰੋਬਾਰ ਦੀ।

ਥਲ ਜਹੀ ਹੈ ਜ਼ਿੰਦਗੀ ਨਾ ਛਾਂ ਕਿਤੇ
ਹਰ ਜਗ੍ਹਾ ਬਸ ਛਾਂ ਦਿਸੇ ਤਲਵਾਰਦੀ।

ਹੱਕ ਹਾਸਲ ਨਾ ਕਿਸੇ ਨੂੰ ਕੂਣ ਦਾ
ਧੌਂਸ ਚਾਰੋਂ ਤਰਫ ਹੈ ਬਲਕਾਰ ਦੀ।

ਲੋਕ ਬਹੁਤੇ ਵਾਂਗ ਕੀੜੇ ਜਾਪਦੇ
ਰੌਣਕਾਂ ਧਨਵਾਨ ਹੀ ਬਾਜ਼ਾਰ ਦੀ।

ਹਸਰਤਾਂ ਦੇ ਸਭ ਘਰੌਂਦੇ ਢਹਿ ਗਏ
ਰੰਗ ਉੱਡੇ ਮਹਿਕ ਵੀ ਗੁਲਜ਼ਾਰ ਦੀ।

ਟੁੱਟਿਆ ਅਹਿਸਾਸ ਜੋੜਣ ਵਾਲੜਾ
ਮਿਹਰ ਐਸੀ ਹੋ ਗਈ ਸਰਕਾਰ ਦੀ।

-316-

ਪਾ ਲਿਆ ਹੈ ਭਾਈਚਾਰਾ ਨਾਲ ਮੈਂ ਤੇ ਮੁਸ਼ਕਲਾਂ
ਦੂਰ ਮੈਥੋਂ ਤੇ ਨਹੀਂ ਗੀ ਦੋਸਤੋ ਹੁਣ ਕਹਿਕਸ਼ਾਂ।

ਫੇਰ ਲਾਰਾ ਲਾਕੇ ਉਹ ਤੇ ਬਹੁੜਿਆ ਨਾ ਅੱਜ ਵੀ
ਕਹਿ ਦਏਗਾ ਫੇਰ ਉਹ ਮਜਬੂਰੀਆਂ ਦੀ ਦਾਸਤਾਂ।

ਚੰਨ ਅੰਬਰ ਤੇ ਨਹੀਂ ਹੈ ਤੇ ਸਿਤਾਰੇ ਗੁੰਮ ਨੇ
ਆਸਮਾਂ ਤੇ ਮਹਿਕ ਚਾਨਣ ਦੀ ਖਿਲਾਰੀ ਕਹਿਕਸ਼ਾਂ।

ਜ਼ਿੰਦਗੀ ਦੇ ਬੀਤ ਚੁੱਕੇ ਪਲ ਜਦੋਂ ਮੈਂ ਫੋਲਦਾਂ
ਦਰਜ ਉਸ ਤੇ ਵੇਖੀਆਂ ਨੇ ਹਰ ਦਫਾ ਮਜਬੂਰੀਆਂ।

ਵਾਜ ਦੇਂਵੇਂਗੀ ਜਦੋਂ ਤੂੰ ਮੈਂ ਚਲਾ ਆਵਾਂਗਾ ਤਦ
ਹਰ ਘੜੀ ਹਰ ਮੋੜ ਉੱਤੇ ਰੋਜ਼ ਤੈਨੂੰ 'ਡੀਕਦਾਂ।

ਸਿਰਫ ਅਪਣੇ ਵਾਸਤੇ ਹੀ ਜੀਵਣਾ ਕਿਸ ਕੰਮ ਦਾ
ਮਰਦ ਕਾਮਿਲ ਹੱਲ ਕਰਦੇ ਮੁਸ਼ਕਲਾਂ ਤੇ ਅੜਚਨਾਂ।

ਹਰ ਬਸ਼ਰ ਹੀ ਲੋੜਦਾ ਹੈ ਜ਼ਿੰਦਗੀ ਦੀ ਹਰ ਖ਼ੁਸ਼ੀ
ਇਕ ਨਿਰਾਲੀ ਗ਼ਮਦੀ ਲੱਜ਼ਤ ਮਾਣਦਾਂ ਵਿਚ ਮਹਿਫਲਾਂ

–317–

ਮਾਨ ਵਧਾਵੇ ਉਸ ਦਾ ਮੈਨੂੰ ਅਜ਼ਮਾਨਾ
ਲੋ ਤੇ ਸੜਕੇ ਅਮਰ ਹੋ ਜਾਵੇ ਪਰਵਾਨਾ।

ਇਸ਼ਕ ਮੁਹੱਬਤ ਉਸਦੀ ਹੀ ਪਰਵਾਨ ਚੜ੍ਹੇ
ਧੁਨ ਵਿਚ ਅਪਣੀ ਪੱਕਾ ਹੈ ਜੋ ਦੀਵਾਨਾ।

ਬੇਲੀ ਸਾਰੇ ਕਰਨ ਬਖ਼ੀਲੀ ਮਸ਼ਕਰੀਆਂ
ਆਖਣ ਮੈਨੂੰ ਸਮਝ ਜ਼ਰਾ ਤੂੰ ਨਾਦਾਨਾ।

ਲੱਜ਼ਤ ਉਹ ਕੀ ਜਾਨਣ ਉਸਦਾ ਹੋਵਣ ਦੀ
ਜਾਨਾਂ ਨਿੱਤ ਲਕੋ ਨਾ ਦੇਵਣ ਨਜ਼ਰਾਨਾ।

ਮਰਜਾਣੇ ਨੂੰ ਪਾਸ ਬੁਲਾ ਲੈ ਮੁਸਕਾ ਕੇ
ਇਸਤੋਂ ਵਧ ਕੀ ਭਾਲੇ ਆਸ਼ਕ ਇਵਜ਼ਾਨਾ।

ਜਾਂਦਾ ਹੈ ਯਾਰ ਬੁਝਦਾ ਦੀਪਕ ਸਰੀਰ ਵਾਲਾ
ਚਾਨਣ ਦੀ ਲੋੜ ਹਾਲੇ ਮੰਗਦਾ ਹੈ ਇਹ ਦੁਆਲਾ।

ਪੀੜ੍ਹੀ ਨਵੀਂ ਨੂੰ ਮੇਰੀ ਜਾਪੇ ਹੈ ਲੋੜ ਹਾਲੇ
ਦੇਣਾ ਬਣੇ ਹੈ ਮੈਨੂੰ ਇਹਨਾਂ ਨੂੰ ਵੀ ਉਜਾਲਾ।

ਭੂਮੀਂ ਜੋ ਜਨਮ ਵਾਲੀ ਭੁਲਦੀ ਕਦੇ ਨਾ ਮੈਨੂੰ
ਦੁਨੀਆਂ ਤੇ ਹੋਰ ਹੋਵੇ ਉਸ ਦਾ ਵੀ ਬੋਲਬਾਲਾ।

ਬੋਲੀ ਜੋ ਮਾਤ ਮੇਰੀ ਸਦਕੇ ਮੈਂ ਉਸ ਦੇ ਵਾਰੀ
ਦੇਣਾ ਉਤਾਰ ਕਰਜ਼ਾ ਫੇਰਾਂ ਮੈਂ ਜਿਸ ਦੀ ਮਾਲਾ।

ਵਾਸਾ ਹੈ ਆਕੇ ਕੀਤਾ ਜਿਸ ਦੇਸ਼ ਮੈਂ ਪਿਆਰੇ
ਇਸ ਦੀ ਵੀ ਸ਼ਾਨ ਚਾਹਾਂ ਕਰਨਾ ਸਦਾ ਦੋਬਾਲਾ।

ਯਾਰਾਂ ਦੇ ਨਾਲ ਯਾਰੀ ਦੇਵੇ ਸਰੂਰ ਮੈਨੂੰ
ਵਿਸਰਨ ਨਾ ਯਾਰ ਮੈਨੂੰ ਹੋਏ ਜੋ ਹਮਪਿਆਲਾ।

ਸਾਰੇ ਅਦੀਬ ਸਾਡੇ ਦੇਕੇ ਗਏ ਜੋ ਸਾਨੂੰ
ਦੌਲਤ ਮਹਾਨ ਸਾਹਿਤ ਨਾਨਕ ਸੀ ਪਰ ਨਿਰਾਲਾ।

ਹਨ ਪ੍ਰੀਤ ਜੀਤ ਮੇਰੇ ਤੇ ਮੀਤ ਹੋਰ ਵਿਗਸੇ
ਟੀਸੀ ਨੂੰ ਹੋਰ ਛੋਹਣ ਸੁੱਚਾ ਉਹ ਕਰਨ ਚਾਲਾ।

ਦੁਨੀਆਂ ਤੇ ਅਮਨ ਹੋਵੇ ਜੰਗਾਂ ਦਾ ਨਾਸ ਹੋਵੇ
ਮੇਰੀ ਦੁਆ ਹੈ ਇਹੀ ਤੇਰੇ ਹਜ਼ੂਰ ਸ਼ਾਲਾ।

ਕਿਰਤੀ ਕਿਸਾਨ ਸਾਰੇ ਮਿਹਨਤ ਦੀ ਖਾਣ ਰੋਟੀ
ਦੁੱਖਾਂ ਨੂੰ ਮੇਟ ਦੇਵੇ ਸੁੱਖਾਂ ਦਾ ਬੋਲ-ਬਾਲਾ।

-319-

ਇਹ ਵਿਰਚੇ ਨਾ ਮੈਥੋਂ ਬੜਾ ਮੈਂ ਵਰਾਇਆ
ਇਹ ਛਡਦਾ ਨਾ ਖਹਿੜਾ ਬੜਾ ਜ਼ੋਰ ਲਾਇਆ।

ਮੈਂ ਲਾਰੇ ਵੀ ਲਾਏ ਤੇ ਧੀਰਜ ਬਨ੍ਹਾਈ
ਜੋ ਰਾਹੋਂ ਮੈਂ ਰੋਕਾਂ ਇਹ ਓਧਰ ਹੀ ਧਾਇਆ।

ਇਹ ਦੁਨੀਆਂ ਵੀ ਰੋਕੇ ਤੇ ਦਾਨੇ ਹਟਾਵਣ
ਬੜਾ ਹੀ ਕਸੂਤਾ ਹੈ ਇਸ ਨੇ ਫਸਾਇਆ।

ਇਹ ਦਿਲ ਚੀਜ਼ ਐਸੀ ਹੈ ਮੇਰੇ ਪਿਆਰੇ
ਜਦੋਂਜਿਸਤੇ ਆਇਆ ਨ ਫਿਰਬਾਜ਼ ਆਇਆ

ਕਦੇ ਬਣਕੇ ਰਾਂਝਾ ਇਹ ਬਨਸੀ ਵਜਾਵੇ
ਕਦੇ ਬਣਕੇ ਰਮਤਾ ਇਹ ਖੇੜੀਂ ਹੈ ਆਇਆ।

ਇਹ ਫਰਹਾਦ ਬਣਕੇ ਤੇ ਪਰਬਤ ਨੂੰ ਚੀਰੇ
ਤੇ ਸ਼ੀਰੀਂਦੀ ਚਾਹਤ 'ਚ ਜੀਵਨ ਵੰਜਾਇਆ।

ਕਦੇ ਰਾਮ ਬਣਕੇ ਇਹ ਲੰਕਾ ਨੂੰ ਸਾੜੇ
ਕਦੇ ਇਸ ਨੇ ਪੂਰਨ ਹੈ ਬਣਕੇ ਵਖਾਇਆ।

ਕਦੇ ਕੋਹ ਤੂਰੀ ਇਹ ਜਲਵੇ ਨੂੰ ਭਾਲੇ
ਕਦੀ ਮਾਛੀਵਾੜੇ ਨੂੰ ਆ ਭਾਗ ਲਾਇਆ।

ਮੁਹੰਮਦ ਦੇ ਵਾਂਗੂੰ ਇਹ ਬੁੱਤਾਂ ਨੂੰ ਤੋੜੇ
ਕਦੇ ਬਣਕੇ ਧੰਨਾ ਹੈ ਪਥਰੋਂ ਲਭਾਇਆ।

ਕਦੇ ਤੇਗ਼ ਬਣ ਕੇ ਵਖਾਵੇ ਬਹਾਦਰ
ਕਦੇ ਬਣਕੇ ਨਾਨਕ ਹੈ ਮੱਕਾ ਫਰਾਇਆ।

ਕਦੇ ਬਣਕੇ ਅਰਜਨ ਇਹ ਲੋਹਾਂ ਤੇ ਬੈਠੇ
ਕਦੇ ਬਣਕੇ ਗੋਬਿੰਦ ਹੈ ਖੰਡਾ ਉਠਾਇਆ।

ਕਦੀ ਬਣਕੇ ਬੰਦੀ ਛੁਡਾਵੇ ਇਹ ਰਾਜੇ
ਕਦੇ ਏਸ ਛੇੜੂ ਤੇ ਸਰਪਾਂ ਦੀ ਛਾਇਆ।

ਕਰਾਂ ਕੀ ਮੈਂ ਐਸਾ ਜੋ ਦਿਲ ਹੈ ਦੀਵਾਨਾ
ਕਵਚ ਜਿਸਨੇ ਤੇਰੀ ਮੁਹੱਬਤਦਾ ਪਾਇਆ।

ਕਦੇ ਸ਼ੇਖ ਬਣਦਾ ਕਦੇ ਸ਼ੋਖ਼ ਬਣਦਾ
ਕਦੇ ਬਣਕੇ ਬਰਦਾ ਹੈ ਤੈਨੂੰ ਲੁਭਾਇਆ।

-320-

ਫੁੱਲਾਂ ਦੀ ਬਾਲ ਹੋਲੀ ਸੇਕੇ ਜੋ ਅੱਗ ਤਾਈਂ
ਭੁਲਕੇ ਵੀ ਨਾਲ ਉਸਦੇ ਯਾਰੀ ਕਦੀ ਨਾ ਲਾਈਂ।

ਆਪਾ ਮਿਟਾ ਕੇ ਜਿਹੜੇ ਲਾਂਦੇ ਨੇ ਨਾਲ ਉਸਦੇ
ਐਸੇ ਹਲੀਮ ਲੋਕੀਂ ਬਣਦੇ ਨੇ ਸਭ ਦੇ ਸਾਈਂ।

ਗੋਪੀ ਦੇ ਨਾਲ ਬੈਠਾ ਕਰਦਾ ਕਦੇ ਜੋ ਲੀਲਾ
ਬੇਲੇ ਕਦੇ ਉਹ ਚਾਰੇ ਗੋਪਾਲ ਬਣਕੇ ਗਾਈਂ।

ਕਾਲੀ ਜੇ ਰਾਤ ਸਾਹਵੇਂ ਫੈਲੇਗੀ ਆ ਚੁਫੇਰੇ
ਤੈਨੂੰ ਹੀ ਯਾਦ ਕਰਸਾਂ ਬਣਕੇ ਤੂੰ ਦੀਪ ਆਈਂ।

ਜਲਦੀ ਪਈ ਲੋਕਾਈ ਜੰਗਾਂ ਦੀ ਅੱਗ ਅੰਦਰ
ਐਸੇ ਤੂੰ ਆਣ ਵੇਲੇ ਅਮਨਾ ਦਾ ਮੀਂਹ ਵਸਾਈਂ।

ਨਫਰਤ ਨੂੰ ਲਾ ਮੁਆਤਾ ਦੁਸ਼ਮਨ ਬਣਾ ਨਾ ਕੋਈ
ਸਾਂਝਾਂ ਦੀ ਪਾ ਭਿਆਲੀ ਜੰਗਾਂ ਨੂੰ ਠੱਲ੍ਹ ਪਾਈਂ।

ਧਰਮਾਂ ਦਾ ਨਾਮ ਲੈਕੇ ਇਕੋ ਖ਼ੁਦਾ ਨੂੰ ਜਾਣੋਂ
ਮਾਨਸ ਦੀ ਜਾਤ ਇੱਕੋ ਇਹ ਨਾ ਮਨੋਂ ਭੁਲਾਈਂ।

ਰਸਤੇ 'ਚ ਮਿਲ ਗਏ ਹਾਂ ਲੰਘੀਂ ਨਾ ਵੱਟ ਪਾਸਾ
ਕੂਣਾ ਨਹੀਂ ਨਾ ਬੋਲੀਂ ਥੋੜਾ ਤਾਂ ਮੁਸਕਰਾਈਂ।

ਗੁਰਘਰ ਨੂੰ ਰਾਹ ਜੋ ਜਾਂਦਾ ਠੇਕੇ ਨੂੰ ਓਹੀ ਰਸਤਾ
ਥੋੜੀ ਤਾਂ ਪੀ ਲਿਆ ਕਰ ਸੰਧੂ ਕਦੇ ਕਦਾਈਂ।

ਪੀਣੇ ਦਾ ਸ਼ੌਕ ਤੈਨੂੰ ਲੱਗੇ ਜੋ ਪ੍ਰੇਮ ਵਾਲਾ
ਰਸਤਾ ਜੋ ਪਾਰ ਲਾਵੇ ਰਸਤੇ ਤੂੰ ਓਸ ਜਾਈਂ।

-321-

ਜਦ ਵੀ .ਗਜ਼ਲ ਮੈਂ ਛੇੜੀ ਤੇਰਾ ਖ਼ਿਆਲ ਆਇਆ
ਪੀੜਾਂ ਦੇ ਘੁਟ ਲਗਾਕੇ .ਗਮ ਨੂੰ ਗਲੇ ਲਗਾਇਆ।

ਸਾਲਾਂ ਦੇ ਸਾਲ ਜਾਂਦੇ ਤੇਰੇ ਬਿਨਾ ਵਿਹਾਈ
ਔਣਾ ਵੀ ਤੂੰ ਜਦੋਂ ਹੈ ਉਹ ਦਿਨ ਕਦੇ ਨਾ ਆਇਆ

ਕੀਤਾ ਬਿਆਨ ਮੈਂ ਤੇ ਦਿਲ ਦਾ ਸੀ ਹਾਲ ਲਿਖਕੇ
ਕਾ.ਗਜ਼ ਤੂੰ ਸਮਝ ਰੱਦੀ ਕੂੜੇ 'ਚ ਸੁੱਟ ਪਾਇਆ।

ਬੰਧਨ ਉਹ ਧਰਮ ਵਾਲੇ ਰੋਕਾਂ ਸਮਾਜ ਪਾਈਆਂ
ਕਰਕੇ ਮੈਂ ਪਾਰ ਸਭਨੂੰ ਸਾਥੀ ਸੀ ਆ ਬਣਾਇਆ।

ਮੇਰੇ ਹੁਸੀਨ ਯਾਰਾ ਫੁੱਲਾਂ 'ਚ ਮਹਿਕ ਤੇਰੀ
ਗਰਦਸ਼ 'ਚ ਇਸ ਜਹਾਂਨੂੰ ਜਾਪੇ ਹੈ ਤੂੰ ਹੀ ਪਾਇਆ

ਸਾਰੇ ਹੀ ਇਹ ਨਜ਼ਾਰੇ ਸੁਹਣੇ ਨੇ ਨਾਲ ਤੇਰੇ
ਦਿਲਕਸ਼ ਹੀ ਇਸ ਜ਼ਮੀਂਨੂੰ ਸਾਂਝਾਂ ਨੇ ਹੈ ਬਣਾਇਆ।

ਕਰਨਾ ਬਿਆਨ ਮੁਸ਼ਕਿਲ ਤੇਰਾ ਅਹਿਸਾਨ ਯਾਰਾ
ਹਿੱਸੇ 'ਚ ਯਾਰ ਮੇਰੇ ਤੇਰਾ ਪਿਆਰ ਆਇਆ।

-322-

ਤੇਰੇ ਮੈਂ ਸੰਗ ਯਾਰਾ ਕੇਹੇ ਨੇ ਨੈਣ ਲਾਏ
ਲੋਕਾਂ ਨੇ ਵੇਖ ਕੈਸੇ ਕਿੱਸੇ ਨੇ ਚਾ ਬਣਾਏ।

ਟੋਲੇ ਠਗਾਂ ਦੇ ਹਰ ਥਾਂ ਫਿਰਦੇ ਨੇ ਦਨਦਨਾਂਦੇ
ਚੋਣਾ 'ਚ ਸਮਝ ਅਪਣਾ ਕਿਸਨੂੰ ਕੋ ਵੋਟ ਪਾਏ।

ਕੀਤਾ ਹਲਾਲ ਫੜਕੇ ਲੋਕਾਂ ਨੂੰ ਲੀਡਰਾਂ ਨੇ
ਲੋਕਾਂ ਦਾ ਰਾਜ ਕੈਸਾ ਜਨਤਾ ਪਿਆ ਜੋ ਖਾਏ।

ਲੌਣੇ ਜੋ ਰੰਗ ਲੀਡਰ ਸਾਰੇ ਹੀ ਜਾਣਦੇ ਨੇ
ਪਰ ਇਹ ਗ਼ਰੀਬ ਜਨਤਾ ਦੱਸੋ ਕਿਧਰਨੂੰ ਜਾਏ।

ਇਕੋ ਹੈ ਇਸ ਦਾ ਦਾਰੂ ਜਨਤਾ ਸੁਚੇਤ ਹੋਵੇ
ਅਕਲਾਂ ਦੇ ਨਾਲ ਚੁਣਕੇ ਆਗੂ ਉ ਸਭ ਬਣਾਏ

-323-

ਬਣਕੇ ਭੌਰਾ ਕਲੀਆਂ ਉੱਤੇ ਆ ਜਾਣਾ
ਪ੍ਰੇਮ ਪੁਗਾਕੇ ਐਸਾ ਉਸ ਦਾ ਮਰ ਜਾਣਾ।

ਅਕਲ ਵਿਚਾਰੀ ਹੀਲੇ ਹੁਜਤਾਂ ਕਰਦੀ ਹੈ
ਆਸ਼ਕ ਜਾਨ ਵੀ ਦੇਵੇ ਹਸਕੇ ਨਜ਼ਰਾਨਾ।

ਜਲਵਾ ਉਸਦਾ ਬਿਜਲੀ ਜੀਕਣ ਲਿਸ਼ਕ ਗਈ
ਕਹਿਰਾਂ ਢਾਵੇ ਖ਼ਮ ਖਾ ਉਸਦਾ ਲਰਜ਼ਾਨਾ।

ਪਾਣੀ ਪਰਬਤ ਰੇਤ ਥਲੇ ਕੀ ਰੋਕਣਗੇ
ਅੱਗਾਂ ਨੂੰ ਵੀ ਚੀਰ ਗਿਆ ਹੈ ਮਸਤਾਨਾ।

ਹਸ ਹਸ ਲਾਵੇ ਤੋੜ ਨਿਭਾਵੇ ਯਾਰੀ ਪਰ
ਉਸ ਦੇ ਹਰਦਮ ਹਿੱਸੇ ਆਵੇ ਗ਼ਮ ਖਾਣਾ।

ਕਰਨ ਸ਼ਰਾਰਤ ਨੈਣ ਮਮੋਲੇ ਜਦ ਉਸ ਦੇ
ਜਾਦੂ ਟੂਣੇ ਵਰਗਾ ਲੱਗੇ ਮੁਸਕਾਣਾ।

ਮਸਤ ਕਲੰਦਰ ਪ੍ਰੇਮੀ ਈਕਣ ਬਣ ਜਾਂਦੈ
ਉਸ ਨੂੰ ਰੋਕਣ ਕਠਨ ਬੜਾ ਹੈ ਸਮਝਾਣਾ।

-324-

ਲਗਦੀ ਇਹ ਗੱਲ ਚਾਹੇ  ਬੇਸ਼ਕ ਅਜੀਬ ਤੈਨੂੰ
ਮੈਥੋਂ  ਜੁਦਾ  ਨੇ ਕਰਦੇ  ਮੇਰੇ  ਰਕੀਬ  ਤੈਨੂੰ।

ਕੈਸੀ ਇਹ ਬੇਬਸੀ ਹੈ ਦਿਲ ਤੇ ਰਹੇ ਨਾ ਕਾਬੂ
ਮੇਰੀ ਹਰਏਕ ਹਰਕਤ ਲਗਦੀ ਅਜੀਬ ਤੈਨੂੰ।

ਚਾਹਾਂ ਜਦੋਂ ਵੀ ਮੈਂ ਤੇ ਇਜ਼ਹਾਰ ਯਾਰ ਕਰਨਾ
ਕੁਛ ਨਾ ਬਿਆਨ ਕਰਦੇ ਅੱਖਰ ਗ਼ਰੀਬ ਤੈਨੂੰ।

ਮਜਬੂਰੀਆਂ  ਨੇ ਕੈਸੇ  ਘੇਰੇ ਨੇ  ਆਣ  ਪਾਏ
ਆਵਣਹੀ ਇਹ ਨਾ ਦੇਵਣ ਮੇਰੇ ਕਰੀਬ ਤੈਨੂੰ।

ਵਾਰੀ ਕਰਾਂ ਮੈਂ ਸਭਕੁਛ ਸਦਕੇ ਮੈਂ ਯਾਰ ਤੇਰੇ
ਪਾਵਾਂਗਾ  ਮੈਂ  ਜ਼ਰੂਰੀ   ਮੇਰੇ  ਨਸੀਬ  ਤੈਨੂੰ।

-325-

ਨੈਣਾ 'ਚ ਯਾਦ ਤੇਰੀ  ਮੋਤੀ ਹੈ ਬਣਕੇ ਆਈ
ਦੌਲਤ ਅਜੀਬ ਯਾਰਾ  ਤੈਥੋਂ ਮੈਂ  ਵੇਖ ਪਾਈ।

ਰਹਿਣਾ ਕਰੀਬ ਤੇਰੇ  ਲੋਚੇ ਇਹ  ਜਿੰਦ ਮੇਰੀ
ਤੇਰੀ ਸਦਾ ਹੀ ਭਾਲਾਂ ਸਜਣਾ ਮੈਂ ਆਸ਼ਨਾਈ।

ਪੀਲਾ ਵਿਸਾਰ ਚਿਹਰਾ  ਸੁਪਨੇ  ਉਦਾਸ ਹੋਏ
ਤੂੰ ਹੀ ਤਬੀਬ ਮੇਰਾ  ਦੇਵੇਂ ਜੇ ਆ  ਦਵਾਈ।

ਬੁੱਤਾਂ ਨੂੰ ਪੂਜਦੇ ਜੋ ਖੰਡਣ ਕਰਾਂ ਮੈਂ ਨਿਸਦਿਨ
ਪੂਜਾ ਕਰਾਂ ਮੈਂ ਤੇਰੀ ਕੈਸੀ ਇਹ ਪਾਰਸਾਈ।

ਤੀਰੋ  ਤੁਫੰਗ  ਸਾਰੇ  ਵੇਖੇ  ਚਲਾਕੇ  ਦੁਨੀਆਂ
ਹੋਏਨਾ ਕਾਰਆਮਦ ਸਚਨੇ ਫਤਿਹ ਹੈ ਪਾਈ।

-326-

ਸੁੱਕੀ ਨਦੀ ਦੇ ਤਟ ਤੇ ਕਰਦੇ ਉਡੀਕ ਦਿਨ
ਆਵੇਗਾ ਫੇਰ ਪਾਣੀ ਪਰਤਣਗੇ ਫੇਰ ਛਿਨ।

ਇੱਕੋ ਸਫਰ ਦੇ ਰਾਹੀ ਬਣਕੇ ਤੁਰੇ ਕਦੀ
ਪਾਟਕ ਹੈ ਕੇਸ ਪਾਇਆ ਵੰਡੇ ਇਹ ਰਾਹ ਕਿਨ।

ਬਿਖਰੀ ਹੈ ਥਾਂ ਕੁਥਾਂ ਤੇ ਰੀਝਾਂ ਦੀ ਹਰ ਕਲੀ
ਬਣਦੀ ਸਬੀਲ ਨਾਹੀਂ ਮੁੜਕੇ ਦਿਆਂ ਮੈਂ ਚਿਨ।

ਲੱਗੀ ਪਿਆਸ ਕੈਸੀ ਮਹਿਕਾਂ ਦੀ ਮਨ ਨੂੰ ਹੈ
ਮਹਿਕਾਂਦੀ ਇਹ ਤਰਿਸ਼ਨਾ ਬੁਝਦੀਨਾ ਸਾਥ ਬਿਨ

ਮੇਰੀ ਸੁਤਾ ਤੇ ਉਕਰੀ ਤਸਵੀਰ ਯਾਰ ਦੀ
ਮੈਂ ਨਾ ਉਤਾਰ ਸਕਦਾ ਦਿੱਤਾ ਇ ਉਸਦਾ ਰਿਨ।

-327-

ਮੰਜ਼ਲ ਦੀ ਦੂਰੀ ਵਧ ਗਈ ਜਿੰਨੀ ਕੁ ਹੋਰ ਸੀ
ਓਨੀ ਹੀ ਤੇਜ਼ ਹੋ ਗਈ ਮੇਰੀ ਵੀ ਤੋਰ ਸੀ।

ਪੈਰਾਂ ਦੇ ਛਾਲਿਆਂ ਦੀ ਰਹਿੰਦੀ ਹੈ ਸਾਰ ਕਦ
ਮੰਜ਼ਲ ਟਿਕੀ ਨਜ਼ਰ ਤੇ ਸੁਝਦਾ ਨਾ ਹੋਰ ਸੀ।

ਭਾਵੇਂ ਹਨੇਰ ਨੂੰ ਵੀ ਬਹੁਤਾ ਹੀ ਮਾਨ ਸੀ
ਹੋਈ ਕਿ ਹੋਈ ਜਾਪਦੀ ਮੈਨੂੰ ਤੇ ਭੋਰ ਸੀ।

ਸ਼ਾਤਰ ਬੜਾ ਸੁਣੀਦਾ ਹਾਕਮ ਸੀ ਵਕਤ ਦਾ
ਮੈਨੂੰ ਵੀ ਤੇ ਜਨੂਨ ਦੀ ਡਾਢੀ ਹੀ ਲੋਰ ਸੀ।

ਕੈਸਾ ਕਮਾਲ ਕਰ ਗਿਆ ਹੋਇਆ ਜੋ ਹਾਦਸਾ
ਮੇਰੇ ਭਲੇਵੇ ਮਾਰਿਆ ਬੰਦਾ ਉਹ ਹੋਰ ਸੀ।

ਰੰਗਾਂ ਨੂੰ ਵੇਖ ਮੈਂ ਤੇ ਖੰਭਾਂ 'ਚ ਖੋ ਗਿਆ
ਪੈਰਾਂ 'ਚ ਲੈਕੇ ਮਸਤੀ ਨਚਦਾ ਉਹ ਮੋਰ ਸੀ।

-328-

ਸ਼ਿਕਵੇ ਗਿਲੇ ਗੁਜ਼ਾਰੀਆਂ ਕਰਨਾ ਅਸਾਨ ਹੈ
ਕਾਬੂ ਰਹੇ ਨਾ ਜੇਸ ਤੇ ਚੰਦਰੀ ਜ਼ੁਬਾਨ ਹੈ।

ਬਦਲੇ ਨਾ ਜੋ ਸੁਭਾਅ ਨੂੰ ਸੀਖੇ ਹਰੇਕ ਨੂੰ
ਜਾਣੋ ਇਕੱਤਰ ਕਰ ਰਿਹਾ ਖੋਟਾ ਸਮਾਨ ਹੈ।

ਰਾਵਣ ਸਮਾਨ ਅੰਤ ਵੀ ਹੋਣਾ ਹੈ ਓਸ ਦਾ
ਅਪਣੇ ਇਲਮਦਾ ਜੇਸ ਨੂੰ ਡਾਢਾ ਗੁਮਾਨ ਹੈ।

ਪਾਣੀ ਰਵਾਂ ਰਹੇ ਜਦੋਂ ਪੱਥਰ ਵੀ ਖੋਰ ਦੇ
ਤੇ ਖੜ੍ਹਗਿਆ ਜੋ ਜਲ ਤਦੋਂ ਛੱਪੜ ਸਮਾਨਹੈ।

ਵਧਦੇ ਜ਼ਮੀਨ ਜ਼ਰ ਜਦੋਂ ਬੰਦਾ ਹੈ ਸੋਚਦਾ
ਕਾਬੂ'ਚ ਉਸਨੇ ਕਰਲਈ ਅਥਰੀ ਰਕਾਨਹੈ।

ਪਾਣੀ ਪਤਾਲ ਜਾ ਵੜੇ ਬਿਜਲੀਵੀ ਨਾ ਮਿਲੇ
ਅਪਣੇ ਨਸੀਬ ਰਾਤ ਦਿਨ ਕੋਸੇ ਕਿਸਾਨ ਹੈ।

ਸਾਰੇ ਅਕਾਸ਼ ਖੋਜਣੇ ਚਹੁੰਦਾ ਹੈ ਆਦਮੀਂ
ਵਸਦਾਹੈ ਯਾਰ ਜੇਸਥਾਂ ਦਿਲ ਉਹ ਮਕਾਨਹੈ।

ਬਾਰੂਦ ਤੋਪ ਧਾੜਵੀ ਵਰਤਨ ਪੈ ਰਾਤ ਦਿਨ
ਅਮਨਾ ਦੀ ਲੋੜ ਧਰਤਨੂੰ ਸਾਡੀ ਇਜ਼ਾਨ ਹੈ।

ਡੂੰਘੇ ਜੋ ਥਾਂ ਤੇ ਡੋਬਦਾ ਪੱਥਰ ਨਾ ਭਾਲ ਤੂੰ
ਧੁਰਤਕ ਜੋ ਸਾਥ ਦੇ ਸਕੇ ਐਸਾ ਗਿਆਨ ਹੈ।

ਚਿੜੀਆਂ ਨੇ ਫੇਰ ਤੋੜਨਾ ਬਾਜ਼ਾਂ ਦੇ ਮਾਨ ਨੂੰ
ਚਾਰੋਂ ਤਰਫ ਤੋਂ ਉਠਣਾ ਐਸਾ ਤੁਫਾਨ ਹੈ।

ਪਾਣੀ ਸਦਾ ਹੀ ਜਾਂਵਦਾ ਯਾਰੋ ਨਿਵਾਨ ਨੂੰ
ਸਾਗਰ ਦਾ ਰੂਪ ਧਾਰਨਾ ਆਖ਼ਰ ਨਿਵਾਨ ਹੈ।

ਮੁਮਕਿਨ ਹੈ ਐਨ ਮੁਮਕਿਨ ਜੀਵਣ ਹਰੇਕ ਥਾਂ
ਕਰਨੀ ਫਤਿਹ ਹੈ ਮੌਤ ਵੀ ਸਾਡਾ ਗੁਮਾਨ ਹੈ।

ਦੱਸੀਂ ਭਲਾ ਮੈਂ ਕੀਤਾ ਕਿਹੜਾ ਕਸੂਰ ਯਾਰਾ
ਪਿੱਛੇਹੀ ਪੈ ਗਿਆਏ ਵਿਹੜਾਈ ਆਕੇ ਸਾਰਾ।

ਉਸਦਾ ਦੀਦਾਰ ਕੀਤਾ ਮੁਖੜਾ ਨਿਹਾਰ ਲੀਤਾ
ਕੀਤੀ ਨਾ ਗੱਲ ਕੋਈ ਜਿਸ ਦਾ ਕਰੋ ਨਤਾਰਾ।

ਪਾਵੇ ਜੇ ਖਿੱਚ ਓਹੀ ਸੱਦੇ ਉਹ ਕਰਕੇ ਸੈਨਤ
ਰੋਕਾਂ ਮੈਂ ਦਿਲਨੂੰ ਕੀਕਣ ਦੱਸੋ ਕਰਾਂਕੀ ਚਾਰਾ।

ਹਟਕੋ ਨਾ ਇਸ ਤੋਂ ਮੈਨੂੰ ਲਾਵੋ ਨਾ ਰੋਕ ਕੋਈ
ਕਰਨਾ ਦਿਦਾਰ ਲੋੜਾਂ ਉਸਦਾ ਤੇ ਮੈਂ ਦੁਬਾਰਾ।

ਮੱਥੇ ਵੀ ਜਾਕੇ ਟੇਕੋ ਬੁੱਤਾਂ ਨੂੰ ਇਸ਼ਟ ਕਹਿਕੇ
ਛੱਡਾਂ ਮੈਂ ਫੇਰ ਕੀਕਣ ਉਸ ਯਾਰਦਾ ਦੁਆਰਾ।

ਛੱਡੇ ਜਹਾਨ ਮੈਨੂੰ ਤੋੜੇ ਉਹ ਚਾਹਿ ਰਿਸ਼ਤੇ
ਮੇਰੇ ਲਈ ਹੈ ਕਾਫੀ ਉਸਦਾ ਹੀ ਇਕ ਸਹਾਰਾ।

ਹੋਵੇਗੀ ਜਾਨ ਮੇਰੀ ਉਸ ਜਾਨ ਤੋਂ ਹੀ ਵਾਰੀ
ਕਰਨਾ ਬੜਾਹੀ ਔਖਾ ਉਸ ਜਾਨ ਤੋਂ ਕਿਨਾਰਾ।

ਸਾਰੇ ਗੁਨ੍ਹਾ ਹੀ ਮੇਰੇ ਹੋਣੇ ਮੁਆਫ ਓਦੋਂ
ਹੋਣਾ ਮਿਲਾਪ ਉਸਦਾ ਵਜਨਾ ਹੈ ਜੱਗ ਨਗਾਰਾ।

ਐਸਾ ਤੂੰ ਕੰਮ ਕਰ ਜਾ ਲੋਕਾਂ ਦੀ ਕਰ ਭਲਾਈ
ਜੀਵਣ ਹੈ ਵਾਰ ਇੱਕੋ ਆਉਣਾ ਨਹੀਂ ਦੁਬਾਰਾ।

ਰੱਖੇਗਾ ਯਾਦ ਮੈਨੂੰ ਸਾਰਾ ਹੀ ਇਹ ਜ਼ਮਾਨਾ
ਕਰਕੇ ਹੈ ਮੈਂ ਤੇ ਜਾਣਾ ਐਸਾ ਅਜ਼ੀਮ ਕਾਰਾ।

-330-

ਚਾਨਣ 'ਚ ਨ੍ਹਾਕੇ ਯਾਰਾ ਨਿਖਰੇ ਨੇ ਅੰਗ ਤੇਰੇ
ਫੁੱਲਾਂ ਦੀ ਸੇਜ ਉੱਤੇ ਉਤਰੇ ਜਿਵੇਂ ਸਵੇਰੇ।

ਕਲੀਆਂ ਦੇ ਵਾਂਗ ਖਿੜਦੀ ਚਿਤਵਣ ਹੈ ਯਾਰ ਤੇਰੀ
ਬੋਲਾਂ ਚੋਂ ਮਹਿਕ ਤੇਰੇ ਹਾਸਾ ਵੀ ਫੁੱਲ ਕੇਰੇ।

ਸੁੱਕੇ ਹਰੇ ਕਰੇਂ ਤੂੰ ਬੂਟੇ ਵੀ ਛੂਹ ਦੇਂ ਜਿਹੜੇ
ਪੈਂਦੇ ਨੇ ਜਿਸ ਜਗ੍ਹਾ ਤੇ ਫੁੱਲਾਂ ਜਹਿ ਪੈਰ ਤੇਰੇ।

ਮੁਸ਼ਕਲ ਕੁਸ਼ਾ ਤੂੰ ਮੇਰਾ ਰਾਹਾਂ ਸੁਝਾਣ ਵਾਲਾ
ਸਾਰੇ ਤੂੰ ਖ਼ਾਬ ਮੈਨੂੰ ਦਿੱਤੇ ਨੇ ਬਹੁ ਉਚੇਰੇ।

ਸੋਚਾਂ 'ਚ ਤੂੰ ਹੀ ਮੇਰੇ ਜਾਪੇਂ ਹਰੇਕ ਥਾਂਵੇਂ
ਜਿੱਧਰਵੀ ਰੁਖ਼ ਤੂੰ ਕਰਲੈਂ ਛਟਦੇ ਨੇ ਸਭ ਹਨੇਰੇ।

ਮੰਜ਼ਲ ਵੀ ਤੂੰਹੀ ਮੇਰੀ ਰਸਤਾ ਵੀ ਤੂੰਹੀ ਮੇਰਾ
ਆਪੇ ਤੂੰ ਆਣ ਕੀਤੇ ਸੁਪਨੇ ਸਾਕਾਰ ਮੇਰੇ।

ਸਾਝਾਂ, ਪਿਆਰ ਵਾਲੀ ਵੰਡਾਂ ਮੈਂ ਦਾਤ ਤੇਰੀ
ਤੇਰਾ ਜਲੌ ਹੀ ਮੇਰੇ ਜੀਵਣ ਦੇ ਹੈ ਚੁਫੇਰੇ।

ਇਲਮਾਂ ਦਾ ਅੰਤ ਨਾਹੀਂ ਮੱਤਾਂ ਹਰੇਕ ਦੇਂਦਾ
ਮੇਰੀ ਦਿਲੀ ਦੁਆ ਹੈ ਅਕਲਾਂ ਵੀ ਲਾਣ ਡੇਰੇ।

-331-

ਖਟਖਟਾਵੇ ਜਦ ਹਵਾ ਆ ਦਰ ਮੇਰਾ
ਹੈ ਸਦਾ ਪੈਂਦਾ ਭੁਲੇਖਾ ਹੀ ਤੇਰਾ।

ਬੁਣ ਸਵੈਟਰ ਤੂੰ ਜਦੋਂ ਵੀ ਮੇਚ ਲੈਂ
ਵੇਖਦੀ ਹੈਂ ਤੂੰ ਜਿਵੇਂ ਨਜ਼ਰਾਂ ਚੁਰਾ।

ਹਰ ਘੁਰੇ ਵਿਚ ਨਿੱਘ ਤੇਰੀ ਜਾਪਦੀ
ਨਾਲ ਸੀਨੇ ਮੈਂ ਲਵਾਂ ਉਸ ਨੂੰ ਲਗਾ।

ਪਹਿਣ ਪੱਚਰ ਕੇ ਜਦੋਂ ਵੀ ਮੈਂ ਤੁਰਾਂ
ਝਲਕਦੀ ਹੈ ਓਸ ਚੋਂ ਤੇਰੀ ਅਦਾ।

ਸਾੜਿਆਂ ਤੇ ਕੀਨਿਆਂ ਦੀ ਹਰ ਜਗ੍ਹਾ
ਪਾਰ ਕਰਦਾਂ ਵਲਗਣਾਂ ਮੈਂ ਹਰਦਫਾ।

ਹਰ ਕਿਸੇ ਨੂੰ ਤੇ ਨਾ ਪ੍ਰਾਪਤ ਹੋ ਸਕੇ
ਸਾਥ ਅਪਣੇ ਦਿਲਰੁਬਾ ਦਿਲਦਾਰਦਾ।

ਹਰ ਖ਼ੁਸ਼ੀ ਦਾ ਤੂੰ ਸਦਾ ਕਾਰਣ ਬਣੀ
ਹਰ ਖ਼ੁਸ਼ੀ ਤੇਰੀ ਤੇ ਯਾਰਾ ਮੈਂ ਫਿਦਾ।

ਪਲ ਗੁਜ਼ਾਰੇ ਰੋਜ਼ ਇਹ ਨੇ ਕਹਿਰ ਦੇ
ਹੋ ਸਕਾਂ ਨਾ ਮੈਂ ਕਦੀ ਤੈਥੋਂ ਜੁਦਾ।

-332-

ਲੱਖਾਂ ਹੀ ਪਾਣ ਗੁੰਝਲ ਚਾਹੇ ਵਿਚਾਰ ਨੂੰ
ਲਕਸ਼ਾਂ ਦੀ ਸੇਧ ਵਾਲੇ ਚੁੰਮਣਗੇ ਦਾਰ ਨੂੰ।

ਸੋਚਾਂ ਨੂੰ ਕੋਈ ਮੂਲ ਨਾ ਪਿੰਜਰੇ 'ਚ ਪਾਸਕੇ
ਮੁਸ਼ਕਲ ਹੈ ਕੈਦ ਕਰਨਾ ਸੋਚਾਂ ਉਡਾਰ ਨੂੰ।

ਵਿੰਗਾ ਨਾ ਵਾਲ ਹੋਵੇ ਆਸ਼ਕ ਦੀ ਆਸ ਦਾ
ਮੁਨਸਿਫ ਭਲਾ ਕੀ ਜਾਣੇ ਯਾਰੀਦੀ ਸਾਰਨੂੰ।

ਖ਼ੁਸ਼ਫਹਿਮੀਆਂ 'ਚ ਵੱਸੇ ਜੀਵੇ ਗ਼ਰੀਬ ਵੀ
ਢੋਣਾ ਬੜਾਹੈ ਮੁਸ਼ਕਿਲ ਗ਼ੁਰਬਤ ਦੇ ਭਾਰਨੂੰ।

ਸੱਚੇ ਦੀ ਇਹਤੇ ਕੋਠੀ ਨਾਨਕ ਵੀ ਆਖਿਆ
ਏਸੇ 'ਚ ਮੈਂ ਤੇ ਭਾਲਾਂ ਅਪਣੇ ਹੀ ਯਾਰਨੂੰ।

ਸਮਝਣ ਨਾ ਲੋਕ ਇਸਨੂੰ ਕਬਜ਼ੇ ਦੀ ਲਾਲਸਾ
ਹੱਥਾਂ 'ਚ ਕਿਰਤ ਮੇਰੇ ਸਿਮਰਾਂ ਮੈਂ ਯਾਰ ਨੂੰ।

ਨਾ ਬੇਅਸਰ ਦੁਆ ਹੈ ਕੀਤੀ ਦਿਲੋਂ ਜੇ ਹੈ
ਧੀਰਜ ਬਨ੍ਹਾਕੇ ਦਿਲਨੂੰ ਠਿਲ੍ਹਜਾ ਤੂੰ ਪਾਰਨੂੰ।

ਕੰਡਾ ਜੇ ਚੁਭ ਗਿਆ ਏ ਫੁੱਲਾਂ ਦਾ ਕੀ ਕਸੂਰ
ਛੇਦੇ ਨੇ ਫੁੱਲ ਕਿਤਨੇ ਪੁੱਛੀਂ ਤੂੰ ਹਾਰ ਨੂੰ।

ਮੋਤੀ ਪਰੋ ਕੇ ਨੈਣੀਂ ਮਾਲਾ ਬਣਾ ਰਿਹਾਂ
ਕਰਨੀ ਹੈ ਭੇਂਟ ਉਸਨੂੰ ਤੜਪਾਂ ਦਿਦਾਰ ਨੂੰ।

ਰਹਿਣਾ ਨਾ ਚਾਹਿ ਜੋਬਨ ਢਲਨਾ ਜ਼ਰੂਰ ਹੈ
ਉਮਰਾ ਨਾ ਘੱਟ ਕਰਦੀ ਯਾਰੋ ਪਿਆਰ ਨੂੰ।

-333-

ਹਰ ਕੋ ਜਾਣਾ ਲੋੜੇ ਨੇੜੇ ਰੱਬ ਦੇ
ਇਹ ਪਰ ਮੇਚ ਨਾ ਔਂਦੇ ਪੈਂਡੇ ਸਭਦੇ।

ਢੋਂਗੀ ਢੋਂਗ ਰਚਾਵਣ ਮੋਹਣ ਜੱਗ ਨੂੰ
ਨਾ ਢੋਂਗਾਂ ਚੋਂ ਦਰਸ਼ਨ ਉਸ ਦੇ ਲੱਭਦੇ।

ਇਨਸਾਫ ਮਿਲੇ ਨਾ ਕਿਰਤੀ ਕਾਮੇਂ ਨੂੰ
ਅਮਲਾ ਸਾਰਾ ਫੋਲੇ ਪੱਲੇ ਡੱਬ ਦੇ।

ਹੁਣਦਾ ਵਕਤ ਗਵਾਯਾ ਚਿੰਤਾ ਭਲਕਦੀ
ਉਮਰ ਗਵਾਚੇ ਬੀਤੇ ਕਲ੍ਹ ਨੂੰ ਲੱਭਦੇ।

ਮਨ ਦੀ ਆਖੀ ਤਨ ਜੇ ਕਰ ਨਾ ਮੰਨੇ
ਐਸੇ ਰਸਤੇ ਮੇਚ ਨਾ ਆਵਣ ਪੱਬਦੇ।

ਦੋਚਿੱਤੀ ਵਿਚ ਅਪਣਾ ਵਕਤ ਗਵਾਵੇ
ਜੀਵਣ ਬੀਤੇ ਉਸ ਦਾ ਸਾਰਾ ਯੱਭਦੇ।

ਵਹਿਮਾਂ ਦੇ ਜੰਗਲ ਜੋਵੀ ਜਾ ਵੜਿਆ
ਰਸਤੇ ਫੇਰ ਨਾ ਲੱਭਣ ਉਸਨੂੰ ਢੱਬਦੇ।

ਪਿਆਰ ਮੁਹੱਬਤ ਵਾਲਾ ਰਸਤਾ ਅਪਨਾ
ਸਾੜੇ ਕੀਨੇ ਡੂੰਘੇ ਟੋਏ ਦੱਬਦੇ।

ਕਿਰਤ ਕਮਾਈ ਕਰਦੇ ਜਿਹੜੇ ਹੱਥ ਨੇ
ਓਹੀ ਜਾਣੋ ਹੱਥ ਨੇ ਯਾਰੋ ਰੱਬ ਦੇ।

-334-

ਨ੍ਹੇਰੇ ਉਹ ਰਸਤਿਆਂ ਤੇ ਚਾਨਣ ਖਲੇਰ ਜਾਵੇ
ਜਿੱਥੋਂ ਦੀ ਯਾਰ ਲੰਘੇ ਓਥੇ ਬਹਾਰ ਆਵੇ।

ਮਸਤੀ 'ਚ ਮੈਂ ਤੇ ਜਿਸਦੀ ਹਰਦਮ ਗੜੂੰਦ ਰਹਿਨਾਂ
ਜਾਣੇ ਉਹ ਕੀ ਨਸ਼ਾ ਹੈ ਮੈਨੂੰ ਜੋ ਆ ਪਿਆਵੇ।

ਕਰਦਾ ਰਹਾਂ ਸਦਾ ਹੀ ਮੈਂ ਚਿਤਵਨਾ ਹੀ ਉਸਦੀ
ਆਪੇ ਹੀ ਰਾਹ ਰਸਤੇ ਮੈਨੂੰ ਜੋ ਆ ਸੁਝਾਵੇ।

ਜਿੱਧਰ ਵੀ ਮੈਂ ਤੇ ਵੇਖਾਂ ਦਿਸਦਾ ਹੈ ਯਾਰ ਮੈਨੂੰ
ਹਰ ਥਾਂ ਤੇ ਓਹੀ ਵੱਸੇ ਪਾਉਂਦਾ ਹੈ ਕਿਉ ਭੁਲਾਵੇ।

ਆਪੇ ਹਰੇਕ ਮੰਜ਼ਲ ਤੁਰਕੇ ਹੈ ਪਾਸ ਆਉਂਦੀ
ਸਾਡਾ ਹੀ ਲਕਸ਼ ਮਿਥਿਆ ਜਦ ਸਾਮ੍ਹਣੇ ਬੁਲਾਵੇ।

ਸਾਂਝਾਂਦੀ ਬੁਣਤ ਬੁਣੀਏਂ ਮਿਹਨਤਦੀ ਪਾ ਭਿਆਲੀ
ਦੁਨੀਆਂ ਦੇ ਹਰ ਬਸ਼ਰ ਨੂੰ ਸਾਥੀ ਜੋ ਆ ਬਣਾਵੇ।

ਜੀਵਨ ਦੇ ਸਭ ਹਨੇਰੇ ਛਟਦੇ ਨੇ ਪਲਕ ਝਪਕੇ
ਚਮਕੇ ਜਾਂ ਆ ਸਵੇਰਾ ਨ੍ਹੇਰੇ ਨੂੰ ਲੈ ਕਲਾਵੇ।

-335-

ਸੋਚੋ ਜ਼ਰੂਰ ਬਹਿਕੇ ਨਾ ਵਕਤ ਬੀਤ ਜਾਵੇ
ਕੋਈ ਉਪਾ ਤੇ ਕਰੀਏ ਧਰਤੀ ਨੂੰ ਜੋ ਬਚਾਵੇ।

ਜੰਗਾਂਦਾ ਇਹ ਕੁਲਹਿਣਾ ਵਧਦਾ ਹੀ ਦੌਰ ਜਾਵੇ
ਕੋਈ ਤੇ ਵਕਤ ਆਵੇ ਇਸ ਨੂੰ ਜੋ ਠੱਲ੍ਹ ਪਾਵੇ।

ਸੋਚੋ ਅਦੀਬ ਸਾਰੇ ਸੋਚੋ ਇਹ ਸਭ ਗਿਆਨੀ
ਸਦਯਾਂਤੋਂ ਕਿਉ ਇ ਬੰਦਾ ਬੰਦੇਨੂੰ ਖਾਈ ਜਾਵੇ।

ਕਦਤਕ ਇਹ ਮੌਤ ਵੇਚਣ ਤਾਜਰ ਬਰੂਦ ਵਾਲੇ
ਆਵੇਗਾ ਕਦ ਸਵੇਰਾ ਜਬਰਾਂ ਨੂੰ ਜੋ ਮੁਕਾਵੇ।

ਨਿਸਦਿਨ ਜੋ ਪਾ ਪੁਆੜੇ ਬੱਚੇ ਯਤੀਮ ਕਰਦੇ
ਐਸਾ ਕਰੂਰ ਲਾਣਾ ਧਰਤੀ ‘ਚ ਜਾ ਸਮਾਵੇ।

ਮੁੱਕਣ ਕਲੇਸ਼ ਸਾਰੇ ਗ਼ੁਰਬਤ ਦਾ ਨਾਸ ਹੋਵੇ
ਬੰਦਾ ਹਰੇਕ ਏਥੇ ਜੀਵਣ ਦੇ ਸੁਖ ਹੰਡਾਵੇ।

ਸਾਂਝਾਂ ਦਾ ਗੀਤ ਸੰਧੂ ਲਿਖਦੇ ਤੂੰ ਯਾਰ ਕੋਈ
ਜਿਸ ਨੂੰ ਹਰੇਕ ਸਾਥੀ ਗਾਵੇ ਤੇ ਗੁਣਗੁਣਾਵੇ।

-336-

ਫਿਰ ਸਿਆਸਤ ਖ਼ੂਨ ਮੰਗੇ ਵੀਰ ਕੋਲੋਂ ਵੀਰ ਦਾ
ਲੋਕ-ਤੰਤਰ ਦੇ ਭਲੇਵੇ ਲੁੱਟਣਾ ਤਕਦੀਰ ਦਾ।

ਬੇਸ਼ਰਮ ਤੇ ਬੇਹਯਾ ਨੇ ਠੱਗ ਤੇ ਕਾਤਲ ਰਲੇ
ਲਾਜ਼ਮੀਂ ਹੈ ਨਸ਼ਰ ਕਰਨਾ ਝੂਠ ਦੀ ਤਸਵੀਰ ਦਾ।

ਕਰ ਰਿਹਾ ਇਹ ਠਾਣੇਦਾਰੀ ਹਰ ਕਿਸੇ ਹੀ ਦੇਸ਼ ਤੇ
ਤੋੜਨਾ ਲਾਜ਼ਮ ਬੜਾ ਹੈ ਜ਼ੁਲਮ ਦੀ ਜ਼ੰਜੀਰ ਦਾ।

ਜੀਣ ਨਾ ਦੇਵੇ ਕਿਸੇ ਨੂੰ ਨਾਲ ਇਹ ਤੇ ਚੈਣ ਦੇ
ਸੁਲਝਣਾ ਹੈ ਬਹੁਤ ਮੁਸ਼ਕਲ ਮਾਮਲੇ ਘੰਭੀਰ ਦਾ।

ਹੈ ਜ਼ਰੂਰੀ ਦੇਸ਼ ਸਾਰੇ ਸਮਝ ਜਾਵਣ ਬਾਤ ਇਹ
ਵਰਤਨਾ ਹੈ ਬਹੁ ਜ਼ਰੂਰੀ ਏਕਤਾ ਅਕਸੀਰ ਦਾ।

ਦੌਲਤਾਂ ਦੇ ਜ਼ੋਰ ਇਹ ਤੇ ਅਮਨ ਨੱਢੀ ਖੋਹ ਖੜੇ
ਕਦਤਲਕ ਇਹ ਹਰਨ ਕਰਸੀ ਅਮਨ-ਡੋਲਾ ਹੀਰਦਾ

ਆਉਣ ਵਾਲੀ ਨਸਲ ਭੋਗੇ ਨਾ ਗ਼ੁਲਾਮੀਂ ਏਸ ਦੀ
ਰੁਖ਼ ਬਦਲਣਾ ਹੀ ਪਵੇਗਾ ਧਰਤ ਦੀ ਤਸਵੀਰ ਦਾ।

-337-

ਤੇਰਾ ਚਕੋਰ ਬਣ ਕੇ ਮੈਂ ਤੇ ਉਡਾਣ ਭਰਦਾਂ
ਰਿਸ਼ਮਾਂ ਚ ਨ੍ਹਾਕੇ ਰਾਤੀਂ ਤੇਰਾ ਮੈਂ ਵਿਰਦ ਕਰਦਾਂ।

ਤੇਰਾ ਧਿਆਨ ਧਰਨਾ ਰੂਹ ਦੀ ਖ਼ੁਰਾਕ ਮੇਰੀ
ਏਸੇ ਲਈ ਮੈਂ ਤੇਰਾ ਹਰਦਮ ਧਿਆਨ ਧਰਦਾਂ।

ਬੀਤੇ ਅਤੀਤ ਦੀ ਵੀ ਰਖਣੀ ਹੈ ਲਾਜ ਬਣਦੀ
ਖੰਭਾਂ ਦੇ ਨਾਲ ਚੌਰੀ ਏਸੇ ਲਈ ਮੈਂ ਕਰਦਾਂ।

ਰਾਤਾਂ ਦੀ ਰਾਤ ਰਾਣੀ ਖਿੜਦੀ ਜਿਵੇਂ ਹੈ ਰਾਤੀਂ
ਮਹਿਕਾਂ 'ਚ ਨ੍ਹਾਕੇ ਰਾਤੀਂ ਭਵਜਲ ਮੈਂ ਰੋਜ਼ ਤਰਦਾਂ।

ਰਸਤੇ 'ਚ ਬਣਕੇ ਲੇਟਾਂ ਘਾਹਾਂ ਦੇ ਵਾਂਗ ਮੈਂ ਤੇ
ਅਪਣੀ ਮੈਂ ਹੋਂਦ ਤੇਰੇ ਪੈਰਾਂ ਦੇ ਹੇਠ ਧਰਦਾਂ।

ਸੀਤਲ ਸਰੋਵਰਾਂ ਦਾ ਬਣਕੇ ਤੂੰ ਆਬ ਚਮਕੇਂ
ਏਸੇ ਲਈ ਉਪਾਸ਼ਕ ਤੇਰੇ ਮੈਂ ਯਾਰ ਦਰ ਦਾਂ।

ਕੂੜਾਂ ਨੂੰ ਭਾਂਜ ਦੇਕੇ ਨੇਕੀ ਦੇ ਤੋਰ ਰਸਤੇ
ਸੱਚੇ ਦਾ ਮੈਂ ਤੇ ਮਾਰਗ ਤੋਰਾਂਗਾ ਵਾਂਗ ਮਰਦਾਂ।

ਖ਼ਾਬੋ ਖ਼ਿਆਲ ਤੇਰੇ ਵਸਦੇ ਨੇ ਦਿਲ 'ਚ ਮੇਰੇ
ਦੇਵਣ ਜੋ ਸੇਧ ਮੈਨੂੰ ਉਹਨਾਂ 'ਚ ਮੈਂ ਵਿਚਰਦਾਂ।

ਸ਼ੀਸ਼ਾ ਵੀ ਜਦ ਮੈਂ ਵੇਖਾਂ ਦਿਸਦਾ ਹੈਂ ਯਾਰ ਤੂੰ ਹੀ
ਡੂੰਘੇ ਮੈਂ ਵਿਚ ਖ਼ਿਆਲਾਂ ਆਪੇ ਹੀ ਜਾ ਉਤਰਦਾਂ।

ਦੁਨੀਆਂ ਦੇ ਇਹ ਝਮੇਲੇ ਮੈਨੂੰ ਨਾ ਡੋਬ ਸਕਦੇ
ਤੇਰਾ ਧਿਆਨ ਧਰਦਾਂ ਆਪੇ ਹੀ ਫਿਰ ਉਭਰਦਾਂ।

-338-

ਕਿਹੜੀ ਹੈ ਗੱਲ ਯਾਰਾ ਰਖਦੀ ਉਦਾਸ ਤੈਨੂੰ
ਛੇੜਾਂ ਕੀ ਗੱਲ ਐਸੀ ਦੇਵੇ ਨਿਘਾਸ ਤੈਨੂੰ।

ਜੀਵਣ ਦੇ ਰੰਗ ਮਾਣੇ ਰੀਝਾਂ ਜਵਾਨ ਹੋਈਆਂ
ਆਏ ਉਹ ਰੰਗ ਸਾਰੇ ਜੋ ਸੀ ਕਿਆਸ ਤੈਨੂੰ।

ਐਵੇਂ ਸੁਭਾ ਬਣਾ ਨਾ ਮੂੰਹ ਨੂੰ ਉਦਾਸ ਰਖਣਾ
ਰਖਣਾ ਹੈ ਫਰਜ਼ ਬਣਦਾ ਖ਼ੁਸ਼ੀਆਂ ਦਾ ਪਾਸ ਤੈਨੂੰ।

ਕਾਰਣ ਬਿਨਾ ਹੀ ਜੇਕਰ ਰੱਖੇਂ ਉਦਾਸ ਚਿਹਰਾ
ਲਗਦਾ ਕੋਈ ਨਾ ਬਾਕੀ ਜੀਵਣ ਦੀ ਆਸ ਤੈਨੂੰ।

ਹੱਸੀਂ ਤੇ ਮੁਸਕਰਾਵੀਂ ਪੂਰਾ ਆਨੰਦ ਮਾਣੀ
ਜੀਵਣ ਤੋਂ ਜੇ ਤੂੰ ਚਾਹੇਂ ਦੇਵੇ ਵਿਗਾਸ ਤੈਨੂੰ।

ਨਕਲਾਂ ਨਾ ਕਰ ਤੂੰ ਐਵੇਂ ਹੋਰਾਂ ਦੀ ਰੀਸ ਕਰਕੇ
ਐਵੇਂ ਭੁਲਾ ਨਾ ਦੇਵੇ ਤਨ ਦਾ ਲਿਬਾਸ ਤੈਨੂੰ।

ਖ਼ਬਰਾਂ ਜਹਾਨ ਸਾਰੇ ਪਹੁੰਚਣ ਜੇ ਤੇਰੀਆਂ ਕੀ
ਭੁਲਿਆ ਹੀ ਜਾਪਦਾ ਹੈ ਮਨ ਦਾ ਵਿਕਾਸ ਤੈਨੂੰ।

ਰੁਲਗੇ ਜੇ ਪੁੱਤ ਧੀਆਂ ਓਹੀ ਨਾ ਸਾਂਭ ਹੋਏ
ਖੋਪੇ ਲਗਾਕੇ ਜੋਇਆ ਜੀਵਣ ਖਰਾਸ ਤੈਨੂੰ।

ਇਹ ਵਕਤ ਜੋ ਤੂੰ ਐਂਵੇਂ ਗੱਲਾਂ 'ਚ ਹੀ ਗਵਾਵੇਂ
ਕਿੰਨਾ ਹੈ ਇਹ ਜ਼ਰੂਰੀ ਕੀ ਹੈ ਕਿਆਸ ਤੈਨੂੰ?

ਤੇਰੇ ਵਿਯੋਗ ਤੜਪੇ ਰਾਤੀਂ ਦਿਨੇ ਅਸੀਂ ਤਾਂ
ਹੋਇਆ ਕਦੀ ਨਾ ਯਾਰਾ ਮੇਰਾ ਅਭਾਸ ਤੈਨੂੰ।

-339-

ਹੱਥਾਂ 'ਚ ਸਭ ਜਹਾਨ ਦੀ  ਫੜਦਾ ਜੋ ਡੋਰ ਸੀ
ਆਖ਼ਰ ਕਿਆਮ ਉਸਦਾ  ਮਿੱਟੀ ਦੀ ਗੋਰ ਸੀ।

ਰਾਹਾਂ ਦੀ ਤਪਸ਼  ਠਾਰਿਆ ਬਲਦਾ ਸਰੀਰ ਵੀ
ਆਪੇ ਪਿਆਸ ਬੁਝ ਗਈ  ਚਾਹਤਦਾ ਜ਼ੋਰਸੀ।

ਤੇਰੀ ਹੀ ਭਾਲ ਕਰਦੇ ਹੈ ਸ਼ਾਮ ਹੋ ਗਈ
ਖ਼ਾਮੋਸ਼ ਸਾਰਾ ਹੋ ਗਿਆ  ਜੰਗਲ ਦਾ ਸ਼ੋਰ ਸੀ।

ਖਰਦਾ ਹੀ  ਜਾ ਰਿਹਾ ਹੈ  ਪੱਥਰ ਵੀ  ਵੇਖ ਲੈ
ਇਸਨੂੰ ਮੁਲਾਇਮ ਖੋਰਦਾ ਪਾਣੀ ਦਾ ਖੋਰ ਸੀ।

ਡਰਦਾ ਰਿਹਾ ਮੈਂ ਐਂਵੇਂ ਪਰਛਾਂਵਿਆਂ ਤੋਂ ਰਾਤ
ਅੰਦਰ ਹੀ  ਵੜਕੇ ਮੇਰੇ  ਬੈਠਾ ਉਹ  ਚੋਰ ਸੀ।

ਛਣਕੇ ਤੇ  ਛਣ ਛਣਾਵੇ  ਸੁਰ ਤਾਲ  ਦੇ ਰਿਹਾ
ਸਭਨੂੰ ਹੀ ਮਸਤ ਕਰਦਾ ਝਾਂਜਰ ਦਾ ਬੋਰ ਸੀ।

ਧਰਮਾਂ ਦੀ  ਜੰਗ  ਅੰਦਰ  ਬੰਦੇ ਤਾਂ  ਬਚ ਗਏ
ਜ਼ਖ਼ਮੀਂ ਜ਼ਮੀਰ ਹੋਇਆ  ਪੀੜਾ ਵੀ ਘੋਰ ਸੀ।

# ਸੁਲਗਦੀ ਲੀਕ

## ਦੋ ਸ਼ਬਦ

ਚੌਥਾ ਸੰਗ੍ਰਹਿ 'ਰੌਸ਼ਨੀ ਦੀ ਭਾਲ' ਛਾਪਣ ਪਿੱਛੋਂ ਮੈਂ ਸੋਚਿਆ ਸੀ ਕਿ ਬਸ ਹੁਣ ਮੈਂ ਹੋਰ ਗ਼ਜ਼ਲਾਂ ਨਹੀਂ ਲਿਖਣੀਆਂ ਪਰ ਕੀ ਕਰਾਂ ਜਦ ਖਿਆਲ ਆਉਂਦੇ ਨੇ ਤਾਂ ਕਲਮ ਆਪੇ ਹੀ ਵਹਿ ਤੁਰਦੀ ਹੈ–

ਮੇਰੀ ਇਹ ਬੇਬਸੀ ਹੈ ਲਿਖਣੇ ਖਿਆਲ ਯਾਰਾ
ਥਰਕੇ ਤੇ ਥਰ ਥਰਾਵੇ ਦਿਲ ਦਾ ਅਜੀਬ ਪਾਰਾ।

ਵਹਿੰਦਾ ਹੀ ਮੈਂ ਤੇ ਜਾਵਾਂ ਛੱਲਾਂ ਦੇ ਨਾਲ ਜਾਣੋ
ਆਪੇ ਹੀ ਵਹਿ ਤੁਰੇ ਜਦ ਸੋਚਾਂ ਦੀ ਗੰਗ ਧਾਰਾ।

ਨਿਰਮਲ ਮਲੂਕ ਸੁਪਨੇ ਸ਼ਬਦਾਂ ਦੇ ਪਹਿਣ ਵਸਤਰ
ਦਿਲ ਨੂੰ ਨੇ ਆਣ ਲਾਉਂਦੇ ਕੈਸਾ ਰੰਗੀਨ ਲਾਰਾ।

ਸੁਰ ਤਾਲ ਦੀ ਸਿਆਣੀ ਗ਼ਜ਼ਲਾਂ ਦੀ ਇਹ ਸਵਾਣੀ
ਜਾਦੂ ਹੈ ਆਣ ਕਰਦੀ ਐਸਾ ਇਹ ਟੂਣੇ ਹਾਰਾ।

ਜਲਵਾ ਅਜੀਬ ਤਾਰੀ ਹੋਂਦਾ ਹੈ ਫਿਰ ਸੁਤਾ ਤੇ
ਆਪੇ ਬਣੇ ਇਹ ਕਸ਼ਤੀ ਆਪੇ ਹੀ ਇਹ ਕਿਨਾਰਾ।

ਜੀਵਨ ਦੇ ਰਸ ਮਿਲੇ ਜੋ ਅਪਣੀ ਜ਼ਬਾਨ* ਵਿੱਚੋਂ
ਤਾਂਹੀ ਉਤਾਰ ਸਕਿਆਂ ਅਪਣਾ ਮੈਂ ਕਰਜ਼ ਸਾਰਾ।

ਜੀਵਨ ਦੀ ਤਰਬ ਛੇੜੇ ਖ਼ੁਸ਼ੀਆਂ ਤੇ ਗ਼ਮ ਜੋ ਮੇਰੇ
ਆਪੇ ਫੜਾ ਨੇ ਦੇਂਦੇ ਮੈਨੂੰ ਤੇ ਕਲਮ ਯਾਰਾ।

ਛਮਛਮ ਨੇ ਆਣ ਵਰ੍ਹਦੇ ਬਰਖਾ ਦੇ ਵਾਂਗ ਯਾਰੋ
ਗ਼ਜ਼ਲਾਂ ਤੇ ਗੀਤ ਆਪੇ ਕਰਦੇ ਨੇ ਆ ਉਤਾਰਾ।

ਬਖਸ਼ੀ ਇਨ੍ਹਾਂ ਜਵਾਨੀ ਸੁਪਨੇ ਸਕਾਰ ਕੀਤੇ
ਮੁੜਕੇ ਜਵਾਨ ਹੋਇਆ ਸੰਧੂ ਜਿਵੇਂ ਦੁਬਾਰਾ।

* ਪੰਜਾਬੀ

ਏਸ ਤੋਂ ਵੱਧ ਹੋਰ ਕੀ ਕਹਾਂ। 'ਸੁਲਗਦੀ ਲੀਕ' ਗ਼ਜ਼ਲ ਸੰਗ੍ਰਹਿ ਸੁਹਿਰਦ ਪਾਠਕਾਂ ਦੇ ਰੂਬਰੂ ਹੈ। ਕੈਲਗਰੀ ਵਿਚ ਛਪਣ ਕਰਕੇ ਮੇਰੀਆਂ ਰਚਨਾਵਾਂ ਪੰਜਾਬ ਨਹੀਂ ਪਹੁੰਚੀਆਂ। ਜੇ ਹੋ ਸਕਿਆ ਏਸੇ ਵਰ੍ਹੇ ਪੰਜਾਬ ਜਾਕੇ ਆਪਣੀਆਂ ਹੁਣ ਤਕ ਪੰਜਾਂ ਪੁਸਤਕਾਂ ਵਿੱਚ ਛਪੀਆਂ 423 ਗ਼ਜ਼ਲਾਂ ਇਕੋ ਜਿਲਦ 'ਚ ਪੰਜਾਬ ਦੇ ਪਾਠਕਾਂ ਨੂੰ ਪੇਸ਼ ਕਰਨ ਦਾ ਯਤਨ ਕਰਾਂਗਾ।

*–ਸ਼ਮਸ਼ੇਰ ਸਿੰਘ ਸੰਧੂ*

-340-

ਪੈਰ ਨੰਗੇ ਬਿਖਮ ਰਸਤਾ ਔਂਦਾ ਤੇਰੇ ਤੀਕ ਹੈ
ਯਾਦ ਤੇਰੀ ਹੈ ਸਤਾਂਦੀ ਸੁਲਗਦੀ ਇਕ ਲੀਕ ਹੈ।

ਨਾ ਕਦੀ ਰਸਤੇ ਤੇ ਵਿਛੀਆਂ ਫੁੱਲ ਕਲੀਆਂ ਇਸ਼ਕ ਦੇ
ਨਾ ਕਿਸੇ ਜਾਣੀਹੈ ਵਿਥਯਾ ਦਿਲ ਦੀ ਕੀ ਤਹਿਕੀਕ*ਹੈ।

* ਹਾਲਤ

ਚਾਨਣਾ ਹੈ ਦਿਲ ਦਾ ਮੈਨੂੰ ਰਾਹ ਰਸਤੇ ਦੱਸਦਾ
ਚਾਹੇ ਰਸਤਾ ਔਝੜੀਂ ਤੇ ਘੋਰ ਹੀ ਤਾਰੀਕ* ਹੈ।

* ਹਨੇਰਾ

ਬੰਦਸ਼ਾਂ ਤੇ ਬੇੜੀਆਂ ਨੇ ਭਾਗ ਮੇਰੇ ਹੀ ਸਦਾ
ਇਸ਼ਕ ਪੈਰਾਂ ਮੇਰਿਆਂ ਨੂੰ ਦੇ ਰਿਹਾ ਤਹਿਰੀਕ* ਹੈ।

*ਹਰਕਤ

ਤੋੜਕੇ ਰਸਮਾਂ ਦੀ ਬੰਦਸ਼ ਵੇਗ ਆਏ ਚਾਲ ਵਿਚ
ਖ਼ਾਰ ਚਾਹੇ ਨੇ ਵਿਛੇ ਮੰਜ਼ਲ ਵੀ ਹੁਣ ਨਜ਼ਦੀਕ ਹੈ।

ਰਾਣਿਆਂ ਤੇ ਰਾਜਿਆਂ ਨੇ ਰਾਜ ਕੀਤਾ ਧਰਤ ਤੇ
ਇਸ਼ਕ ਦਿਲ ਤੇ ਰਾਜ ਕਰਦਾ ਜੀਣਦਾ ਪਰਤੀਕ ਹੈ।

ਪੁਲਸਰਾਤੋਂ ਲੰਘਣਾ ਸੁਣਦੇ ਹਾਂ ਮੁਸ਼ਕਲ ਹੈ ਬੜਾ
ਪੁਲ ਮੁਹੱਬਤ ਦਾ ਪਿਆਰੇ ਓਸ ਤੋਂ ਬਾਰੀਕ ਹੈ।

ਮੰਗਦੀ ਹੈ ਧਰਤ ਸਾਰੀ ਛਾਂਵ ਠੰਡੀ ਪਿਆਰ ਦੀ
ਪਿਆਰ ਰੂਹਾਂ ਨੂੰ ਮਿਲਾਵੇ, ਰੱਬ ਦਾ ਪਰਤੀਕ ਹੈ।

-341-

ਨ੍ਹੇਰੀ ਤੁਫਾਨ ਵਾਲੀ ਪੰਛੀ ਤੇ ਰਾਤ ਗੁਜ਼ਰੀ
ਤੁਰਦੇ ਉਜਾੜ ਪੈਂਡੇ ਮੇਰੀ ਹਯਾਤ* ਗੁਜ਼ਰੀ।

ਠਹਿਰੇ ਮਹੌਲ ਪਾਉਂਦੇ ਐਂਵੇਂ ਹੀ ਆ ਭੁਲੇਖਾ
ਸਮਝੀਂ ਨਾ ਐ ਦਿਲਾ ਤੂੰ ਗ਼ਮ ਦੀ ਅਫਾਤ ਗੁਜ਼ਰੀ।

ਕਰਦੇ ਸੀ ਆ ਸਲਾਮਾਂ ਗ਼ਰਜ਼ਾਂ ਦੇ ਜੋ ਸੀ ਮਾਰੇ
ਫਿਰਦੇ ਨੇ ਮੂੰਹ ਭਵਾਈ ਪਿਛਲੀ ਹੈ ਬਾਤ ਗੁਜ਼ਰੀ।

ਚੁਗਲਾਂ ਦੇ ਵਾਂਗ ਹੈ ਸੀ ਕਿਰਦਾਰ ਮੀਸਣੇ ਦਾ
ਹਾਲੀ ਵੀ ਲਾਕੇ ਬੈਠਾ ਜਾਣੀ ਨਾ ਘਾਤ ਗੁਜ਼ਰੀ।

ਜਲਵਾ ਵਖਾਕੇ ਛੁਪਦੇ ਕਰਦੇ ਹੋ ਫਿਰ ਸ਼ਰਾਰਤ
ਸਾਨੂੰ ਅਜੇ ਵੀ ਚੇਤੇ ਸਜਣਾ ਉਹ ਝਾਤ ਗੁਜ਼ਰੀ।

ਦੌਲਤ ਦੇ ਲਾਲਚਾਂ ਨੇ ਤੋੜੇ ਨੇ ਸਭ ਹੀ ਰਿਸ਼ਤੇ
ਕੋਈ ਨਾ ਆਕੇ ਪੁੱਛੇ ਮੇਰੀ ਤੇ ਵਾਤ ਗੁਜ਼ਰੀ।

ਮੁਲਕਾਂ ਦੀ ਵੰਡ ਯਾਰੋ ਕੀਤਾ ਸੀ ਘਾਣ ਐਸਾ
ਜੜ੍ਹ ਹੀ ਪਕੜ ਨਾ ਪਾਏ ਉਮਰਾ ਹੀ ਮਾਤ ਗੁਜ਼ਰੀ।

* ਜ਼ਿੰਦਗੀ

-342-

ਮੈਂ ਜ਼ਿੰਦਗੀ ਚੋਂ ਕਿਸਤਰ੍ਹਾਂ ਇਹ ਕਾਲਖਾਂ ਮਿਟਾ ਸਕਾਂ
ਨਿਤਾਣਿਆਂ ਨੂੰ ਤਾਣ ਦੇ ਕੇ ਮਾਨ ਵੀ ਦੁਆ ਸਕਾਂ।

ਮੇਰਾ ਤੇ ਦਿਲਹੈ ਭਾਲਦਾ ਉਹ ਅਜ਼ਮਤਾਂ ਨਿਰਾਲੀਆਂ
ਕਿ ਰੌਸ਼ਨੀ ਦੇ ਧੌਲਰਾਂ ਤੇ ਬੁਰਜ ਹੋਰ ਲਾ ਸਕਾਂ।

ਅਜੀਬ ਰੰਗ ਬਖ਼ਸ਼ਿਆ ਹੈ ਮਾਨਵੀ ਜੋ ਸੋਚ ਨੇ
ਮੈਂ ਰੰਗ ਏਸ ਸੋਚ ਦਾ ਜੇ ਹੋਰ ਵੀ ਵਧਾ ਸਕਾਂ।

ਜੋ ਰਹਿਬਰਾਂ ਤੇ ਮਾਨ ਸੀ ਨਾ ਮਾਨ ਉਹਤੇ ਰਖ ਸਕੇ
ਮੈਂ ਰਹਿਬਰਾਂ ਦੀ ਰਹਿਜ਼ਨੀ ਦਾ ਤੋੜ ਕੋਈ ਪਾਸਕਾਂ।

ਜੇ ਦਹਿਸ਼ਤਾਂ ਦੇ ਨਾਚ ਨੂੰ ਵੀ ਨੱਥ ਪਾ ਸਕੇ ਕਦੀ
ਉਮੀਦ ਫੇਰ ਬਣ ਸਕੇਗੀ ਅੰਬਰਾਂ ਤੇ ਛਾ ਸਕਾਂ।

ਟਿਕੀ ਨਜ਼ਰ ਸਵੇਰ ਤੇ ਕਿ ਰੌਸ਼ਨੀ ਦੀ ਭਾਲ ਹੈ
ਮਥੇ ਤੇਰੇ ਮੈਂ ਰੌਸ਼ਨੀ ਦੀ ਕਿਰਨ ਇਕ ਸਜਾ ਸਕਾਂ।

ਕਟਾਕੇ ਪਰ ਵੀ ਸੋਚਦਾਂ ਮੈਂ ਸਾਥੀਆਂ 'ਚ ਜਾ ਰਲਾਂ
ਤੇ ਪਿੰਜਰੇ ਨੂੰ ਤੋੜਕੇ ਮੈਂ ਤਾਰੀਆਂ ਲਗਾ ਸਕਾਂ।

ਗਲੀਆਂ ਉਦਾਸ ਹੋਈਆਂ ਉਜੜੇ ਹੀ ਸਭ ਬਜ਼ਾਰ ਨੇ
ਡੇਰੇ ਨੇ ਜਾ ਕਨੇਡਾ ਲਾਏ ਜਦੋਂ ਦੇ ਯਾਰ ਨੇ।

ਪਾਈਆਂ ਜਦੋਂ ਸੀ ਪ੍ਰੀਤਾਂ ਲਾਰੇ ਬੜੇ ਸੀ ਲਾਏ
ਦੇਣਾ ਕੀ ਓਸ ਮੈਨੂੰ ਨੀਤਾਂ ਵੀ ਹੁਣ ਉਡਾਰ ਨੇ।

ਖ਼ਤ ਵੀ ਕਦੇ ਨਾ ਪਾਵੇ ਚੁੱਕੇ ਨਾ ਫੋਨ ਕੋਈ
ਕਿਹਦੇ ਮੈਂ ਨਾਲ ਹੁਣ ਨੇ ਸ਼ਿਕਵੇ ਗਿਲੇ ਗੁਜ਼ਾਰਨੇ।

ਡਾਢਾਂ ਉਦਾਸ ਹੋਵੇ ਦਿਲ ਜਾਂ ਇਹ ਨਿਮਾਣਾ
ਮੱਤਾਂ ਮੈਂ ਆਪ ਦੇਵਾਂ! ਦੇਣਾ ਕੀ ਇਸ ਵਪਾਰ ਨੇ?

ਉਸ ਦੇ ਹੀ ਸੁਪਨ ਲੈਂਦੇ ਤੜ੍ਹਕੇ ਸੀ ਅੱਖ ਲੱਗੀ
ਵੈਰੀਸੀ ਬਣ ਜਗਾਇਆ ਕਣੀਆਂਦੀ ਇਕ ਫੁਹਾਰਨੇ

ਆਵੇਂ ਕਦੀ ਜੇ ਮੁੜ ਕੇ, ਤੈਨੂੰ ਬਹਾ ਕੇ ਪੁੱਛਾਂ
ਮੇਰੇ ਵੀ ਦਿਲ 'ਚ ਸ਼ਿਕਵੇ ਵੈਸੇ ਤਾਂ ਬੇਸ਼ੁਮਾਰ ਨੇ।

ਦੂਰੀ ਦੇ ਮਾਮਲੇ ਨੇ ਦਿਲ ਤੋਂ ਨਾ ਪਰ ਭੁਲਾਵੀਂ
ਏਸੇ ਹੀ ਆਸ ਉੱਤੇ ਯਾਦਾਂ 'ਚ ਪਲ ਗੁਜ਼ਾਰਨੇ।

ਮੇਰੇ ਨੇ ਵਾਲ ਖਿਲਰੇ ਮੇਰੇ ਖ਼ਿਆਲ ਵਾਂਗੂੰ
ਮੇਰੇ ਨਸੀਬ ਕਿੱਥੇ ਵਾਲਾਂ 'ਚ ਫੁਲ ਸਵਾਰਨੇ।

ਭਰਸੇ ਕਣੀ ਨਾ ਜਿੱਥੇ ਹੋਇਆ ਵਿਰਾਨ ਵਿਹੜਾ
ਫੇਰਾ ਕਦੋਂ ਹੈ ਪਾਣਾ ਵਿਛੜੀ ਹੋਈ ਬਹਾਰ ਨੇ?

ਗਲਿਆਂ ਚੋਂ ਗੀਤ ਵਿਛੜੇ ਪੋਟੇ ਤੋਂ ਤਾਰ ਵਿਛੜੇ
ਕਿੱਲੀਤੇ ਟੰਗੀ ਰਹਿਣਾ ਉਮਰਾ ਹੀ ਹੁਣ ਸਿਤਾਰਨੇ।

ਕਰਜ਼ਾ ਉਤਾਰ ਸਕਣਾ ਕੀਕਣ ਭਲਾ ਮੈਂ ਤੇਰਾ
ਪੀੜਾਂ ਦਾ ਢੋ ਢੁਕਾਇਆ ਯਾਰਾ ਤਿਰੇ ਪਿਆਰ ਨੇ।

ਗੁੰਬਦ ਪਿਆ ਇਹ ਗੂੰਜੇ ਮੁੜਕੇ ਅਵਾਜ਼ ਆਵੇ
ਤੇਰਾ ਹੀ ਨਾਮ ਲੈਣਾ ਮੇਰੇ ਤਾਂ ਇਸ ਮਜ਼ਾਰ ਨੇ।

ਬੜਾ ਜ਼ੋਰ ਨ੍ਹੇਰੇ ਨੇ ਅਪਣਾ ਹੈ ਲਾਇਆ
ਕਦੀ ਉਸਤੋਂ ਚਾਨਣ ਗਿਆ ਨਾ ਭਜਾਇਆ।

ਇਹ ਚਾਨਣ ਹਨੇਰੇ ਦੀ ਲੀਲਾ ਨਿਆਰੀ
ਕੀ ਚਾਨਣ ਹੈ ਅੱਗੇ ਕਿ ਅੱਗੇ ਹੈ ਸਾਇਆ?

ਲਗਾਵੇ ਹਨੇਰੇ ਦੇ ਪਿੱਛੇ ਜੋ ਦੌੜਾਂ
ਸਦਾ ਉਸ ਨੂੰ ਨ੍ਹੇਰੇ ਨੇ ਖਾਤੇ ਹੈ ਪਾਇਆ।

ਜਦੋਂ ਲੋ ਹੈ ਚਾਨਣ ਦੀ ਘਟਦੀ ਵਧੇਰੇ
ਹਨੇਰੇ ਸਦਾ ਆਣ ਚਾਨਣ ਦਬਾਇਆ।

ਹਨੇਰੇ ਤੇ ਚਾਨਣ ਦੀ ਅਜ਼ਲੋਂ ਲੜਾਈ
ਸਦਾ ਆਣ ਚਾਨਣ ਨੇ ਨ੍ਹੇਰਾ ਹਟਾਇਆ।

ਜੋ ਧਰਮਾਂ ਦੇ ਨਾਂ ਤੇ ਫਲਾਵਣ ਹਨੇਰੇ
ਉਹ ਆਖਣ ਗ਼ਰੀਬੀ ਨੂੰ ਰਬ ਦੀ ਹੈ ਮਾਯਾ।

ਜੋ ਕਹਿੰਦੇ ਹਨੇਰੇ ਭਜਾਵਣਗੇ ਅੱਗੇ
ਦਬੇ ਪੈਰ ਪਿੱਛੇ ਹਨੇਰਾ ਹੈ ਆਇਆ।

ਜੋ ਸਾਹਸ ਨੇ ਕਰਦੇ ਭਜਾਵਣ ਹਨੇਰੇ
ਨਿਤਾਣੇ ਵਿਚਾਰੇ ਤਾਂ ਸਿਰ ਹੀ ਝੁਕਾਇਆ।

ਜੋ ਖੋਜੇ ਉਹ ਪਾਵੇ ਬਣੀ ਹੈ ਕਹਾਵਤ
ਜੋ ਲਾਵੇਗਾ ਬੂਟੇ ਉਹ ਮਾਣੇਗਾ ਛਾਇਆ।

ਮੈਂ ਜੁਗਨੂੰ ਬਣਾਗਾ ਮੈਂ ਚਾਨਣ ਬਣਾਗਾ
ਹਨੇਰਾ ਹਟਾਕੇ ਜੋ ਰਸਤਾ ਵਖਾਇਆ।

ਇਹ ਧਰਤੀ ਹੈ ਮਾਤਾ ਵਿਚਾਰੋ ਇਹ ਸਾਰੇ
ਸਦਾ ਸੀਸ ਇਸਨੂੰ ਹੈ ਮੈਂ ਤੇ ਝੁਕਾਇਆ।

ਮੈਂ ਕੁਰਬਾਨ ਹੋਵਾਂ ਵਤਨ ਤੋਂ ਹਮੇਸ਼ਾ
ਸਦਾ ਇਸਦੀ ਮਿੱਟੀਨੂੰ ਮੱਥੇ ਮੈਂ ਲਾਇਆ।

ਰਹਿੰਦਾ ਹੈ ਯਾਰ ਮੇਰਾ ਬੇਸ਼ਕ ਹਜਾਬ* ਵਿਚ
ਮਿਲਦਾ ਹੈ ਰੋਜ਼ ਮੈਨੂੰ ਆਕੇ ਉਹ ਖ਼ਾਬ ਵਿਚ।

* ਪਰਦਾ

ਕਰਦੇ ਨਹੀਂ ਉਹ ਚਾਹੇ ਭੋਰਾ ਵੀ *ਇਹਤਰਾਮ
ਰਹਿੰਦੇ ਹਾਂ ਪਰ ਅਸੀਂ ਤੇ ਪੂਰੇ ਅਦਾਬ ਵਿਚ।

* ਇੱਜ਼ਤ

ਕੈਸਾ ਹੈ ਵਕਤ ਆਇਆ ਸਭਕੁਛ ਬਦਲ ਗਿਆ
ਰੰਗਤ ਰਹੀ ਨਾ ਖੁਸ਼ਬੂ ਹੁਣ ਤੇ ਗੁਲਾਬ ਵਿਚ।

ਸੁਹਣਾ ਪੰਜਾਬ ਸਭ ਨੂੰ ਦੇਂਦਾ ਅਨਾਜ ਸੀ
ਮਰਦਾ ਕਿਸਾਨ ਭੁੱਖਾ ਹੁਣ ਤੇ ਪੰਜਾਬ ਵਿਚ।

ਮੱਖਣ ਮਲਾਈ ਭੁੱਲੇ ਗਭਰੂ ਪੰਜਾਬ ਦੇ
ਕਰਦੇ ਨਸ਼ੇ ਨੇ ਸਾਰੇ ਡੁੱਬੇ ਸ਼ਰਾਬ ਵਿਚ।

ਏਸੇ ਤਰ੍ਹਾਂ ਜੇ ਲੋਕੋ ਇੱਲਤ ਰਹੇ ਗੀ ਲਗੀ
ਨਸ਼ਿਆਂ ਨੇ ਡੋਬ ਲੈਣਾ ਅਪਣੇ ਅਜ਼ਾਬ ਵਿਚ।

ਭੁੱਲੇ ਨੇ ਕਿਉ ਪੰਜਾਬੀ ਅਪਣੀ ਜ਼ੁਬਾਨ ਹੀ
ਸਤਲੁਜ ਬਿਆਸ ਰਾਵੀ ਜਿਹਲਮ ਚਨਾਬ ਵਿਚ।

ਸਭ ਗੀਤ ਉਹ ਇਲਾਹੀ ਭੁੱਲੇ ਨੇ ਲੋਕ ਵੀ
ਸਰਗਮ ਬਦਲ ਗਈ ਹੈ ਹੁਣ ਤੇ ਰਬਾਬ ਵਿਚ।

ਹੁਣ ਤੇ ਮਿਜ਼ਾਜ ਬਦਲੇ ਬਦਲੇ ਨੇ ਤੌਰ ਵੀ
ਰੁੱਖਾ ਹੀ ਬੋਲਦੇ ਨੇ ਬੱਚੇ ਜਵਾਬ ਵਿਚ।

ਛੱਡੋ ਇਹ ਵਾਅਜ਼* ਕਰਨਾ ਦਿਲ ਦੀ ਸੁਣੋ ਕਦੀ
ਛੁਪਦੀ ਨਹੀਂ ਸਫੇਦੀ ਹੁਣ ਤੇ ਖ਼ਜ਼ਾਬ ਵਿਚ।

* ਨਸੀਹਤ

ਬਖਸ਼ੀ ਖ਼ੁਦਾ ਨੇ ਤੈਨੂੰ ਸੂਰਤ ਕਮਾਲ ਦੀ
ਆਕੜ ਵੀ ਆ ਗਈ ਹੈ ਤਾਂ ਹੀ ਜਨਾਬ ਵਿਚ।

ਬੀਤੇ ਕੀ ਨਾਲ ਮੇਰੇ ਇਹ ਤਾਂ ਖ਼ੁਦਾ ਹੀ ਜਾਣੇ
ਬਿਜਲੀ ਛੁਪਾ ਕੇ ਰੱਖੇਂ ਯਾਰਾ ਨਕਾਬ ਵਿੱਚ।

-346-

ਦੇਖੋ ਨਾ ਡੁੱਬ ਜਾਏ ਕਿਸ਼ਤੀ ਤੂਫਾਨ ਘੇਰੇ
ਮੰਜ਼ਲ ਨਾ ਪਹੁੰਚ ਪਾਏ ਚੀਰੇ ਨਾ ਜੋ ਹਨੇਰੇ।

ਪੂਰਾ ਯਕੀਨ ਮੈਨੂੰ ਆਵੇਂਗਾ ਤੂੰ ਜ਼ਰੂਰੀ
ਰਸਤੇ 'ਚ ਤਾਂ ਹੀ ਬੈਠਾ ਲਾਕੇ ਹਾਂ ਯਾਰ ਡੇਰੇ।

ਢੂੰਡੇਂਗੀ ਆਣ ਮੈਨੂੰ ਬਾਹਾਂ ਨੂੰ ਜਦ ਉਲਾਰੀ
ਮਸਤੀ ਸ਼ਰਾਬ ਵਰਗੀ ਮਿਲਦੀ ਹੈ ਸਾਥ ਤੇਰੇ।

ਲਗਦੀ ਹੈ ਇੰਜ ਮੈਨੂੰ ਸਾਰੀ ਬਜ਼ਮ* ਹੀ ਖ਼ਾਲੀ
ਜਿੱਥੇ ਨਾ ਯਾਰ ਮੇਰਾ ਮਹਿਫਿਲ ਨਾ ਕੰਮ ਮੇਰੇ।

* ਸਭਾ, ਮਹਿਫਿਲ

ਬਣਕੇ ਸੁਆ ਜਾਂ ਪੈਂਦੀ ਤੇਰੀ ਨਜ਼ਰ ਹੈ ਮਹਿਰਮ
ਰੌਸ਼ਨ ਜਹਾਨ ਹੋਂਦਾ ਹੋਂਦੇ ਨੇ ਤਦ ਸਵੇਰੇ।

ਮਨ ਦਾ ਇਹ ਮੋਰ ਨੱਚੇ ਸਾਵਣ ਨੂੰ ਵੇਖ ਔਂਦੇ
ਕਾਲੀ ਘਟਾ ਦੇ ਵਾਂਗੂੰ ਜਦ ਵਾਲ ਤੂੰ ਖਲੇਰੇ।

ਜਾਂਦੀ ਹਵਾ ਵੀ ਦੇਵੇ ਉਸ ਦੇ ਹੀ ਆ ਸੁਨੇਹੇ
ਆਵੇ ਜਾਂ ਯਾਰ ਮੇਰਾ ਮਹਿਕਣ ਇਹ ਤਦ ਚੁਫੇਰੇ।

-347-

ਔਂਦੇ ਖ਼ਿਆਲ ਤੇਰੇ ਕੈਸਾ ਕਮਾਲ ਕਰਦੇ
ਕਰਦੇ ਨੇ ਢਾ ਉਸਾਰੀ ਜਾਂਦੇ ਨਿਢਾਲ ਕਰਦੇ।

ਆਵਣ ਤੇ ਦੇਣ ਖ਼ੁਸ਼ੀਆਂ ਜਾਵਣ ਤਾਂ ਫਿਰ ਵਿਛੋੜਾ
ਨੈਣਾ 'ਚ ਬੀਜ ਸੁਪਨੇ ਕੈਸਾ ਵਿਸਾਲ ਕਰਦੇ।

ਗਰਦਨ ਤੇ ਫੇਰ ਛੁਰੀਆਂ ਕਾਤਲ ਉਹ ਮੁਸਕਰਾਵੇ
ਕੈਸੀ ਅਦਾ ਹੈ ਪਾਈ ਸਾਨੂੰ ਹਲਾਲ ਕਰਦੇ।

ਤੇਰੀ ਅਦਾ ਹੈ ਐਸੀ ਕੁਰਬਾਨ ਉਸ ਤੋਂ ਜਾਵਾਂ
ਤੇਵਰ ਅਸਾਂ ਨਾ ਬਦਲੇ ਤੇਰਾ ਖ਼ਿਆਲ ਕਰਦੇ।

ਯਾਰੀ ਤੇ ਮਰਨ ਵਾਲੇ ਸੋਚਣ ਨਾ ਹੋਰ ਕੁਛ ਵੀ
ਆਪਾ ਨਿਸਾਰ ਕਰਦੇ ਕੁਛ ਨਾ ਸਵਾਲ ਕਰਦੇ।

ਧਾਰਨ ਜੋ ਵਾਰਨੀ ਵੀ ਅਪਣੀ ਹੀ ਜਿੰਦ ਯਾਰਾ
ਨਾਹੀਂ ਗੁਰੇਜ਼* ਕਰਦੇ ਡਰ ਨਾ ਰਵਾਲ ਕਰਦੇ।

ਵੇਖਣ ਤੇ ਲੋਕ ਸੋਚਣ ਕੀ ਕਰ ਗਏ ਨੇ ਵੇਖੋ
ਆਪੇ ਨੂੰ ਵਾਰ ਉਹ ਤੇ ਕਾਇਮ ਮਸਾਲ ਕਰਦੇ।

* ਝਿਜਕਨਾ, ਭੱਜਣਾ

-348-

ਜਦੋਂ ਆਣ ਛੋਹੇਂ ਤੂੰ ਸੁਪਨੇ ਨੂੰ ਮੇਰੇ
ਸੁਨਹਿਰੀ ਸੁਨਹਿਰੀ ਨੇ ਫਿਰ ਖ਼ਾਬ ਤੇਰੇ।

ਇਹ ਖ਼ਾਬਾਂ ਦੀ ਦੁਨੀਆਂ ਬੜੀ ਹੈ ਨਿਰਾਲੀ
ਉਸਾਰੇ ਜੋ ਸੁਪਨੇ ਲਜਾਵਣ ਅਗੇਰੇ।

ਜੋ ਮਿਹਨਤ ਦੇ ਸੁਪਨੇ ਕਿਸਾਨੀ ਉਸਾਰੇ
ਇਹ ਲੋੜਾਂ ਤੇ ਥੋੜਾਂ ਹੀ ਪਾਵਣ ਆ ਘੇਰੇ।

ਸਿਆਸਤ ਇਹ ਕੈਸੀ ਜੋ ਲੋਕਾਂ ਨੂੰ ਪਾੜੇ
ਇਹ ਸਭ ਬਣ ਗਏਨੇ ਜੋ ਰਹਿਬਰ ਲੁਟੇਰੇ

ਇਹ ਤੰਤਰ ਇਹ ਮੰਤਰ ਕਹੋ ਲੋਕਤੰਤਰ
ਇਹ ਲੋਕਾਂ ਦੀ ਸੇਵਾ ਕਿ ਪੂਜੋ ਜਠੇਰੇ?

-349-

ਕਰੋ ਕੋਈ ਚਾਰਾ ਮਿਟਾਵੋ ਹਨੇਰੇ
ਬੜੇ ਲੋਕ ਹੋਏ ਨੇ ਦੁੱਖਾਂ ਦੇ ਘੇਰੇ।

ਦਬੀ ਕਾਮਿਆਂ ਦੀ ਨਸਲ ਕਰਜ਼ ਥੱਲੇ
ਜਹਾਲਤ ਗ਼ਰੀਬੀ ਦੇ ਦੁਖੜੇ ਘਨੇਰੇ।

ਇਹ ਪਾੜੇ ਤੇ ਵੰਡੀਆਂ ਨੇ ਹਰਏਕ ਥਾਂਵੇਂ
ਇਹ ਟੋਏ ਤੇ ਟਿੱਬੇ ਇਹ ਢਾਵੋ ਬਨੇਰੇ।

ਕਰੋ ਲਾਮ ਬੰਦੀ ਐ ਕਿਰਤੀ ਕਿਸਾਨੋ
ਤਦੇ ਵੇਖ ਸਕਨੇ ਨੇ ਦਿਨ ਵੀ ਭਲੇਰੇ।

ਇਹ ਧਰਮਾਂ ਤੇ ਨਸਲਾਂ ਦੀ ਵੰਡੀ ਨਬੇੜੋ
ਤਦੋਂ ਫੇਰ ਆਵਣ ਗੇ ਉਜਲੇ ਸਵੇਰੇ।

-350-

ਬਣਿਆਂ ਲਠੈਤ* ਅੱਗੇ ਦੁਨੀਆਂ ਹੈ ਲਾਈ ਫਿਰਦਾ
ਕਰਨੇ ਨੂੰ ਲੋਕ ਸਿੱਧੇ ਠੇਕਾ ਉਠਾਈ ਫਿਰਦਾ।

*ਲਠਬਾਜ਼ ਅਮ੍ਰੀਕਾ

ਲੋਕਾਂ ਦਾ ਰਾਜ ਆਖੇ ਦੁਨੀਆਂ ਤੇ ਮੈਂ ਲਿਔਣਾ
ਗੋਲਾ ਬਰੂਦ ਚਿਣਕੇ ਨੀਹਾਂ ਬਣਾਈ ਫਿਰਦਾ।

ਲੇਲੇ ਤੇ ਸ਼ੇਰ ਵਾਲੀ ਸੁਣਦੇ ਸਾਂ ਜੋ ਕਹਾਣੀ
ਓਸੇ'ਚ ਜੋੜ ਜੁਮਲੇ ਕਾਰਣ ਜੁਟਾਈ ਫਿਰਦਾ।

ਮਰਦੇ ਪਏ ਨੇ ਨਿਸਦਿਨ ਮਾਂਵਾਂ ਦੇ ਪੁੱਤ ਦੂਲੇ
ਕਾਰਣ ਬਣਾਕੇ ਝੂਠੇ ਕਰਦਾ ਲੜਾਈ ਫਿਰਦਾ।

ਮਜ਼ਹਬ ਤੇ ਰੰਗ ਨਸਲਾਂ ਬਣਦੇ ਰਹੇ ਨੇ ਕਾਰਣ
ਚੌਧਰ ਦੀ ਲਾਲਸਾ ਨੂੰ ਸਿਰਤੇ ਹੈ ਚਾਈ ਫਿਰਦਾ।

ਕੈਸਾ ਇਹ ਲੋਕਤੰਤਰ ਸੁਣਦਾ ਨਾ ਉਹ ਕਿਸੇਦੀ
ਰਾਵਣ ਦੇ ਵਾਂਗ ਹਉਮੇਂ ਐਨੀ ਵਧਾਈ ਫਿਰਦਾ।

-351-

ਅਪਣੇ ਲਹੂ ਦੀ ਲਾਟ ਨੂੰ ਚਾਨਣ ਬਣਾਓ ਦੋਸਤੋ
ਅਕਲਾਂ ਤੇ ਇਲਮਾਂ ਆਸਰੇ ਸਾਥੀ ਜਗਾਓ ਦੋਸਤੋ।

ਸਦੀਆਂ ਤੋਂ ਲੁਟਦਾ ਆਰਿਹਾ ਤਾਜਰ ਜ਼ਮਾਨਾ ਸਾਥੀਓ
ਹੁਣ ਵਿਸ਼ਵ ਭਰ ਤੇ ਫੈਲਿਆ ਰਲ ਠੱਲ੍ਹ ਪਾਓ ਦੋਸਤੋ।

ਪਹਿਲੇ ਤਰਾਜ਼ੂ ਰੱਖਦਾ ਸੀ ਵਾਂਗ ਚੋਰਾਂ ਠੱਗਣਾ
ਹੁਣ ਦਿਨ ਦਿਹਾੜੇ ਲੁੱਟਦਾ ਡਾਢਾ ਭਜਾਓ ਦੋਸਤੋ।

ਗੁਰਬਤ ਹਨੇਰ ਵਾਂਗ ਹੈ ਪਸਰੀ ਦਿਸ਼ਾ ਹਰੇਕ ਹੀ
ਹੈ ਕਾਟ ਕਰਨੀ ਕਿਸ ਤਰ੍ਹਾਂ ਸੋਝੀ ਲੜਾਓ ਦੋਸਤੋ।

ਸਾਥੀ ਬਣਾ ਲੌ ਆਪਣਾ ਉੱਦਮ ਜੋ ਦੇਵੇ ਰੌਸ਼ਨੀ
ਸਾਹਸ ਬਣਾਕੇ ਆਸਰਾ ਜੀਵਨ ਸਜਾਓ ਦੋਸਤੋ।

ਧਰਮਾਂ ਦੇ ਨਾਂ ਤੇ ਪਾ ਲਏ ਮੰਦਰ ਮਸੀਤਾਂ ਚਰਚ ਵੀ
ਹੁਣ ਜ਼ਾਤ ਮਾਨਵ ਦੇ ਲਈ ਘਰ ਵੀ ਬਣਾਓ ਦੋਸਤੋ।

-352-

ਨਾ ਅਪਣਾ ਬਗਾਨਾ ਹੈ ਕੋਈ ਵੀ ਏਥੇ
ਮੈਂ ਰਿਸ਼ਤੇ ਬਦਲਦੇ ਨੇ ਹਰ ਰੋਜ਼ ਵੇਖੇ।

ਪਵੇ ਲੋੜ ਸਾਥੀ ਨੇ ਰਸਤੇ ਦੇ ਬਣਦੇ
ਜ਼ਰਾ ਮੋੜ ਆਇਆ ਤਾਂ ਮੁੜਦੇ ਨੇ ਦੇਖੇ।

ਜਦੋਂ ਆਕੇ ਮਿਲਦੇ ਤਾਂ ਈਦਾਂ ਦੇ ਵਾਂਗੂੰ
ਭੁਲਾਵਣ ਦਿਲੋਂ ਵੀ ਜਾਂ ਬੈਠਣ ਜਾ ਪੇਕੇ।

ਜਦੋਂ ਬਾਤ ਮੇਰੀ ਉਹ ਮੰਨਦੇ ਨੇ ਰਹਿੰਦੇ
ਬੜੇ ਮੈਂ ਵੀ ਕਰਦਾ ਹਾਂ ਲੇਲੇ ਤੇ ਪੇਪੇ।

ਜ਼ਰਾ ਵੀ ਜੇ ਮਰਜ਼ੀ ਉਹ ਮੰਨੇ ਨਾ ਮੇਰੀ
ਤਾਂ ਮੂੰਹ ਮੈਂ ਫੁਲਾ ਕੇ ਜਾ ਬਹਿੰਦਾ ਹਾਂ ਠੇਕੇ।

ਕਦੋਂ ਘੱਟ ਕਰਦੀ ਹੈ ਬੀਬੀ ਉਹ ਰਾਣੀ
ਉਹ ਮਾਰੇ ਨਹੋਰੇ ਤੇ ਰਿਸ਼ਤੇ ਵੀ ਛੇਕੇ।

ਪਲੋ ਪਲ ਹੀ ਰਿਸ਼ਤੇ ਭੁਲਾਂਦੇ ਹਾਂ ਸਾਰੇ
ਹੈ ਬਣਦਾ ਤਮਾਸ਼ਾ ਕਿ ਆਲਮ ਵੀ ਵੇਖੇ।

ਸ਼ਕਾਇਤ ਨਾ ਕਰਦੇ ਰਿਆਇਤ ਨਾ ਲੈਂਦੇ
ਮੁਹੱਬਤ ਜੋ ਕਰਦੇ ਉਹ ਗਿਣਦੇ ਨਾ ਲੇਖੇ।

-353-

ਬੰਦਗੀ ਦਾ ਮੁੱਲ ਪਾਣਾ ਕੰਮ ਨਾ ਇਨਸਾਨ ਦਾ
ਯਾਰ ਸਹਿੰਸਾ ਕਿਉ ਕਰੇਂ ਤੂੰ ਮਾਨ ਤੇ ਅਪਮਾਨ ਦਾ।

ਰਸਤਿਆਂ ਦੇ ਰੋੜਿਆਂ ਦੀ ਰਾਸ ਆਈ ਦੋਸਤੀ
ਹੋਰ ਮੌਕਾ ਮਿਲ ਗਿਆ ਹੈ ਅਜ਼ਮ ਨੂੰ ਅਜ਼ਮਾਨ ਦਾ।

ਕਿਉ ਗੁਜ਼ਾਰੇਂ ਜ਼ਿੰਦਗੀ ਸ਼ਿਕਵੇ ਗਿਲੇ ਹੀ ਕਰਦਿਆਂ
ਸਿੱਖ ਲੈ ਤੂੰ ਵੱਲ ਯਾਰਾ ਆਪਣੀ ਪਹਿਚਾਨ ਦਾ।

ਵਲਵਲੇਂਵੇਂ ਮਾਰਦਾ ਤੂੰ ਵਕਤ ਅਪਣਾ ਨਾ ਗੁਆ
ਕਰ ਯਤਨ ਤੂੰ ਦੋਸਤਾ ਇਹ ਜ਼ਿੰਦਗੀ ਮਹਿਕਾਨਦਾ।

ਕਦਮ ਅੱਗੇ ਤੂੰ ਵਧਾ ਤੇ ਰੌਸ਼ਨੀ ਦੀ ਭਾਲ ਕਰ
ਯਾਰ ਮੇਰੇ ਛੱਡ ਖਹਿੜਾ ਝੂਠ ਦੀ ਗਰਦਾਨ ਦਾ।

ਬਣਕੇ ਦੀਪਕ ਦੇਕੇ ਚਾਨਣ ਨ੍ਹੇਰਿਆਂ ਨੂੰ ਚੀਰ ਤੂੰ
ਖ਼ੁਦਪਰਸਤੀ ਵਿੱਚ ਨਾਹੀਂ ਲਾਭ ਜੀ ਪਰਚਾਨ ਦਾ।

ਘੜ ਬਹਾਨੇ ਯਾਰ ਬੇਲੀ ਖ਼ੁਸ਼ ਕਰੇਂ ਤੂੰ ਰੋਜ਼ ਹੀ
ਹੈ ਨਿਰਾਲਾ ਢੰਗ ਤੇਰਾ ਕੌਮ ਦੇ ਨਿਰਮਾਨ ਦਾ।

ਜੇ ਕਦੇ ਵੀ ਹੈ ਮੁਹੱਬਤ ਵਿਚ ਕਮੀਂ ਕੁਛ ਜਾਪਦੀ
ਵੱਲ ਯਾਰਾ ਸਿੱਖ ਕਸਮਾਂ ਫੇਰ ਤੋਂ ਦੁਹਰਾਨ ਦਾ।

-354-

ਬੇਕਸ ਖਿਆਲ ਮੇਰੇ ਹੋਏ ਨੇ ਯਾਰ ਸਾਰੇ
ਤੇਰੇ ਮੈਂ ਸਾਥ ਬਾਝੋਂ ਲਗਣਾ ਕਿਵੇਂ ਕਿਨਾਰੇ?

ਬਣਤਾਂ ਕਈ ਬਣਾਂਵਾਂ ਕੋਈ ਨਾ ਪਾਰ ਲਾਵੇ
ਬੀਤੇਗਾ ਕੀ ਇਹ ਜੀਵਨ ਕਰਦੇ ਹੀ ਢਾ ਉਸਾਰੇ?

ਸ਼ਾਇਦ ਤੂੰ ਸੋਚਦਾ ਏਂ ਕੀਕਣ ਇਹ ਹੋ ਸਕੇਗਾ
ਲੌਣੀ ਬੜੀ ਹੈ ਔਖੀ ਮੋਰੀ ਦੀ ਇਟ ਚੁਬਾਰੇ।

ਜਿੱਤਾਂ ਦੇ ਅਰਥ ਏਥੇ ਜਾਂਦੇ ਬਦਲ ਨੇ ਓਦੋਂ
ਜਿੱਤੇ ਅਖੀਰ ਓਹੀ ਆਪਾ ਜੋ ਯਾਰ ਵਾਰੇ।

ਸ਼ਾਹੀ ਜਲੌ ਵੀ ਢਲਦੇ ਸਾਦਕ ਦਿਲੀ ਦੇ ਅੱਗੇ
ਹਰਗਿਜ਼ ਡਰਾ ਨਾ ਸਕਦੇ ਤੇਗਾਂ ਦੇ ਤੇਜ਼ ਧਾਰੇ।

ਮੁਸ਼ਕਲ ਉਜਾੜ ਰਸਤੇ ਮੰਜ਼ਲ ਦੇ ਜਾ ਉਹ ਲੈਂਦਾ
ਔਕੜ ਦੇ ਕੜ ਉਹ ਤੋੜੇ ਹਿੰਮਤ ਨੂੰ ਜੋ ਚਿਤਾਰੇ।

ਇਸ਼ਕੇ ਦਾ ਵਨਜ ਸੱਚਾ ਕਰਦੇ ਨੇ ਜੋ ਪਿਆਰੇ
ਸੂਲੀ ਨੂੰ ਸਮਝ ਲੈਂਦੇ ਪੀਂਘਾਂ ਦੇ ਉਹ ਹੁਲਾਰੇ।

-355-

ਰਾਂਝੇ ਦਾ ਜਾ ਰਿਸ਼ਤਾ ਜੁੜਿਆ ਅਣਡਿੱਠੇ ਹੀ ਥਾਂਵਾਂ ਨਾਲ
ਬਿਨ ਮਿਲਿਆਂ ਤਾਂ ਟੁਟ ਜਾਂਦੇ ਨੇ ਰਿਸ਼ਤੇ ਭੈਣ ਭਰਾਵਾਂ ਨਾਲ।

ਸੋਚਾਂ ਇੱਕੋ ਨੁਕਤੇ ਉੱਤੇ ਫੋਲਾਂ ਮਨ ਦੀਆਂ ਕੁੰਦਰਾਂ ਨੂੰ
ਮੁੜ ਮੁੜ ਓਹੀ ਲਬ ਤੇ ਆਵੇ ਪੁੱਛਾਂ ਮਨ ਨੂੰ ਫੇਰ ਸਵਾਲ।

ਮਨ ਦੇ ਰਿਸ਼ਤੇ, ਤਨ ਦੇ ਰਿਸ਼ਤੇ, ਰਿਸ਼ਤੇ ਲੋੜਾਂ ਥੌੜਾਂ ਦੇ
ਮਨਦਾ ਰਿਸ਼ਤਾ ਵੀ ਇਹ ਭਾਲੇ ਮਹਿਰਮ ਮੁਖੜਾ ਆਣ ਵਖਾਲ

ਭੋਲੀ ਭਾਲੀ ਸੂਰਤ ਵਾਲੇ ਮੋਮੋਂ ਠਗਣੇ ਹੋਂਦੇ ਨੇ
ਗ਼ਰਜ਼ਾਂ ਮਾਰੇ ਐਸੇ ਲੋਕੀਂ ਚਲ ਜਾਂਦੇ ਨੇ ਹਰ ਇਕ ਚਾਲ।

ਤੇਰਾ ਮੇਰਾ, ਮੇਰਾ ਤੇਰਾ, ਹਰ ਥਾਂ ਲਾਲਚ ਕਬਜ਼ੇ ਦਾ
ਖੁਦਗ਼ਰਜ਼ੀ ਤੋਂ ਉੱਪਰ ਉਠਜਾ ਕਰਕੇ ਹਿਰਦਾ ਹੋਰ ਵਿਸ਼ਾਲ।

ਸਾਂਝਾਂ ਪਾਵੋ ਖ਼ੁਸ਼ੀਆਂ ਵੰਡੋ ਹਸ ਰਸ ਜੀਵਨ ਬੀਤੇਗਾ
ਸ਼ਿਕਵੇ ਸਾੜੇ ਖੁਨਸਾਂ ਕੀਨੇ ਸੁਖ ਨਾ ਦੇਵਣ ਮੂਲ ਰਵਾਲ।

ਮੇਰੇ ਲਈ ਤੇ ਦਰਸ਼ਨ ਤੇਰੇ ਮਕਸਦ ਬਣਿਆਂ ਜੀਵਨ ਦਾ
ਦਰਸ਼ਨ ਤੇਰੇ ਮੈਨੂੰ ਸਜਣਾ ਕਰ ਜਾਂਦੇ ਨੇ ਆਣ ਨਿਹਾਲ।

-356-

ਦਿਲ ਨੇ ਜਦੋਂ ਦੀ ਕੀਤੀ ਤੇਰੀ ਪਛਾਣ ਯਾਰਾ
ਅੰਗੜਾਈ ਇਸ ਨੇ ਲੀਤੀ ਹੋਇਆ ਜਵਾਨ ਯਾਰਾ।

ਰਸਤੇ ਦਿਲਾਂ ਦੇ ਦਿਲ ਨੂੰ ਬਣਦੇ ਨੇ ਫੇਰ ਆਪੇ
ਔਂਦੀ ਜਦੋਂ ਹੈ ਦਿਲ ਨੂੰ ਦਿਲ ਦੀ ਸਿਆਣ ਯਾਰਾ।

ਸ਼ਬਦਾਂ ਦੀ ਢੂੰਡ ਕਰਦਾ ਮਨ ਹੈ ਅਜੀਬ ਮੇਰਾ
ਤੇਰਾ ਹੀ ਨਾਮ ਸਿਮਰੇ ਮੇਰੀ ਜ਼ਬਾਨ ਯਾਰਾ।

ਸਜਦੇ ਕਰਾਂ ਮੈਂ ਦਰ ਤੇ ਤੇਰੇ ਹੀ ਬਾਰ *ਬਾਰਮ
ਬੁੱਤਾਂ ਨੂੰ ਪੂਜਦਾ ਹੈ ਦਿਲ ਇਹ ਨਦਾਨ ਯਾਰਾ।

* ਵਾਰ ਵਾਰ, ਮੁੜ ਮੁੜਕੇ

ਡੇਰਾ ਹੈ ਆਣ ਲਾਇਆ ਤੇਰੀ ਹੀ ਯਾਦ ਏਥੇ
ਖਾਲੀ ਬਿਨਾ ਸੀ ਤੇਰੇ ਦਿਲ ਦਾ ਮਕਾਨ ਯਾਰਾ।

ਪਾਣੀ ਦੇ ਵਾਂਗ ਵਗਦਾ ਨੀਂਵੇਂ ਨੂੰ ਦਿਲ ਹੈ ਮੇਰਾ
ਚੰਦਾ ਨੂੰ ਵੇਖ ਉਛਲੇ ਛੋਹੇ ਉਚਾਨ ਯਾਰਾ।

-357-

ਤੇਰੀ ਅਦਾ ਦੇ ਸਦਕੇ ਸਾਰਾ ਜਹਾਨ ਯਾਰਾ
ਪਲਕਾਂ ਨੇ ਤੀਰ ਤੇਰੇ ਅੱਖਾਂ ਕਮਾਨ ਯਾਰਾ।

ਖ਼ੰਜਰਦੇ ਵਾਂਗ ਉਤਰੇ ਦਿਲਦੀ ਹਰੇਕ ਤਹਿਵਿਚ
ਅੱਖਾਂ ਦੇ ਖੋਲ੍ਹ ਬੂਹੇ ਆਇਆ ਮ'ਮਾਨ ਯਾਰਾ।

ਸੀਨੇ 'ਚ ਰਹਿਣ ਹਰਦਮ ਉਠਦੇ ਜਵਾਰ ਭਾਟੇ
ਬਾਹਰੋਂ ਨਜ਼ਰ ਹੈ ਔਂਦਾ ਅਮਨਾ ਅਮਾਨ ਯਾਰਾ।

ਕੁਛ ਵੀ ਨਜ਼ਰ ਨਾ ਆਵੇ ਅਪਣੇ ਤੇ ਯਾਰ ਬਾਝੋਂ
ਤੇਰੇ ਬਿਨਾ ਅਧੂਰਾ ਮੇਰਾ ਜਹਾਨ ਯਾਰਾ।

ਰੀਝਾਂ ਦੇ ਬੀਜ ਬੀਜੇ ਹੰਝਵਾਂ ਦੇ ਨਾਲ ਸਿੰਜੇ
ਕੈਸਾ ਅਜੀਬ ਮੇਰੇ ਦਿਲ ਦਾ ਕਿਸਾਨ ਯਾਰਾ।

ਸਰਸ਼ਾਰ* ਹੋ ਗਿਆਏ ਜੀਵਨ ਇਹ ਸਾਥ ਤੇਰੇ
ਮੁਖੜੇ ਤੋਂ ਨੂਰ ਬਰਸੇ ਰੀਝਾਂ ਜਵਾਨ ਯਾਰਾ।

* ਭਰਪੂਰ

-358-

ਤੇਰੇ ਪਿਆਰ ਦੀ ਹੈ ਮਸਤੀ ਅਜੀਬ ਯਾਰਾ
ਸੂਲੀ ਵੀ ਜਾਪਦੀ ਹੈ ਹੁਣ ਪੀਂਘ ਦਾ ਹੁਲਾਰਾ।

ਭੰਵਰਾਂ ਤੋਂ ਪਾਰ ਹੋਣੀ ਕਿਸ਼ਤੀ ਹੈ ਇਹ ਜ਼ਰੂਰੀ
ਸਾਦਕ ਦਿਲੀਨੂੰ ਮਿਲਦਾ ਆਪੇਹੀ ਆ ਕਿਨਾਰਾ।

ਤੇਰੇ ਹੀ ਦਰਤੇ ਬੀਤਣ ਜੀਵਨ ਦੇ ਪਲ ਅਖੀਰੀ
ਲੈਣਾਂ ਨਾ ਹੋਰ ਲੋੜਾਂ ਕੋਈ ਵੀ ਮੈਂ ਸਹਾਰਾ।

ਰੱਖੇ ਨੇ ਜ਼ਖ਼ਮ ਦਿਲਦੇ ਅਪਣੇ ਸਦਾ ਮੈਂ ਰਿਸਦੇ
ਭੁੱਲਾਂ ਮੈਂ ਯਾਦ ਤੇਰੀ ਹਰਗਿਜ਼ ਨਹੀਂ ਗਵਾਰਾ।

ਤੇਰਾ ਪਿਆਰ ਦੇਵੇ ਮੈਨੂੰ ਸਰੂਰ ਐਸਾ
ਝੂਠਾ ਹੀ ਜਾਪਦਾ ਹੈ ਜੰਨਤ ਦਾ ਯਾਰ ਲਾਰਾ।

ਬੇੜੀ ਮਲਾਹ ਦੇ ਬਾਝੋਂ ਹੋਂਦੀ ਹੈ ਬੇ ਮੁਹਾਣੀ
ਤਕਵਾ ਤਿਰੇ ਤੇ ਮੇਰਾ ਜੀਵਨ ਰਿਹਾ ਹੈ ਸਾਰਾ।

ਜੀਵਨ ਬਗੈਰ ਤੇਰੇ, ਜੀਵਣ ਦੇ ਯੋਗ ਨਾਹੀਂ
ਬੇਕਾਰ ਹੋਰ ਸਾਰਾ ਦੁਨੀਆਂ ਦਾ ਇਹ ਪਸਾਰਾ।

ਬਣਦੇ ਰਹੇ ਨੇ ਵੈਰੀ ਅਪਣੇ ਹੀ ਯਾਰ ਬੇਲੀ
ਹਰਗਿਜ਼ ਨਾ ਲੋੜ ਵੇਲੇ ਭਰਿਆ ਕਿਸੇ ਹੁੰਗਾਰਾ।

ਹੱਥੀਂ ਸਹੇੜ ਰਿਸ਼ਤੇ ਚੋਭਾਂ ਤੋਂ ਜੀ ਚੁਰਾਵੇਂ
ਸੰਧੂ ਸਹਾਰ ਦਿਲ ਤੇ ਯਾਰਾਂ ਦਾ ਵਾਰ ਸਾਰਾ।

ਸੁੱਤੇ ਰਹੇ ਨੇ ਗੂਹੜੀ ਨੀਂਦਰ ਨਸੀਬ ਮੇਰੇ
ਦੇਂਦੋਂ ਆਵਾਜ਼ ਜੇਕਰ ਪੈਣੇ ਸੀ ਜਾਗ ਯਾਰਾ।

-359-

ਬਿਸਮਿਲ ਦਾ ਰਕਸ ਵੇਖੇਂ ਹੱਸੇਂ ਤੇ ਮੁਸਕਰਾਵੇਂ
ਕਰਕੇ ਜ਼ਿਬਹ ਤੂੰ ਯਾਰਾ ਮੁੜਕੇ ਆ ਜਾਨ ਪਾਵੇਂ।

ਨਜ਼ਰਾਂ ਦੇ ਤੀਰ ਮਾਰੇਂ ਕੈਸੀ ਕਮਾਨ ਤਾਣੇ
ਮੋਹੇ ਅਦਾ ਇਹ ਤੇਰੀ ਮੇਰਾ ਤੂੰ ਮਨ ਲੁਭਾਵੇਂ।

ਕਾਲੀ ਘਟਾ ਦੇ ਵਾਂਗੂੰ ਜ਼ੁਲਫ਼ਾਂ ਖਲੇਰ ਆਪੇ
ਕੈਸਾ ਤੂੰ ਜਾਲ ਪਾਵੇਂ ਬੰਦੀ ਇਹ ਦਿਲ ਬਣਾਵੇਂ।

ਤੇਰੀ ਨਿਗਾਹ ਹੈ ਐਸੀ ਰੀਝਾਂ ਨੂੰ ਦੇ ਉਛਾਲਾ
ਦੇਕੇ ਸਪਰਸ਼ ਐਸਾ ਤਰਬਾਂ ਨੂੰ ਛੇੜ ਜਾਵੇਂ।

ਤੇਰੇ ਲਬਾਂ ਦੀ ਥਰਕਣ ਧੜਕਣ ਨੂੰ ਤੇਜ਼ ਕਰਦੀ
'ਹੂੰ' ਦੀ ਅਵਾਜ਼ ਦੇਕੇ ਹਸਰਤ ਨਵੀਂ ਜਗਾਵੇਂ।

ਤੇਰੀ ਛਵੀ ਸਜੀਲੀ ਮਸਤੀ ਹੈ ਚਾਲ ਤੇਰੀ
ਦਿਲ ਵੀ ਹੈ ਰੀਝ ਜਾਂਦਾ ਨਖਰਾ ਤੂੰ ਕਰ ਸਤਾਵੇਂ।

ਤੇਰੀ ਇਹ ਮੂਕ ਬੋਲੀ ਸਭ ਹੈ ਬਿਆਨ ਕਰਦੀ
ਦਿਲਕਸ਼ ਅੰਦਾਜ਼ ਤੇਰਾ ਨਜ਼ਰਾਂ ਨੂੰ ਜਦ ਚੁਰਾਵੇਂ।

ਬੇਸਾਖਤਾ* ਹੀ ਮੂੰਹੋਂ ਵਾਹਵਾਹ ਦੀ ਵਾਜ ਨਿਕਲੇ
ਥੋੜਾ ਤੂੰ ਸਿਰ ਘੁਮਾਕੇ ਨਜ਼ਰਾਂ ਜਦੋਂ ਮਿਲਾਵੇਂ।

* ਸੁਤੇ ਸਿੱਧ, ਆਪ ਮੁਹਾਰੇ

-360-

ਕੈਸਾ ਪਿਆਰ ਤੇਰਾ ਕੈਸਾ ਦੁਲਾਰ ਤੇਰਾ
ਮਨ ਤੇ ਖ਼ੁਸ਼ੀ ਨਾ ਕੋਈ ਝੂਠਾ ਸ਼ਿੰਗਾਰ ਤੇਰਾ।

ਤੜਪਣ ਅਜੀਬ ਲੱਗੀ ਕੈਸੀ ਹੈ ਬੇਬਸੀ ਵੀ
ਤੋੜਣ ਹੀ ਇਹ ਨ ਹੋਵੇ ਪਾਇਆ ਜੋ ਗ਼ਮਨੇ ਘੇਰਾ।

ਬਿਨ ਕਾਰਨੇ ਹੀ ਰਹਿਣਾ ਜਿਸ ਨੇ ਉਦਾਸ ਸਿਖਿਆ
ਲੱਗਾ ਹੀ ਦਿਲ ਤੇ ਰਹਿਣਾ ਬੇਤਾਬੀਆਂ ਦਾ ਡੇਰਾ।

ਜੀਵਨ ਤੋਂ ਤੋੜ ਰਿਸ਼ਤੇ ਭਾਲੇ ਇਕਾਂਤ ਜਿਹੜਾ
ਹਾਰਾਂ 'ਚ ਬਦਲ ਜਾਵੇ ਉਸ ਦਾ ਤੇ ਹਰ ਸਵੇਰਾ।

ਸਖਣੀ ਹੈ ਸ਼ਾਮ ਉਸਦੀ ਜਿਸ ਨੂੰ ਉਡੀਕ ਮੁੱਕੀ
ਸਾਹਸ ਨਾ ਜਿਸਦੇ ਪੱਲੇ ਸਾਥੀ ਨਾ ਜਿਸ ਦਾ ਜੇਰਾ।

ਮਾਲੀ ਨਾ ਸਾਰ ਲੈਂਦਾ ਉਜੜੇ ਚਮਨ ਉਹ ਲਾਜ਼ਮ
ਡੇਰਾ ਉਜਾੜ ਲਾਵੇ ਗ਼ਮੀਆਂ ਦਾ ਗਡ ਫਰੇਰਾ।

ਐਂਵੇਂ ਗਵਾ ਨਾ ਘੜੀਆਂ ਕਰ ਹੋਸ਼ ਦੀ ਦਵਾ ਤੂੰ
ਹਾਲੀ ਸਮਾਂ ਹੈ ਬਾਕੀ ਹੋਇਆ ਨਹੀਂ ਅਵੇਰਾ।

ਸਜਣਾ ਦੇ ਨਾਲ ਸੁਹਣੇ ਲਗਦੇ ਨੇ ਪਲ ਸਰੂਰੇ
ਸਜਣਾ ਦੇ ਬਾਝ ਜਾਪੇ ਦੁਨੀਆਂ ਇਹ ਸਭ ਹਨੇਰਾ।

-361-

ਕੀਤਾ ਹੈ ਆਣ ਜਦ ਤੂੰ ਮੇਰੇ ਹੀ ਦਿਲ 'ਚ ਵਾਸਾ
ਬੈਠਾ ਰਹਾਂ ਮੈਂ ਕਿਉਂਕਰ ਐਂਵੇਂ ਹੀ ਹੋ ਉਦਾਸਾ।

ਤੇਰਾ ਖ਼ਿਆਲ ਲੈਕੇ ਜਿੱਥੇ ਜਦੋਂ ਵੀ ਜਾਵਾਂ
ਸਿੱਧਾ ਸਦਾ ਹੀ ਪੈਂਦਾ ਮੈਨੂੰ ਹਰੇਕ ਪਾਸਾ।

ਸ਼ਕਤੀ ਬੜੀ ਹੈ ਇਸ ਵਿਚ ਮਿਲਦਾ ਸਪਰਸ਼ ਤੇਰਾ
ਮੁਸ਼ਕਲ ਹਰੇਕ ਵੇਲੇ ਦੇਂਦਾ ਹੈ ਜੋ ਦਿਲਾਸਾ।

ਹੋਂਦੀ ਨਹੀਂ ਤਰਿਪਤੀ ਭਟਕਨ ਰਹੇ ਜੇ ਮਨ ਦੀ
ਸਾਥੀ ਸਦਾ ਹੀ ਲੋੜੇ ਕੈਸਾ ਹੈ ਮਨ ਪਿਆਸਾ?

ਜੀਵਨ ਬਤੀਤ ਕੀਤਾ ਸਾਥੀ ਹੈ ਸੰਗ ਤੇਰੇ
ਖ਼ੁਸ਼ੀਆਂ ਨੂੰ ਜੋ ਹੰਡਾਵੇ ਫਿਰ ਕਿਉ ਰਹੇ ਨਿਰਾਸਾ।

ਵੰਡਦੀ ਹੈ ਰੰਗੁ- ਖ਼ੁਸ਼ਬੂ ਪੱਤੀ ਹਰੇਕ ਜੀਕਣ
ਖ਼ੁਸ਼ੀਆਂ ਬਖੇਰ ਤੂੰ ਵੀ ਜੀਵਨ ਦਾ ਹੈ ਖ਼ੁਲਾਸਾ।

ਖ਼ੁਸ਼ੀਆਂ ਦਾ ਰਾਜ਼ ਸਾਂਝਾਂ,ਜੀਵਨਦੇ ਸੁਖ ਲਿਆਵਣ
ਲੋਕਾਂ ਦਾ ਗ਼ਮ ਤੂੰ ਵੰਡੀਂ, ਸਾਂਝਾ ਕਰੀਂ ਤੂੰ ਹਾਸਾ।

ਸਾਂਝਾਂ ਬਗ਼ੈਰ ਜੀਵਨ ਫੋਕਾ ਫਜ਼ੂਲ ਲੱਗੇ
ਜੀਵਨ ਬਰੰਗ ਜਾਪੇ ਪੱਲੇ ਨਾ ਰਾਸ ਮਾਸਾ।

ਪੁੰਨੂੰ ਜੇ ਕੋਲ ਦਿਲਦਾ ਤਰਵਰ ਦੇ ਵਾਂਗ ਛਾਇਆ
ਵਿਛੜੇ ਜੇ ਯਾਰ ਅਪਣਾ ਜੀਵਨ ਬਣੇ ਚੁਮਾਸਾ।

-362-

ਥਰਕੇ ਤੇ ਥਰ ਥਰਾਵੇ ਦਿਲ ਦਾ ਅਜੀਬ ਪਾਰਾ
ਮੇਰੀ ਇਹ ਬੇਬਸੀ ਹੈ ਲਿਖਣੇ ਖਿਆਲ ਯਾਰਾ।

ਵਹਿੰਦਾ ਹੀ ਮੈਂ ਤੇ ਜਾਵਾਂ ਛੱਲਾਂ ਦੇ ਨਾਲ ਜਾਣੋ
ਆਪੇ ਹੀ ਵਹਿ ਤੁਰੇ ਜਦ ਸੋਚਾਂ ਦੀ ਗੰਗ ਧਾਰਾ।

ਨਿਰਮਲ ਮਲੂਕ ਸੁਪਨੇ ਸ਼ਬਦਾਂ ਦੇ ਪਹਿਣ ਵਸਤਰ
ਦਿਲ ਨੂੰ ਨੇ ਆਣ ਲਾਉਂਦੇ ਕੈਸਾ ਹੁਸੀਨ ਲਾਰਾ।

ਸੁਰ ਤਾਲ ਦੀ ਸਿਆਣੀ ਗ਼ਜ਼ਲਾਂ ਦੀ ਇਹ ਸੁਆਣੀ
ਐਸਾ ਹੈ ਆਣ ਕਰਦੀ ਜਾਦੂ ਇਹ ਟੂਣੇ ਹਾਰਾ।

ਜਲਵਾ ਅਜੀਬ ਤਾਰੀ ਹੋਂਦਾ ਹੈ ਫਿਰ ਸੁਤਾ ਤੇ
ਆਪੇ ਬਣੇ ਇਹ ਕਸ਼ਤੀ ਆਪੇ ਬਣੇ ਕਿਨਾਰਾ।

ਜੀਵਨ ਦੇ ਰਸ ਮਿਲੇ ਜੋ ਅਪਣੀ ਜ਼ਬਾਨ* ਵਿੱਚੋਂ
ਤਾਂਹੀ ਉਤਾਰ ਸਕਿਆਂ ਅਪਣਾ ਮੈਂ ਕਰਜ਼ ਸਾਰਾ।

ਜੀਵਨ ਦੀ ਤਰਬ ਛੇੜੇ ਖ਼ੁਸ਼ੀਆਂ ਤੇ ਗ਼ਮ ਜੋ ਮੇਰੇ
ਆਪੇ ਫੜਾ ਨੇ ਦੇਂਦੇ ਮੈਨੂੰ ਤੇ ਕਲਮ ਯਾਰਾ।

ਛਮਛਮ ਨੇ ਆਣ ਵਰ੍ਹਦੇ ਬਰਖਾ ਦੇ ਵਾਂਗ ਯਾਰੋ
ਗ਼ਜ਼ਲਾਂ ਤੇ ਗੀਤ ਆਪੇ ਕਰਦੇ ਨੇ ਆ ਉਤਾਰਾ।

ਬਖਸ਼ੀ ਇਨ੍ਹਾਂ ਜਵਾਨੀ ਸੁਪਨੇ ਸਕਾਰ ਕੀਤੇ
ਮੁੜਕੇ ਜਵਾਨ ਹੋਇਆ ਸੰਧੂ ਜਿਵੇਂ ਦੁਬਾਰਾ।

* ਪੰਜਾਬੀ

-363-

ਧੀਆਂ ਤੇ ਪੁੱਤ ਦੋਵੇਂ ਖ਼ੁਸ਼ੀਆਂ ਦਾ ਹਨ ਖ਼ਜ਼ਾਨਾ
ਧੀਆਂ ਨੂੰ ਜਾਣ ਮਾੜਾ ਪਿੱਛੇ ਨਾ ਸੁਟ ਨਦਾਨਾ।

ਜੀਵਨ ਦੀ ਬਣਤ ਐਸੀ ਧੀਆਂ ਨੂੰ ਤੋਰ ਦੇਣਾ
ਆਪੇ ਹੀ ਜੋੜ ਹੱਥੀਂ ਦੇਣਾ ਲੁਟਾ ਖ਼ਜ਼ਾਨਾ।

ਖੰਬਾਂ ਦੇ ਹੇਠ ਪਾਲਣ ਪੰਛੀ ਤੇ ਬੱਚਿਆਂ ਨੂੰ
ਮਾਰਨ ਉਹ ਜਦ ਉਡਾਰੀ ਭਾਲਣ ਨਵਾਂ ਟਿਕਾਨਾ।

ਧੀਆਂ ਨੂੰ ਤੋਰ ਹੱਥੀਂ ਖ਼ੁਸ਼ੀਆਂ ਖਲਾਰ ਦੇਈਏ
ਜੀਵਨ ਦਾ ਹੋਰ ਅੱਗੇ ਚਲਦਾ ਹੈ ਇੰਜ ਫਸਾਨਾ।

ਨੌਂਹਾਂ ਤੋਂ ਮਾਸ ਜੀਕਣ ਟੁਟਦਾ ਨਹੀਂ ਕਦੇ ਵੀ
ਸਾਂਝਾਂ ਇਹ ਮਾਣ ਯਾਰਾ ਸਾਂਝਾਂ ਹੀ ਹਨ ਜ਼ਮਾਨਾ।

ਪਹੀਏ ਨੇ ਦੋਇ ਜਿਸਤੇ ਚਲਦਾ ਜਹਾਨ ਸਾਰਾ
ਜੀਵਨ ਰੰਗੀਨ ਕਰਦੇ ਚੋਬਰ ਤੇ ਰਲ ਰਕਾਨਾ।

ਹੱਥੀਂ ਵਿਆਹ ਕੇ ਨੌਂਹਾਂ ਧੀਆਂ ਦੇ ਵਾਂਗ ਪਾਲੀਂ
ਗ਼ਰਜ਼ਾਂ ਤਿਆਗ ਸੱਭੇ ਸਾਂਝਾਂ ਬਣਾ ਨਿਸ਼ਾਨਾ।

-364-

ਭੌਰਾ ਜਿਵੇਂ ਹੈ ਭੌਂਦਾ ਫੁੱਲਾਂ ਦੇ ਵੇਖ ਚਿਹਰੇ
ਕਾਲੇ ਇਹ ਵਾਲ ਤੇਰੇ ਪੌਂਦੇ ਨੇ ਮੂੰਹ ਤੇ ਘੇਰੇ।

ਹਾਲਤ ਅਜੀਬ ਦਿਲ ਦੀ ਹੋਈ ਏ ਯਾਰ ਮੇਰੇ
ਲਾਉਂਦਾ ਰਹੇ ਹਮੇਸ਼ਾ ਤੇਰੇ ਹੀ ਦਰ ਦੇ ਫੇਰੇ।

ਦਮਭਰ ਨਾ ਦਮ ਇਹ ਲੈਂਦਾ ਧੜਕੇ ਤੇ ਫੜਫੜਾਵੇ
ਛਡਦਾ ਇਹ ਸਾਥ ਜਾਪੇ ਰਹਿੰਦਾ ਨਾ ਪਾਸ ਮੇਰੇ।

ਕਰਦੇ ਜੋ ਰੂਹ ਨੂੰ ਰੌਸ਼ਨ ਐਸੇ ਤੂੰ ਤੀਰ ਛੱਡੇਂ
ਬਿਜਲੀ ਹੈ ਵਿੰਨ੍ਹ ਜਾਂਦੀ ਆਕੇ ਜਿਵੇਂ ਹਨੇਰੇ।

ਸਦਕੇ ਮੈਂ ਉਸ ਖ਼ੁਦਾ ਦੇ ਕਾਰੀਗਰੀ ਹੈ ਜਿਸ ਦੀ
ਪਾਈ ਹੈ ਜਾਨ ਜਿਸ ਨੇ ਮਰਮਰ ਦੇ ਬੁੱਤ 'ਚ ਤੇਰੇ।

ਘਾੜਤ ਘੜੀ ਹੈ ਤੇਰੀ ਜਾਦੂ ਕਰੇ ਜੋ ਸਭ ਤੇ
ਰੌਸ਼ਨ ਕਰੇ ਚੁਫੇਰਾ ਚੜ੍ਹਦੇ ਨੇ ਆ ਸਵੇਰੇ।

ਆਮਦ ਹੈ ਯਾਰ ਮੇਰੇ ਊਸ਼ਾ ਦੇ ਵਾਂਗ ਤੇਰੀ
ਸੱਤੇ ਹੀ ਰੰਗ ਜਾਪਣ ਛਾਏ ਨੇ ਆ ਚੁਫੇਰੇ।

-365-

ਤੇਰੀ ਨਜ਼ਰ ਚੋਂ ਪੀਕੇ ਭੁਲਿਆ ਹੈ ਕੁਲ ਜ਼ਮਾਨਾ
ਨਾ ਲੋੜਦਾਂ ਮੈਂ ਸਾਕੀ ਨਾ ਭਾਲਦਾਂ ਪਮਾਨਾ।

ਯਾਦਾਂ ਦੀ ਰੌਸ਼ਨੀ ਹੈ ਜਿਸ ਦੇ ਵੀ ਪਾਸ ਯਾਰਾ
ਉਸਦਾ ਵਗਾੜ ਸਕਨਾ ਦਸੋ ਹੈ ਕੀ ਤੁਫਾਨਾ।

ਦਿਲਦਾ ਮਿਲੇ ਜੇ ਮਹਿਰਮ ਦੌਲਤ ਨਾ ਹੋਰ ਭਾਲਾਂ
ਮਿਲਣਾ ਵਧੀਕ ਇਸ ਤੋਂ ਕੋਈ ਨਹੀਂ ਖ਼ਜ਼ਾਨਾ।

ਬੁੱਤਾਂ ਚੋਂ ਰੱਬ ਭਾਲੇ ਕੈਸਾ ਦੁਅੰਧ ਵੇਖੋ
ਬੁੱਤਾਂ 'ਚ ਬੁੱਤ ਹੋਇਆ ਬੁੱਤਾਂ ਦਾ ਜੋ ਦੀਵਾਨਾ।

ਝਲਣੀ ਜੁਦਾਈ ਮੁਸ਼ਕਿਲ, ਮੈਥੋਂ ਨਾ ਦੂਰ ਜਾਵੀਂ
ਤੇਰੇ ਬਿਨਾ ਅਧੂਰਾ ਜੀਵਨ ਹੈ ਜਾਨੇ ਜਾਨਾ।

ਆਪੇ ਸਹੇੜ ਲੈਂਦਾ ਰਿਸ਼ਤਾ ਜੋ ਨਾਲ ਗ਼ਮ ਦੇ
ਸੋਭਾ ਨਾ ਉਸ ਨੂੰ ਦੇਵੇ ਰੋਣਾ ਤੇ ਤਲਮਲਾਨਾ।

ਸਾਹਾਂ 'ਚ ਮਹਿਕ ਤੇਰੀ ਸਾਰੀ ਸੁਤਾ ਤੇ ਛਾਈ
ਸਾਰੇ ਹੀ ਫੁਲ ਕਲੀਆਂ ਤੇਰਾ ਹੈ ਮੁਸਕਰਾਨਾ।

ਤੇਰੇ ਲਈ ਹੀ ਸੰਧੂ ਗ਼ਜ਼ਲਾਂ ਤੇ ਗੀਤ ਲਿਖਦਾ
ਹੋਇਆ ਫਿਰੇ ਉਹ ਬੌਰਾ ਤੇਰਾ ਤੇ ਇਹ ਦੀਵਾਨਾ।

-366-

ਬਿਸਮਿਲ ਦੇ ਵਾਂਗ ਤੜਪਾਂ ਉਸ ਲਈ ਕਰਾਂ ਦੁਆਵਾਂ
ਖੁਸ਼ੀਆਂ ਦਈਂ ਤੂੰ ਰੱਬਾ ਕੁਰਬਾਨ ਉਸ ਤੋਂ ਜਾਵਾਂ।

ਮੈਥੋਂ ਉਹ ਦੂਰ ਵੱਸੇ ਸਾਰੀ ਉਮਰ ਹੀ ਚਾਹੇ
ਹਰਦਮ ਮੈਂ ਪਾਸ ਅਪਣੇ ਉਸ ਨੂੰ ਸਦਾ ਹੀ ਪਾਵਾਂ।

ਵਸਲਾਂ ਦੀ ਖੈਰ ਮੈਨੂੰ ਪਾਵੇ ਉਹ ਜਾਂ ਨਾ ਪਾਵੇ
ਉਸ ਦੀ ਉਡੀਕ ਮੈਨੂੰ ਰਾਹੀਂ ਨਜ਼ਰ ਵਿਛਾਵਾਂ।

ਦੀਪਕ ਮੈਂ ਬਣ ਬਰੂਹੀਂ ਸਾਰੀ ਹੀ ਰਾਤ ਜਗਦਾਂ
ਕਰਦਾ ਉਡੀਕ ਉਸ ਦੀ ਰਾਤਾਂ ਨੂੰ ਦਿਨ ਬਣਾਵਾਂ।

ਮੇਰੇ ਨਸੀਬ ਹੌਕੇ ਲਿਖਕੇ ਗਿਓਂ ਜਦੋਂ ਦਾ
ਝੋਲੀ ਪਏ ਵਿਛੋੜੇ ਖਹਿੜਾ ਕਿਵੇਂ ਛੁਡਾਵਾਂ।

ਹਿਜਰਾਂ ਦੀ ਨਾਗਨੀ ਹੈ ਮੈਨੂੰ ਤੇ ਡੱਸ ਲੀਤਾ
ਕਿਹੜੇ ਮੈਂ ਮਾਂਦਰੀ ਨੂੰ ਦੱਸੀਂ ਤੂੰ ਹੁਣ ਬੁਲਾਵਾਂ।

ਢਲਿਆ ਹੈ ਰੂਪ ਚਾਹੇ ਜੀਵਨ ਦੀ ਸ਼ਾਮ ਹੋਈ
ਮੇਰੇ ਪਿਆਰ ਤੈਨੂੰ ਕੀਕਣ ਮੈਂ ਦਸ ਭੁਲਾਵਾਂ।

ਮੇਰੇ ਗ਼ਮਾਂ ਨੇ ਕੀਤਾ ਗਜ਼ਲਾਂ ਦਾ ਰੂਪ ਧਾਰਨ
ਅਪਣਾ ਮੈਂ ਦਰਦ ਸਭ ਨੂੰ ਰੋ ਰੋ ਪਿਆ ਸੁਣਾਵਾਂ।

-367-

ਸਾਹਾਂ 'ਚ ਤੂੰ ਕਥੂਰੀ ਮੇਰੇ ਸੀ ਆਣ ਘੋਲੀ
ਮੈਨੂੰ ਤੇ ਮੁਹ ਗਈ ਸੀ ਤੇਰੀ ਸ਼ਕਲ ਉਹ ਭੋਲੀ।

ਯਾਦਾਂ ਦੇ ਰੱਖ ਫੋਹੇ ਦਿਲ ਦਾ ਕਰਾਰ ਭਾਲਾਂ
ਮੇਰੀ ਤੇ ਜਿੰਦ ਯਾਰਾ ਹਿਜਰਾਂ ਨੇ ਆਣ ਰੋਲੀ।

ਸੀਨੇ ਦੇ ਜ਼ਖਮ ਸੀਵਾਂ ਗੀਤਾਂ ਦੀ ਮਰ੍ਹਮ ਲਾਕੇ
ਸੂਈ ਕਲਮ ਦੀ ਲੈਕੇ ਸੀਵਾਂ ਗ਼ਜ਼ਲ ਦੀ ਚੋਲੀ।

ਤੇਰੇ ਬਿਨਾ ਬਹਾਰਾਂ ਜੀਵਨ ਤੇ ਮੁੜ ਨਾ ਆਈਆਂ
ਆਵੇਂ ਤਾਂ ਹੋਣ ਸਾਂਵੇਂ ਕੋਇਲ ਦਿਲੇ ਦੀ ਬੋਲੀ।

ਦਮਦਮ ਤੇ ਦਮਦਮਾਂਦਮ ਨਚਦੀ ਦਿਲੇ ਦੀ ਧੜਕਣ
ਪੈਰੀਂ ਹੈ ਤਾਲ ਉਠਦੀ ਹੋਵੇ ਜੇ ਢੋਲ ਢੋਲੀ।

ਰੰਗਾਂ ਦੇ ਨਾਲ ਰੰਗੇ ਗੁਜ਼ਰਨਗੇ ਇਹ ਦਿਹਾੜੇ
ਤੇਰਾ ਵਸਾਲ ਪਾਵਾਂ ਹੋਵੇਗੀ ਫੇਰ ਹੋਲੀ।

ਚਰਚਾ ਹੈ ਯਾਰ ਮੇਰਾ ਤੇਰੇ ਪਿਆਰ ਸਦਕਾ
ਤੇਰੇ ਹੀ ਸਾਥ ਸਦਕਾ ਸੁ਼ਹਰਤ ਪਈ ਹੈ ਝੋਲੀ।

-368-

ਘਰ ਵੀ ਪਿਆਰ ਨਾਹੀਂ ਬਾਹਰ ਦੁਲਾਰ ਨਾਹੀਂ
ਜਾਵਾਂ ਮੈਂ ਕੇਸ ਥਾਂ ਤੇ ਦਿਲ ਨੂੰ ਕਰਾਰ ਨਾਹੀਂ।

ਪੰਛੀ ਹਵਾ ਦੇ ਝੰਬੇ ਵਾਂਗੂੰ ਹੈ ਹਾਲ ਮੇਰਾ
ਘਾਇਲ ਜੋ ਕਰ ਗਈ ਹੈ ਦਿਸਦੀ ਕਟਾਰ ਨਾਹੀਂ।

ਤੇਰੀ ਤਲਾਸ਼ ਅੰਦਰ ਫੋਲੇ ਨੇ ਆਸਮਾਂ ਵੀ
ਬੈਠੇਂ ਤੂੰ ਛੁਪਕੇ ਕਿੱਥੇ ਹਾਲੀ ਵੀ ਸਾਰ ਨਾਹੀਂ।

ਸੌਦੇ ਦਿਲਾਂ ਦੇ ਹੋਂਦੇ ਨਕਦੋ ਨਕਦ ਨੇ ਏਥੇ
ਸੌਦੇ ਪਿਆਰ ਵਾਲੇ ਹੋਂਦੇ ਉਧਾਰ ਨਾਹੀਂ।

ਦਿਲ ਦਾ ਕਰਾਰ ਦੇਕੇ ਮਿਲਦੀ ਹੈ ਬੇਕਰਾਰੀ
ਉਹ ਦਿਲ ਹੀ ਦਿਲ ਨਹੀਂ ਜੋ ਹੋਂਦਾ ਨਿਸਾਰ ਨਾਹੀਂ।

ਕਿਸਮਤ ਦਾ ਉਹ ਧਨੀਹੈ ਜਿਸਨੇ ਪਿਆਰ ਪਾਇਆ
ਹਰਦਮ ਧਿਆ ਤੂੰ ਉਸਨੂੰ ਦਿਲ ਤੋਂ ਵਿਸਾਰ ਨਾਹੀਂ।

ਕਸ਼ਤੀ ਬਣਾ ਤੂੰ ਤਨ ਦੀ ਚੱਪੂ ਬਣਾ ਤੂੰ ਮਨ ਦਾ
ਬਿਨ ਹੌਸਲੇ ਦੇ ਸੰਧੂ ਹੋਣਾ ਤੂੰ ਪਾਰ ਨਾਹੀਂ।

-369-

ਥਾਂ ਥਾਂ ਪਈ ਰੁਲਾਵੇ ਪੱਲੇ ਵੀ ਕੁਛ ਨਾ ਪਾਵੇ
ਫਿਰ ਵੀ ਕਿਵੇਂ ਮੈਂ ਆਖਾਂ ਤੇਰੀ ਨਾ ਯਾਦ ਆਵੇ।

ਯਾਦਾਂ ਦੀ ਰਾਸ ਐਸੀ ਇਸ ਦੀ ਹੈ ਬਾਤ ਕੈਸੀ
ਦੌਲਤ ਨਾ ਹੋਰ ਕੋਈ ਮੈਨੂੰ ਤੇ ਯਾਰ ਭਾਵੇ।

ਦੇਕੇ ਗਿਆ ਹੈ ਜਿਹੜਾ ਖਾਲੀ ਉਦਾਸ ਵਿਹੜਾ
ਉਸਦੀ ਹੀ ਭਾਲ ਅੰਦਰ ਗੇੜੇ ਇਹ ਦਿਲ ਲਗਾਵੇ।

ਆਵਾਂ ਮੈਂ ਫੇਰ ਦਰ ਤੇ ਪੈਰੀਂ ਲਗੇ ਨੇ ਰਸਤੇ
ਪਤਝੜ ਬਹਾਰ ਹੋਵੇ ਗੇੜਾ ਜੇ ਯਾਰ ਲਾਵੇ।

ਔਝੜ ਹਨੇਰ ਰਸਤਾ ਹੋਇਆ ਹੈ ਹਾਲ ਖ਼ਸਤਾ
ਡੀਕਾਂ ਮੈਂ ਯਾਰ ਅਪਣਾ ਬਣਕੇ ਉਹ ਦੀਪ ਆਵੇ।

ਸੱਤੇ ਹੀ ਰੰਗ ਮੇਰੇ ਛਾਏ ਨੇ ਆ ਚੁਫੇਰੇ
ਮੇਰੀ ਸੁਤਾ ਤੇ ਸੁਹਣਾ ਵਾਂਗੂੰ ਘਟਾ ਦੇ ਛਾਵੇ।

ਆਕੇ ਜਦੋਂ ਤੂੰ ਮਿਲਦਾ ਜਾਵੇ ਤਾਂ ਦਰਦ ਦਿਲਦਾ
ਮੋਹੇ ਨਾ ਹੋਰ ਕੋਈ ਤੇਰੀ ਛਵੀ ਹੀ ਭਾਵੇ।

-370-

ਆਸਾਂ ਦੇ ਦੀਪ ਯਾਰਾ, ਖੁਦ ਬਾਲ ਕੇ ਬੁਝਾਵੇਂ
ਆਪੇ ਹੀ ਦਰਦ ਮੇਟੇਂ ਆਪੇ ਹੀ ਫਿਰ ਜਗਾਵੇਂ।

ਦੂਰੀ ਤੇ ਨੇੜ ਦੋਵੇਂ ਅਰਥਾਂ 'ਚ ਵਟ ਗਏ ਨੇ
ਵਸਦਾ ਹੈਂ ਦਿਲ'ਚ ਮੇਰੇ ਪਰ ਪਾਸਵੀ ਨਾ ਆਵੇਂ।

ਧੂਣੀ ਧੁਖਾਕੇ ਦਿਲ ਦੀ ਕਰਦਾ ਹਾਂ ਵਿਰਦ ਤੇਰਾ
ਧੂਣੀ ਦੀ ਫੜ ਨਿਸ਼ਾਨੀ ਸ਼ਾਇਦ ਤੂੰ ਪਹੁਚ ਜਾਵੇਂ।

ਹਿਮ ਵਾਂਗ ਸਰਦ-ਮਿਹਰੀ ਜਾਪੇ ਕਦੀ ਤੇ ਤੇਰੀ
ਜਲਵਾ ਕਦੀ ਵਖਾਕੇ ਅੱਗ ਪਾਣੀਆਂ ਨੂੰ ਲਾਵੇਂ।

ਆਵੇ ਸਤਾ ਸਤਾ ਕੇ ਤੈਨੂੰ ਭਲਾ ਮਜ਼ਾ ਕੀ
ਨਜ਼ਰਾਂ ਮਿਲਾ ਚੁਰਾਵੇਂ ਹੱਸੇਂ ਤੇ ਮੁਸਕਰਾਵੇਂ।

ਆਪੇ ਹੀ ਆਣ ਵੱਸੇਂ ਦਿਲ ਆਲ੍ਹਣਾ ਬਣਾਕੇ
ਆਪੇ ਗਿਰਾਕੇ ਬਿਜਲੀ ਕਿਉ ਆਲ੍ਹਣਾ ਜਲਾਵੇਂ।

ਹਿਜਰਾਂ ਨੇ ਸੱਲ ਕੀਤੇ, ਮੇਰੇ ਸਰੀਰ ਸਾਰੇ
ਬਨਸੀ ਦੇ ਵਾਂਗ ਬੋਲਾਂ ਬੁੱਲ੍ਹਾਂ ਨੂੰ ਤੂੰ ਜੇ ਲਾਵੇਂ।

19-06-07

-371-

ਹਰਗਿਜ਼ ਨਾ ਲੈਕੇ ਜਾਣਾ ਭਵਜਲ ਤੋਂ ਪਾਰ ਮੈਨੂੰ
ਏਥੇ ਹੀ ਮਿਲ ਗਿਆ ਹੈ ਦਿਲ ਦਾ ਕਰਾਰ ਮੈਨੂੰ।

ਜਿਸ ਥਾਂ ਤੇ ਬਾਪ ਮਾਂ ਨੇ ਕੀਤਾ ਸੀ ਪਾਲ ਪੋਸਣ
ਓਸੇ ਹੀ ਥਾਂ ਦਾ ਗਾਖੇ ਮੌਸਮ ਬਹਾਰ ਮੈਨੂੰ।

ਮਿੱਟੀ ਵੀ ਓਸ ਘਰ ਦੀ ਮੱਥੇ ਨੂੰ ਲਾਉਣ ਵਾਲੀ
ਮਿਲਿਆ ਹੈ ਜੇਸ ਘਰ ਤੋਂ ਐਨਾ ਪਿਆਰ ਮੈਨੂੰ।

ਦੁਨੀਆਂ ਦੇ ਨਾਲ ਜਿਸਨੇ ਜੋੜੇ ਨੇ ਆਣ ਰਿਸ਼ਤੇ
ਏਸੇ ਜਹਾਂ 'ਚ ਮਿਲਿਆ ਮੇਰਾ ਉਹ ਯਾਰ ਮੈਨੂੰ।

ਯਾਰਾਂ ਦੇ ਨਾਲ ਯਾਰੀ ਪਾਈ ਹਰੇਕ ਥਾਂ ਤੇ
ਸਾਰੇ ਜਹਾਂ 'ਚ ਜਾਪੇ ਮੇਰਾ ਸੁਮਾਰ ਮੈਨੂੰ।

ਖ਼ਿਦਮਤ ਜੋ ਲੋਗ ਕਰਦੇ ਆਪਾ ਭੁਲਾਕੇ ਯਾਰੋ
ਜੀਵਣ ਉਨ੍ਹਾਂ ਦਾ ਹਰਦਮ ਦੇਂਦਾ ਹੁਲਾਰ ਮੈਨੂੰ।

ਹਰ ਏਕ ਅੰਗ ਮੇਰਾ ਲੋਕਾਂ 'ਚ ਵੰਡ ਦੇਣਾ
ਦੁਨੀਆਂ ਤੋਂ ਫੇਰ ਚਾਹੇ ਦੇਣਾ ਵਿਸਾਰ ਮੈਨੂੰ।

ਗ਼ਜ਼ਲਾਂ ਤੇ ਗੀਤ ਮੇਰੇ ਹੋਵਣਗੇ ਉਹ ਨਿਸ਼ਾਨੀ
ਬੋਲੀ ਮੇਰੀ ਜੋ ਦਿੱਤੇ ਯਾਰੋ ਉਧਾਰ ਮੈਨੂੰ।

-372-

ਤਕ ਆਸਮਾਨ ਹਸਿਆ ਸੂਰਜ ਦਾ ਪਹੁਫੁਟਾਲਾ
ਸੂਰਜ ਦੇ ਆਸ਼ਕਾਂ ਲਈ ਹੋਇਆਹੈ ਆ ਉਜਾਲਾ।

ਘਾਹਾਂ ਤੇ ਆਣ ਚਮਕੇ ਸ਼ਬਨਮ ਦੇ ਵੇਖ ਮੋਤੀ
ਪਾਇਆ ਹੈ ਮੌਸਮਾਂ ਨੇ ਦੋਲਤ ਦਾ ਆ ਵਖਾਲਾ।

ਫਰਫਰ ਤੇ ਫਰਫਰਾਂਦੇ ਹਨ ਪਰ ਪਰਿੰਦਿਆਂ ਦੇ
ਜੀਵਣ 'ਚ ਆ ਗਿਆ ਹੈ ਜੀਕਣ ਨਵਾਂ ਉਛਾਲਾ।

ਗ਼ਮੀਆਂ ਭੁਲਾਕੇ ਸੱਭੋ ਨਿਕਲੇ ਨੇ ਚਾ ਕਵਾਰੇ
ਹਰਨਾਂ ਦੀ ਡਾਰ ਨਿਕਲੀ ਘਾਹਾਂ ਦਾ ਕਰ ਨਵਾਲਾ।

ਬਣ ਰੌਸ਼ਨੀ ਤੂੰ ਆਈ ਹਰਤੀ ਤੂੰ ਸਭ ਜੁਦਾਈ
ਖ਼ੁਸ਼ੀਆਂ ਦੀ ਕਰਕੇ ਬਰਖਾ ਗ਼ਮੀਆਂਨੂੰ ਦੇ ਨਿਕਾਲਾ

ਆਇਆ ਹੈ ਯਾਰ ਮੇਰਾ ਚਮਕੇ ਨੇ ਆ ਸਵੇਰੇ
ਜੀਵਣ ਤੇ ਛਾਗਿਆ ਹੈ ਖ਼ੁਸ਼ੀਆਂ ਦਾ ਪਹੁਫੁਟਾਲਾ।

ਖ਼ੁਸ਼ੀਆਂ ਦੀ ਧੂੜ ਜੀਕਣ ਹਰਨੀ ਦੇ ਖੁਰ ਤੇ ਨੱਚੇ
ਸਰਸ਼ਾਰ ਜ਼ਿੰਦਗੀ ਤੇ ਚਮਕੇ ਹੈ ਰੰਗ ਨਿਰਾਲਾ।

ਖ਼ੁਸ਼ੀਆਂ ਦੇ ਇਹ ਕੰਵਲ ਤਾਂ ਖਿੜਦੇ ਨੇ ਮੇਲ ਵਿੱਚੋਂ
ਖ਼ਾਲੀ ਪਿਆ ਹੈ ਭਰਦੇ ਸਾਕੀ ਮੇਰਾ ਪਿਆਲਾ।

10-07-07

-373-

ਜਿਸ ਰਾਹ ਦੀ ਨਾ ਮੈਨੂੰ ਭੋਰਾ ਵੀ ਸਾਰ ਯਾਰਾ
ਉਸ ਰਾਹ ਦੇ ਹੀ ਮੈਨੂੰ ਛਡ ਨਾ ਉਰਾਰ ਯਾਰਾ।

ਆਪੇ ਵਖਾਕੇ ਰਸਤਾ ਛੱਡੀਂ ਨਾ ਅੱਧਵਾਟੇ
ਨਕਦੋ ਨਕਦ ਦਾ ਸੌਦਾ ਕਰ ਨਾ ਉਧਾਰ ਯਾਰਾ।

ਰਸਤੇ ਨੇ ਬੇ-ਸੁਮਾਰੇ ਮੰਜ਼ਲ ਨੂੰ ਜੋ ਨੇ ਜਾਂਦੇ
ਤੇਰੇ ਜੋ ਸਾਥ ਹਾਸਿਲ ਓਹੀ ਸੁਮਾਰ ਯਾਰਾ।

ਹਰ ਰਾਹ ਤੋਂ ਹੀ ਮੈਨੂੰ ਮਿਲਦੀ ਹੈ ਬੇਕਰਾਰੀ
ਤੇਰੇ ਹੀ ਘਰ ਦਾ ਰਸਤਾ ਦੇਂਦਾ ਕਰਾਰ ਯਾਰਾ।

ਦੁਨੀਆਂ ਤੇ ਬੇਸ਼-ਕੀਮਤ ਰਿਸ਼ਤੇ ਤਾਂ ਹੋਰ ਵੀ ਨੇ
ਮੇਰੇ ਲਈ ਨਿਆਮਤ ਤੇਰਾ ਪਿਆਰ ਯਾਰਾ।

ਤੇਰਾ ਪਿਆਰ ਪਾਕੇ ਲਗਦਾ ਜਹਾਨ ਅਪਣਾ
ਦੁਨੀਆਂ ਤੇ ਹੋਣ ਚਾਹੇ ਦੁਸ਼ਮਨ ਹਜ਼ਾਰ ਯਾਰਾ।

16-6-2007

-374-

ਖ਼ੁਸ਼ਬੂ ਖੇੜੇ ਮਸਤ ਹਵਾਵਾਂ, ਛਾ ਜਾਵਣ ਸਭ ਚਾਰ ਚੁਫੇਰੇ
ਜਦ ਵਿਹੜੇ ਵਿਚ ਆਕੇ ਸਜਣਾ, ਪੈ ਜਾਂਦੇ ਨੇ ਪੈਰ ਇਹ ਤੇਰੇ।

ਮੁਸ਼ਕਲ ਫੇਰ ਸੰਭਾਲਣ ਹੋਵੇ, ਕਮਲਾ ਦਿਲਇਹ ਮਸਤਦਿਵਾਨਾ
ਦੀਦ ਤਿਰੀ ਦਾ ਜਲਵਾ ਯਾਰਾ, ਮੈਨੂੰ ਆਕੇ ਈਕਣ ਘੇਰੇ।

ਲੋਅ ਨਿਰਾਲੀ ਲੂੰ ਲੂੰ ਚਮਕੇ, ਇਕ ਹੋ ਜਾਂਦੇ ਅਜ ਤੇ ਭਲਕੇ
ਛੁਹ ਤੇਰੀ ਨੂੰ ਪਾਕੇ ਯਾਰਾ, ਛਾ ਜਾਂਦੇ ਨੇ ਸੋਨ ਸਵੇਰੇ।

ਚਿਹਰੇ ਤੇ ਮੁਸਕਾਨ ਸਜਾਈ, ਦੀਪਕ ਜੁਗਨੂੰ ਚਮਕਣ ਤਾਰੇ
ਕਲਕਲ ਨਦੀਆਂ ਰਾਗ ਸੁਣਾਵਣ, ਫੁਲ ਆਸਾਂ ਦੇ ਖਿੜਦੇ ਮੇਰੇ।

ਪੌਣਾ ਦੇ ਹਥ ਘੱਲ ਸੁਨੇਹੇਂ, ਸੂਰਜ ਆਪ ਬੁਲਾਵੇਂ ਯਾਰਾ
ਰਸਤੇ ਰੌਸ਼ਨ ਕਰਦਾ ਆਵੇ, ਲਟ ਲਟ ਕਰਦਾ ਕਿਰਨਾ ਕੇਰੇ।

ਮੇਰੇ ਗੀਤਾਂ ਗ਼ਜ਼ਲਾਂ ਦੇ ਵੀ ਮੁਖੜੇ ਚਹਿਕਣ ਮਹਿਕਾਂ ਵੰਡਣ
ਆ ਜਾਂਦੀ ਹੈ ਰੌਣਕ ਯਾਰਾ, ਫਿਰ ਕਮਲਾਏ ਮੁਖ ਤੇ ਮੇਰੇ।

18-06-07

-375-

ਕੀਕਣ ਕਰਾਰ ਆਵੇ
ਦਿਲ ਤੇ ਬਹਾਰ ਆਵੇ।

ਸਜਣਾ ਤੋਂ ਬਾਝ ਰੋਂਵਾਂ
ਤੇਰਾ ਦਿਦਾਰ ਆਵੇ।

ਕਸਮਾਂ ਜੋ ਖਾਕੇ ਭੁੱਲੇ
ਉਸ ਤੇ ਪਿਆਰ ਆਵੇ।

ਆਵੇ ਉਹ ਕੋਲ ਮੇਰੇ
ਓਹੀ ਨਾ ਵਾਰ ਆਵੇ।

ਆਸਾਂ ਜ਼ਰੂਰ ਆਸਾਂ
ਆਖੇ ਨਾ ਯਾਰ ਆਵੇ।

ਤੇਰੇ ਬਿਨਾ ਤੇ ਖਾਵਣ
ਦਰ ਤੇ ਦਿਵਾਰ ਆਵੇ।

ਆਵੇ ਨਾ ਚੈਨ ਆਵੇ
ਅੰਦਰ ਨ ਬਾਹਰ ਆਵੇ

ਰੋਵਣ ਦਿਹੁੰ ਤੇ ਰਾਤੀਂ
ਜ਼ਾਰੋ- ਕਤਾਰ ਆਵੇ।

ਆ ਜਾ ਤੂੰ ਯਾਰ ਆਜਾ
ਦਿਲ ਨੂੰ ਕਰਾਰ ਆਵੇ।

20-09-2007

-376-

ਕਾਲੀ ਇਹ ਰਾਤ ਗ਼ਮ ਦੀ ਪਸਰੀ ਮੇਰੇ ਚੁਫੇਰੇ
ਗ਼ਜ਼ਲਾਂ ਤੇ ਗੀਤ ਮੇਰੇ ਜੁਗਨੂੰ ਜਿਵੇਂ ਹਨੇਰੇ।

ਖਾ ਖਾਕੇ ਗ਼ਮ ਦੀ ਰੋਟੀ ਹਿਜਰਾਂ ਦਾ ਪੀਕੇ ਪਾਣੀ
ਆਸਾਂ ਤੇ ਕਟ ਲਏ ਨੇ ਦਿਨ ਰਾਤ ਮੈਂ ਬਥੇਰੇ।

ਯਾਦਾਂ ਦੇ ਦੀਪ ਲਟਲਟ ਬਲਦੇ ਨੇ ਰਾਤ ਸਾਰੀ
ਛਹਿਬਰ ਨੇ ਆਣ ਲਾਉਂਦੇ ਆਸਾਂਦੇ ਫਿਰ ਸਵੇਰੇ।

ਮੁਕਦੀ ਕਦੇ ਨਾ ਭਟਕਣ ਕਮਲੇ ਹੈ ਏਸ ਕੀਤਾ
ਪਾਣਾ ਜ਼ਰੂਰ ਤੈਨੂੰ ਮਰਕੇ ਵੀ ਯਾਰ ਮੇਰੇ।

ਬੋਲਾਂ ਕੀ ਹਾਲ ਅਪਣਾ ਦੱਸਾਂ ਕੀ ਦਾਸਤਾਂ ਹੈ
ਤੇਰਾ ਖਿਆਲ ਮੈਨੂੰ ਰਖਦਾ ਸਦਾ ਹੀ ਘੇਰੇ।

ਦੱਸਣ ਦੇ ਯੋਗ ਮੇਰੀ ਹਾਲਤ ਨਹੀਂ ਹੈ ਯਾਰਾ
ਨਾਸੂਰ ਬਣ ਗਏ ਨੇ ਪਲ ਛਿਨ ਵੀ ਬਾਝ ਤੇਰੇ।

ਅਰਥੀ ਨੂੰ ਦੇਣ ਮੋਢਾ ਆਵੀਂ ਜਾਂ ਤੂੰ ਨਾ ਆਵੀਂ
ਸਾਹਾਂ ਦੇ ਦਮ ਹੀ ਸਾਰੇ ਜਾਂ ਲੈ ਗਏ ਲੁਟੇਰੇ।

ਵਕਤਾਂ ਦੀ ਧੂੜ ਕੈਸੀ ਜੰਮੀਂ ਹੈ ਜਜ਼ਬਿਆਂ ਤੇ
ਇਹ ਸੋਗਵਾਰ ਮੌਸਮ ਬੈਠਾ ਹੈ ਲਾਕੇ ਡੇਰੇ।

ਜਾਦੂ ਸਮਾਨ ਜਾਪੇ ਤੇਰੀ ਅਦਾ ਵੀ ਯਾਰਾ
ਵੇਖੇਂ ਜਾਂ ਮੁਸਕਰਾਕੇ ਛਟਦੇ ਨੇ ਸਭ ਹਨੇਰੇ।

-377-

ਬਣ ਲੀਕ ਰੌਸ਼ਨੀ ਦੀ ਰਸਤਾ ਵਿਖਾਲ ਮੈਨੂੰ
ਆ ਨ੍ਹੇਰਿਆਂ ਚੋਂ ਕੱਢੇ ਤੇਰਾ ਖਿਆਲ ਮੈਨੂੰ।

ਰਸਤੇ ਹਨੇਰ ਮੇਰੇ ਚਾਨਣ ਤੂੰ ਆਣ ਕਰਦੇ
ਸੋਚਾਂ ਲਈ ਤੂੰ ਦੇ ਜਾ ਬਲਦੀ ਮਿਸ਼ਾਲ ਮੈਨੂੰ।

ਮਿਰਜ਼ੇਦੀ ਮੌਤ ਮਰਨਾ ਮੂਲੋਂ ਇਹ ਮੈਂ ਨਾ ਲੋੜਾਂ
ਥਪਕੀ ਤੂੰ ਦੇਕੇ ਰਸਤੇ ਮੁੜ ਨਾ ਸਵਾਲ ਮੈਨੂੰ।

ਕੁਰਬਾਨ ਹਰ ਅਦਾ ਤੋਂ ਹੋਂਦਾ ਰਿਹਾਂ ਮੈਂ ਤੇਰੀ
ਛੋਹੇਂ ਜਦੋਂ ਤੂੰ ਆਕੇ ਦੇਵੇਂ ਜਵਾਲ ਮੈਨੂੰ।

ਨਜ਼ਰਾਂ ਦੇ ਨਾਲ ਨਜ਼ਰਾਂ ਯਾਰਾ ਤੂੰ ਫਿਰ ਮਿਲਾਕੇ
ਬਿਨ ਪੀਤਿਆਂ ਦੈ ਮਸਤੀ ਐਸੀ ਪਿਆਲ ਮੈਨੂੰ।

ਮਿੱਟੀ ਇਹ ਜਿਸਮ ਮੇਰਾ ਮਿੱਟੀਇ' ਜਿਸਮ ਤੇਰਾ
ਮਿੱਟੀ ਜਿਵਾ ਵਿਖਾਦੇ ਫਿਰ ਤੋਂ ਕਮਾਲ ਮੈਨੂੰ।

ਜੋ ਆਰਤੀ ਦੇ ਦੀਵੇ ਕੁਦਰਤ ਨੇ ਬਾਲ ਰੱਖੇ
ਰਹਿਬਰ ਨੇ ਆ ਵਖਾਇਆ ਪੂਜਾ ਦਾ ਥਾਲ ਮੈਨੂੰ।

1-07-07

-378-

ਕਾਤਿਲ 'ਚ ਯਾਰ ਮੇਰੇ ਹੋਵੇ ਸ਼ੁਮਾਰ ਤੇਰਾ
ਐਸੀ ਸ਼ਫਾ ਤੂੰ ਦੇਦੇ ਲੋਚੇ ਬਿਮਾਰ ਤੇਰਾ।

ਕਰਦੇ ਤੇ ਕਰ ਰਹੇ ਨੇ ਕਿਤਨੇ ਜੁਗਾਂ ਤੋਂ ਖੋਜਾਂ
ਪਾਇਆ ਨਾ ਪਰ ਕਿਸੇ ਨੇ ਹਰਗਿਜ਼ ਸ਼ੁਮਾਰ ਤੇਰਾ

ਤੁਹਮਤ ਤੋਂ ਸਭ ਪਰੇ ਹੈ ਤੈਨੂੰ ਪਿਆਰ ਕਰਨਾ
ਜੀਵਨ ਮੇਰੇ ਦਾ ਹਾਸਲ ਯਾਰਾ ਪਿਆਰ ਤੇਰਾ।

ਪੀਤੀ ਹੈ ਮੈਅ ਜਦੋਂ ਦੀ ਨੈਣਾਂ ਚੋਂ ਯਾਰ ਤੇਰੇ
ਉਤਰੇ ਨਾ ਜੋ ਕਦੇ ਵੀ ਐਸਾ ਖ਼ੁਮਾਰ ਤੇਰਾ।

ਨਿਹਮਤ ਬੜੀ ਹੈ ਜੀਵਨ ਪਰ ਜੇ ਪਿਆਰ ਹੋਵੇ
ਜੀਵਨ ਨੂੰ ਹਰ ਰੰਗੀਨੀ ਦੇਵੇ ਪਿਆਰ ਤੇਰਾ।

ਚਮਕੀ ਹੈ ਆਣ ਊਸ਼ਾ ਰੰਗਾਂ ਦੀ ਉਹ ਜੋ ਰਾਣੀ
ਲੈਕੇ ਉਧਾਰ ਆਈ ਜੀਕਣ ਨਿਖਾਰ ਤੇਰਾ।

ਹੋਵੇਗਾ ਹੱਜ ਮੇਰਾ ਮਸਤਕ ਝੁਕਾ ਕੇ ਦਰ ਤੇ
ਕਾਅਬੇ ਦੇ ਵਾਂਗ ਪੂਜਾਂ ਮੈਂ ਤੇ ਦਵਾਰ ਤੇਰਾ।

16-07-07

-379-

ਮੇਰੀ ਸੁਤਾ ਜਾਂ ਛਾਇਆ ਤੇਰਾ ਸ਼ਬਾਬ ਯਾਰਾ
ਖਿੜਿਆ ਹੈ ਆ ਤਦੋਂ ਦਾ ਰੀਝੀਂ ਗੁਲਾਬ ਯਾਰਾ।

ਹਰਚੀਜ਼ ਤੋਂ ਹੈ ਆਕੀ ਸਦਕੇ ਮੈਂ ਉਸ ਅਦਾ ਦੇ
ਜਿਸਦਾ ਨਹੀਂ ਹੈ ਕੋਈ ਹਰਗਿਜ਼ ਜਵਾਬ ਯਾਰਾ।

ਆਪੇ ਰਿਝਾਕੇ ਦਿਲ ਨੂੰ ਪਰਦੇ 'ਚ ਜਾ ਬਹੇਂ ਫਿਰ
ਮੈਨੂੰ ਇਹ ਫੇਰ ਜਾਪੇ ਦੁਸ਼ਮਨ ਹਜਾਬ ਯਾਰਾ।

ਕਲੀਆਂ ਨੂੰ ਵੰਡ ਹਾਸੇ ਫੁੱਲੀਂ ਖਲੇਰ ਖ਼ੁਸ਼ਬੂ
ਕਿੱਥੋਂ ਤੂੰ ਸਿਖ ਲਏ ਨੇ ਐਸੇ ਅਦਾਬ ਯਾਰਾ।

ਰੀਝਾਂ ਦੇ ਸਭ ਸਿਤਾਰੇ ਭੌਂਦੇ ਨੇ ਗਿਰਦ ਤੇਰੇ
ਮੇਰੀ ਕਸ਼ਿਸ਼ ਦੇ ਕੇਂਦਰ ਐ ਮਾਹਿਤਾਬ ਯਾਰਾ।

ਮੈਨੂੰ ਉਡੀਕ ਸਜਣਾ ਤੇਰੇ ਵਸਾਲ ਵਾਲੀ
ਐਸੀ ਖ਼ੁਸ਼ੀ ਦੇ ਮੌਕੇ ਰਖ ਨਾ ਹਿਸਾਬ ਯਾਰਾ।

9-07-07

-380-

ਬੀਤੇਗਾ ਹੋਰ ਇਕ ਦਿਨ ਤੇਰੀ ਉਡੀਕ ਕਰਦੇ
ਰਾਤਾਂ ਸਵੇਰ ਕਰਦੇ ਤਿਲ ਤਿਲ ਰਹਾਂਗੇ ਮਰਦੇ।

ਔਂਦੇ ਨੇ ਯਾਦ ਜਲਵੇ ਤੇਰੇ ਵਸਾਲ ਵਾਲੇ
ਆਪਾ ਨਿਸਾਰ ਤੇਰੀ ਹਰ ਇਕ ਅਦਾ ਤੇ ਕਰਦੇ।

ਆਪੇ ਹੀ ਆ ਲੁਭਾਵੇਂ ਦਿਲ ਨੂੰ ਤੂੰ ਯਾਰ ਮੇਰੇ
ਫਿਰ ਵੀ ਤੂੰ ਤਾਣ ਰੱਖੇਂ ਕੈਸੇ ਹਯਾ ਦੇ ਪਰਦੇ।

ਰੀਝਾਂ ਜਵਾਨ ਹੋਈਆਂ ਤੇਰੇ ਹੀ ਸੰਗ ਯਾਰਾ
ਉਮਰਾ ਹੀ ਬੀਤ ਚੱਲੀ ਤੇਰਾ ਧਿਆਨ ਧਰਦੇ।

ਡੁੱਬੇ ਰਹੇ ਤਸੱਵਰ ਤੇਰੇ ‘ਚ ਵੇਖ ਯਾਰਾ
ਨੈਣਾ ‘ਚ ਖ਼ਾਬ ਤੇਰੇ ਰਹਿੰਦੇ ਸਦਾ ਨੇ ਤਰਦੇ।

ਕੈਸੀ ਇਹ ਖਿੱਚ ਯਾਰਾ ਕੈਸੀ ਇਹ ਬੇਬਸੀ ਹੈ
ਮੁੜਮੁੜ ਹੀ ਲੈਕੇ ਜਾਵਾਂ ਬੇੜੀ ਭੰਵਰ ਦੇ ਗਰਦੇ।

-381-

ਸ਼ਬਨਮ ਦੀ ਪੀਕੇ ਮਦਰਾ ਬਹਿਕੇ ਨੇ ਫੁੱਲ ਸਾਰੇ
ਸਬਜ਼ਾ ਹੈ ਹਰ ਤਰਫ ਹੀ ਸੁੰਦਰ ਨੇ ਸਭ ਨਜ਼ਾਰੇ

ਚੇਤੇ ਹੈ ਉਹ ਦਿਹਾੜਾ ਬਣਕੇ ਜਦੋਂ ਮੈਂ ਲਾੜਾ
ਸ਼ਗਨਾਂ ਦਾ ਬੰਨ੍ਹ ਗਾਨਾ ਢੁੱਕਾ ਤੇਰੇ ਦੁਆਰੇ।

ਸ਼ਗਨਾਂਦੀ ਲਾਕੇ ਮਹਿੰਦੀ ਸਜਧਜਕੇ ਤੂੰ ਸੇਂ ਬੈਠੀ
ਹਿਕੜੀ ਮਿਓਣ ਔਖੇ ਹੋਗੇ ਸੀ ਚਾਅ ਕੁਆਰੇ।

ਗੋਟਾ ਤੇ ਲਾ ਕਿਨਾਰੀ ਵਸਤਰ ਤੂੰ ਪਾ ਗੁਲਾਬੀ
ਹੱਥੀਂ ਸੀ ਲਾਲ ਚੂੜਾ ਮਹਿਕੇ ਸੀ ਅੰਗ ਸਾਰੇ।

ਪਲਪਲ ਅਜੇ ਵੀ ਚੇਤੇ ਡੋਲੀ ਦਾ ਲੈਕੇ ਆਣਾ
ਸਦਕੇ ਸੀ ਮਾਂ ਤੇ ਬਾਪੂ ਭੈਣਾਂ ਵੀ ਜਾਣ ਵਾਰੇ।

ਹਰਨੀ ਜਿਵੇਂਹੈ ਚੁੰਗੀਆਂ ਭਰਦੀ ਹਵਾ ਤੇ ਤਰਦੀ
ਖੁਸ਼ੀਆਂ ਨੇ ਆਣ ਖੋਲ੍ਹੇ ਜੀਵਨ ਦੇ ਸਭ ਦੁਆਰੇ।

ਮਿਹਨਤ ਪਿਆਰ ਸਦਕੇ ਖੁਸ਼ਬੂ ਭਰੀ ਤੂੰ ਜੀਵਨ
ਕੁਦਰਤ ਦੀ ਦੇਣ ਬੱਚੇ ਪਾਲੇ ਤੂੰ ਸਭ ਪਿਆਰੇ।

ਅੱਧੀ ਸਦੀ ਹੈ ਬੀਤੀ ਹਾਲੇ ਵੀ ਪਿਆਰ ਤੇਰਾ
ਜੀਵਨ ਦੀ ਜ਼ੁਲਫ ਉਲਝੀ ਹਰ ਵਾਰ ਹੈ ਸਵਾਰੇ।

16-07-07

-382-

ਜਾਨੇ ਬਹਾਰ ਆ ਜਾ ਦਿਲ ਦੇ ਕਰਾਰ ਆ ਜਾ।
ਤੇਰੀ ਉਡੀਕ ਮੈਨੂੰ ਆ ਜਾ ਤੂੰ ਯਾਰ ਆ ਜਾ।

ਪਲਕਾਂ 'ਚ ਵਾਸ ਤੇਰਾ ਸੁਣ ਲੈ ਪੁਕਾਰ ਆ ਜਾ।
ਫੁੱਲਾਂ ਤੇ ਆ ਗਿਆ ਹੈ ਹੁਣ ਤੇ ਨਿਖਾਰ ਆ ਜਾ।

ਚਾਹਤ ਤਿਰੀ ਦਾ ਡਾਢਾ ਮੈਂ ਤਲਬਗਾਰ ਆ ਜਾ।
ਊਸ਼ਾ ਦੇ ਪਹਿਣ ਵਸਤਰ ਕਰਕੇ ਸ਼ੰਗਾਰ ਆਜਾ।

ਦਿਲ ਨਾਚਿਆਂ ਦੇ ਵਾਂਗੂੰ ਨੱਚੇ ਨਚਾਰ ਆ ਜਾ।
ਬਹੁਤਾ ਨਾ ਤੂੰ ਕਰਾਵੀਂ ਹੁਣ ਇੰਤਜ਼ਾਰ ਆ ਜਾ।

ਇਹ ਜਾਨ ਵੀ ਹੈ ਤੇਰੀ ਮੈਂ ਹਾਂ ਤਿਆਰ ਆ ਜਾ।
ਔਣਾ ਸੀ ਜੇਸ ਕਲ ਨੂੰ ਹੁਣ ਦੀ ਤੇ ਵਾਰ ਆਜਾ।

ਬਿਰਹਾ ਨੇ ਆਣ ਗੱਡੀ ਕੈਸੀ ਹੈ ਦਾਰ ਆ ਜਾ।
ਐਂਵੇਂ ਨਾ ਜਿੰਦ ਮੇਰੀ ਜਾਵੇ ਸਧਾਰ ਆ ਜਾ।

ਵਿਲਕਾਂ ਮੈਂ ਪਾਰ ਐਧਰ ਬਾਹਾਂ ਉਲਾਰ ਆ ਜਾ।
ਗੋਤੇ ਗ਼ਮਾਂ 'ਚ ਖਾਵਾਂ ਆਕੇ ਉਭਾਰ ਆ ਜਾ।

ਬਣਕੇ ਹਵਾ ਦੇ ਵਾਂਗੂੰ ਤੂੰ ਵੀ ਉਡਾਰ ਆ ਜਾ।
ਪਰਦਾ ਦੁਈ ਦਾ ਯਾਰਾ ਹੁਣ ਦੇ ਉਤਾਰ ਆ ਜਾ।

30-7-2007

-383-

ਆਈ ਉਹ ਬਣਕੇ ਬਦਲੀ ਰੋਂਦੇ ਵਰੌਣ ਬਦਲੇ
ਭੋਰਾ ਕੁ ਦੇਕੇ ਥਪਕੀ ਮੈਨੂੰ ਸਵੌਣ ਬਦਲੇ।

ਰੋਂਦਾ ਹੀ ਮਰ ਨਾ ਜਾਵਾਂ ਉਸਦੇ ਫਰਾਕ ਅੰਦਰ
ਖੇੜਾ ਰਤਾ ਲਿਆਈ ਮੈਨੂੰ ਹਸੌਣ ਬਦਲੇ।

ਆਤਸ਼ ਫ਼ਸ਼ਾਂ ਦੇ ਵਾਂਗੂੰ ਜਜ਼ਬੇ ਸੀ ਭੜਕ ਉੱਠੇ
ਛਮਛਮ ਵਰ੍ਹਾਗੀ ਕਣੀਆਂ ਸੀਤਲ ਬਣੌਣ ਬਦਲੇ।

ਮੇਰੀ ਕਲਮ 'ਚੋਂ ਕਿਧਰੇ ਜਾਵੇ ਨਾ ਮੁੱਕ ਸਿਆਹੀ
ਸੁਰਮਾ ਸਜਾਕੇ ਆਈ ਅਥਰੀਂ ਰਲੌਣ ਬਦਲੇ।

ਲਿਸ਼ਕੇ ਤੇ ਝਿਲ ਮਿਲਾਵੇ ਬਿਜਲੀ ਦਾ ਰੂਪ ਧਾਰੇ
ਡਿਗਦੀ ਹੈ ਬਰਕ ਬਣਕੇ ਮੈਨੂੰ ਮਟੌਣ ਬਦਲੇ।

ਸਾਰੀ ਸੁਤਾ ਹੀ ਮੇਰੀ ਓਸੇ 'ਚ ਰਹਿ ਸਮਾਈ
ਯਾਦਾਂ ਦੇ ਉਹ ਖਡੌਣੇ ਦੇਗੀ ਵਰੌਣ ਬਦਲੇ।

ਰਾਹੋਂ ਮਿਟਾਕੇ ਪੈੜਾਂ ਧੋਕੇ ਨਿਸ਼ਾਨ ਗ਼ਮ ਦੇ
ਉਜਲੇ ਬਣਾਗੀ ਰਸਤੇ ਰਾਹਾਂ ਵਖੌਣ ਬਦਲੇ।

23-07-07

-384-

ਮਸਤੀ ਜੋ ਨੈਣ ਤੇਰੇ ਚਿਹਰਾ ਗੁਲਾਬ ਯਾਰਾ
ਜ਼ਾਹਦ ਵੀ ਜਿਸ ਨੂੰ ਪੀਵੇ ਐਸੀ ਸ਼ਰਾਬ ਯਾਰਾ।

ਛਮਛਮ ਤੇ ਛਮਛਮਾਂਦੀ ਬਾਰਸ਼ ਖ਼ੁਸ਼ੀਦੀ ਆਈ
ਭਰਭਰਕੇ ਫੇਰ ਉਛਲੇ ਦਿਲ ਦਾ ਚਨਾਬ ਯਾਰਾ।

ਤੇਰੀ ਅਦਾ ਹੈ ਸਰਗਮ ਨਗ਼ਮਾ ਸ਼ਬਾਬ ਤੇਰਾ
ਗੀਤਾਂ'ਚ ਨਕਸ਼ ਉਕਰੇ ਦਿਲਦੀ ਕਿਤਾਬ ਯਾਰਾ।

ਘੋੜਾ ਇਹ ਦਿਲਦਾ ਅਥਰਾ ਕਾਬੂ ਰਹੇ ਨਾ ਮੇਰੇ
ਬਣ ਸ਼ਹਿਸਵਾਰ ਧਰ ਲੈ ਪੈਰੀਂ ਰਕਾਬ ਯਾਰਾ।

ਬਾਂਕੀ ਰਬਾਬ ਦਿਲ ਦੀ ਛੋਹਾਂ ਨੂੰ ਵੇਖ ਤਰਸੇ
ਪੋਟੇ ਜ਼ਰਾ ਛੁਹਾਦੇ ਖਟ ਲੈ ਸਵਾਬ ਯਾਰਾ।

ਫੁੱਟਣਗੇ ਫੇਰ ਨਗ਼ਮੇਂ ਸਾਂਝਾਂ ਦੇ ਵੇਖ ਸਾਰੇ
ਜੀਵਨ ਤੇ ਫੇਰ ਆਵੇ ਪੂਰਾ ਸ਼ਬਾਬ ਯਾਰਾ।

ਉਡਦਾ ਫਿਰਾਂ ਮੈਂ ਜਾਪੇ ਲੱਗਣ ਨਾ ਪੈਰ ਧਰਤੀ
ਆਇਆ ਜਦੋਂ ਦਾ ਤੇਰਾ ਖਤ ਦਾ ਜਵਾਬ ਯਾਰਾ।

9-07-07

-385-

ਤੇਰਾ ਜਿਵੇਂ ਹੈ ਰਹਿੰਦਾ ਹਰਦਮ ਖਿਆਲ ਯਾਰਾ
ਛਾਇਆ ਹੈ ਦਿਲ ਤੇ ਮੇਰੇ ਤੇਰਾ ਹੀ ਹਰ ਨਜ਼ਾਰਾ।

ਮਿਲਣਾ ਉਹ ਚੋਰੀ ਚੋਰੀ ਤੁਹਮਤ ਕਿਤੇ ਨਾ ਆਵੇ
ਪਾਤੀ ਫੜਾਕੇ ਛੇਤੀ ਖਿਸਕਣ ਦਾ ਕਰ ਇਸ਼ਾਰਾ।

ਸਮਝੇ ਜੋ ਦਿਲ ਦੀ ਧੜਕਣ ਐਸਾ ਪਿਆਰ ਪਾਵਾਂ
ਅੱਖਾਂ 'ਚ ਲਟਕਦਾ ਸੀ ਸੁਪਨਾ ਬੜਾ ਹੀ ਪਿਆਰਾ।

ਜੀਵਨ ਇਹ ਸਾਥ ਤੇਰੇ ਬੀਤੇ ਦਿਨੇ ਤੇ ਰਾਤੀਂ
ਸਾਂਝਾਂ ਦਾ ਆਣ ਖਿੜਿਆ ਜੀਵਨ ਤੇ ਰੰਗ ਸਾਰਾ।

ਮਿਲਦੇ ਦਿਲਾਂ ਦੇ ਸਾਥੀ ਸਰਸ਼ਾਰ ਕਰਦੇ ਜੀਵਨ
ਹਰਏਕ ਨੂੰ ਨਾ ਮਿਲਦਾ ਖ਼ੁਸ਼ੀਆਂ ਦਾ ਰੰਗ ਕੁਆਰਾ

ਧੜਕਣ ਦਿਲੇ ਦੀ ਮੈਥੋਂ ਕਾਬੂ ਨਾ ਯਾਰ ਹੋਵੇ
ਰੱਖੀਂ ਤੂੰ ਹੱਥ ਆਕੇ ਦੇਵੀਂ ਜ਼ਰਾ ਸਹਾਰਾ।

ਊਂ ਹੂੰ ਉਚਾਰ ਮੂੰਹੋ ਅੱਖਾਂ 'ਚ ਭਰ ਸ਼ਰਾਰਤ
ਮਸਤੀ ਖਲਾਰ ਦੇਂਦਾ ਛੋਹਾਂ ਦਾ ਇਹ ਸ਼ਰਾਰਾ।

26-07-07

-386-

ਤੂੰ ਹੀ ਤੇ ਪਾਰ ਲਾਉਣੈ ਕੀਤੇ ਕਰਾਰ ਯਾਰਾ
ਛੱਡੀਂ ਨਾ ਅੱਧਵਾਟੇ ਲਾਵੀਂ ਤੂੰ ਪਾਰ ਯਾਰਾ।

ਮਰਕੇ ਵੀ ਪਹੁਚ ਜਾਣਾ ਮੰਜ਼ਲ ਤੇ ਆਸ਼ਕਾਂ ਨੇ
ਹਿਜਰਾਂਦੀ ਮਾਰ ਕਾਨੀ ਨਿਸਦਿਨ ਨਾ ਮਾਰ ਯਾਰਾ।

ਦਿਸਦੇ ਕਈ ਨਜ਼ਾਰੇ ਦੁਨੀਆਂ ਨੂੰ ਜਾਮੇਜਮ ਚੋਂ
ਮੈਨੂੰ ਹੈ ਦੀਦ ਤੇਰੀ ਦਾ ਇੰਤਜ਼ਾਰ ਯਾਰਾ।

ਕਦਮਾਂ ਨੂੰ ਚੁੰਮ ਲੈਣਾ ਨਜ਼ਰਾਂ ਦੇ ਨਾਲ ਮੈਂ ਤੇ
ਤੇਰੇ ਹਾਂ ਦਰ ਤੇ ਬੈਠਾ ਹੋਕੇ ਤਿਆਰ ਯਾਰਾ।

ਧਰਮਾਂ ਤੇ ਦੀਨ ਵਾਲੇ ਕਹਿੰਦੇ ਨੇ ਕਰ ਇਬਾਦਤ
ਮਨ ਤੇ ਨਹੀਂ ਕਿਸੇਦਾ ਕੁਛ ਇਖ਼ਤਿਆਰ ਯਾਰਾ।

ਸੂਲੀ ਤੇ ਟੰਗ ਰੱਖਦਾ ਜ਼ਾਲਮ ਸਦਾ ਜ਼ਮਾਨਾ
ਬਣਕੇ ਕਵਚ ਬਚਾਵੇ ਤੇਰਾ ਹੀ ਪਿਆਰ ਯਾਰਾ।

ਜਲਵਾ ਵਖਾਦੇ ਮੈਨੂੰ ਅਪਣਾ ਤੂੰ ਕੋਹਿਤੂਰੀ
ਕਦ ਤੋਂ ਪਿਆ ਉਡੀਕਾਂ ਤੇਰਾ ਦਿਦਾਰ ਯਾਰਾ।

16-6-2007

-387-

ਮਰਿਆ ਨਹੀਂ ਮੈਂ ਚਾਹੇ ਅਹਿਸਾਸ ਠਰ ਗਏ ਨੇ
ਕੈਸੀ ਇਹ ਬੇਰੁਖੀ ਹੈ ਨਗ਼ਮੇਂ ਵੀ ਮਰ ਗਏ ਨੇ।

ਪੱਥਰ ਜਹੇ ਜਦੋਂ ਤੋਂ ਹੋਏ ਨੇ ਹੋਂਟ ਤੇਰੇ
ਸਾਜ਼ਾਂ ਦੇ ਸੁਰ ਨਾ ਜਾਣੇ ਯਾਰਾ ਕਿਧਰ ਗਏ ਨੇ।

ਜੰਨਤ ਦੇ ਵਾਂਗ ਪਲ ਪਲ ਲਗਦੇ ਸੀ ਸਾਥ ਤੇਰੇ
ਹਾਸੇ ਉਜੜ ਗਏ ਨੇ ਸੁਪਨੇ ਬਿਖਰ ਗਏ ਨੇ।

ਸੁਪਨੇ ਵੀ ਹੁਣ ਨ ਬੁਣਦਾ ਮੇਰਾ ਤੇ ਦਿਲ ਤਦੋਂ ਦਾ
ਆਸਾਂ ਦੇ ਬੁਰਜ ਖੰਡਰ ਜਦ ਤੋਂ ਉਹ ਕਰ ਗਏਨੇ।

ਆਸਾਂ ਨਿਰਾਸ ਹੋਈਆਂ ਬੰਜਰ ਜ਼ਮੀਨ ਦਿਲਦੀ
ਨੈਣਾਂ 'ਚੋਂ ਨੀਰ ਸੁੱਕੇ ਖਾਲੀ ਹੋ ਸਰ ਗਏ ਨੇ।

-388-

ਮੁਸ਼ਕਲ ਜੁਦਾਈ ਪਲਦੀ, ਅਰਸੇ ਗੁਜ਼ਰ ਗਏ ਨੇ
ਮਿਲਣੇ ਦਾ ਕਰਕੇ ਵਾ'ਦਾ ਮਹਿਰਮ ਵਿਸਰ ਗਏ ਨੇ।

ਗ਼ਜ਼ਲਾਂ ਤੇ ਗੀਤ ਮੇਰੇ ਪਰਵਾਜ਼ ਵੀ ਨੇ ਭੁੱਲੇ
ਕੀਕਣ ਭਰਾਂ ਉਡਾਣਾਂ ਕਤਰੇ ਹੀ ਪਰ ਗਏ ਨੇ।

ਜੀਵਨ ਤੇ ਛਾ ਗਈ ਹੈ ਪਤਝੜ ਦੀ ਆਣ ਜ਼ਰਦੀ
ਆਂਗਣ 'ਚ ਜ਼ਰਦ ਪੱਤੇ ਸਾਰੇ ਹੀ ਭਰ ਗਏ ਨੇ।

ਮਾਤਮ ਮਨਾ ਰਹੇ ਨੇ ਛਾਈ ਹੈ ਮੁਰਦੇ ਹਾਣੀ
ਚਾਵਾਂ ਦੇ ਹੁਣ ਤੇ ਚਿਹਰੇ ਐਸੇ ਉਤਰ ਗਏ ਨੇ।

ਮੈਨੂੰ ਦੇ ਦੀਦ ਆਜਾ ਮੁੜਕੇ ਬਹਾਰ ਆਵੇ
ਤੇਰੀ ਉਡੀਕ ਕਰਦੇ ਜੀਵਣ ਗੁਜ਼ਰ ਗਏ ਨੇ।

6-8-2007

-389-

ਮੈਨੂੰ ਤੇ ਰੱਬ ਦਿਸਦਾ ਸਾਰੇ ਜਹਾਨ ਅੰਦਰ
ਹਰ ਏਕ ਜੀਵ ਅੰਦਰ ਹਰ ਏਕ ਪ੍ਰਾਨ ਅੰਦਰ।

ਮੈਨੂੰ ਨਾ ਲੋੜ ਭਾਸੇ ਖੋਜਾਂ ਕਿਸੇ ਦੁਆਰੇ
ਵੜਕੇ ਨਹੀਂ ਉਹ ਬੈਠਾ ਮੰਦਰ ਮਕਾਨ ਅੰਦਰ।

ਕਿਣਕੇ ਹਰੇਕ ਅੰਦਰ ਕੁਦਰਤ ਹੈ ਓਸ ਦੀ ਹੀ
ਕਰਨਾ ਬਿਆਨ ਮੁਸ਼ਕਲ ਉਸਨੂੰ ਜ਼ਬਾਨ ਅੰਦਰ।

ਹਰ ਰੰਗਰਸ ਹੈ ਰਮਿਆਂ ਫਿਰ ਵੀ ਨਜ਼ਰ ਨ ਆਵੇ
ਜ਼ਾਹਰ ਹਰੇਕ ਥਾਂ ਤੇ ਧਰ ਲੈ ਧਿਆਨ ਅੰਦਰ।

ਵਰਤੀ ਕਲਾ ਹੈ ਉਸਦੀ ਹਰ ਬੀਜ ਭੇਤ ਉਸਦਾ
ਆਵੇ ਨਾ ਫਿਰ ਵੀ ਸਾਡੇ ਸਮਝਾਂ ਗਿਆਨ ਅੰਦਰ।

ਝੂਠੇ ਬਣਾ ਅਡੰਬਰ ਕਰਦੇ ਹਾਂ ਉਸ ਦੀ ਪੂਜਾ
ਸਾਥੋਂ ਨਾ ਮਾਰ ਹੋਵੇ ਮਨ ਦਾ ਸ਼ਤਾਨ ਅੰਦਰ।

ਇਹ ਵੀ ਕਲਾ ਹੈ ਉਸਦੀ ਖੁਹਲੇ ਨਾ ਭੇਤ ਕੋਈ
ਦੇਕੇ ਵੀ ਉਹ ਵਿਖਾਲੀ ਫਿਰ ਨਾ ਪਚਾਨ ਅੰਦਰ।

ਸਾਰੇ ਹੀ ਧਰਮੀਆਂ ਨੇ ਗਾਈ ਹੈ ਸਿਫਤ ਉਸ ਦੀ
ਗੀਤਾ ਗਰੰਥ ਬਾਈਬਲ ਚਾਹੇ ਕੁਰਾਨ ਅੰਦਰ।

ਬੰਦੇ ਨੂੰ ਜੋ ਨਾ ਬੰਦਾ ਜਾਣੇ ਉਹ ਧਰਮ ਕੈਸਾ
ਜ਼ਾਹਰ ਨੂੰ ਛੋਡ ਟੋਲੇ ਮੜ੍ਹੀਆਂ ਮਸਾਨ ਅੰਦਰ।

ਏਸੇ ਲਈ ਮੈਂ ਧਰਦਾਂ ਤੇਰਾ ਧਿਆਨ ਯਾਰਾ
ਮੇਰੇ ਨਾ ਹੋਰ ਕੋਈ ਵਹਿਮੋ ਗੁਮਾਨ ਅੰਦਰ।

15-8-2007

-390-

ਜੋ ਕਹਿਣੀ ਤੇ ਕਰਨੀ 'ਚ ਰਖਦੇ ਨੇ ਪਰਦਾ
ਬਿਨਾ ਝੂਠ ਬੋਲੇ ਨਾ ਉਹਨਾਂ ਦਾ ਸਰਦਾ।

ਨਮਾਜ਼ਾਂ ਵੀ ਪੜ੍ਹਦਾਂ ਤੇ ਤਸਬੀ ਵੀ ਫੇਰਾਂ
ਰਹਾਂ ਯਾਰ ਫਿਰ ਵੀ ਮੈਂ ਤੇਰੇ ਤੇ ਮਰਦਾ।

ਦਿਨੇ ਰਾਤ ਪੂਜਾ ਮੈਂ ਬੁੱਤਾਂ ਦੀ ਕਰਦਾਂ
ਕਿਵੇਂ ਆਖ ਦੇਵਾਂ ਮੈਂ ਤੇਰਾ ਹਾਂ ਬਰਦਾ।

ਮੈਂ ਪੱਥਰ ਦੇ ਵਾਂਗੂੰ ਹਾਂ ਰਸਤੇ 'ਚ ਰੁਲਦਾ
ਚੜ੍ਹੇ ਆਸਮਾਂ ਤੇ ਜੋ ਸਮਝਾਂ ਮੈਂ ਗਰਦਾ।

ਜੇ ਰਸਤੇ ਦੀ ਧੂੜੀ ਹੀ ਬਣਕੇ ਮੈਂ ਵਿਛਦਾ
ਤਾਂ ਪੁਛਣਾ ਨ ਪੈਂਣਾ ਸੀ ਰਾਹ ਤੇਰੇ ਘਰਦਾ।

ਹਾਂ ਸੋਕੇ ਵੀ ਜਰਦਾ ਤੇ ਡੋਬੇ ਵੀ ਖਾਂਦਾ
ਇਹ ਇਸ਼ਕੇ ਦਾ ਜਾਦੂ ਜੋ ਰਖਦਾ ਹੈ ਤਰਦਾ।

ਜੋ ਮਸਤੀ 'ਚ ਅਪਣੀ ਨੇ ਦੁਨੀਆਂ ਭੁਲਾਂਦੇ
ਸਦਾ ਨੂਰ ਤੇਰਾ ਹੈ ਉਹਨਾਂ ਤੇ ਝਰਦਾ।

ਜੋ ਪੈਂਡੇ ਦੀ ਦੂਰੀ ਤੇ ਦੁਸ਼ਵਾਰੀਆਂ ਵੀ
ਕਰੇ ਪਾਰ ਜਿਹੜਾ ਉਹ ਲਕਸ਼ਾਂ ਨੂੰ ਵਰਦਾ।

ਜੋ ਸੀਨੇ 'ਚ ਮੇਰੇ ਤੂੰ ਜੋਤੀ ਜਗਾਈ
ਰਿਣੀ ਹਾਂ ਮੈਂ ਤੇਰਾ ਤੇ ਸਜਦਾ ਹਾਂ ਕਰਦਾ।

ਮਿਰਾ ਨਾਮ ਲਿਖਿਆ ਸੀ ਜਿਸ ਦਾਰ ਉੱਤੇ
ਕਿਓਂ ਹੋਰ ਕੋਈ ਮਿਰੀ ਥਾਂ ਤੇ ਮਰਦਾ।

ਉਦੀ ਚਰਨ ਧੂੜੀ ਮੈਂ ਮੱਥੇ ਤੇ ਲਾਵਾਂ
ਸਦਾ ਯਾਰ ਖਾਤਰ ਜੋ ਦੁਖੜੇ ਹੈ ਜਰਦਾ।

ਇਹ ਪੈਂਡੇ ਦੀ ਦੂਰੀ ਤੇ ਦੁਸ਼ਵਾਰੀਆਂ ਦਾ
ਰਿਣੀ ਹਾਂ ਮੈਂ ਸਭਦਾ ਤੇ ਧੰਨਵਾਦ ਕਰਦਾ।

19-08-2007

-391-

ਬੇਖ਼ੁਦ ਤੇ ਬੇਖ਼ਿਆਲਾ ਕੀਤਾ ਹੈ ਯਾਦ ਤੇਰੀ
ਯਾਦਾਂ ਦੇ ਹੀ ਹਵਾਲੇ ਪਾ ਜਾ ਤੂੰ ਯਾਰ ਫੇਰੀ।

ਹਾਲੀ ਵੀ ਹੈ ਸਮਾਂ ਜੇ ਲੈਣੀ ਤੂੰ ਸਾਰ ਮੇਰੀ
ਹੈ ਜਾਨ ਲਬ ਤੇ ਆਈ ਲਾਵੀਂ ਨਾ ਹੋਰ ਦੇਰੀ।

ਤੇਰੀ ਉਡੀਕ ਕਰਦੇ ਉਮਰਾ ਹੈ ਬੀਤ ਚੱਲੀ
ਏਸੇ ਹੀ ਗ਼ਮ ਨੇ ਮੇਰੀ ਸਾਰੀ ਸੁਤਾ ਹੈ ਘੇਰੀ।

ਤੂੰ ਜੇ ਖ਼ਿਆਲ ਕਰਦੋਂ ਦੇਂਦੋਂ ਜ਼ਰਾ ਹੁੰਗਾਰਾ
ਕੱਟੀ ਸੀ ਯਾਰ ਜਾਣੀ ਦੁੱਖਾਂ ਦੀ ਫਾਸ ਮੇਰੀ।

ਰਸਤੇ ਪਿਆਰ ਦੇ ਮੈਂ ਤੁਰਿਆ ਹਾਂ ਧਾਰ ਨਿਹਚਾ
ਝੱਲੀ ਹੈ ਜਾਨ ਉੱਤੇ ਦੁੱਖਾਂ ਦੀ ਸਭ ਹਨੇਰੀ।

ਧੁਨ ਹੈ ਸਵਾਰ ਮਨ ਤੇ ਮੰਜ਼ਲ ਵਿਸਾਲ ਤੇਰਾ
ਦੇਕੇ ਅਵਾਜ਼ ਯਾਰਾ ਕਰਦੇ ਤੂੰ ਰਾਹ ਸੁਖੇਰੀ।

20-08-2007

-392-

ਕਿਰਨਾ ਦੇ ਵਾਂਗ ਨੱਚੇ ਤੇਰਾ ਖਿਆਲ ਯਾਰਾ
ਏਕਮ ਦਾ ਚੰਦ ਬਣਕੇ ਮੁਖੜਾ ਵਖਾਲ ਯਾਰਾ।

ਬਰਫਾਂ ਦੀ ਸੁੰਨ ਚਾਦਰ ਪਸਰੀ ਪਈ ਚੁਫੇਰੇ
ਸੂਰਜ ਦੀ ਤਪਸ਼ ਬਣਕੇ ਇਸ ਨੂੰ ਪੰਘਾਲ ਯਾਰਾ।

ਆਸਾਂ ਦੇ ਸਭਸ ਬੂਟੇ ਹੋਏ ਨੇ ਪੱਤ ਹੀਣੇ
ਗੁਜ਼ਰੇਗਾ ਬਹੁਤ ਮੁਸ਼ਕਿਲ ਇਹਵੀ ਸਿਆਲ ਯਾਰਾ।

ਬਣਕੇ ਜੇ ਪਹੁ-ਫੁਟਾਲਾ ਕਿਰਨਾ ਬਖੇਰ ਦੇਵੇਂ
ਕਹਿਰੀ ਇਹ ਸੁੰਨ ਟੁੱਟੇ ਨਿਘ ਤੂੰ ਪਿਆਲ ਯਾਰਾ।

ਲਾਵੇ ਦੇ ਵਾਂਗ ਫਟਣਾ ਦਿਲ ਦਾ ਇਹ ਵੇਗ ਚਾਹੇ
ਰੋਕੀ ਕਿਵੇਂ ਮੈਂ ਰੱਖਾਂ ਇਸ ਦਾ ਉਛਾਲ ਯਾਰਾ।

ਕੋਈ ਤਾਂ ਵਕਤ ਆਵੇ ਖਾਵੇ ਇਹ ਮੇਲ ਜੀਵਨ
ਪੈਂਡੇ ਮੁਹਾਲ ਮੁਕਣੇ ਢੋਆ ਢੁਕਾਲ ਯਾਰਾ।

29-08-2007

-393-

ਧਰਤੀ ਹੈ ਕੰਬ ਜਾਂਦੀ ਆਵੇ ਭੁਚਾਲ ਯਾਰਾ
ਬੇਫ਼ਿਕਰ ਲੋਕ ਲੁੱਟਣ ਦੁਖ ਨਾ ਰਵਾਲ ਯਾਰਾ।

ਹਿਟਲਰ ਸਮਾਂ ਹੈ ਬਣਿਆ ਪੱਲੇ ਨਾ ਕੁਛ ਵੀ ਪਾਵੇ
ਹੱਕਾਂ ਦੇ ਖ਼ਾਬ ਸੌਂਥੇ ਕੁਛ ਨਾ ਦੁਆਲ ਯਾਰਾ।

ਪੰਜ ਪਾਣੀਆਂ ਦੀ ਧਰਤੀ ਕੀਤੀ ਹੈ ਪੰਜ ਟੋਟੇ
ਇਨ ਸ਼ਾਸਕਾਂ ਦੀ ਟੋਲੀ ਕੀਤਾ ਹਲਾਲ ਯਾਰਾ।

ਰੰਗੀ ਫਿਜ਼ਾ ਹੈ ਸਾਰੀ ਲੋਕਾਂ ਦੇ ਖ਼ੂਨ ਅੰਦਰ
ਨਫਰਤ ਦਾ ਦੌਰ ਪਸਰੇ ਪਾਵੇ ਧਮਾਲ ਯਾਰਾ।

ਮਜ਼ਹਬ ਤੇ ਰੰਗ ਨਸਲਾਂ ਪਾਏ ਨੇ ਸਭ ਪੁਆੜੇ
ਸਾਂਝਾਂ ਦੇ ਚਾਰ ਪੱਤੇ ਕਿਧਰੇ ਫੁਟਾਲ ਯਾਰਾ।

ਅਮਨਾਂ ਦਾ ਮੀਂਹ ਵਸਾਕੇ ਧਰਤੀ ਤੂੰ ਠਾਰ ਸੜਦੀ
ਮੁਸ਼ਕਲ ਤੂੰ ਹੱਲ ਕਰਕੇ ਕਰਦੇ ਕਮਾਲ ਯਾਰਾ।

30-08-2007

-394-

ਕੀਕਣ ਦੱਸਾਂ ਤੈਨੂੰ ਯਾਰਾ ਕਿਹੜਾ ਰੰਗ ਤਨਹਾਈ ਦਾ
ਯਾਦ ਤੇਰੀ ਵਿਚ ਹਰਦਮ ਸੁਹਣੇ ਕੀਕਣ ਵਕਤ ਲੰਘਾਈਦਾ।

ਔਂਸੀ ਪਾਵਾਂ ਤੋੜ ਕੇ ਵੇਖਾਂ ਮੈਂ ਹੁਣ ਟੋਟੇ ਵੰਗਾਂ ਦੇ
ਦੇ ਧਰਵਾਸਾ ਏਸ ਤਰ੍ਹਾਂ ਹੀ ਜੀ ਨੂੰ ਹੈ ਭਰਮਾਈ ਦਾ।

ਤਿੱਤਰ ਖੰਭੀ ਬਦਲੀ ਆਕੇ ਆਸ ਬਨ੍ਹਾਵੇ ਬਰਖਾ ਦੀ
ਮੇਲ ਵਿਹੂਣੇ ਲੁਛ ਲੁਛ ਜਾਂਦੇ ਦਿਲ ਨੂੰ ਹੈ ਸਮਝਾਈ ਦਾ।

ਰੇਤ ਛਲੇ ਦੇ ਤਰਵਰ ਵਾਂਗੂੰ ਲਾਰੇ ਠੰਡੀਆਂ ਛਾਂਵਾਂ ਦੇ
ਸੋਕੇ ਮਾਰੀ ਧਰਤੀ ਦਿਲ ਦੀ ਛਮਛਮ ਨੀਰ ਵਹਾਈ ਦਾ।

ਮਿਰਗ ਤਰਿਸ਼ਨਾ ਮਿਲਣ ਤਿਰੇ ਦੀ ਜੀਵਨ ਦਾ ਆਧਾਰ ਬਣੀ
ਆਪ ਸਹੇੜੇ ਦਰਦਾਂ ਬਦਲੇ ਦੋਸ਼ ਕਿਸੇ ਨਾ ਲਾਈ ਦਾ।

ਸੁੰਨ ਮਸੁੰਨੇ ਆਂਗਣ ਦਿਲ ਦੇ ਖਿੜਦੀ ਯਾਦੀਂ ਮੌਲਸਰੀ
ਪਲ ਮਿਲਣੀ ਦਾ ਗੁਜ਼ਰ ਗਿਆ ਜੋ ਫੜਫੜ ਕੋਲ ਬਹਾਈਦਾ।

14-09-2007

-395-

ਪੱਤੇ ਜਿਵੇਂ ਨੇ ਨਚਦੇ ਮੇਪਲ* ਦੇ ਵਿਚ ਹਵਾ ਦੇ
ਕਰਕੇ ਤੂੰ ਰਕਸ ਐਸਾ ਪਾਗਲ ਹਵਾ ਬਣਾ ਦੇ।

* ਪਿੱਪਲ ਵਰਗੇ ਪੱਤਿਆਂ ਵਾਲਾ ਦਰਖ਼ਤ

ਫੁੱਲਾਂ ਦੇ ਨਾਲ ਲੱਦੀ ਲਰਜ਼ੇ ਹਵਾ 'ਚ ਡਾਲੀ
ਨਜ਼ਰਾਂ ਮਿਲਾਕੇ ਕੋਈ ਮੁਸਕਾਕੇ ਫਿਰ ਝੁਕਾ ਦੇ।

ਨੈਣਾਂ ਤੋਂ ਜਾਮ ਭਰਕੇ ਪੀਵੇ ਪਿਆ ਦੀਵਾਨਾ
ਬਾਹੀਂ ਉਲਾਰ ਚੁਨਰੀ ਬਦਲੀ ਬਣਾ ਉਡਾ ਦੇ।

ਬੋਲਾਂ ਚੋਂ ਫੁੱਲ ਕਿਰਦੇ ਬਣਦੇ ਸੰਗੀਤ ਹਾਸੇ
ਬੁੱਲ੍ਹਾਂ ਤੇ ਰੱਖ ਉਂਗਲੀ ਜਾਦੂ ਜ਼ਰਾ ਵਖਾ ਦੇ।

ਹੋਇਆ ਉਦਾਸ ਜੀਵਨ ਵਾਧੂ ਦੇ ਸਭ ਝਮੇਲੇ
ਜੀਵਨ ਦੀ ਲੋ ਹੈ ਮੱਧਮ ਰੌਸ਼ਨ ਤੂੰ ਫਿਰ ਬਣਾਦੇ।

ਹਾਸੇ ਖਿੜਾ ਕੇ ਸਜਣਾ ਭਰਦੇ ਤੂੰ ਸਭ ਚੁਫੇਰਾ
ਚੂੜੇ ਦੀ ਖਣਕ ਮਿੱਠੀ ਮਦਮਸਤ ਫਿਰ ਸੁਣਾ ਦੇ।

ਮਖਮੂਰੀਆਂ 'ਚ ਮੇਰੀ ਸਾਰੀ ਹਯਾਤ ਗੁਜ਼ਰੀ
ਪਾਇਆ ਮੈਂ ਸਾਥ ਤੇਰਾ ਜੰਨਤ ਵੀ ਜੋ ਭੁਲਾ ਦੇ।

1-09-2007

-396-

ਜੰਗਾਂ ਗਲੀ ਗਲੀ ਹੁਣ ਜ਼ਾਲਮ ਨੇ ਰੁੱਧੀਆਂ ਨੇ
ਪੱਤੇ ਜ਼ਤੂਨ ਦੇ ਹੁਣ ਫੜਨੇ ਕੀ ਘੁੱਗੀਆਂ ਨੇ।

ਤਾਜਰ ਇਹ ਮੌਤ ਵਾਲੇ ਰਾਖੇ ਬਣੇ ਜਦੋਂ ਦੇ
ਬਸਤੀ ਵਿਰਾਨ ਹਰ ਥਾਂ ਮੌਤਾਂ ਹੀ ਉਗੀਆਂ ਨੇ।

ਆਇਆ ਹੈ ਲੋਕ ਤੰਤਰ ਹੋਏ ਨੇ ਸਭ ਬ੍ਰਾਬਰ
ਖੰਡਰ ਬਣੇ ਨੇ ਸਾਰੇ ਮਹਿਲਾਂ ਤੇ ਝੁੱਗੀਆਂ ਨੇ।

ਸਾਰੀ ਤਹਿਜ਼ੀਬ ਪਿਛਲੀ ਮੇਟੇਗਾ ਇਸ ਜਹਾਂ ਤੋਂ
ਵਸਦੇ ਸੀ ਥਾਂਉਂ ਜਿਹੜੇ ਥਾਂਵਾਂ ਉਹ ਲੁੱਗੀਆਂ ਨੇ

ਮਾਨਵ ਦੀ ਜ਼ਾਤ ਸਾਰੀ ਮਾਣੇਗੀ ਕੀ ਤਰੱਕੀ
ਛਾਈ ਹੈ ਮੌਤ ਹਰ ਥਾਂ ਆਸਾਂ ਨਾ ਪੁੱਗੀਆਂ ਨੇ।

ਬਾਂਦਰ ਦੇ ਵਾਂਗ ਨੱਚਣ ਦੌਲਤ ਨੂੰ ਵੇਖ ਸਾਰੇ
ਡੁਗਡੁਗ ਕਰੇ ਮਦਾਰੀ ਭਰੀਆਂ ਜਾਂ ਬੁੱਘੀਆਂ ਨੇ।

ਕਬਰੀਂ ਪਿਆ ਪਿਕਾਸੋ ਬੁੱਧਾਂ ਦੇ ਹੋਏ ਟੋਟੇ
ਥਾਂ ਥਾਂ ਤੇ ਗੋਲੀਆਂ ਹੀ ਧਰਤੀ ਤੇ ਉਗੀਆਂ ਨੇ।

16-09-2007

-397-

ਮੇਲੇ ਤਾਂ ਦੀਵਿਆਂ ਦੇ ਕਬਰੀਂ ਵੀ ਆਣ ਲਗਦੇ
ਰਾਹਾਂ ਕਰੇ ਜੋ ਰੌਸ਼ਨ ਦੀਵੇ ਤੂੰ ਰੱਖ ਜਗਦੇ।

ਝੀਲਾਂ ਜਹੀ ਡੂੰਘਾਈ ਨੈਣਾ ਦੀ ਯਾਦ ਤੇਰੀ
ਝੌਲੇ ਜਹੇ ਨੇ ਪੈਂਦੇ ਕੋਕੇ ਤੇਰੇ ਦੇ ਨਗ ਦੇ।

ਮਿਸ਼ਰੀ ਦੇ ਵਾਂਗ ਮਿੱਠੇ ਕਰਕੇ ਅਸਾਂ ਸੀ ਜਾਣੇ
ਕੰਕਰ ਵੀ ਛੂਹ ਗਏ ਜੋ ਤੇਰੇ ਸੀ ਨਾਲ ਪਗਦੇ।

ਤੇਰੇ ਹੀ ਲਾਰਿਆਂ ਤੇ ਸਾਰੀ ਹਯਾਤ ਗੁਜ਼ਰੀ
ਵਾਅਦੇ ਵਫਾ ਨਾ ਹੋਏ ਸਾਨੂੰ ਰਹੇ ਨੇ ਠਗਦੇ।

ਨ੍ਹੇਰੀ ਤੁਫਾਨ ਕਣੀਆਂ ਰਾਹਾਂ ਨਾ ਰੋਕ ਸਕਦੇ
ਔਕੜ ਦੇ ਨਾਲ ਆਸ਼ਕ ਰਹਿੰਦੇ ਸਦਾ ਨੇ ਤਗਦੇ।

ਡੂੰਘੇ ਹਨੇਰਿਆਂ ਵੀ ਹਿੰਮਤ ਕਦੇ ਨਾ ਤੋੜੀ
ਦੀਪਕ ਜਲਾਣ ਆਪਾ ਜੁਗਨੂੰ ਰਹੇ ਨੇ ਦਗਦੇ।

ਨਿਰਮਲ ਅਕਾਸ਼ ਹੋਵੇ ਬਰਖਾ ਦੇ ਬਾਅਦ ਜੀਕਣ
ਧੋਵਣ ਗਿਲੇ ਗੁਜ਼ਾਰੀ ਨੈਣਾਂ ਦੇ ਨੀਰ ਵਗਦੇ।

ਮਾਯੂਸੀਆਂ ਦਾ ਡੇਰਾ ਲੱਗਾ ਕਦੇ ਨਾ ਦਿਲ ਤੇ
ਰੌਸ਼ਨ ਖਿਆਲ ਦੌੜਣ ਮੇਰੀ ਹਰੇਕ ਰਗ ਦੇ।

16-09-2007

-398-

ਬਣ ਵੇਲ ਆਕੇ ਲਿਪਟੇਂ ਵੇਖੇਂ ਤੇ ਮੁਸਕਰਾਵੇਂ
ਸੁਪਨੇ 'ਚ ਆਕੇ ਯਾਰਾ ਮੈਨੂੰ ਤੂੰ ਨਿਤ ਲੁਭਾਵੇਂ।

ਜਾਗਾਂ ਤੇ ਦੂਰ ਮੈਥੋਂ ਨ੍ਹੇਰੇ 'ਚ ਸਾਏ ਵਾਂਗੂੰ
ਕੌਤਕ ਇਹ ਕਰਕੇ ਕੈਸੇ ਮੈਨੂੰ ਤੂੰ ਨਿਤ ਵਿਖਾਵੇਂ।

ਨੀਂਦਾਂ ਉਡਾਰ ਕਰਕੇ ਸੁਪਨੇ ਚੁਰਾ ਲਵੇਂ ਤੂੰ
ਚੋਰੀ ਤੂੰ ਆਪ ਕਰਕੇ ਮੈਨੂੰ ਸਜ਼ਾ ਸੁਣਾਵੇਂ।

ਆਪੇ ਤੂੰ ਦੇ ਵਿਛੋੜਾ ਆਖੇਂ ਨਾ ਰੋ ਜ਼ਰਾ ਵੀ
ਦੇ ਦੇ ਅਜ਼ਾਬ ਕੈਸੇ ਸੁਕਣੇ ਤੂੰ ਜਿੰਦ ਪਾਵੇਂ।

ਬੰਦੇ, ਵਤਨ, ਖ਼ੁਦਾ ਵੀ, ਵੰਡੇ ਨੇ ਆਣ ਧਰਮਾਂ
ਮਜ਼ਹਬ ਦੇ ਨਾਂ ਤੇ ਪੁੱਠੀ ਪੱਟੀ ਤੂੰ ਕੀ ਪੜ੍ਹਾਵੇਂ।

ਗੋਲੀ ਬਰੂਦ ਨਿਸਦਿਨ ਵੇਚੇਂ ਅਮਨ ਦੇ ਨਾਂ ਤੇ
ਸਾਰੀ ਤੂੰ ਧਰਤ ਨੂੰ ਹੀ ਮਕਤਲ ਪਿਆ ਬਣਾਵੇਂ।

ਕੀਤੇ ਨੇ ਸਭ ਬਰਾਬਰ ਕੈਸਾ ਹੈ ਲੋਕਤੰਤਰ
ਵਸਦੇ ਨਗਰ ਵੀ ਸਾਰੇ ਖੋਲੇ ਤੂੰ ਨਿਤ ਬਣਾਵੇਂ।

ਜਿੱਥੇ ਤੇ ਜੇਸ ਤੇ ਵੀ ਤੇਰੀ ਨਜ਼ਰ ਹੈ ਜਾਂਦੀ
ਦੇਕੇ ਪਿਆਰ ਸਿਰ ਤੇ ਮਿੱਟੀ 'ਚ ਤੂੰ ਮਿਲਾਵੇਂ।

25-10-07

-399-

ਸਜਣਾ ਦੇ ਨਾਲ ਸੁਹਣੇ ਲਗਦੇ ਨੇ ਪਲ ਸਰੂਰੇ
ਤੇਰੇ ਬਿਨਾ ਤੇ ਮਹਿਰਮ ਅਸਲੋਂ ਅਸੀਂ ਅਧੂਰੇ।

ਮਹਿਕੀ ਹਵਾ ਤੇ ਬਹਿਕੇ ਮਿਲਣੀ ਦੇ ਪਲ ਉਹ ਸਾਰੇ
ਵੱਸਣ ਸਦਾ ਹੀ ਯਾਦੀਂ ਬੀਤੇ ਉਹ ਪਲ ਕਥੂਰੇ।

ਮੁਸ਼ਕਲ ਨਹੀਂ ਹੈ ਜਰਨਾ ਤਪਦੇ ਥਲਾਂ ਦੀ ਗਰਮੀਂ
ਵਿਛੜੇ ਸਜਣ ਤਾਂ ਪਾਵੇ ਜੀਵਨ ਨੂੰ ਉਹ ਤੰਦੂਰੇ।

ਦੰਭੀ ਅਤੇ ਫਰੇਬੀ ਧਰਮਾਂ ਦੇ ਪਾਣ ਬੁਰਕੇ
ਲੜਦੇ ਜੋ ਸੱਚ ਖਾਤਰ ਖਾਵਣ ਨਾ ਮਾਤ ਸੂਰੇ।

ਦਿਸਹੱਦਿਆਂ ਤੇ ਵੇਖਾਂ ਊਸ਼ਾ ਦੀ ਫੇਰ ਲਾਲੀ
ਆਵਣਗੇ ਉਹ ਜ਼ਰੂਰੀ ਵਸਦੇ ਨੇ ਚਾਹਿ ਦੂਰੇ।

ਧਰਤੀ ਨਾ ਪੈਰ ਲੱਗਣ ਤੇਰੇ ਮਿਲਣ ਦੇ ਚਾਈਂ
ਐਸਾ ਨਸ਼ਾ ਹੈ ਛਾਇਆ ਫਿਰਦੇ ਅਸੀਂ ਸਰੂਰੇ।

17-09-2007

-400-

ਜਿਸ ਦੀ ਉਡੀਕ ਮੈਨੂੰ ਪਹੁੰਚੇਗਾ ਆ ਸਵੇਰਾ
ਫੈਲੇਗੀ ਆਣ ਸੁਰਖ਼ੀ ਚਮਕੇਗਾ ਲਾਲ ਚਿਹਰਾ।

ਕਾਲਖ ਗ਼ਮਾਂ ਦੀ ਧੋਕੇ ਲਾਹੇਗਾ ਆ ਸਿਆਹੀ
ਚਿਹਰਾ ਉਦਾਸ ਰੌਸ਼ਨ ਆਕੇ ਕਰੇਗਾ ਮੇਰਾ।

ਬਣਗੀ ਗੁਨਾਹ ਦੀ ਬਸਤੀ ਹਰ ਚੀਜ਼ ਹੈ ਵਿਕਾਊ
ਦੌਲਤ ਦੇ ਨਾਗ ਐਸਾ ਪਾਇਆ ਹੈ ਸਭ ਨੂੰ ਘੇਰਾ।

ਹੋਵੇ ਨਾ ਦਿਲਤੇ ਕਾਬੂ, ਕਾਬੂਨਾ ਦਿਲ ਹੈ ਰਹਿੰਦਾ
ਕਾਬੂ ਤੋਂ ਬਾਹਰ ਹੋਂਦਾ ਕਾਬੂ ਕਰਾਂ ਬਥੇਰਾ।

ਕਿਰਨਾ ਦੀ ਇਕ ਅਣੀ ਜਿਉਂ ਛੇਦੇ ਹਨੇਰ ਸਾਰਾ
ਜਿੱਤੇ ਸਦਾ ਹੀ ਚਾਨਣ ਖਾਵੇਗਾ ਮਾਤ ਨ੍ਹੇਰਾ।

ਆਈ ਕਿ ਜਾਣ ਆਈ ਮੰਜ਼ਲ ਕਰੀਬ ਤੇਰੇ
ਕਰ ਲੈ ਉਡੀਕ ਥੋੜ੍ਹੀ ਕਰ ਲੈ ਜ਼ਰਾ ਤੂੰ ਜੇਰਾ।

2-03-08

-401-

ਬੁਰਦਾਂ ਮੈਂ ਲਾ ਲੀਆਂ ਨੇ ਬਾਦਲ ਦੇ ਨਾਲ ਯਾਰੋ
ਡਾਢੇ ਖ਼ਿਆਲ ਅਥਰੇ ਰੱਖੇ ਨੇ ਪਾਲ ਯਾਰੋ।

ਆਵਣ ਖਿਆਲ ਐਸੇ ਹੁਸਨੋ ਜਮਾਲ ਜੈਸੇ
ਦੌਲਤ ਤੇ ਮਾਲ ਸਾਰੇ ਕਰਦੇ ਪਮਾਲ ਯਾਰੋ।

ਅਕਲਾਂ ਨੂੰ ਰੱਖ ਲਾਂਭੇ ਹੋਸ਼ਾਂ ਭੁਲਾ ਕੇ ਸੱਭੋ
ਖੇਡਾਂ, ਨਾ ਮੂਲ ਡਰਦਾਂ, ਆਤਸ਼ ਦੇ ਨਾਲ ਯਾਰੋ।

ਹੁਸਨਾਂ ਦੀ ਵੇਖ ਮੂਰਤ ਦਿਲਵੀ ਨਿਸਾਰ ਕਰਦਾਂ
ਮੋਹਨ ਨਾ ਇਸ ਨੂੰ ਮੂਲੇ ਗੌਹਰ ਤੇ ਲਾਲ ਯਾਰੋ।

ਰਸਤੇ ਚਰਾਗ਼ ਗਲੀਆਂ ਲੱਗਣ ਉਹੋਹੀ ਭਲੀਆਂ
ਜਿੱਥੋਂ ਦੀ ਯਾਰ ਲੰਘੇ ਪਾਵੇ ਧਮਾਲ ਯਾਰੋ।

ਦਸਤਕ ਹਰੇਕ ਮੈਨੂੰ ਓਸੇ ਦੀ ਸੋ ਹੈ ਦੇਂਦੀ
ਮੇਰੇ ਖ਼ਿਆਲ ਅੰਦਰ ਜਿਸਦਾ ਖ਼ਿਆਲ ਯਾਰੋ।

ਤਿਸ਼ਨਾ ਇਹ ਲਬ ਜੋ ਮੇਰੇ ਆਦੀ ਬਣੇਨੇ ਉਸਦੇ
ਨਜ਼ਰਾਂ ਦੇ ਨਾਲ ਜਿਹੜੀ ਦੇਂਦਾ ਪਿਆਲ ਯਾਰੋ।

ਖ਼ੁਸ਼ਬੂ ਦੇ ਵਾਂਗ ਮੇਰੀ ਸਾਰੀ ਸੁਤਾ ਤੇ ਛਾਇਆ
ਧੂੜੀ ਵੀ ਉਸਦੇ ਰਾਹਦੀ ਲਗਦੀ ਗੁਲਾਲ ਯਾਰੋ।

ਮਾਯਾ ਤੇ ਮੁਹ ਵੀ ਸਾਰੇ ਹੁਣ ਤੇ ਵਿਸਾਰ ਛੱਡੇ
ਸੁਰਤੀ ਵੀ ਜੋੜ ਲੀਤੀ ਓਸੇ ਦੇ ਨਾਲ ਯਾਰੋ।

25-10-07

-402-

ਵਕਤ ਕੈਸੀ ਕਰ ਲਈ ਹੈ ਨਾਲ ਮੇਰੇ ਇਹ ਅੜੀ
ਪਾਸ ਹੁੰਦੇ ਵੀ ਨਾ ਆਵੇ ਮੇਲ ਤੇਰੇ ਦੀ ਘੜੀ।

ਬੁੱਲੀਆਂ ਤੇ ਰੱਖ ਹਾਸੇ ਆਲ ਟਾਲੇ ਨਿਤ ਕਰੇਂ
ਲਾਰਿਆਂ ਵਿਚ ਇਸਤਰਾਂ ਹੀ ਜ਼ਿੰਦ ਜਾਵੇ ਇਹ ਹੜੀ।

ਹਰ ਸੁਬ੍ਹਾ ਹਰ ਸ਼ਾਮ ਉਸ ਦੀ ਭਾਲ ਕਰਦੇ ਬੀਤਦੀ
ਨੈਣ ਲਟਕੀ ਦਿਲ 'ਚ ਉਕਰੀ ਤੇ ਸੁਤਾ ਸੂਰਤ ਜੜੀ।

ਰੇਤ ਦੇ ਜੋ ਘਰ ਬਣਾਏ ਪਲ 'ਚ ਸਾਰੇ ਢਹਿ ਗਏ
ਵਕਤ ਦੀ ਹੈ ਛੱਲ ਜ਼ਾਲਮ ਰੋੜ੍ਹ ਰੇਤਾ ਵੀ ਖੜੀ।

ਰਾਤ ਕਾਲੀ ਵਾਂਗ ਕਾਲੇ ਵਾਲ ਤੇਰੇ ਮਹਿਰਮਾ
ਯਾਦ ਆਵੇ ਮਹਿਕ ਤੇਰੀ ਵੇਖ ਸਾਵਣ ਦੀ ਝੜੀ।

ਇਸ ਫ਼ਿਜ਼ਾ ਵਿਚ ਸਾਹ ਲੈਣਾ ਯਾਰ ਮੁਸ਼ਕਲ ਹੋਗਿਆ
ਸਾਫ ਸੁਥਰੀ ਹੁਣ ਹਵਾ ਵੀ ਵਿਹੜੇ ਕਿਹੜੇ ਜਾ ਵੜੀ।

ਰਾਤ ਕਾਲੀ, ਮੌਤ ਵਰਗੀ, ਸੂਕਦੀ ਕਹਿਰੀ ਹਵਾ
ਕਰਕੇ ਜੇਰਾ, ਰਾਤ ਸਾਰੀ, ਲਾਟ ਦੀਪਕ ਦੀ ਲੜੀ।

ਹਨ ਉਡੀਕਾਂ ਰਾਤ ਦਿਨ ਹੀ ਆ ਕਦੀ ਤੇ ਜਾਨੀਆਂ
ਨਜ਼ਰ ਮੇਰੀ ਰਾਹ ਤੇਰੇ ਹੈ ਸਦਾ ਰਹਿੰਦੀ ਜੜੀ।

ਨੈਣ ਤਰਸੇ ਜਿੰਦ ਲੁੱਛੇ ਲੋੜ ਤੇਰੀ ਦੀਦ ਦੀ
ਆਖਰੀ ਸਾਹਾਂ ਤੇ ਜਾਪੇ ਜਾਨ ਮੇਰੀ ਹੁਣ ਅੜੀ।

28-10-07

-403-

ਮੈਂ ਉਡੀਕਾਂ ਨੀਂਦ ਆਵੇ ਯਾਰ ਸੁਪਨੇ ਆ ਮਿਲੇ
ਦਰਦ ਨੂੰ ਆਰਾਮ ਆਵੇ ਚੈਨ ਆਵੇ ਇਸ ਦਿਲੇ।

ਬਣ ਸਦਾ* ਤੂੰ ਗੂੰਜਦਾ ਹੈਂ ਮੇਰੇ ਅੰਦਰ ਮਹਿਰਮਾਂ
ਮਾਣਮੱਤਾ ਮੈਂ ਫਿਰਾਂ ਨਿਤ ਇਸ ਮੁਹੱਬਤ ਦੇ ਸਿਲੇ।

ਰੇਤ ਦੇ ਹਰ ਕਣ ਦੇ ਵਿੱਚੋਂ ਝਲਕਦੀ ਸੂਰਤ ਜਿਦ੍ਹੀ
ਫੇਰ ਵੀ ਪਰ ਯਾਰ ਮੇਰਾ ਦੂਰ ਮੈਥੋਂ ਨਾ ਮਿਲੇ।

ਮੀਲ ਪੱਥਰ ਛੁਪ ਗਏ ਨੇ ਵਿਚ ਹਨੇਰੇ ਰਾਤ ਦੇ
ਬਣਕੇ ਜੁਗਨੂੰ ਕਟ ਲਵਾਂਗੇ ਇਹਵੀ ਔਝੜ ਫਾਸਲੇ।

ਦੂਰੀਆਂ ਸਭ ਚੀਰਕੇ ਵੀ ਯਾਦ ਤੇਰੀ ਆ ਗਈ
ਨਾ ਜ਼ਮਾਨਾ ਰੋਕ ਪਾਵੇ ਯਾਦ ਵਾਲੇ ਕਾਫਲੇ।

ਦੇਰ ਪਿੱਛੋਂ ਮੈਂ ਜਦੋਂ ਪਰਦੇਸ ਤੋਂ ਸਾਂ ਪਰਤਿਆ
ਬੰਦ ਸਨ ਦੀਵਾਰ ਵਾਂਗੂੰ ਰਿਸ਼ਤਿਆਂ ਦੇ ਸਿਲਸਲੇ।

ਰਾਹ ਰਸਤੇ ਓਬੜਾਂ ਦੇ ਵਾਂਗ ਮੈਨੂੰ ਝਾਕਦੇ
ਬਾਝ ਤੇਰੇ ਕੌਣ ਮੈਨੂੰ ਆ ਮਿਲੇਗਾ ਧਾ ਗਲੇ।

* ਆਵਾਜ਼

25-10-07

-404-

ਫਿਰ ਯਾਰ ਓਝਲ ਹੋ ਗਿਆ ਜਲਵਾ ਵਖਾਲ ਕੇ
ਕੀਕਣ ਮੈਂ ਰੱਖਾਂ ਰੋਜ਼ ਹੀ ਰੀਝਾਂ ਸੁਆਲ* ਕੇ।

* ਸੁਆਕੇਂ

ਜਿਸ ਤੋਂ ਉਮੀਦਾਂ ਮੈਂ ਕਰਾਂ ਜੀਵਨ ਦਾ ਸਾਥ ਦੈ
ਉਹ ਚੈਣ ਮੇਰਾ ਲੈ ਗਿਆ ਨਾਲੇ ਉਧਾਲ ਕੇ।

ਪਾਤੀ ਬਣਾਕੇ ਗੀਤ ਦੀ ਭੇਜਾਂ ਮੈਂ ਓਸ ਨੂੰ
ਵੇਖੇ ਕਦੀ ਨਾ ਓਸ ਨੇ ਅੱਖਰ ਉਠਾਲ ਕੇ।

ਨਾ ਨੀਂਦ ਰਾਤੀਂ ਆਂਵਦੀ ਨਾ ਚੈਨ ਹੈ ਦਿਨੇ
ਪੁੱਛਾਂ ਕਿਵੇਂ ਮੈਂ ਯਾਰ ਨੂੰ ਸੌਂਹੇਂ ਬਠਾਲ ਕੇ।

ਤੈਨੂੰ ਉਡੀਕਾਂ ਮੈਂ ਸਦਾ ਰਾਤਾਂ ਫਰੋਲਦਾ
ਕਿੱਥੋਂ ਲਿਆਵਾਂ ਫਜਰ ਦਾ ਸੂਰਜ ਮੈਂ ਭਾਲ ਕੇ।

ਲੋੜਾਂ ਥੁੜਾਂ ਨੇ ਆਣਕੇ ਜੀਵਨ ਹੈ ਘੇਰਿਆ
ਸੁਪਨੇ ਬੜੇ ਰੰਗੀਨ ਮੈਂ ਰੱਖੇ ਸੀ ਪਾਲ ਕੇ।

* ਬੇਪਰਵਾਹ

ਤੂੰ ਬੇਨਿਆਜ਼ਾ* ਕਰ ਗਿਓਂ ਹਰ ਚੀਜ਼ ਤੋਂ ਜਿਵੇਂ
ਨਜ਼ਰਾਂ ਮਿਲਾਕੇ ਜਾਮ ਤੂੰ ਅਧਭੁਤ ਪਿਆਲਕੇ।

25-10-07

-405-

ਖਾਧੀ ਸੀ ਜੋ ਕਸਮ ਤੂੰ ਉਮਰਾਂ ਦੇ ਸਾਥ ਵਾਲੀ
ਮੂੰਹ ਮੋੜਕੇ ਨਾ ਜਾਵੀਂ ਜੀਵਨ ਬਣਾਕੇ ਖਾਲੀ।

ਪਾਣੀ ਪੰਜਾਬ ਵਿੱਚੋਂ ਗਾਇਬ ਇਵੇਂ ਹੈ ਹੋਇਆ
ਜੀਕਣ ਪਤਾਲ ਲਹਿੰਦੀ ਸੂਰਜ ਦੀ ਸ਼ਾਮ ਲਾਲੀ।

ਘਰ ਬਾਰ ਨਾ ਕਬੀਲਾ ਪਰਦੇਸ ਦਾ ਹੈ ਰਹਿਣਾ
ਕੋਸ਼ਿਸ਼ ਬੜੀ ਮੈਂ ਕਰਦਾਂ ਜਾਵੇ ਨਾ ਜਿੰਦ ਢਾਲੀ।

ਜੀਵਨ ਦਾ ਢੰਗ ਵੱਖਰਾ ਵੱਖਰੀ ਹੈ ਬੋਲ ਬਾਣੀ
ਰਿਸ਼ਤੇ ਅਜੀਬ ਏਥੇ ਤਹਿਜ਼ੀਬ ਵੀ ਨਿਰਾਲੀ।

ਡਾਲਰ ਦੀ ਖਣਕ ਪਿੱਛੇ ਭੱਜੇ ਨੇ ਲੋਕ ਫਿਰਦੇ
ਕੋਹਲੂ ਦੇ ਬੈਲ ਵਾਂਗੂੰ ਲਹਿੰਦੀ ਨਾ ਪਰ ਪੰਜਾਲੀ।

ਮਾਪੇ ਉਡੀਕ ਗੁਜ਼ਰੇ ਜਾਵਣ ਨਾ ਦੇਸ ਹੋਇਆ
ਵਰਤੀ ਹੈ ਆਣ ਐਸੀ ਜੀਵਨ ਤੇ ਖੁਸ਼ਕ ਸਾਲੀ।

ਮਿਹਨਤ ਦੇ ਨਾਲ ਮੌਸਮ ਆਵੇ ਬਹਾਰ ਵਾਲਾ
ਧੀਰਜ ਤੂੰ ਰੱਖ ਯਾਰਾ ਥੋੜਾ ਉਡੀਕ ਹਾਲੀ।

ਧੀਆਂ ਤੇ ਪੁੱਤ ਜੇ ਕਰ ਨਿਕਲੇ ਸੁਲੱਗ ਤੇਰੇ
ਸੰਧੂ ਤੂੰ ਸਮਝ ਐਨਾ ਵੱਡਾ ਹੈਂ ਭਾਗਸ਼ਾਲੀ।

28-10-07

-406-

ਮੋਮ ਬੱਤੀ ਵਾਂਗ ਮੇਰੀ ਜਲ ਰਹੀ ਹੈ ਜ਼ਿੰਦਗੀ
ਲਾਰਿਆਂ ਦੇ ਨਾਲ ਮੈਨੂੰ ਛਲ ਰਹੀ ਹੈ ਜ਼ਿੰਦਗੀ।

ਹਰ ਸਮੇਂ ਆਉਂਦੇ ਰਹੇਹਨ ਗ਼ਮ ਖ਼ੁਸ਼ੀ ਦੀ ਆੜ ਵਿੱਚ
ਇਸ ਤਰ੍ਹਾਂ ਲੈ ਲੋਰੀਆਂ ਇਹ ਪਲ ਰਹੀ ਹੈ ਜ਼ਿੰਦਗੀ।

ਹੈ ਸ਼ਮ੍ਹਾਂ ਤੇ ਜਿਸ ਤਰ੍ਹਾਂ ਪਰਵਾਨਿਆਂ ਦਾ ਮਰ ਮਿਟਣ
ਚੁਪ ਚਪੀਤੇ ਗ਼ਮ ਤਿਰੇ ਵਿਚ ਢਲ ਰਹੀ ਹੈ ਜ਼ਿੰਦਗੀ।

ਵੇਖ ਬਾਹਰੋ ਲੋਕ ਆਖਣ ਜਾਪਦਾ ਚੰਗਾ ਭਲਾ
ਬਾਝ ਤੇਰੇ ਨਾ ਕਦੀ ਸਮਤਲ ਰਹੀ ਹੈ ਜ਼ਿੰਦਗੀ।

ਬੇਕਰਾਰੀ ਹੋਰ ਵਧਦੀ ਜਾ ਰਹੀ ਹੈ ਦੋਸਤਾ
ਹਰ ਕਦਮ ਇਹ ਚਾਲ ਕੈਸੀ ਚਲ ਰਹੀ ਹੈ ਜ਼ਿੰਦਗੀ।

ਮਿਲਣ ਤੇਰੇ ਦੀ ਖ਼ੁਸ਼ੀ ਦੇ ਪਾਸਕੂ ਨਾ ਗ਼ਮ ਮਿਰੇ
ਕਿਸ ਤਰ੍ਹਾਂ ਮੈਂ ਸਮਝ ਲਾਂ ਨਿਹਫਲ ਰਹੀ ਹੈ ਜ਼ਿੰਦਗੀ।

ਗ਼ਮ ਤਿਰੇਤੋਂ ਲੋਕ ਗ਼ਮ ਤਕ ਮੈਂ ਸਫਰ ਹੈ ਕਰਲਿਆ
ਤਾਂ ਹੀ ਸੱਚੇ ਲੋਕਤਾ ਦੇ ਢਲ ਰਹੀ ਹੈ ਜ਼ਿੰਦਗੀ।

ਬੇਅਦਬ ਤੇ ਬੇਮੁਰੱਵਤ ਲੋਕ ਜਾਨਣ ਦਿਲ-ਲਗੀ
ਕਰਮ ਹੀਣੀ ਹੀ ਜਿਨ੍ਹਾਂ ਦੀ ਪਲ ਰਹੀ ਹੈ ਜ਼ਿੰਦਗੀ।

4-11-07

-407-

ਦੱਸਾਂ ਕੀ ਹਾਲ ਤੈਨੂੰ ਡਾਢਾ ਬੁਰਾ ਹੈ ਹੋਇਆ
ਰੀਝਾਂ ਦੀ ਮੌਤ ਹੋਈ ਆਸਾਂ ਦਾ ਹੈ ਨੜੋਇਆ।

ਪੰਜ ਪਾਣੀਆਂ ਦੀ ਧਰਤੀ ਬੋਲੀ ਵੀ ਨਾਲ ਵੰਡੀ
ਰਾਵੀ ਬਿਆਸ ਸਤਲੁਜ ਜਿਹਲਮ ਚਨਾਬ ਰੋਇਆ।

ਜਦ ਜ਼ੁਲਮ ਦਾ ਸਕੰਦਰ ਹੱਦਾਂ ਤੇ ਆਣ ਪਹੁੰਚਾ
ਵੰਗਾਰ ਸੁਣਕੇ ਪੋਰਸ ਰਾਖਾ ਸੀ ਆ ਖਲੋਇਆ।

ਆਸ਼ਕ ਨੇ ਵਾਰ ਦੇਂਦੇ ਕਰਦੇ ਗੁਰੇਜ਼ ਨਾਹੀਂ
ਸ਼ਬਨਮ ਨੇ ਵਾਰ ਆਪਾ ਫੁੱਲਾਂਦਾ ਮੂੰਹ ਹੈ ਧੋਇਆ।

ਧਰਮਾਂ ਦੀ ਬਾਤ ਕਰਦੇ ਲੋਕੀਂ ਈਮਾਨ ਹੀਣੇ
ਲੋਕਾਂ ਦੀ ਪੀੜ ਹਰਕੇ ਰਸਤਾ ਵਖਾ ਨਰੋਇਆ।

ਕੇਂਦਰ ਮੁਰਾਦ ਵਾਲਾ ਮੇਰੇ ਦਿਲੇ ਦਾ ਤੂੰ ਹੀ
ਦੱਸੀਂ ਮੈਂ ਸ਼ੌਕ ਅਪਣਾ ਰੱਖਾਂ ਕਿਵੇਂ ਲਕੋਇਆ।

ਰੀਝਾਂ ਦੇ ਬੀਜ ਬੀਜੇ ਹਸਰਤ ਦਾ ਦੇਕੇ ਪਾਣੀ
ਆਈ ਬਹਾਰ ਦਿਲ ਤੇ ਹੋਇਆ ਜਿਵੇਂ ਨਛੋਇਆ।

ਹੋਵੇ ਮੁਰਾਦ ਪੂਰੀ ਜੰਗਾਂ ਦਾ ਅੰਤ ਹੋਵੇ
ਲੋਚੇ ਦਿਲੇ ਦੀ ਰਾਧਾ ਕਿਸ਼ਨਾ ਵਿਸਾਲ ਹੋਇਆ।

ਮਾਪੇ ਮਸੂਮ ਬੱਚੇ ਹਸ ਹਸ ਖਿਲਾਣ ਗੋਦੀ
ਖ਼ੁਸ਼ੀਆਂ ਜਹਾਨ ਵੰਡੇ ਜਾਗੇ ਨਸੀਬ ਸੋਇਆ।

3-11-07

-408-

ਲਖ ਲਖ ਸਲਾਮ ਕਰਦੇ ਤੇਰੇ ਅਸੀਂ ਦਰਾਂ ਨੂੰ
ਕੈਸੀ ਤੂੰ ਤਾਣ ਬਖ਼ਸ਼ੀ ਯਾਰਾ ਮਿਰੇ ਪਰਾਂ ਨੂੰ।

ਲਾਈ ਸਿਰਾਂ ਦੀ ਬਾਜ਼ੀ ਲੈ ਬੀੜ ਏਕਤਾ ਦੀ
ਚਾਰੇ ਸੀ ਵਰਨ ਆਏ ਗੁਰਘਰ ਦੇ ਫਿਰ ਦਰਾਂ ਨੂੰ।

ਜੋੜੇ ਸੀ ਲੋਕ ਸਾਰੇ ਤੇ ਵਿਤਕਰੇ ਮਿਟਾਏ
ਚਿੜੀਆਂ ਨੇ ਬਾਜ ਮਾਰੇ ਖੰਡੇ ਬਣਾ ਪਰਾਂ ਨੂੰ।

ਰਾਖੇ ਜੋ ਬਣ ਸਦਾ ਹੀ ਲੜਦੇ ਰਹੇ ਪੰਜਾਬੀ
ਕਿਓਂਕਰ ਨਾ ਹੁਣ ਸੁਖਾਵਣ ਭਾਰਤਦੇ ਰਹਿਬਰਾਂਨੂੰ

ਕਿਤਨੇ ਬੁਝਾਕੇ ਦੀਪਕ ਕੀਤੇ ਨੇ ਘਰ ਹਨੇਰੇ
ਮਾਵਾਂ ਦੇ ਲਾਲ ਸੁਹਣੇ ਪਰਤੇ ਨਾ ਫਿਰ ਘਰਾਂ ਨੂੰ।

ਫਲ ਫੁੱਲ ਨਾ ਹੀ ਪੱਤੇ ਆਉਂਦੇ ਨਾ ਕੰਮ ਜਿਸਦੇ
ਪੰਛੀ ਕੀ ਘਰ ਬਣਾਵਣ ਸਿੰਮਲ ਦੇ ਤਰਵਰਾਂ ਨੂੰ।

ਬਣਕੇ ਵਣਾ ਦੀ ਅਗਨੀ ਪਹੁੰਚੀ ਜਾਂ ਆ ਦਰਾਂ ਤੇ
ਲਾਂਬੂ ਲਗੌਣ ਵਾਲੇ ਕੁੰਜਨ ਗੇ ਫਿਰ ਪਰਾਂ ਨੂੰ।

ਖਲਕਤ ਕੁਹਾ ਰਹੇ ਨੇ ਗੋਲੇ ਬਰੂਦ ਵਾਲੇ
ਪਾਵੇ ਕੋ ਨੱਥ ਸੂਰਾ ਅਗਨੀ ਦੇ ਤਾਜਰਾਂ ਨੂੰ।

ਸੰਧੂ ਸੁਣਾ ਕੇ ਗ਼ਜ਼ਲਾਂ ਲੋਕਾਂ ਨੂੰ ਵਰਗਲਾਵੇ
ਹੁਣ ਮੁਕਬਰੀ ਦਾ ਮੌਕਾ ਮਿਲਿਆ ਹੈ ਮੁਕਬਰਾਂਨੂੰ।

18-12-07

-409-

ਤੇਰਿਆਂ ਹੀ ਝੋਰਿਆਂ ਵਿਚ ਜਿੰਦ ਜਾਵੇ ਇਹ ਖੁਰੀ
ਸੱਜਣਾ ਤੋਂ ਹੈ ਜੁਦਾਈ ਮੌਤ ਨਾਲੋਂ ਵੀ ਬੁਰੀ।

ਫੁੱਲ ਤਾਰੇ ਤੇ ਸੁਗੰਧੀ ਰੌਸ਼ਨੀ ਸੰਗ ਜਦ ਤੁਰਾਂ
ਹਰ ਜਗ੍ਹਾ ਹਰਏਕ ਥਾਂ ਤੇ ਗੱਲ ਤੇਰੀ ਹੈ ਤੁਰੀ।

ਚੰਦ ਤਾਰੇ ਭੌਰ ਆਸ਼ਕ ਘੁੰਮਦੇ ਨੇ ਮਹਿਵਰੀਂ
ਸੱਜਣਾ ਤੂੰ ਮੇਰੀ ਸਾਰੀ ਜ਼ਿੰਦਗੀ ਦੀ ਹੈਂ ਧੁਰੀ।

ਲਾਜ਼ਮੀ ਨੇ ਯਾਰ ਮਿੱਤਰ ਤੇ ਸਕੇ ਸਨਬੰਧ ਵੀ
ਪਰ ਤਿਰੇ ਬਿਨ ਯਾਰ ਜਾਪੇ ਜ਼ਿੰਦਗੀ ਹੀ ਬੇਸੁਰੀ।

ਰੂਹ ਦੀ ਤਸਕੀਨ ਬਾਝੋਂ ਜ਼ਿੰਦਗੀ ਬੇਕਾਰ ਹੈ
ਬਾਝ ਇਸਦੇ ਧਰਤ ਜਾਪੇ ਬਸ ਨਿਰੀ ਮਾਸਾਪੁਰੀ।

ਲੋਭ ਲਾਲਚ ਜ਼ਰ ਜ਼ਮੀਨਾਂ ਤੇ ਵਖਾਵੇ ਹਰ ਜਗ੍ਹਾ
ਪਿਆਰ ਗੁੱਧੀ ਰਹਿਤ ਬਾਝੋਂ ਜ਼ਿੰਦਗੀ ਹੈ ਭੁਰਭੁਰੀ

ਆ ਕਨੇਡਾ ਢੇਰ ਚਾਹੇ ਦੌਲਤਾਂ ਦੇ ਲਾ ਲਏ
ਰਾਹ ਪੁੱਠੇ ਨਸਲ ਤੇਰੀ ਵੇਖ ਜਾਂਦੀ ਹੈ ਤੁਰੀ।

12-11-07

-410-

ਆਵੀਂ ਤੂੰ ਯਾਰ ਮੇਰੇ ਬੋਲੇ ਨੇ ਕਾਂ ਬਨੇਰੇ
ਜੀਵਨ 'ਚ ਰੰਗ ਭਰਦੇ ਰੀਝਾਂ ਦੇ ਐ ਚਤੇਰੇ।

ਸੂਰਜ ਦੇ ਆ ਝਰੋਖੇ ਬਹਿੰਦਾ ਸੇਂ ਯਾਰ ਸੁਹਣੇ
ਰੰਗਾਂ ਦੀ ਬਣ ਰੰਗੋਲੀ ਹੋਂਦੇ ਸੀ ਆ ਸਵੇਰੇ।

ਚੀਰੇ ਸੀ ਸਾਥ ਤੇਰੇ ਸੱਤੇ ਅਕਾਸ਼ ਯਾਰਾ
ਪਰਵਾਜ਼ ਤੂੰ ਹੀ ਬਖ਼ਸ਼ੇਂ ਖੰਭੀਂ ਨਾ ਤਾਣ ਮੇਰੇ।

ਹਾਂ ਕੌਣ ਕੀ ਤੇ ਕਿਸਦਾ ਜੀਂਦਾ ਹਾਂ ਕਿਸ ਲਈ ਮੈਂ
ਸਾਰੇ ਜਵਾਬ ਤੂੰ ਹੀ ਕੁਛ ਵੀ ਨਾ ਪਾਸ ਮੇਰੇ।

ਸਾਥੋਂ ਖ਼ਤਾ ਕੀ ਹੋਈ ਮੂੰਹ ਮੋੜਕੇ ਹੈਂ ਬੈਠਾ
ਖ਼ੁਸ਼ੀਆਂ ਨੇ ਪਰਤੇ ਪਾਸੇ ਛਾਏ ਨੇ ਆ ਹਨੇਰੇ।

ਖ਼ੁਸ਼ਬੂ ਸੁਰਾਂ ਤੇ ਰੰਗ ਦਾ ਸੰਗਮ ਸੀ ਸਾਥ ਤੇਰਾ
ਰਹਿਮਤ ਦੀ ਬਣ ਘਟਾ ਤੂੰ ਛਾਵੀਂ ਆ ਮੁੜ ਚੁਫੇਰੇ

ਸੂਰਜ ਦੇ ਆ ਝਰੋਖੇ ਉਤਰੀਂ ਤੂੰ ਫੇਰ ਯਾਰਾ
ਰੰਗਾਂ ਦੀ ਲਾਕੇ ਛਹਿਬਰ ਕਰਦੇ ਤੂੰ ਫਿਰ ਸਵੇਰੇ।

12-12-07

-411-

ਬੀਤੇ ਦਿਨਾਂ ਨੂੰ ਗਿਣ ਗਿਣ ਰੋਂਦਾ ਰਹੇਗਾ ਜਿਹੜਾ
ਵਾਧੂ ਦਾ ਪਾ ਕੇ ਬੈਠਾ ਬੰਦਾ ਉਹ ਜਾਣ ਝੇੜਾ।

ਚਾਹੇ ਪਤਾ ਹੈ ਜਾਣਾ ਖਾਲੀ ਜਹਾਨ ਵਿੱਚੋਂ
ਐਵੇਂ ਨਾ ਬਹਿ ਨਗੱਲਾ ਅਪਣਾ ਸਵਾਰ ਵਿਹੜਾ।

ਬਣਦੇ ਨਸੀਬ ਹੱਥੀਂ ਤੂੰ ਵੀ ਜੁਗਾੜ ਕਰ ਲੈ
ਬੈਠਾ ਰਹੇਂ ਨਚੱਲਾ ਆਖੇਗਾ ਮਰਦ ਕਿਹੜਾ।

ਭਾਰਤ ਸੀ ਸੋਨ ਚਿੜੀਆ ਲੁੱਟੀ ਲੁਟੇਰਿਆਂ ਨੇ
ਕੀਤੀ ਜਿਨ੍ਹਾਂ ਨਾ ਰਾਖੀ ਦਿੱਤਾ ਡਬੋ ਸੀ ਬੇੜਾ।

ਭਾਲੇ ਕਮਾਨ ਸੁੱਤੇ ਰਥਵਾਨ ਵੀ ਨਾ ਜਾਗੇ
ਵਰਨਾਂ* ਨੇ ਸਾਂਝ ਕੋਹੀ ਪਾਇਆ ਕਸੂਤ ਗੇੜਾ।

*ਚਾਰ ਵਰਨ- ਜ਼ਾਤ ਪਾਤ

ਹੱਥਾਂ ਤੇ ਹੱਥ ਰੱਖੀ ਵੇਲਾ ਨਾ ਜੋ ਪਛਾਣੇ
ਬਦਲੇਗਾ ਫੇਰ ਆਕੇ ਉਸ ਦੇ ਨਸੀਬ ਕਿਹੜਾ।

ਫੀਮੀਂ ਕਹਾਉਣ ਵਾਲਾ ਉਠਿਆ ਹੈ ਚੀਨ ਵੇਖੋ
ਪਾਕੇ ਅਸੀਂ ਹਾਂ ਬੈਠੇ ਧਰਮਾਂ ਦਾ ਵਾਧੂ ਝੇੜਾ।

ਜਣ ਜਣ ਜਹਾਨ ਭਰਿਆ ਰੋਟੀ ਨਾ ਦੇਣ ਜੋਗੇ
ਕਿਰਤੀ ਕਿਸਾਨ ਭੁੱਖੇ ਆਵੇ ਨਾ ਮੂੰਹ ਤੇ ਖੇੜਾ।

*ਸਾਰੇ ਲੋਕ

ਜਣ ਗਣ* ਜਾਂ ਏਕ ਹੋਵੇ ਸੁਧਰੇ ਜਾਂ ਕੌਮ ਸਾਰੀ
ਜੈ ਜੈ ਮਹਾਨ ਭਾਰਤ ਹੋਣਾ ਹੈ ਤਾਂ ਨਬੇੜਾ।

17-03-08

-412-

ਸ਼ਾਇਰ ਜੋ ਸਾਂਭ ਲਫਜ਼ੀਂ ਗੌਹਰ ਤੇ ਲਾਲ ਰੱਖੇ
ਸ਼ਿਅਰਾਂ ਦਾ ਜਿਸਮ ਸਾਂਭੀ ਹੁਸਨੋ ਜਮਾਲ ਰੱਖੇ।

ਬੇਦਰਦ ਇਹ ਜ਼ਮਾਨਾ ਕੈਸੀ ਵੀ ਚਾਲ ਰੱਖੇ
ਸੁਪਨੇ ਬੜੇ ਅਨੋਖੇ ਮੈਂ ਵੀ ਨੇ ਪਾਲ ਰੱਖੇ।

ਸ਼ਾਇਰ ਜੋ ਦਿਲਦੀ ਆਖੇ ਲੋਕਾਂਦਾ ਦਰਦ ਜਾਣੇ
ਅਪਣੀ ਕਲਾ ਤੇ ਗੁਣ ਵੀ ਨਾਲੇ ਸੰਭਾਲ ਰੱਖੇ।

ਐਨਾ ਨਾ ਪਾ ਵਖਾਲਾ ਹੁਸਨਾਂ ਦਾ ਉਸ ਨੂੰ ਆਖੋ
ਸਜਣਾ ਦੇ ਵਾਸਤੇ ਵੀ ਕੁਛ ਤੇ ਬਚਾਲ ਰੱਖੇ।

ਪੈਰਾਂ ਨੂੰ ਰਖ ਜ਼ਮੀਂ ਤੇ ਨਜ਼ਰਾਂ ਨੂੰ ਆਸਮਾਂ ਤੇ
ਪੈਰੋਂ ਜ਼ਮੀਂ ਨਾ ਛੱਡੇ ਉੱਚੇ ਖਿਆਲ ਰੱਖੇ।

ਸਜਣਾ ਬਿਨਾ ਨਾ ਕੋਈ ਹੁਸਨਾਂ ਦਾ ਮੁੱਲ ਪਾਵੇ
ਦੌਲਤ ਪਿਆਰ ਵਾਲੀ ਸਾਰੀ ਸੰਭਾਲ ਰੱਖੇ।

ਦੌਲਤ ਜ਼ਮੀਨ ਜ਼ਰ ਤੇ ਤਾਕਤ ਨੂੰ ਹੇਚ ਜਾਣੇ
ਮਹਿਬੂਬ ਦੇ ਹੀ ਦਰ ਤੇ ਦਿਲਦਾ ਸਵਾਲ ਰੱਖੇ।

ਸਾਂਝਾਂ ਬਿਨਾ ਅਧੂਰਾ ਸਾਂਝਾਂ ਦੇ ਨਾਲ ਜੀਵਨ
ਸੁਪਨਾ ਉਹ ਸਾਂਝਵਾਲਾ ਹਿਕੜੀ 'ਚ ਪਾਲ ਰੱਖੇ।

ਸੰਧੂ ਨਾ ਪਾ ਖਲਾਰਾ ਸ਼ੇਖੀ ਬਖੇਰ ਨਾਹੀਂ
ਸ਼ਾਇਰ ਜੋ ਹੁਨਰ ਹਾਸਲ ਅਦਬੀ ਕਮਾਲ ਰੱਖੇ।

7-1-08

-413-

ਦੀਵਾਨਗੀ ਤੋਂ ਪੱਲਾ ਯਾਰੋ ਕਿਵੇਂ ਛੁਡਾਵਾਂ
ਮੈਂ ਜਾਗਦੇ ਤੇ ਸੌਂਦੇ ਉਸ ਨੂੰ ਕਿਵੇਂ ਭੁਲਾਵਾਂ।

ਦਿਲ ਦੀ ਅਜੀਬ ਹਾਲਤ ਹੋਈ ਹੈ ਰਾਤ ਦਿਨ ਹੀ
ਖ਼ਾਬਾਂ 'ਚ ਗੀਤ ਲਿਖਦਾਂ ਜਾਗਾਂ ਤੇ ਗੁਣਗੁਨਾਵਾਂ।

ਮਲਕਾ ਹੁਸਨ ਦੀ ਆਕੇ ਟੁੰਬੇ ਜਾਂ ਜਜ਼ਬਿਆਂ ਨੂੰ
ਕਿੱਦਾਂ ਵਿਸਾਰ ਦੇਵਾਂ ਦੱਸੋ ਮੈਂ ਇਹ ਅਦਾਵਾਂ।

ਝਪਕੀ ਜ਼ਰਾ ਜੇ ਆਵੇ ਸੁਪਨੇ 'ਚ ਆ ਬੁਲਾਵੇ
ਸੁਪਨੇ ਮੈਂ ਓਸ ਦੇ ਨੂੰ ਦੱਸੋ ਕਿਵੇਂ ਸੁਆਵਾਂ।

ਚਾਰੇ ਹੀ ਮੇਰੇ ਪਾਸੇ ਨਖ਼ਰੇ ਤੇ ਉਸ ਦੇ ਹਾਸੇ
ਕਾਬੂ ਨਾ ਦਿਲਤੇ ਰਹਿੰਦਾ ਲੱਖਾਂ ਮੈਂ ਵਰਗਲਾਵਾਂ।

ਐਸੀ ਪਤੰਗ ਦਿਲ ਦੀ ਓਸੇ ਦੀ ਡੋਰ ਹਿਲਦੀ
ਹਰਥਾਂ ਤੇ ਵਾਸ ਉਸਦਾ ਜਿਹੜਾ ਵੀ ਢੋ ਢੁਕਾਵਾਂ।

ਗ਼ਜ਼ਲਾਂ ਚਮਨ ਨੇ ਲਿਖੀਆਂ ਯਾਰੋ ਹਜ਼ਾਰ ਕਿਤਨੇ
ਹਸਰਤ ਰਹੀ ਹੈ ਮੇਰੀ ਉਸਦਾ ਮੈਂ ਮਰਮ ਪਾਵਾਂ।

ਮਿਹਨਤ ਕਸ਼ਾਂ ਦੀ ਦੁਰਗਤ ਹੋਂਦੀ ਰਹੀ ਹਮੇਸ਼ਾ
ਹੁਨਰਾਂ ਦੇ ਕਾਰੀਗਰ ਨੂੰ ਦੱਸੋ ਕਿਵੇਂ ਬਚਾਵਾਂ।

ਕਹਿਣਾ ਬੜਾ ਹੈ ਸੌਖਾ ਕਰਨਾਹੈ ਬਹੁਤ ਮੁਸ਼ਕਲ
ਅਪਣਾ ਇਹ ਸ਼ੌਕ ਯਾਰੋ ਦੱਸੋ ਕਿਵੇਂ ਪੁਗਾਵਾਂ।

5-1-08

-414-

ਬਹਿੰਦਾ ਹੈ ਆਣ ਬੂਹੇ ਹਰਦਮ ਖ਼ਿਆਲ ਤੇਰਾ
ਪਾਜਾ ਤੂੰ ਭੁੱਲ ਭੁਲੇਖੇ ਏਸੇ ਦੇ ਨਾਲ ਫੇਰਾ।

ਲੋਕਾਂ ਨੇ ਦੀਪ ਬਾਲੇ ਖੁਸ਼ੀਆਂ ਮਨਾਣ ਸਾਰੇ
ਖ਼ਾਲੀ ਪਿਆ ਉਡੀਕੇ ਮੇਰਾ ਅਜੇ ਬਨੇਰਾ।

ਰਸਤਾ ਹਰੇਕ ਲਾਵੇ ਰਾਹੀ ਕਿਸੇ ਕਿਨਾਰੇ
ਪਰ ਇਹ ਉਡੀਕ ਵਾਲਾ ਰਸਤਾ ਬੜਾ ਲਮੇਰਾ।

ਜਿੰਨਾ ਇਹ ਪੰਧ ਮੁਕਾਵਾਂ ਵਧਦਾ ਇਹ ਹੋਰ ਜਾਵੇ
ਕੈਸੇ ਮੁਕਾਮ ਜਾ ਤੂੰ ਲਾਇਆ ਹੈ ਯਾਰ ਡੇਰਾ।

ਮੋਈਆਂ ਅਨੇਕ ਆਸਾਂ ਲੋਥਾਂ ਦੇ ਢੇਰ ਲੱਗੇ
ਪਾਇਆ ਗ਼ਮਾਂ ਨੇ ਆਕੇ ਕੈਸਾ ਤੂੰ ਵੇਖ ਘੇਰਾ।

ਉਮਰਾ ਹੀ ਬੀਤ ਚੱਲੀ ਹਾਲੇ ਵੀ ਦਿਲ ਅਜਾਂਣਾ
ਯਾਦਾਂ ਦੀ ਚੂਪਨੀ ਲੈ ਜਾਂਦਾ ਹੈ ਬਹਿਲ ਮੇਰਾ।

ਡੂੰਘੇ ਗ਼ਮਾਂ ਦੇ ਸਾਏ ਵਰਗੀ ਹੈ ਰਾਤ ਤਾਰੀ
ਧੋ ਧੋ ਨੇ ਨੈਣ ਹਾਰੇ ਜਾਵੇ ਨਾ ਇਹ ਹਨੇਰਾ।

ਸਹਿਕਣ ਅਜੇਵੀ ਆਸਾਂ ਤੜਪਣ ਅਜੇਵੀ ਬਾਕੀ
ਹਿਕੜੀ ਦਬਾਕੇ ਰਖਿਆ ਇਹਨਾਂ ਨੂੰ ਮੈਂ ਬਥੇਰਾ।

ਵੌਂੜਾਂ ਲਵਾਂ ਮੈਂ ਬੈਠਾ ਦਿਨ ਰਾਤ ਨੇ ਹਨੇਰੇ
ਖੁਸ਼ੀਆਂਦਾ ਪਹੁ ਫੁਟਾਲਾ ਆਮਦ ਤਿਰੀ ਸਵੇਰਾ।

24-02-08

-415-

ਲਿਖੀਆਂ ਅਨੇਕ ਗ਼ਜ਼ਲਾਂ ਦਮ ਨਾ ਕਿਸੇ ਦੇ ਅੰਦਰ
ਗਿਣਤੀ ਦਾ ਮੈਂ ਤੇ ਐਵੇਂ ਬੈਠਾ ਹਾਂ ਬਣ ਸਕੰਦਰ।

ਬਾਹਰ ਲਿਆ ਤੂੰ ਨਗ਼ਮੇਂ ਦਿਲ ਦੀ ਆਵਾਜ਼ ਵਿੱਚੋਂ
ਮੁਸ਼ਕਲ ਸਮੇਂਵੀ ਸਾਥੀ ਰਹਿੰਦਾ ਜੋ ਦਿਲਦੇ ਅੰਦਰ

ਗ਼ਜ਼ਲਾਂ ਤੇ ਗੀਤ ਮੇਰੇ ਹੌਕੇ ਨੇ ਮੇਰੇ ਦਿਲ ਦੇ
ਗਿਣਤੀ ਗਣਾ ਗਣਾਂ ਦੀ ਐਂਵੇਂ ਨਾ ਬਣ ਪਤੰਦਰ।

ਜੋਗੀ ਤਿਆਗ ਕਰਦੇ ਦੁਨੀਆਂ, ਹਰੇਕ ਸ਼ੈ ਦਾ
ਮਨ ਤੇ ਰਹੇ ਨਾ ਕਾਬੂ ਕਾਹਦਾ ਤੂੰ ਹੈਂ ਮਛੰਦਰ।

ਐਂਵੇਂ ਲਗਾ ਟਪੂਸੀ ਲੋਕੀਂ ਲੁਭਾਣ ਲੋਚੇਂ
ਸੂਖਮ ਕਲਾ ਹੈ ਸਾਹਿਤ ਡੁਗਡੁਗ ਨਾ ਨਾਚ ਬੰਦਰ।

ਕਰਨੇ ਸਫੇ ਜੇ ਕਾਲੇ ਦਿਨ ਰਾਤ ਹੀ ਬੇਹੂਦਾ
ਔਣੇ ਕਿਸੇ ਨਾ ਲੇਖੇ ਝਾਤੀ ਤੂੰ ਮਾਰ ਅੰਦਰ।

ਸੋਹਜ ਸਵਾਦ ਬਾਝੋਂ ਸਾਹਿਤ ਕਲਾ ਨਾ ਸੋਹੇ
ਹੀਣਾ ਗੁਣਾ ਤੋਂ ਜਾਵੇ ਕੂੜੇ ਦੇ ਢੇਰ ਅੰਦਰ।

ਸਾਹਿਤ ਕਲਾ ਦਾ ਰਸੀਆ ਜੇਕਰ ਤੂੰ ਯਾਰ ਹੋਣਾ
ਖ਼ੁਸ਼ਬੂ ਖਲੇਰ ਹਰ ਥਾਂ ਦਿਲ ਨੂੰ ਬਣਾ ਤੂੰ ਮੰਦਰ।

ਜੀਵਨ ਦਾ ਨਾਮ ਸਾਂਝਾਂ ਸਾਂਝਾਂ ਬਿਨਾ ਅਧੂਰਾ
ਜੀਵਨ ਤੋਂ ਭਾਂਜ ਖਾਕੇ ਘਰ ਨੂੰ ਬਣਾ ਨਾ ਕੰਦਰ।

ਟੁੰਬੇ ਨਾ ਜੋ ਮਨਾਂ ਨੂੰ ਜੀਵਨ ਨਾ ਸੇਧ ਦੇਵੇ
ਕਾਹਦੀ ਉਹ ਫਿਰ ਕਲਾ ਹੈ ਜਾਪੇ ਕਲ੍ਹਾ ਕਲੰਦਰ।

10-1-08

-416-

ਸੋਚਦੇ ਹੀ ਰਹਿ ਗਏ ਤੂੰ ਮਿਲ ਕਦੀ ਆ ਬੈਠ ਪਾਸ
ਜ਼ਿੰਦਗੀ ਨੂੰ ਬਾਝ ਤੇਰੇ ਮਿਲ ਸਕੇਗਾ ਨਾ ਨਿਘਾਸ।

ਚੀਰਕੇ ਪੱਥਰ ਜਹੇ ਟੀਂਡੇ ਹੈ ਖਿੜਦੀ ਜਾਂ ਕਪਾਸ
ਵੇਲਣੇ ਤੇ ਚਰਖ਼ ਚੜ੍ਹਨਾ ਫਿਰ ਨ ਹੋਣਾ ਪਰ ਉਦਾਸ।

ਵੇਲ ਵੇਲਣ ਤੁੰਬ ਤੂੰਬੇ ਤੱਕਲੇ ਤੇ ਫਿਰ ਚੜ੍ਹੇ
ਰਾਂਗਲੀ ਚਰਖੀ ਤੇ ਨੱਚੇ ਤੰਦ ਤਾਣੀ ਦੇ ਲਿਬਾਸ।

ਚਰਖਿਆਂ ਦੀ ਘੂਕ ਉੱਤੇ ਗੀਤ ਗਾਵੇ ਜਦ ਕੁੜੀ
ਯਾਦ ਮਾਹੀ ਦੀ ਸਤਾਵੇ ਕਰ ਗਿਆ ਹੈ ਜੋ ਅਵਾਸ।

ਨਾ ਫਜ਼ਾ ਨਾ ਰੰਗ ਰਲੀਆਂ ਬਾਝ ਤੇਰੇ ਮਹਿਰਮਾ
ਬਰਫਬਾਰੀ ਤੇ ਉਦਾਸੀ ਕਦ ਬੁਝਾਵੇਗੀ ਪਿਆਸ।

ਸੜ ਗਏ ਨੇ ਖੇਤ ਫਸਲਾਂ ਬਿਰਛ ਅਧਮੋਏ ਜਹੇ
ਬਣ ਗਏ ਨੇ ਮੇਘ ਅਜਕਲ ਕਿਸ ਤਰ੍ਹਾਂ ਮੌਕਾਸ਼ਨਾਸ।

ਖਾਰੀਆਂ ਨਦੀਆਂ ਦੇ ਵਾਂਗੂੰ ਹੈ ਸੁਭਾ ਚੰਚਲ ਤਿਰਾ
ਪਿਆਰ ਐਸਾ ਸੁਹਣਿਆਂ ਵੇ ਨਾ ਕਦੇ ਆਵੇਗਾ ਰਾਸ।

ਇਹ ਪਿਆਸੇ ਹੋਂਟ ਮੇਰੇ ਤਰਸਦੇ ਹੀ ਰਹਿਣਗੇ
ਤਿੜਕ ਚੁੱਕੀ ਹੈ ਸੁਰਾਹੀ ਤੇ ਨਿਰਾਸੀ ਫੇਰ ਆਸ।

7-12-07

-417-

ਫਿਰ ਯਾਦਾਂ ਦੀ ਵਾਛੜ ਆਈ ਨੈਣ ਮਿਰੇ ਨੇ ਸਿੱਲ੍ਹੇ ਸਿੱਲ੍ਹੇ
ਦਿਲ ਮੇਰੇ ਦੇ ਕੰਧਾਂ ਕੋਠੇ ਜਾਪਣ ਥਿੜਕੇ ਹਿੱਲ੍ਹੇ ਹਿੱਲ੍ਹੇ।

ਯਾਦ ਤਿਰੀ ਵੀ ਤੇਰੇ ਵਰਗੀ ਆਉਂਦੀ ਆਣ ਰੁਲਾਵੇ ਮੈਨੂੰ
ਤੁਰਗੀ ਹੀਰ ਸਿਆਲਾਂ ਵਾਲੀ ਫਿਰਦਾ ਰਾਂਝਾ ਟਿੱਲੇ ਟਿੱਲੇ।

ਰੋਕਣ ਹੋਇਆ ਮੁਸ਼ਕਲ ਮੈਨੂੰ ਕਿਸ ਬਿਧ ਰੋਕ ਵਖਾਵਾਂ ਯਾਰੋ
ਬੰਧਣ ਮਨ ਨੂੰ ਜੋ ਵੀ ਪਾਵਾਂ ਹੋ ਜਾਂਦੇ ਸਭ ਢਿੱਲੇ ਢਿੱਲੇ।

ਯਾਰ ਯਕੀਨ ਬਨ੍ਹਾਵੇ ਜੇ ਕਰ ਮੁਸ਼ਕਲ ਫੇਰ ਝਨਾ ਕੀ ਤਰਨਾ
ਡੋਲ ਗਿਆਂ ਨਾ ਢਾਰਸ ਦੇਵਣ ਪੱਕੇ ਜਾਪਣ ਕੱਚੇ ਪਿੱਲੇ।

ਜ਼ਖ਼ਮ ਵਿਛੋੜੇ ਵਾਲੇ ਯਾਰੋ ਦਿਲ ਕੀਤਾ ਹੈ ਛਲਣੀ ਛਲਣੀ
ਦਰਦ ਇਨ੍ਹਾਂਦਾ ਦਿਲ ਨੂੰ ਭਾਵੇ ਹਰ ਵਾਰੀ ਮੈਂ ਜਾਣਕੇ ਛਿੱਲੇ।

ਇਸ਼ਕ ਝਨਾ ਨੂੰ ਸੋਈ ਤਰਦਾ ਯਾਰ ਯਕੀਨ ਤੇ ਰੱਖੇ ਤਕਵਾ
ਬੈਠ ਕਿਨਾਰੇ ਜੋ ਨਾ ਸੋਚੇ ਪਾਰ ਉਤਰਦਾ ਜਿਹੜਾ ਠਿੱਲ੍ਹੇ।

10-03-08

-418-

ਤੜਪਦੀ ਪਰਵਾਜ਼ ਮੇਰੀ ਇਸ ਫ਼ਿਜ਼ਾ ਵਿਚ ਰਾਤ ਦਿਨ
ਕਿੰਜ ਆਖਾਂ ਹੈ ਮੁਆਫਿਕ ਯਾਰ ਜੀਣਾ ਤੇਰੇ ਬਿਨ।

ਆਪਣੀ ਹੀ ਲਟਕ ਮੈਨੂੰ ਕਰ ਗਈ ਬਰਬਾਦ ਹੈ
ਕਰ ਸਕੀ ਨਾ ਦੁਸ਼ਮਣੀ ਜੋ ਕਰ ਗਏ ਨਾ ਆਸ ਜਿਨ।

ਆਉਣ ਦੀ ਨਾ ਮਿਲਣਦੀ ਹੈ ਆਸ ਉਸ ਤੋਂ ਹੁਣ ਕਦੇ
ਸੁਪਨ ਹੋਏ ਆਪ ਸਜਣਾ ਸਾਰ ਲੈਣੀ ਹੋਰ ਕਿਨ।

ਰੋਜ਼ ਮਿੱਟੀ ਤੜਪਦੀ ਹੈ ਕਬਰ ਜੈਸੀ ਜ਼ਿੰਦਗੀ
ਹਸ਼ਰ ਦਾ ਦਿਨ ਦੂਰ ਹਾਲੇ ਨਾ ਦਿਹਾੜੇ ਰੋਜ਼ ਗਿਣ।

ਜ਼ਲਜ਼ਲੇ ਤੋਂ ਹੋਰ ਵਧਕੇ ਸੀ ਵਿਛੋੜਾ ਓਸ ਦਾ
ਰਕਮ ਜਿਸ ਦੇ ਨਾਮ ਕੀਤੇ ਜ਼ਿੰਦਗੀ ਦੇ ਪਲ ਤੇ ਛਿਨ।

ਮੌਸਮਾਂ ਦੇ ਵਾਂਗ ਬਦਲੇ ਰੰਗ ਉਸ ਦੇ ਵੇਖ ਕੇ
ਝੜ ਗਿਆ ਹਰਏਕ ਪੱਤਰ ਹੈ ਖ਼ਿਜ਼ਾਂ ਹੁਣ ਯਾਰ ਬਿਨ

12-03-08

-419-

ਪੀੜ ਵਿਲ੍ਹਕੇ  ਚਸਕ ਬਣਕੇ  ਯਾਰ ਤੇਰੇ ਜਾਣ ਦੀ
ਦੇ ਗਿਓਂ ਤੂੰ ਰੀਝ ਐਸੀ ਦਰਦ ਨੂੰ ਸਹਿਲਾਣ ਦੀ।

ਭਰ ਗਿਓਂ ਸਹਿਰਾ ਦੇ ਵਰਗੀ  ਸੁੰਨ ਮੇਰੇ ਨੈਣ ਤੂੰ
ਹੈ ਸਵਾਂਤੀ  ਬੂੰਦ ਵਰਗੀ  ਆਸ ਤੇਰੇ  ਆਣ ਦੀ।

ਉਮਰ ਭਰਦੇ ਰਿਸ਼ਤਿਆਂ ਨੂੰ ਤੋੜ ਦੇਵਾਂ ਕਿਸਤਰ੍ਹਾਂ
ਚੰਦਰੀ ਹੈ  ਬਾਣ  ਤੇਰੀ  ਰੋਜ਼ ਹੀ  ਅਜ਼ਮਾਣ ਦੀ।

ਮਹਿਕ ਉਸਦੇ ਮਿਲਣਦੀ ਹੈ ਜਾਂ ਸੁਗੰਧੀ ਨਾਭ ਦੀ
ਹੈ ਮਜ਼ਾ ਕੁਛ ਤੜਪ ਅੰਦਰ ਰੀਝ ਉਸਨੂੰ ਪਾਣਦੀ

ਝਲਕਦਾ ਹੈ  ਜਾਮ ਵਿੱਚੋਂ  ਚਾਨਣਾ ਮੁਖ ਯਾਰ ਦਾ
ਨਾ ਨਸ਼ਾ ਨਾ ਰੀਝ ਕੋਈ  ਹੋਰ ਇਸ ਦੇ ਹਾਣ ਦੀ।

ਬਿੜਕ ਤੇਰੇ ਆਉਣ ਦੀ ਹਰ ਵਾਜ ਮੈਨੂੰ ਦੇ ਰਹੀ
ਸੋ ਜਦੋਂ  ਕੰਨੀਂ ਪਵੇ  ਐ ਯਾਰ  ਤੇਰੇ  ਆਣ ਦੀ।

ਹੈ ਨਮੀਂ ਨੈਣਾ 'ਚ ਯਾਰਾ ਪਰ ਤੇਰੀ ਤਸਵੀਰ ਤਾਂ
ਉੱਕਰੀਹੈ ਦਿਲ'ਚ ਮੇਰੇ ਸਿਖਰ ਹੈ ਪਹਿਚਾਣ ਦੀ

ਮਹਿਕ ਉਸਦੇ ਜਿਸਮਦੀ ਪੌਣਾਂ ਚੋਂ ਔਂਦੀ ਹੈ ਜਦੋਂ
ਰੀਝ ਮਨ ਵਿਚ ਜਾਗਦੀ ਹੈ ਫੇਰ ਉਸਨੂੰ ਪਾਣ ਦੀ

12-03-08

-420-

ਪਾਈ ਹਰੇਕ ਮੰਜ਼ਲ ਪਾਇਆ ਹੈ ਮੈਂ ਕਿਨਾਰਾ
ਐ ਮੇਰੇ ਦਿਲ ਦੇ ਮਹਿਰਮ ਤੇਰਾ ਮੈਂ ਲੈ ਸਹਾਰਾ।

ਦੀਵੇ ਨੂੰ ਉਮਰ ਸਾਰੀ ਜਲਨਾ ਨਸੀਬ ਚਾਹੇ
ਨ੍ਹੇਰਾ ਹਟਾ ਕੇ ਦੇਂਦਾ ਰਸਤਾ ਵਖਾਲ ਯਾਰਾ।

ਐਸਾ ਨਾ ਹਰਫ ਬਣ ਤੂੰ ਜਿਸਦਾ ਨਾ ਅਰਥ ਕੋਈ
ਬੇਅਰਥ ਜਿਸਦੇ ਰਿਸ਼ਤੇ ਜੀਵਨ ਹੈ ਉਹ ਨਕਾਰਾ।

ਟੁੱਟੇ ਸਿਤਾਰਿਆਂ ਦੀ ਕਰਦਾ ਹੈ ਕੌਣ ਪੂਜਾ
ਹਰਇਕ ਵਿਸਾਰ ਦੇਂਦਾ ਰਾਤਾਂ ਦਾ ਇਹ ਨਜ਼ਾਰਾ।

ਉਲਝਣ ਦੁਅੰਧ ਵਾਲੀ ਦੇਂਦੇ ਨਿਵਾਰ ਜਿਹੜੇ
ਮੰਜ਼ਲ ਤੇ ਆਣ ਅਪਣੀ ਕਰਦੇ ਨੇ ਜਾ ਉਤਾਰਾ।

ਧੜਕਣ ਮੇਰੇ ਤੂੰ ਦਿਲਦੀ ਮੰਜ਼ਲ ਮੁਕਾਮ ਤੂੰ ਹੀ
ਮਹਿਕਾਂ ਖਲਾਰ ਹਰਦਮ ਦਿੱਤਾ ਹੈ ਤੂੰ ਸਹਾਰਾ।

ਸਿਮਰਾਂ ਮੈਂ ਨਾਮ ਤੇਰਾ ਤੇਰੀ ਉਡੀਕ ਮੈਨੂੰ
ਜਿਸ ਦੀ ਹੈ ਤਾਂਘ ਮੈਨੂੰ ਤੇਰਾ ਹੀ ਉਹ ਦੁਆਰਾ।

12-03-08

-421-

ਨ੍ਹੇਰਿਆਂ ਨੂੰ ਹਰ ਜਗ੍ਹਾ ਤੋਂ ਜੋ ਮਿਟਾਂਦੀ ਰੌਸ਼ਨੀ
ਉਸ ਇਲਾਹੀ ਨੂਰ ਦੀ ਹੈ ਦੋਸਤੋ ਉਹ ਪੁੱਤਰੀ।

ਮੇਲ ਹੋਇਆ ਧਰਤ ਪਾਣੀ ਦਾ ਜਦੋਂ ਸੀ ਆਣਕੇ
ਓਸ ਵਿੱਚੋਂ ਜ਼ਿੰਦਗੀ ਦੀ ਸ਼ਾਖ਼ ਫਿਰ ਸੀ ਪੁੰਗਰੀ।

ਹੈ ਗੁਰੂ ਇਹ ਪੌਣ ਤੇ ਪਾਣੀ ਪਿਤਾ ਹੈ ਧਰਤ ਮਾਂ
ਰਾਤਦਿਨ ਨੇ ਦਾਈ ਦਾਇਆ ਜ਼ਿੰਦਗੀ ਹੈ ਖੇਡਦੀ।

ਮਰਨ ਜੀਵਣ ਜ਼ਿੰਦਗੀ ਦਾ ਅੰਗ ਹੋਏ ਨੇ ਸਦਾ
ਤੋਰ ਤੁਰ ਤੂੰ ਸੱਚ ਦੀ ਤੇ ਦੇ ਮਿਟਾ ਤੂੰ ਫਿਰ ਬਦੀ।

ਕਰਜ਼ ਜੀਵਣ ਦਾ ਲਿਆ ਜੋ ਮਾਪਿਆਂ ਤੋਂ ਜਾਣ ਤੂੰ
ਔਣ ਵਾਲੀ ਹਰ ਨਸਲਦੀ ਸੋਚ ਹਰਦਮ ਬਿਹਤਰੀ

ਜਾਣ ਲੈਂ ਜੇ ਧਰਮ ਅਪਣਾ ਤੂੰ ਇਬਾਦਤ ਇੱਕ ਦੀ
ਫਿਰ ਪਰਾਪਤ ਯਾਰ ਮੇਰੇ ਜ਼ਿੰਦਗੀ ਦੀ ਹਰ ਖ਼ੁਸ਼ੀ।

ਨਾ ਝੁਕਾ ਤੂੰ ਸੀਸ ਐਂਵੇਂ, ਕਰ ਇਬਾਦਤ ਓਸ ਦੀ
ਕਾਰਗਰ ਉਹ ਬੰਦਗੀ ਜੇ, ਸੋਚ ਮਾਨਵ ਜ਼ਾਤ ਦੀ।

17-03-08

-422-

ਸ਼ਾਮ ਦੀ ਝੋਲੀ 'ਚ ਪਾਕੇ ਲਾਲੀਆਂ
ਕਰ ਗਿਆ ਸ਼ਾਮਾਂ ਵੀ ਉਹ ਮਤਵਾਲੀਆਂ।

ਜਨਮ ਲੈਣਾ ਰੋਜ਼ ਹੀ ਮਰ ਜਾਵਣਾ
ਤੇਰੀਆਂ ਨੇ ਅਜ਼ਮਤਾਂ ਨੀਰਾਲੀਆਂ।

ਪੈਰ ਬੂਹੇ ਰਾਤ ਦੇ ਜਿਸ ਆ ਧਰੇਂ
ਬਣਗੀਆਂ ਨੇ ਉਹ ਵੀ ਕਰਮਾਂ ਵਾਲੀਆਂ।

ਜ਼ੁਲਫ ਨ੍ਹੇਰੇ ਦੀ ਸਵਾਰਣ ਦੇ ਲਈ
ਆਣ ਕਿਰਨਾ ਰੰਗ ਸੁਨਹਿਰੀ ਵਾਲੀਆਂ।

ਜੋੜ ਲੀਤੇ ਹਲ ਸਵੇਰੇ ਸਾਰ ਹੀ
ਲਾਉਣੀਆਂ ਨੇ ਢੇਰ ਸੀਂਆਂ ਹਾਲੀਆਂ।

ਬਹੁਤ ਚਾਹੇ ਕਲਪੀਆਂ ਤੇ ਵਿਲ੍ਹਕੀਆਂ
ਜੀਂਦੀਆਂ ਪਰ ਢੇਰ ਰੀਝਾਂ ਪਾਲੀਆਂ।

ਕਦਮ ਸਾਬਤ ਮੰਜ਼ਲਾਂ ਤੇ ਪਹੁੰਚਦੇ
ਹਨ ਨਿਰੰਤਰ ਮਿਹਨਤਾਂ ਜਿਨ ਘਾਲੀਆਂ।

29-02-08

-423-

ਗੰਗਾ ਜਲ ਤੇ ਆਬੇ ਜ਼ਮਜ਼ਮ ਪੀਕੇ ਵੇਖੇ
ਉਸ ਚੋਂ ਮੈਨੂੰ ਹਰਮੰਦਰ ਦੇ ਪੈਣ ਭੁਲੇਖੇ।

ਨਿਹਚਾ ਕਰਕੇ ਉਸ ਨੂੰ ਪੁਛਿਆ ਰਾਜ਼ ਤਾਂ ਦੱਸੋ
ਹਰੀ ਇਕ ਥਾਂਵੇਂ ਪਾਵੇ ਮੈਨੂੰ ਜੋ ਵੀ ਪੇਖੇ।

ਕੈਸਾ ਚੋਰ ਮਨਾਂ ਵਿਚ ਵੜਿਆ ਸਮਝੇ ਨਾਹੀਂ
ਪਾ ਬਹਿੰਦਾ ਹੈ ਧਰਮ ਕਰਮ ਦੇ ਪੁੱਠੇ ਲੇਖੇ।

ਅੱਵਲ ਅੱਲਾ ਨੂਰ ਉਪਾਇਆ ਜਾਨਣ ਸਾਰੇ
ਲਾਹਦੇ ਬੰਦਿਆ ਦਿਲ ਦੇ ਸਾਰੇ ਭਰਮ ਭੁਲੇਖੇ।

ਗੰਗਾ ਜਲ ਤੇ ਆਬੇ ਜ਼ਮਜ਼ਮ ਪੀਕੇ ਵੇਖੇ
ਉਸ ਚੋਂ ਮੈਨੂੰ ਹਰਮੰਦਰ ਦੇ ਪੈਣ ਭੁਲੇਖੇ।

# ਪਰਵਾਸੀ ਪੰਜਾਬੀ .ਗਜ਼ਲ ਦਾ ਮੀਲ ਪੱਥਰ
# .ਗਜ਼ਲ ਗ੍ਰੰਥ
# ‘ਗੀਤ ਤੋਂ ਸੁਲਗਦੀ ਲੀਕ ਤਕ’

**–ਸੁਲੱਖਣ ਸਰਹੱਦੀ**

ਸਵਾ ਚਾਰ ਸੌ ਸਫਿਆਂ ਵਿੱਚ ਫੈਲਿਆ ਅਤੇ 423 .ਗਜ਼ਲਾਂ ਸੰਭਾਲੀ ਬੈਠਾ .ਗਜ਼ਲ ਗ੍ਰੰਥ ‘ਗੀਤ ਤੋਂ ਸੁਲਗਦੀ ਲੀਕ ਤਕ’ ਪਰਵਾਸੀ ਪੰਜਾਬੀ .ਗਜ਼ਲਕਾਰ ਪ੍ਰੋ. ਸ਼ਮਸ਼ੇਰ ਸਿੰਘ ਸੰਧੂ ਦਾ ਪਰਵਾਸੀ ਪੰਜਾਬੀ .ਗਜ਼ਲ ਦਾ ਸ਼ਾਨਦਾਰ ਪੜਾਅ ਅਤੇ ਜ਼ਿਕਰਯੋਗ ਵਾਧਾ ਹੈ, ਜਿਸ ਨੂੰ ਵੱਕਾਰੀ ਪ੍ਰਕਾਸ਼ਨ ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ ਨੇ 2009 ਵਿੱਚ ਛਾਪਿਆ ਹੈ।

ਸ਼ਮਸ਼ੇਰ ਸਿੰਘ ਸੰਧੂ ਪੰਜਾਬੀ .ਗਜ਼ਲ ਦਾ ਛੁਪਿਆ ਰੁਸਤਮ ਹੈ। ਉਸ ਨੇ 65 ਸਾਲ ਦੀ ਉਮਰ ਵਿੱਚ .ਗਜ਼ਲ ਲਿਖਣੀ ਸਿੱਖੀ ਤੇ .ਗਜ਼ਲ ਲਿਖਣੀ ਅਰੰਭੀ ਅਤੇ 7 ਕੁ ਸਾਲ ਦੀ .ਗਜ਼ਲ ਸਿਰਜਣ ਯਾਤਰਾ ਵਿੱਚ 450 ਦੇ ਕਰੀਬ .ਗਜ਼ਲਾਂ ਲਿਖੀਆਂ। ਕੈਲਗਰੀ, ਕੈਨੇਡਾ ਵਿੱਚ ਉਸ ਦਾ ਪਹਿਲਾ .ਗਜ਼ਲ ਸੰਗ੍ਰਹਿ ‘ਗਾ ਜ਼ਿੰਦਗੀ ਦੇ ਗੀਤ ਤੂੰ’ 2003 ਵਿੱਚ, ਦੂਸਰਾ ‘ਜੋਤ ਸਾਹਸ ਦੀ ਜਗਾ’ 2005 ਵਿੱਚ, ਤੀਸਰਾ ‘ਬਣ ਸ਼ੁਆ ਤੂੰ’ 2006 ਵਿੱਚ, ਚੌਥਾ ‘ਰੌਸ਼ਨੀ ਦੀ ਭਾਲ’ 2007 ਵਿੱਚ ਛਪਿਆ ਅਤੇ ਪੰਜਵਾਂ ‘ਸੁਲਗਦੀ ਲੀਕ’ 2008 ਵਿੱਚ ਕੈਲਗਰੀ ਵਿੱਚ ਹੀ ਪ੍ਰਕਾਸ਼ਤ ਹੋਇਆ। ਹੱਥਲੀ ਪੁਸਤਕ ‘ਗੀਤ ਤੋਂ ਸੁਲਗਦੀ ਲੀਕ ਤਕ’ ਵਿੱਚ ਉਸ ਦੀਆਂ ਕੈਲਗਰੀ ਵਿੱਚ ਛਪੀਆਂ ਪੰਜੇ ਪੁਸਤਕਾਂ ਦੀਆਂ .ਗਜ਼ਲਾਂ ਸ਼ਾਮਲ ਹਨ। ਇਸ ਤੋਂ ਪਹਿਲਾਂ ਉਸ ਦੀ ਕੋਈ ਪੁਸਤਕ ਪੰਜਾਬ ਵਿੱਚ ਨਹੀਂ ਸੀ ਛਪੀ। ਉਹ ਦੋਵੇਂ ਜੀ 1997 ਵਿੱਚ ਕੈਲਗਰੀ, ਕੈਨੇਡਾ ਆਪਣੇ ਵੱਡੇ ਬੇਟੇ ਹਰਪ੍ਰੀਤ ਸਿੰਘ ਸੰਧੂ ਕੋਲ ਜਾ ਵੱਸੇ ਸਨ।

ਜਵਾਨੀ ਵਿੱਚ ਤਾਂ ਹਰ ਕੋਈ ਕਵੀ ਹੁੰਦਾ ਹੈ। ਜਵਾਨੀ ਵਿੱਚ ਜਜ਼ਬਾਤ ਖੰਭ ਹੁੰਦੇ ਹਨ ਅਤੇ ਨੌਜਵਾਨਾਂ ਅਤੇ ਮੁਟਿਆਰਾਂ ਦੀਆਂ ਉਮੰਗਾਂ ਅਤੇ ਚਾਅ ਖੁੱਲੇ ਗਗਨਾਂ ਦੀ ਉਡਾਰੀ ਭਰਨਾ ਲੋਚਦੇ ਹਨ।ਪਰ ਆਦਮੀ ਜਦ 65 ਸਾਲ ਦਾ ਹੋ ਜਾਵੇ ਅਤੇ ਫੇਰ ਉਹ .ਗਜ਼ਲ ਜਿਹੀ ਸਿਨਫ ਸਿਰਜਣ ਵਾਸਤੇ ਕਲਮ ਚੁੱਕੇ ਤਾਂ ਗੱਲ ਵਾਕਿਆ ਹੀ ਹੈਰਾਨ ਕਰਨ ਵਾਲੀ ਹੈ।

ਪਰ ਫੇਰ ਸਾਡੇ ਸਾਹਮਣੇ ਗੁਰੂ ਅਮਰ ਦਾਸ ਜੀ ਦੀ ਮਹਾਨ ਰਚਨਾ ‘ਆਨੰਦ’ ਹੈ। ਇਸ ਰਚਨਾ ਦਾ ਮਹੱਤਵ ਐਨਾ ਹੈ ਕਿ ਇਹ ਜਿੱਥੇ ਖ਼ੁਸ਼ੀ ਦੇ

ਮੌਕਿਆ ਤੇ ਗਾਈ ਜਾਂਦੀ ਹੈ ਓਥੇ ਮੌਤ ਗਰਗੇ ਅਤ ਗ਼ਮਗੀਨ ਸਮਿਆਂ ਉਤੇ ਵੀ ਇਸ ਦਾ ਗਾਇਨ ਸਾਰਥਕ ਅਤੇ ਢਾਰਸ ਦੇਣ ਵਾਲਾ ਹੁੰਦਾ ਹੈ। ਸਾਰੇ ਜਾਣਦੇ ਹਨ ਕਿ ਗੁਰੂ ਅਮਰ ਦਾਸ ਜੀ ਨੇ ਇਹ ਰਚਨਾ ਲਗਭਗ ਏਸੇ ਵਡੇਰੀ ਉਮਰੇ ਕੀਤੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਆਪਣੀ ਅੰਤਲੀ ਆਯੂ ਵਿੱਚ ਸੰਸਾਰ ਗਮਨ ਅਤੇ ਚਾਰ ਉਦਾਸੀਆਂ ਤੋਂ ਬਾਅਦ ਡੇਰਾ ਬਾਬਾ ਨਾਨਕ ਆਕੇ ਜ਼ਿਕਰ ਯੋਗ ਬਾਣੀਆਂ ਰਚੀਆਂ। ਸਰੀਰਕ ਟਿਕਾਓ ਨਾਲ ਮਾਨਸਿਕ ਟਿਕਾਓ ਨੇ ਸਹਿਜ ਦੀ ਬਰਸਾਤ ਕੀਤੀ ਜਿਸ ਤੋਂ ਸਰਬ ਵਿਆਪਕਤਾ, ਸਰਬ ਲੋਕਿਕਤਾ ਅਤੇ ਸਰਬ ਕਲਿਆਣ ਜਿਹੇ ਸ਼ਬਦਾਂ ਦੀ ਸਿਰਜਣਾ ਸਹਿਜ ਹੋ ਸਕੀ।

ਪ੍ਰੋ. ਸੰਧੂ ਪੰਜਾਬੀ ਦੇ ਸੁਪ੍ਰਸਿੱਧ ਸ਼੍ਰੋਮਣੀ ਸਾਹਿਤਕਾਰ ਸ੍ਰ. ਸੋਹਣ ਸਿੰਘ ਸੀਤਲ ਜੀ ਦਾ ਦਾਮਾਦ ਹੈ। ਉਸ ਦੀ ਸੁਪਤਨੀ ਪ੍ਰੋ. ਮੁਹਿੰਦਰ ਕੌਰ ਸੰਧੂ ਆਪਣੇ ਪਿਤਾ ਜੀ ਦੀ ਸਾਹਿਤਕ ਵਰਾਸਤ ਲੈਕੇ ਆਈ ਸੀ। ਪਰ ਵਿਆਹ ਤੋਂ ਪਹਿਲਾਂ ਵੀ ਪ੍ਰੋ. ਸੰਧੂ ਜਦ ਗੌਰਮਿੰਟ ਕਾਲਜ ਲੁਧਿਆਣਾ ਤੋਂ ਐਮ. ਏ. ਕਰ ਰਿਹਾ ਸੀ ਤਦ ਉਹ ਕਾਲਜ ਮੈਗਜ਼ੀਨ 'ਸਤਲੁਜ' ਦਾ 1956–57 ਵਿੱਚ ਸੰਪਾਦਕ ਸੀ ਅਤੇ ਫੇਰ ਮਾਲਵਾ ਟ੍ਰੇਨਿੰਗ ਕਾਲਜ ਲੁਧਿਆਣਾ ਵਿਖੇ ਬੀ. ਟੀ. ਕਰਦਿਆਂ ਵੀ 57–58 ਵਿੱਚ ਉਸ ਨੇ ਆਪਣੇ ਕਾਲਜ ਮੈਗਜ਼ੀਨ 'ਮਾਲਵਾ' ਦੀ ਸੰਪਾਦਨਾ ਕੀਤੀ ਸੀ। ਕਵਿਤਾ ਤਾਂ ਪ੍ਰੋ. ਸੰਧੂ ਜਵਾਨੀ ਦੀ ਦਹਿਲੀਜ਼ ਤੇ ਪੈਰ ਰਖਦਿਆਂ ਹੀ ਲਿਖਣ ਲਗ ਪਿਆ ਸੀ ਤੇ ਸੋਹਣ ਸਿੰਘ ਸੀਤਲ ਦੀ ਬੇਟੀ ਦੇ ਪਿਆਰ ਸਦਕਾ ਉਹ ਪਿਆਰ ਦਾ ਕਵੀ ਹੋ ਨਿਬੜਿਆ। ਪ੍ਰੋ. ਸੰਧੂ ਨੇ ਆਪਣੀ ਗ਼ਜ਼ਲ ਸਿਰਜਣ ਪਰਕਿਰਿਆ ਚਾਹੇ 65 ਸਾਲ ਦੀ ਉਮਰ ਬਾਅਦ ਹੀ ਆਰੰਭੀ ਪਰੰਤੂ ਉਹ ਕਾਲਜ ਸਮੇਂ ਤੋਂ ਹੀ ਸਾਹਿਤ ਨਾਲ ਜੁੜਿਆ ਹੋਇਆ ਸੀ।

ਸੰਧੂ ਨੇ ਸਾਰੀ ਜ਼ਿੰਦਗੀ ਸ਼ਬਦਾਂ ਦੀ ਬਾਗ਼ਬਾਨੀ ਕਰਦਿਆਂ ਬਤੀਤ ਕੀਤੀ ਹੈ। ਅੱਜ ਵੀ ਉਹ ਸ਼ਬਦਾਂ ਦੇ ਫੁੱਲ ਖਿੜਾਉਣ ਲਈ ਆਪਣੇ ਜਿਗਰ ਦਾ ਖ਼ੂਨ ਦੇ ਰਿਹਾ ਹੈ। ਉਹਨਾ ਆਪਣਾ ਕੈਰੀਅਰ ਅਧਿਆਪਕੀ ਦੇ ਪਵਿੱਤਰ ਕਿੱਤੇ ਤੋਂ ਸ਼ੁਰੂ ਕੀਤਾ ਅਤੇ ਸਿਖਿਆ ਵਿਭਾਗ ਦੇ ਉੱਚ ਅਤੇ ਵਕਾਰੀ ਅਹੁਦੇ 'ਡਿਪਟੀ ਡੀ. ਪੀ ਆਈ' ਤੋਂ ਰੀਟਾਇਰ ਹੋਏ। 58 ਸਾਲ ਦੀ ਉਮਰ ਤਕ ਸਿਖਿਆ ਅਦਾਰਿਆਂ ਵਿੱਚ ਸੇਵਾ ਕੀਤੀ। ਮੈਨੂੰ ਯਾਦ ਹੈ ਕਿ ਪ੍ਰੋ. ਸੰਧੂ ਸਿਖਿਆ ਵਿਭਾਗ ਦੇ ਵੱਖ ਵੱਖ ਉਹਦਿਆਂ ਤੇ ਰਹਿੰਦਿਆਂ ਵੀ ਕਦੇ ਅਫਸਰੀ ਦੀ ਫੂੰ ਫਾਂ ਵਿੱਚ ਨਹੀਂ ਰਹੇ ਸਗੋਂ ਵਿਦਿਆ ਦੇ ਖੇਤਰ ਨੂੰ ਹੋਰ ਸੁਚਾਰੂ ਅਤੇ ਲੋਕ ਪੱਖੀ ਬਣਾਉਣ ਲਈ ਯਤਨ ਸ਼ੀਲ ਰਹੇ। ਉਹਨਾਂ ਦੀ ਦਿੱਖ ਇਕ ਸਾਫ ਸੁਥਰੇ ਅਫਸਰ ਤੇ ਪ੍ਰਸ਼ਾਸਕ ਵਜੋਂ ਉਭਰੀ। ਈਮਾਨਦਾਰੀ ਨਾਲ ਵਿਦਿਅਕ ਸੇਵਾ ਕਰਦਿਆਂ ਆਪਣਾ ਸਾਰਾ ਧਿਆਣ ਅਧਿਆਪਣ ਵੱਲ ਲਾਇਆ ਅਤੇ ਆਪਣੀਆਂ ਕਾਵਿ ਕਿਰਤਾਂ ਨੂੰ ਲਾਂਭੇ ਧਰੀ ਰੱਖਿਆ। ਵਰਨਾ ਲੋਕ ਤਾਂ ਅਫਸਰ

ਹੁੰਦਿਆਂ ਮਹਾਨ ਕਵੀ ਬਣ ਜਾਂਦੇ ਹਨ। ਪ੍ਰੋ. ਸੰਧੂ ਦੇ ਤਿੰਨੇ ਬੱਚੇ ਚੰਗੀ ਵਿਦਿਅਕ ਯੋਗਤਾ ਵਾਲੇ ਹਨ। ਬੇਟੀ ਡਾ. ਜਸਜੀਤ ਕੌਰ ਰੰਧਾਵਾ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਪ੍ਰੋਫੈਸਰ ਹੈ। ਦੋਵੇਂ ਬੇਟੇ ਕੈਲਗਰੀ ਕੈਨੇਡਾ ਵਿੱਚ ਚੰਗੇ ਵਕਾਰੀ ਕੰਮ ਕਾਜ ਤੇ ਹਨ।

ਖ਼ੁਸ਼ਹਾਲੀ ਨਾਲ ਲਬਰੇਜ਼ ਹੁੰਦਿਆਂ ਵੀ ਪ੍ਰੋ. ਸੰਧੂ ਸਰਗਰਮ ਜ਼ਿੰਦਗੀ ਤੋਂ ਪਾਸੇ ਹੋਣਾ ਪਸੰਦ ਨਹੀਂ ਕਰਦਾ। ਜਦੋਂ ਉਹਨੇ 'ਕੰਮ' ਕਰਨਾ ਛੱਡਿਆ ਤਾਂ ਸਾਹਿਤ ਸਿਰਜਣ ਵਿੱਚ ਸਰਗਰਮ ਹੋ ਗਿਆ। ਪ੍ਰੋ. ਸੰਧੂ ਨੇ ਜਦ ਗ਼ਜ਼ਲ ਵੱਲ ਮੁਹਾੜ ਕੀਤਾ ਤਾਂ ਪੰਜਾਬੀ ਗ਼ਜ਼ਲ ਦਾ ਸੂਰਜ ਸਿਖਰ ਉੱਤੇ ਸੀ। ਗ਼ਜ਼ਲ ਵੱਲ ਉਸ ਦਾ ਰੁਝਾਣ 65 ਸਾਲ ਦੀ ਉਮਰ ਮਗਰੋਂ ਹੋਇਆ ਅਤੇ ਉਸ ਦੀ ਗ਼ਜ਼ਲ ਕੁਛ ਹੀ ਸਮੇਂ ਵਿੱਚ ਪ੍ਰਵਾਨ ਚੜ੍ਹ ਗਈ। ਇਹ ਉਸ ਦੇ ਸਿਦਕ, ਸਿਰੜ ਅਤੇ ਹੌਸਲੇ ਦਾ ਹੀ ਚਮਤਕਾਰ ਹੈ ਕਿ ਪੰਜਾਬ ਤੋਂ ਦੂਰ ਰਹਿੰਦਿਆਂ ਵੀ ਉਸ ਨੇ ਗ਼ਜ਼ਲ ਵਿੱਚ ਸ਼ਾਨਦਾਰ ਮੁਕਾਮ ਹਾਸਲ ਕੀਤਾ ਹੈ।

ਪੰਜਾਬੀ ਗ਼ਜ਼ਲ ਦੀ ਮੁਖ ਧਾਰਾ ਪੰਜਾਬ ਵਿੱਚ ਵਸਦੇ ਦੋ ਹਜ਼ਾਰ ਦੇ ਕਰੀਬ ਗ਼ਜ਼ਲਕਾਰਾਂ ਨੇ ਸਥਾਪਤ ਕੀਤੀ ਹੈ ਜਿਹਨਾਂ ਨੇ ਪੰਜਾਬੀ ਗ਼ਜ਼ਲ ਨੂੰ ਪੰਜਾਬੀਅਤ ਦਾ ਰੰਗ ਦਿੱਤਾ। ਅੱਜ ਪੰਜਾਬੀ ਗ਼ਜ਼ਲ ਨਵੇਕਲੇ ਅੰਦਾਜ਼ ਵਿੱਚ ਵਿਚਰ ਰਹੀ ਹੈ।ਪੰਜਾਬੀ ਗ਼ਜ਼ਲ ਨੇ ਆਪਣੀਆਂ ਸਥਾਪਨਾਵਾਂ ਖ਼ੁਦ ਕਾਇਮ ਕੀਤੀਆਂ ਹਨ। ਉਸ ਵਿੱਚ ਗ਼ਜ਼ਲ ਦੇ ਆਧਾਰ ਮੂਲਕ ਗੁਣ ਵੀ ਹਨ ਅਤੇ ਉਸ ਵਿੱਚ ਪੰਜਾਬ ਦੀ ਮਿੱਟੀ ਦੀ ਖ਼ੁਸ਼ਬੂ ਵੀ ਹੈ। ਅਜੋਕੀ ਸਥਿਤੀ ਵਿੱਚ ਜੋ ਸ਼ਾਇਰ ਪੰਜਾਬੀ ਗ਼ਜ਼ਲ ਨੂੰ ਹੋਰ ਬੁਲੰਦੀ ਵੱਲ ਲਿਜਾ ਰਹੇ ਹਨ ਉਹਨਾਂ ਵਿੱਚ ਡਾ. ਜਗਤਾਰ ਸਿੰਘ, ਸੁਰਜੀਤ ਪਾਤਰ, ਸੁਲੱਖਣ ਸਰਹੱਦੀ, ਡਾ. ਐਸ ਤਰਸੇਮ, ਅਮਰਜੀਤ ਸਿੰਘ ਸੰਧੂ, ਗੁਰਦਿਆਲ ਰੌਸ਼ਨ, ਜਸਵਿੰਦਰ, ਖ਼ੁਸ਼ਵੰਤ ਕੰਵਲ, ਗੁਰਚਰਨ ਕੌਰ ਕੋਚਰ, ਸੁਖਵਿੰਦਰ ਅਮ੍ਰਿਤ, ਅਨੂ ਬਾਲਾ, ਕਾਦਰ ਪੰਡੋਰਵੀ, ਗੁਰਭਜਨ ਗਿੱਲ, ਕੁਲਜੀਤ ਗ਼ਜ਼ਲ, ਕਰਤਾਰ ਕਾਲੜਾ, ਰਣਬੀਰ ਰਾਣਾ, ਪ੍ਰੋ. ਜਸਪਾਲ ਘਈ, ਸੁਰਿੰਦਰਪ੍ਰੀਤ ਘਣੀਆਂ, ਹਰਭਜਨ ਸਿੰਘ ਹੁੰਦਲ, ਪ੍ਰੀਤਮ ਰਾਹੀ, ਡੀ. ਆਰ ਧਵਨ, ਸੁਖਵੰਤ ਪੱਟੀ, ਕੁਲਵਿੰਦਰ, ਜਸਵਿੰਦਰ ਮਹਿਰਮ, ਸੁਰਿੰਦਰ ਸੀਰਤ, ਕ੍ਰਿਸ਼ਨ ਭਨੋਟ, ਅਜਾਇਬ ਹੁੰਦਲ, ਡਾ. ਨਰੇਸ਼, ਮਹਿੰਦਰ ਦੀਪ ਗਰੇਵਾਲ, ਮਹਿੰਦਰ ਸਾਥੀ, ਗੁਰਦਰਸਨ ਬਾਦਲ, ਮੱਖਣ ਕੁਹਾੜ, ਹਰਦਿਆਲ ਸਾਗਰ, ਨਰਿੰਦਰ ਮਾਨਵ, ਕਮਲ ਨੇਤਰ, ਦੇਵ ਦਰਦ, ਕਮਲ ਇਕਾਰਸ਼ੀ, ਵਿਜੇ ਵਿਵੇਕ, ਬਰਜਿੰਦਰ ਚੌਹਾਨ, ਸਤੀਸ਼ ਗੁਲਾਟੀ, ਬੂਟਾ ਸਿੰਘ ਚੌਹਾਨ, ਬਲਵਿੰਦਰ ਬਾਲਮ, ਸੁਸ਼ੀਲ ਦੁਸਾਂਝ, ਬਲਬੀਰ ਸੈਣੀ, ਸਰਬਜੀਤ ਦਰਦੀ, ਆਦਿ ਦੇ ਨਾਮ ਖ਼ਾਸ ਹਨ। ਪੰਜਾਬੀ ਦੇ ਉੱਘੇ ਗ਼ਜ਼ਲਕਾਰਾਂ ਦੀ ਇਸ ਲਿਸਟ ਵਿੱਚ ਹੁਣ ਸ਼ਮਸ਼ੇਰ ਸਿੰਘ ਸੰਧੂ ਦਾ ਨਾਂ ਵੀ ਜੋੜਿਆ ਜਾਣਾ ਬਣਦਾ ਹੈ। ਪੰਜਾਬੀ ਗ਼ਜ਼ਲ ਵਿੱਚ ਹੁਣ ਸਾਰਥਕ ਸੇਧ ਵਾਲੀ ਨਿਤ ਨਵੀਨ ਪ੍ਰਤੀਭਾ ਸ਼ਾਮਲ ਹੋ ਰਹੀ ਹੈ।

ਸ਼ਮਸ਼ੇਰ ਸਿੰਘ ਸੰਧੂ ਦੇ ਹਥਲੇ .ਗਜ਼ਲ ਸੰਗ੍ਰਹਿ ਨੂੰ ਵਾਚਦਿਆਂ ਕਹਿ ਸਕਦੇ ਹਾਂ ਕਿ ਉਸਦੀ .ਗਜ਼ਲ ਪਰਵਾਸੀ ਪੰਜਾਬੀ .ਗਜ਼ਲ ਦੀ ਪ੍ਰਤੀਨਿਧਤਾ ਕਰਨ ਦੇ ਯੋਗ ਹੈ। ਇਸ .ਗਜ਼ਲ ਸੰਗ੍ਰਹਿ ਵਿੱਚ ਜਿੱਥੇ ਬ੍ਰਿਹਾ, ਇਸ਼ਕ, ਪ੍ਰੇਮ, ਦਰਦ, ਅਤੇ ਪ੍ਰੀਤਮ ਪ੍ਰਤੀ ਰੋਸ ਵਰਗੇ ਵਿਸ਼ਿਆਂ ਨੂੰ ਨਿਭਾਉਂਦੇ ਖ਼ੂਬਸੂਰਤ ਸ਼ਿਅਰ ਹਨ ਓਥੇ ਮਨੁਖਤਾ ਪ੍ਰਤੀ ਵਡੇਰੇ ਸ੍ਰੋਕਾਰ ਵੀ ਉਸ ਦੀਆਂ .ਗਜ਼ਲਾਂ ਵਿੱਚ ਚਿਤਰਤ ਹੋਏ ਹਨ। ਉਹ ਮਹਿਜ਼ ਪਿਆਰ ਦਾ ਕਵੀ ਨਹੀਂ ਹੈ ਸਗੋਂ ਉਸ ਦੀ ਦ੍ਰਿਸ਼ਟੀ ਸਰਵ ਵਿਆਪੀ ਅਤੇ ਸਰਵ ਭੌਮਿਕਤਾ ਦੀ ਸਿਰਜਣਾਤਮਿਕਤਾ ਨੂੰ ਪਹੁੰਚਦੀ ਪ੍ਰਤੀਤ ਹੁੰਦੀ ਹੈ। ਉਸ ਦੀਆਂ ਸਮੁੱਚੀਆਂ .ਗਜ਼ਲਾਂ ਦਾ ਪ੍ਰਭਾਵ ਬਹੁ ਰੰਗੀ ਹੈ ਪਰ ਉਸ ਵਿੱਚ ਨੁਮਾਇਆਂ ਰੰਗ ਮਨੁਖਤਾਵਾਦੀ ਹੈ। ਉਸ ਨੇ ਪ੍ਰਗਤੀਵਾਦੀ ਸ਼ਿਅਰ ਵੀ ਕਹੇ ਹਨ ਪਰ ਉਸ ਨੇ ਕਦੇ .ਗਜ਼ਲੀਅਤ ਦਾ ਪੱਲਾ ਨਹੀਂ ਛੱਡਿਆ। ਉਸ ਨੂੰ ਖ਼ੂਬ ਇਲਮ ਹੈ ਕਿ ਜੇ ਕਰ ਸ਼ਿਲਪ ਹੀ ਨਾ ਰਿਹਾ ਤਾਂ ਜਜ਼ਬਾਤ ਦੀ ਪੇਸ਼ਕਾਰੀ ਹੌਲੀ ਪੈ ਜਾਂਦੀ ਹੈ। ਏਸੇ ਲਈ ਉਸ ਨੇ ਆਪਣੀ .ਗਜ਼ਲ ਨੂੰ ਸ਼ਿਲਪ ਵਿੱਚ ਢਾਲਣ ਦੀ ਚੋਖੀ ਮਿਹਨਤ ਕੀਤੀ ਹੈ। ਉਸ ਨੇ ਵੱਡੇ ਵੱਡੇ ਵਿਸ਼ਿਆਂ ਨੂੰ ਵੀ ਸਹਿਜ ਅਤੇ ਸੂਖਮਤਾ ਵਿੱਚ ਢਾਲਣ ਦੀ ਸਫਲਤਾ ਪ੍ਰਾਪਤ ਕੀਤੀ ਹੈ। ਉਸ ਦੀ ਸ਼ਾਇਰੀ ਵਿੱਚ ਸਮਾਜਿਕ ਸਾਰਥਿਕਤਾ ਦੀ ਪੇਸ਼ਕਾਰੀ ਵਸਤੂਗਤ ਧਰਾਤਲ ਉੱਤੇ ਹੋਈ ਮਿਲਦੀ ਹੈ ਪਰ ਐਸਾ ਵੀ ਨਹੀਂ ਕਿ ਉਸ ਨੂੰ .ਗਜ਼ਲ ਵਿੱਚ ਰਮਜ਼ ਦੇ ਮਹੱਤਵ ਦਾ ਇਲਮ ਨਹੀਂ। ਉਹ ਗੁਝੀਆਂ ਰਮਜ਼ਾਂ ਨਾਲ ਆਪਣੇ ਵਿਸ਼ੇ ਦੇ ਨਿਭਾ ਨੂੰ ਆਸਾਨ ਬਣਾਉਂਦਾ ਹੈ। ਪ੍ਰੋ. ਸੰਧੂ ਦੀ ਸ਼ਾਇਰੀ ਪ੍ਰੇਮ ਵਿਗੁੱਤੇ ਮਨ ਦੀਆਂ ਕਸਕਾਂ ਹਨ। ਜਿਹੜਾ ਮਨ ਪ੍ਰੇਮ ਵਿੱਚ ਗੜੁੱਚ ਨਹੀਂ ਉਹ ਸੰਸਾਰ ਤੇ ਸਰਬੱਤ ਦੇ ਭਲੇ ਬਾਰੇ ਸੋਚ ਹੀ ਨਹੀਂ ਸਕਦਾ। ਪਿਆਰ ਹੀ ਮਨੁੱਖਤਾ ਪ੍ਰਤੀ ਸੂਝ ਤੇ ਦਰਦ ਨੂੰ ਤਰੰਗਤ ਕਰਦਾ ਹੈ।

ਪ੍ਰੋ. ਸੰਧੂ ਦੀ .ਗਜ਼ਲ ਵਿਚ ਸਮੂਹ ਚੇਤਨਾ ਦਾ ਰੰਗ ਭਾਵੇਂ ਐਨਾ ਗੂੜ੍ਹਾ ਨਹੀਂ ਜਿੰਨਾ ਕਿ ਜੁਝਾਰ ਸ਼ਿਅਰਾਂ ਵਿੱਚ ਹੁੰਦਾ ਹੈ ਪਰ ਉਹ ਆਪਣੀਆਂ .ਗਜ਼ਲਾਂ ਦੇ ਸਮੁੱਚੇ ਪਾਸਾਰ ਵਿੱਚ ਲੁੱਟੀ ਜਾ ਰਹੀ ਧਿਰ ਦੇ ਪੱਖ ਵਿੱਚ ਅਤੇ ਲੁਟੇਰਿਆਂ ਦੇ ਵਿਰੋਧ ਵਿੱਚ ਖਲੋਂਦਾ ਹੈ। ਉਹ ਹਨੇਰਿਆਂ ਵਿੱਚ ਆਸ ਦਾ ਦੀਪ ਜਗਾਉਂਦਾ ਹੈ। ਸ਼ਾਇਰ ਨੂੰ ਪਤਾ ਹੈ ਕਿ ਸ਼ਿਅਰ ਨੇ ਭਾਂਵੇਂ ਕ੍ਰਾਂਤੀ ਨਹੀਂ ਲਿਆਉਣੀ ਪਰ ਕ੍ਰਾਂਤੀ ਪ੍ਰਤੀ ਸਨੇਹ ਅਤੇ ਉਮੀਦ ਜਗਾਈ ਜਾ ਸਕਦੀ ਹੈ। ਸ਼ਾਇਰ ਕੋਲ ਲੰਮਾਂ ਜੀਵਨ ਤਜਰਬਾ ਹੈ। ਪਿਛਲੇ 70 ਸਾਲਾਂ ਦੇ ਰਾਹਾਂ ਦੀਆਂ ਯਾਦਾਂ ਉਸ ਕੋਲ ਹਨ। ਉਹ ਜਿੱਥੋਂ ਜਿੱਥੋਂ ਦੀ ਗੁਜ਼ਰਕੇ ਆਇਆ ਹੈ ਉਸਨੂੰ ਉਹਨਾਂ ਰਾਹਾਂ ਦੇ ਟੋਏ ਟਿੱਬੇ ਣਾਦ ਹਨ। ਉਸ ਦੀਆਂ .ਗਜ਼ਲਾਂ ਵਿੱਚ ਉਸ ਦੇ ਦਿਲ ਦੀ ਪੀੜ ਤੇ ਹਾਰਾਂ ਦੇ ਪਲ ਵੀ ਹਨ ਪਰ ਜੀਵਨ ਚੋਂ ਮਿਲੇ ਬਹੁਮੁੱਲੇ ਖੇੜੇ ਅਤੇ ਪ੍ਰਾਪਤੀਆਂ ਨੂੰ ਉਹ ਛੁਟਿਆਉਂਦਾ ਨਹੀਂ। ਇੰਜ ਕਰਦਿਆਂ ਉਹ ਪਰਵਚਨ ਦਾ ਸਮਤੋਲ ਬਣਾਈ ਰੱਖਦਾ ਹੈ। ਜੀਵਨ ਨਾ ਤਾਂ ਕੇਵਲ ਛਾਂ ਦੇ ਸਹਾਰੇ ਅਤੇ ਨਾ ਹੀ

ਨਿਰੀਆਂ ਧੁੱਪਾਂ ਦੇ ਸਹਾਰੇ ਗੁਜ਼ਰ ਸਕਦਾ ਹੈ। ਪੌਦੇ ਨੂੰ ਵਿਗਸਣ ਲਈ ਧੁੱਪਾਂ ਦੀ ਵੀ ਲੋੜ ਹੈ ਤੇ ਬਰਸਾਤਾਂ ਦੀ ਵੀ। ਇੰਜ ਸ਼ਾਇਰ ਸੰਧੂ ਪ੍ਰਕਿਰਤੀ ਦੇ ਵੱਖ ਵੱਖ ਰੂਪਾਂ ਨਾਲ ਜੁੜਦਾ ਹੈ। ਉਸ ਵਾਸਤੇ ਕੁਦਰਤ ਕੋਈ ਅਲੋਕਰ ਨਹੀਂ ਸਗੋਂ ਜੀਵਨ ਦਾ ਅੰਗ ਹੈ।

ਅਧੁਨਿਕ ਗ਼ਜ਼ਲ ਅਜਿਹੀ ਸਿਨਫ ਹੈ ਜਿਸ ਵਿੱਚ ਸ਼ਿਲਪ ਅਤੇ ਕਲਾ ਦਾ ਮੂਲ ਮਹੱਤਵ ਹੈ। ਗ਼ਜ਼ਲ ਵਿੱਚੋਂ ਜੇ ਤਕਨੀਕੀ ਹੁਨਰ ਮਨਫੀ ਕਰ ਦਿੱਤਾ ਜਾਵੇ ਤਾਂ ਉਹ ਗ਼ਜ਼ਲ ਨਹੀਂ ਰਹਿੰਦੀ। ਖੁੱਲ੍ਹੀ ਕਵਿਤਾ ਵਿੱਚ ਕੋਈ ਬੰਧੇਜ, ਤਕਨੀਕ ਤੇ ਅਨੁਸ਼ਾਸਨ ਨਹੀਂ ਹੁੰਦਾ। ਮਿਹਣਾ ਤਾਂ ਉਸ ਰਚਨਾ ਨੂੰ ਹੁੰਦਾ ਹੈ ਜੋ ਨਿਯਮ ਵਿੱਚ ਹੋਣ ਦਾ ਦਾਅਵਾ ਕਰਦੀ ਹੈ। ਗ਼ਜ਼ਲ ਦਾ ਆਪਣਾ ਵਿਧਾਨ ਹੈ, ਨਿਚਿਤ ਰੂਪਾਕਾਰ ਹੈ। ਪ੍ਰੋ. ਸੰਧੂ ਨੇ ਗ਼ਜ਼ਲ ਵਿਧਾਨ ਅਤੇ ਸ਼ਿਲਪ ਵਿੱਚ ਪ੍ਰਬੀਨਤਾ ਹਾਸਿਲ ਕਰਨ ਵਾਸਤੇ ਚੋਖੀ ਮਿਹਨਤ ਕੀਤੀ ਹੈ।

ਸਾਡੇ ਪਰਵਾਸੀ ਕਵੀਆਂ/ਸ਼ਾਇਰਾਂ ਸਾਹਮਣੇ ਪੰਜਾਬ ‘ਚ ਵਸਦੇ ਸ਼ਾਇਰਾਂ ਨਾਲੋਂ ਵੱਖਰੀਆਂ ਚਨੌਤੀਆਂ ਰਹੀਆਂ ਹਨ। ਉਹਨਾਂ ਬੇਗਾਨੇ ਤੇ ਅੱਡ ਕਿਸਮ ਦੇ ਸਭਿਆਚਾਰ ਵਿੱਚ ਆਪਣੀਆਂ ਜੜ੍ਹਾਂ ਲਾਉਣੀਆਂ ਹੁੰਦੀਆਂ ਹਨ। ਉਸ ਸਭਿਆਚਾਰ ਨਾਲ ਸਮਝੌਤਾ ਕਰਨਾ ਪੈਂਦਾ ਹੈ। ਬਜ਼ੁਰਗ ਪੀੜ੍ਹੀ ਨੂੰ ਖ਼ਾਸ ਤੌਰ ਤੇ ਇਕ ਚਿੰਤਾ ਇਹ ਹੁੰਦੀ ਹੈ ਕਿ ਬੱਚੇ ਪੰਜਾਬ ਦੀ ਕਲਚਰ ਭੁੱਲਕੇ ਓਪਰੀ ਕਲਚਰ ਵਿੱਚ ਹੀ ਸਮਾ ਨਾ ਜਾਣ। ਏਸੇ ਤੌਖਲੇ ਨੇ ਉਹਨਾਂ ਨੂੰ ਆਪਣੀ ਬੋਲੀ ਅਤੇ ਧਰਮ ਨੂੰ ਬਚਾਉਣ ਤੇ ਰਾਖੀ ਹਿੱਤ ਸਰਗਰਮ ਕੀਤਾ। ਉਹਨਾਂ ਧਾਰਮਿਕ ਤੇ ਸਾਹਿਤਕ ਸਰਗਰਮੀਆਂ ਵਧਾਈਆਂ। ਸਾਹਿਤਕਾਰਾਂ ਨੇ ਪਰਵਾਸੀ ਜੀਵਨ ਦੀਆਂ ਸਮੱਸਿਆਵਾਂ ਨੂੰ ਉਜਾਗਰ ਕੀਤਾ, ਸਾਹਿਤ ਸਭਾਵਾਂ ਬਣਾਈਆਂ, ਪੁਸਤਕਾਂ ਛਪਵਾਈਆਂ ਅਖ਼ਬਾਰਾਂ ਰਸਾਲੇ ਕੱਢੇ ਅਤੇ ਸੰਸਾਰ ਪੱਧਰੀ ਪੰਜਾਬੀ ਕਾਨਫਰੰਸਾਂ ਸ਼ੁਰੂ ਕੀਤੀਆਂ ਜਿਨ੍ਹਾਂ ਵਿੱਚ ਪੰਜਾਬ ਤੋਂ ਵਿਦਵਾਨ, ਅਲੋਚਕ ਤੇ ਸਾਹਿਤਕਾਰ ਵੀ ਸ਼ਾਮਲ ਹੋਣ ਲੱਗੇ। ਪਰਵਾਸੀ ਲੇਖਕ ਇੰਟਰਨੈਟ ਰਾਹੀਂ ਪੰਜਾਬ ਤੇ ਦੁਨੀਆਂ ਦੇ ਹੋਰ ਲੋਕਾਂ ਤਕ ਪਹੁੰਚਣ ਲੱਗੇ। ਪੰਜਾਬੀ ਵਿੱਚ ਵੀ ਕਈ ਸੰਸਾਰ ਪੱਧਰੀ ਅਖਬਾਰਾਂ ਤੇ ਰਸਾਲੇ ਛਪਣ ਲੱਗੇ। ਇਸ ਪ੍ਰਕਾਰ ਪਰਵਾਸੀ ਸਾਹਿਤਕਾਰਾਂ ਦੀਆਂ ਰਚਨਾਵਾਂ ਨੂੰ ਵੀ ਪਾਠਕ ਮਿਲੇ।

ਪਰਵਾਸੀ ਸਾਹਿਤਕਾਰਾਂ ਵਿੱਚੋਂ ਪਰਵਾਸੀ ਗ਼ਜ਼ਲਕਾਰਾਂ ਨੂੰ ਪੰਜਾਬ ਵਿਚਲੇ ਗ਼ਜ਼ਲਕਾਰਾਂ ਵਾਲੀਆਂ ਸਿਖਿਆ ਸਹੂਲਤਾਂ ਨਾ ਮਿਲੀਆਂ। ਗ਼ਜ਼ਲ ਦੀ ਤਕਨੀਕ ਤੇ ਸ਼ਿਲਪ ਬਾਰੇ ਉਹਨਾਂ ਦੀ ਜਾਣਕਾਰੀ ਆਮ ਤੌਰ ਤੇ ਅਧੂਰੀ ਰਹੀ ਜਿਸ ਦੇ ਫਲ ਸਰੂਪ ਉਹਨਾਂ ਦੀਆਂ ਗ਼ਜ਼ਲਾਂ ਵਿੱਚ ਪਕਿਆਈ ਦੀ ਘਾਟ ਰਹੀ। ਇਹਨਾਂ ਸਹੂਲਤਾਂ ਤੋਂ ਵਾਂਝੇ ਹੁੰਦੇ ਹੋਏ ਵੀ ਪਰਵਾਸੀ ਗ਼ਜ਼ਲਕਾਰ ਗ਼ਜ਼ਲਾਂ ਲਿਖਦੇ ਰਹੇ। ਹੌਲੀ ਹੌਲੀ ਗ਼ਜ਼ਲ ਦੇ ਰੂਪਕਾਰ ਦੇ ਕਈ ਜਾਣੂੰ ਵਿਦੇਸ਼ਾਂ ਵਿੱਚ ਜਾ ਵੱਸੇ। ਉਹਨਾਂ ਨੇ ਨਵੇਂ ਪਰਵਾਸੀ ਗ਼ਜ਼ਲਕਾਰਾਂ ਦੀ ਅਗਵਾਈ ਕੀਤੀ। ਜਿਸ ਦੇ

ਫਲ ਸਰੂਪ ਅੱਜ ਪਰਵਾਸੀ ਪੰਜਬੀ ਗ਼ਜ਼ਲਕਾਰਾਂ ਵਿੱਚ ਤਕਨੀਕੀ ਘਾਟ ਪੂਰੀ ਹੋ ਰਹੀ ਹੈ ਅਤੇ ਭਾਵ, ਬੋਧ, ਨਵੀਂ ਸ਼ਬਦਾਵਲੀ ਅਤੇ ਨਵੇਂ ਸਰੋਕਾਰਾਂ ਦੇ ਨਾਲ ਨਾਲ ਰੂਪਕ ਪੱਖੋਂ ਵੀ ਅਮੀਰੀ ਆ ਰਹੀ ਹੈ। ਪ੍ਰੋ. ਸੰਧੂ ਦੀ ਖ਼ੁਸ਼ਕਿਸਮਤੀ ਰਹੀ ਹੈ ਕਿ ਕੈਲਗਰੀ ਵਿੱਚ ਪਰਵਾਸੀ ਪੰਜਾਬੀ ਉਸਤਾਦ ਗ਼ਜ਼ਲਕਾਰ ਕਸ਼ਮੀਰਾ ਸਿੰਘ ਚਮਨ ਨਾਲ ਸ਼ਾਗਿਰਦ ਜਿਹਾ ਮੇਲ ਹੋ ਗਿਆ ਜਿਸ ਦੇ ਫਲ ਸਰੂਪ ਉਸਦੀ ਤਕਨੀਕ ਅਤੇ ਸ਼ਿਲਪ ਵਿੱਚ ਪਰਬੀਨਤਾ ਆ ਗਈ।

ਸ਼ਮਸ਼ੇਰ ਸਿੰਘ ਸੰਧੂ ਇਕ ਸਫਲ ਪੰਜਾਬੀ ਗ਼ਜ਼ਲਕਾਰ ਹੈ। ਕੈਲਗਰੀ, ਕੈਨੇਡਾ ਦੇ ਉਸਤਾਦ ਗ਼ਜ਼ਲਗੋ ਕਸ਼ਮੀਰਾ ਸਿੰਘ ਚਮਨ ਲਿਖਦੇ ਹਨ ਕਿ' ਸਮੁੱਚੇ ਤੌਰ ਤੇ ਵਜ਼ਨ ਪੱਖੋਂ ਇਨ੍ਹਾਂ ਗ਼ਜ਼ਲਾਂ ਵਿੱਚ ਕੋਈ ਕਮੀਂ ਨਹੀਂ। ਤਗ਼ਜ਼ਲ ਵੀ ਹੈ ਤੇ ਰਵਾਨੀ ਵਿੱਚ ਵੀ ਕਿਤੇ ਫਰਕ ਨਹੀਂ। ਸੰਧੂ ਨੇ ਮੁਹਾਵਰੇ, ਬਿੰਬ, ਪਰਤੀਕਾਂ, ਨੈਤਿਕਤਾ, ਜੀਵਨ ਜਾਚ, ਘਰ ਦਾ ਪਿਆਰ, ਦੇਸ਼ ਵਿਛੋੜੇ ਦੀ ਕਸਕ, ਸਮਾਜਿਕ ਜ਼ੁੰਮੇਵਾਰੀਆਂ ਭਰਿਆ ਪਿਆਰ ਅਨੁਭਵ, ਸੁਹਜ ਸੁਆਦ, ਸਮਕਾਲੀ ਸਮਾਜਿਕ-ਰਾਜਨੀਤਿਕ ਚੋਭਾਂ, ਆਪਾ ਵਾਰਦੀ ਸਵੈ ਪੜਚੋਲ ਦੀਆਂ ਝਲਕੀਆਂ ਨੂੰ ਦਿਲਕਸ਼ ਤੇ ਨਵੀਨ ਢੰਗ ਨਾਲ ਇਨ੍ਹਾਂ ਗ਼ਜ਼ਲਾਂ ਵਿੱਚ ਪੇਸ਼ ਕੀਤਾ ਹੈ।'

ਇਕਬਾਲ ਅਰਪਨ (ਕੈਲਗਰੀ) ਦਾ ਕਹਿਣਾ ਹੈ ਕਿ "ਗ਼ਜ਼ਲ ਦੇ ਖੇਤਰ ਵਿੱਚ ਸ਼ਮਸ਼ੇਰ ਸਿੰਘ ਸੰਧੂ ਨੇ......ਪਾਠਕਾਂ ਨੂੰ ਨਿਰਾਸ਼ ਨਹੀਂ ਕੀਤਾ। ਸ਼ਮਸ਼ੇਰ ਸਿੰਘ ਸੰਧੂ ਦੀਆਂ ਗ਼ਜ਼ਲਾਂ ਦੇ ਦੋ ਪਹਿਲੂ ਹਨ। ਉਸ ਦੀ ਪੂਰੀ ਦੀ ਪੂਰੀ ਸ਼ਾਇਰੀ ਪਿਆਰ ਦੇ ਰੰਗ ਅਤੇ ਸਮਾਜ ਵਿੱਚ ਵਾਪਰ ਰਹੀਆਂ ਕੁਰੀਤੀਆਂ ਦੁਆਲੇ ਘੁੰਮਦੀ ਹੈ। ਲੋਕਾਂ ਨਾਲ ਪਿਆਰ ਜਾਂ ਸਮੁੱਚੀ ਮਨੁੱਖਤਾ ਨਾਲ ਪਿਆਰ ਅਤੇ ਮਹਿਬੂਬ ਜਾਂ ਮਹਿਬੂਬਾ ਨਾਲ ਪਿਆਰ। ...ਸ਼ਮਸ਼ੇਰ ਸਿੰਘ ਸੰਧੂ ਦਾ ਗ਼ਜ਼ਲ ਦੇ ਖੇਤਰ ਵਿੱਚ ਇਕ ਵਧੀਆ ਉਪਰਾਲਾ ਹੈ। ਪੰਜਾਬੀ ਸਾਹਿਤ ਵਿੱਚ ਉਸ ਦਾ ਨਿੱਘਾ ਸਵਾਗਤ ਹੈ"।

ਪ੍ਰੋ. ਮੋਹਨ ਸਿੰਘ ਔਜਲਾ ਦਾ ਕਥਨ ਹੈ ਕਿ 'ਜਿਸ ਲਗਣ ਅਤੇ ਮਿਹਨਤ ਨਾਲ ਸੰਧੂ ਗ਼ਜ਼ਲ ਰਚਨਾ ਦੇ ਖੇਤਰ ਵਿੱਚ ਨਿੱਤਰਿਆ ਹੈ ਉਹ ਬਹੁਤ ਸਰਾਹਣਾ ਯੋਗ ਹੈ। ਸੰਧੂ ਦਾ ਇਹ ਗ਼ਜ਼ਲ ਸੰਗ੍ਰਹਿ ਸ਼ਬਦ ਚੋਣ, ਸ਼ਬਦ ਜੜਤ ਤੇ ਰਵਾਨੀ ਦੇ ਪੱਖ ਤੋਂ ਬਹੁਤ ਉੱਤਮ ਰਚਨਾ ਹੈ। ਵਿਸ਼ੇ ਅਤੇ ਵਰਤੀਆਂ ਬਹਿਰਾਂ ਤੇ ਉਸ ਨੂੰ ਪੂਰਾ ਅਬੂਰ ਹੈ ਅਤੇ ਉਸ ਨੇ ਉਤਮ ਢੰਗ ਨਾਲ ਉਹਨਾ ਨੂੰ ਨਿਭਾਇਆ ਹੈ। ਪੰਜਾਬੀ ਸਾਹਿਤ ਨੂੰ ਇਸ ਸਲਾਘਾ ਯੋਗ ਦੇਣ ਸਦਕਾ ਉਹ ਵਧਾਈ ਦਾ ਪਾਤਰ ਹੈ।'

ਪ੍ਰੋ. (ਡਾ.) ਹਰਭਜਨ ਸਿੰਘ ਢਿੱਲੋਂ ਦਾ ਵਿਚਾਰ ਹੈ ਕਿ 'ਸ਼ਮਸ਼ੇਰ ਸਿੰਘ ਸੰਧੂ ਨੇ ... ਵਿਭਿੰਨ ਕਾਵਿ ਬਹਿਰਾਂ ਦੀ ਵਰਤੋਂ ਕਰਦਿਆਂ ਅਜੋਕੇ

ਮਾਨਵੀ ਸਰੋਕਾਰਾਂ ਨੂੰ ਕਾਵਿਕ ਮੁਹਾਵਰੇ ਰਾਹੀਂ ਸਿਰਜਣ ਅਤੇ ਵਿਆਖਿਆਉਣ ਦਾ ਸਫਲ ਯਤਨ ਕੀਤਾ ਹੈ ਜੋ ਸੰਧੂ ਦੀ ਤੀਖਣ ਦਰਿਸ਼ਟੀ ਤੇ ਮਾਨਵਵਾਦੀ ਸੋਚ ਦਾ ਲਖਾਇਕ ਹੈ। ਇਸ ਵਿੱਚ ਸਥਿਤੀਆਂ, ਮਾਨਵ, ਮਨੁੱਖੀ ਰਿਸ਼ਤਿਆਂ ਅਤੇ ਮਾਨਵੀ ਮੁੱਲਾਂ ਦੀ ਸੁਚੱਜੀ ਪੇਸ਼ਕਾਰੀ ਤਾਂ ਹੈ ਹੀ ਇਹਨਾ ਦੇ ਆਰ ਪਾਰ ਦੇਖਕੇ ਇਹਨਾ ਨਾਲ ਗੰਭੀਰ ਸੰਵਾਦ ਰਚਾਉਣ ਦਾ ਯਤਨ ਵੀ ਕੀਤਾ ਗਿਆ ਹੈ।'

ਡਾ. ਬਲਬੀਰ ਸਿੰਘ ਪੂੰਨੀ (ਵੈਨਕੂਵਰ) ਆਪਣੀ ਪੁਸਤਕ 'ਕਨੇਡੀਅਨ ਪੰਜਾਬੀ ਕਵਿਤਾ' ਦੇ ਲੇਖ 'ਸ਼ਮਸ਼ੇਰ ਸਿੰਘ ਸੰਧੂ ਦਾ ਕਾਵਿ ਜਗਤ' ਵਿੱਚ ਲਿਖਦੇ ਹਣ ਹੈ ਕਿ "ਸ਼ਮਸ਼ੇਰ ਸਿੰਘ ਸੰਧੂ ਨੇ ਜਿੱਥੇ ਵਿਭਿੰਨ ਵਿਸ਼ਿਆਂ ਨੂੰ ਆਪਣੀਆਂ ਗ਼ਜ਼ਲਾਂ, ਕਵਿਤਾਵਾਂ ਵਿੱਚ ਪੇਸ਼ ਕੀਤਾ ਹੈ ਓਥੇ ਉਹ ਰੂਪਕ ਪੱਖ ਤੋਂ ਕਲਾਤਮਕ ਜੁਗਤਾਂ ਦੀ ਵਰਤੋਂ ਕਰਦਾ ਹੈ। ਉਸ ਨੇ ਨਵੇਂ ਪ੍ਰਤੀਕ ਬਿੰਬਾਂ ਦੀ ਸਿਰਜਣਾ ਕੀਤੀ ਹੈ। ਉਹ ਅਮਨ ਪਸੰਦ ਸ਼ਾਇਰ ਹੈ ਜਿਸ ਨੂੰ ਜੰਗ ਨਾਲ ਨਫਰਤ ਹੈ। ਉਹ ਸਰਬੱਤ ਦੇ ਭਲੇ ਦੀ ਗੱਲ ਕਰਦਾ ਹੈ। ... ਉਹ ਇਕ ਪ੍ਰੌੜ ਕਵੀ ਹੈ। ਗਿਣਵੇਂ ਤੋਲਵੇਂ ਸ਼ਬਦਾਂ ਦੀ ਉਹ ਵਰਤੋਂ ਕਰਦਾ ਹੈ।"।

ਲੁਧਿਆਣਾ ਸਥਿੱਤ ਪਰਮੁੱਖ ਵਕਾਰੀ ਸਾਹਿਤਕ ਸੰਸਥਾ 'ਸਿਰਜਨਧਾਰਾ' ਨੇ ਸ਼ਮਸ਼ੇਰ ਸਿੰਘ ਸੰਧੂ ਦੇ ਗ਼ਜ਼ਲ ਸੰਗ੍ਰਹਿ 'ਗਾ ਜ਼ਿੰਦਗੀ ਦੇ ਗੀਤ ਤੂੰ' ਤੇ ਉਨ੍ਹਾਂ ਨੂੰ 2004 ਵਿੱਚ 'ਪੰਜਾਬ ਦੀ ਖੁਸ਼ਬੂ' ਅਵਾਰਡ ਨਾਲ ਸਨਮਾਨਿਤ ਕੀਤਾ। ਸ. ਕਰਮਜੀਤ ਸਿੰਘ ਔਜਲਾ ਇਸ ਸੰਸਥਾ ਦੇ ਪ੍ਰਧਾਨ ਤੇ ਸ. ਪ੍ਰੋ. ਕੁਲਵੰਤ ਸਿੰਘ ਜਗਰਾਉਂ ਜਨਰਲ ਸਕੱਤਰ ਸਨ।

ਭਾਵੇਂ ਪ੍ਰੋ. ਸੰਧੂ ਪੰਜਾਬ ਤੋਂ ਦੂਰ ਕੈਲਗਰੀ, ਕੈਨੇਡਾ ਵਿੱਚ ਵਿਚਰ ਰਿਹਾ ਹੈ ਪਰ ਉਸ ਦੀ ਗ਼ਜ਼ਲ ਨੇ ਵਿਦਵਾਨਾਂ ਅਤੇ ਪਾਠਕਾਂ ਦਾ ਧਿਆਨ ਆਪਣੇ ਵੱਲ ਖਿੱਚਣ ਦੀ ਸਫਲਤਾ ਪ੍ਰਾਪਤ ਕੀਤੀ ਹੈ। ਸੰਧੂ ਦੀ ਵੱਡ ਆਕਾਰੀ ਪੁਸਤਕ ਮਿਲਣ ਤੇ ਮੈਂ ਹੈਰਾਨ ਵੀ ਹੋਇਆ ਸਾਂ ਕਿ ਪੰਜਾਬ ਵਿੱਚ ਤਾਂ ਲੋਕੀਂ ਗ਼ਜ਼ਲ ਦੀ ਇਕ ਹੀ ਪੁਸਤਕ ਦਾ ਰੌਲਾ ਰੱਪਾ ਪੁਆਕੇ 'ਮਸ਼ਹੂਰ' ਹੋ ਜਾਂਦੇ ਹਨ ਪਰ ਪ੍ਰੋ. ਸੰਧੂ ਸਵਾ ਚਾਰ ਸੌ ਸਫਲ ਗ਼ਜ਼ਲਾਂ ਲਿਖਣ ਅਤੇ ਛਪਵਾਉਣ ਪਿਛੋਂ ਵੀ ਗੌਣ ਸਥਿਤੀ ਵਿੱਚ ਕਿਓਂ ਹੈ?

ਮੈਂ ਸਮਝਦਾ ਹਾਂ ਕਿ ਪ੍ਰੋ. ਸੰਧੂ ਇਕ ਸਫਲ ਪੰਜਾਬੀ ਗ਼ਜ਼ਲਕਾਰ ਹੈ। ਸੰਧੂ ਦੀ ਗ਼ਜ਼ਲ ਬਾਰੇ ਵਿਦਵਾਨਾਂ ਦੀਆਂ ਉਕਤ ਟਿੱਪਣੀਆਂ ਅਤੇ ਆਪਣੇ ਕਥਨ ਦੀ ਸਾਰਥਿਕਤਾ ਲਈ ਮੈਂ ਉਸ ਦੀਆਂ ਗ਼ਜ਼ਲਾਂ ਚੋਂ ਕੁਛ ਸ਼ਿਅਰ ਦੇਣ ਦੀ ਖੁੱਲ ਲੈ ਰਿਹਾ ਹਾਂ। ਏਨੇ ਕੁ ਸ਼ਿਅਰ ਉਸ ਦੀ ਸਮੁੱਚੀ ਸ਼ਾਇਰੀ ਚੋਂ ਕੇਵਲ ਟੂਕ ਮਾਤਰ ਹਨ। ਇਹਨਾਂ ਚੋਂ ਪ੍ਰੋ. ਸੰਧੂ ਦੇ ਵੱਖ ਵੱਖ ਵਿਸ਼ਿਆਂ ਦੇ ਸ਼ਿਅਰਾਂ ਦੇ

ਕਿਰਮਚੀ ਰੰਗ ਨਜ਼ਰ ਆਉਂਦੇ ਹਨ। ਸ਼ਾਇਰ ਨੇ ਆਪਣੀ ਗੱਲ ਕਿੰਨੇ ਸਹਿਜ, ਸਲੀਕੇ ਅਤੇ ਸਰਲਤਾ ਨਾਲ ਕੀਤੀ ਹੈ:

- ਕੂੰਜਾਂ ਦੇ ਵਾਂਗ ਯਾਦਾਂ, ਉਤਰਨ ਜਾਂ ਦਿਲ ਦੇ ਵਿਹੜੇ
  ਬੁੱਲਾ ਹਵਾ ਦਾ ਆਵੇ ਸੰਦਲੀ ਫੁਹਾਰ ਵਰਗਾ।
- ਮੈਂ ਜ਼ਿੰਦਗੀ ਚੋਂ ਕਿਸ ਤਰ੍ਹਾਂ ਇਹ ਕਾਲਖਾਂ ਮਿਟਾ ਸਕਾਂ
  ਨਿਤਾਣਿਆਂ ਨੂੰ ਤਾਣ ਦੇਕੇ ਮਾਨ ਵੀ ਦੁਆ ਸਕਾਂ।
  ਕਟਾਕੇ ਪਰ ਵੀ ਸੋਚਦਾਂ ਮੈਂ ਸਾਥੀਆਂ 'ਚ ਜਾ ਰਲਾਂ
  ਤੇ ਪਿੰਜਰੇ ਨੂੰ ਤੋੜਕੇ ਮੈਂ ਤਾਰੀਆਂ ਲਗਾ ਸਕਾਂ।
- ਬਿਨ ਤਿਰੇ ਰੰਗੀਨ ਮੌਸਮ, ਜ਼ਹਿਰ ਜਾਪੇ ਭੁੱਬਿਆ
  ਆਪਣਾ ਜੋ ਘਰ ਕਦੇ ਸੀ, ਸ਼ਹਿਰ ਵਿਚ ਹੈ ਖੋ ਗਿਆ।
- ਦੂਰੀਆਂ ਨੇ ਘਾਣ ਕੀਤਾ, ਪੀੜਿਆ ਹੈ ਵਕਤ ਨੇ
  ਵਾਂਗ ਬਦਲੀ ਬਰਸਕੇ ਤੂੰ, ਫਿਰ ਉਮੀਦਾਂ ਬਰ ਲਿਆ।
- ਰਾਤ ਸਰਦ ਨੂੰ ਦੂਰੋਂ ਜਗਦੇ, ਲਾਟੂ ਦਿਸਦੇ ਬਿਜਲੀ ਦੇ
  ਭੋਰਾ ਨਿੱਘ ਨਾ ਦੇਵਣਗੇ ਤੂੰ, ਬੂਹੇ ਕਾਹਤੋਂ ਭੇੜ ਰਿਹੈਂ।
- ਆਪਣੀਆਂ ਨਾ ਛਾਂਵਾਂ ਜਾਪਣ ਆਪਣੀਆਂ
  ਬਦਲ ਗਈਆਂ ਨੇ ਯਾਰੋ ਹੁਣ ਤੇ ਝਾਕਣੀਆਂ।
- ਠੰਡੀ ਛਾਇਆ ਦੂਰ ਸੁਹਾਂਦੇ ਬਾਗਾਂ ਦੀ
  ਤਪਦੇ ਪੈਰੀਂ ਦੇਵੇ ਕੀ ਧਰਵਾਸਣੀਆਂ।
- ਅੰਧਰਾਤਿਆਂ ਦੇ ਮਾਰੇ ਧਰਮਾਂ ਦੇ ਲੋਕ ਸਾਰੇ
  ਮਜ਼ਹਬ ਨਾ ਹੋਰ ਕੋਈ ਸੁੱਚੇ ਪਿਆਰ ਵਰਗਾ।
- ਫੇਰ ਜਾਪੇ ਬਾਬਰਾਂ ਨੇ, ਹਿੰਦ ਮੱਲੀ ਆਣਕੇ
  ਕਲਮ ਤੇ ਤਲਵਾਰ ਦੇ ਤੂੰ, ਨਾਨਕਾ ਜੌਹਰ ਵਖਾ।
- ਦੇਖੋ ਨਾ ਡੁਬ ਜਾਏ ਕਿਸ਼ਤੀ ਤੂਫਾਨ ਘੇਰੇ
  ਮੰਜ਼ਲ ਨਾ ਪਹੁੰਚ ਪਾਏ ਚੀਰੇ ਨਾ ਜੋ ਹਨੇਰੇ।
  ਜਾਂਦੀ ਹਵਾ ਵੀ ਦੇਵੇ ਉਸ ਦੇ ਹੀ ਆ ਸੁਨੇਹੇਂ
  ਆਵੇ ਜਾਂ ਯਾਰ ਮੇਰਾ ਮਹਿਕਣਗੇ ਸਭ ਚੁਫੇਰੇ।
- ਸੋਚਾਂ ਉਸ ਦੀ ਯਾਦ ਭਲਾ ਮੈਂ ਕੀ ਕਰਨੀ
  ਪਰ ਨਾ ਪਿੱਛਾ ਛਡਦੀ ਨਿਸ ਦਿਨ ਚਿਤ ਹਰਨੀ।
- ਹਰਮੰਦਰ ਦੀ ਨੀਂਹ ਉਡੀਕੇ, ਮੀਆਂ ਮੀਰੀ ਛੋਹਾਂ ਨੂੰ
  ਵਿਚ ਅਰਦਾਸਾਂ ਨਾਂ ਦਾ ਨੌਂਗਾ, ਕਦ ਤੂੰ ਉਸ ਦਾ ਪਾਵੇਂਗਾ।
- ਇਕ ਤੋਂ ਦੋ ਪੰਜਾਬ ਬਣਾਏ ਧਰਮਾਂ ਦੇ ਟਕਰਾਵਾਂ ਨੇ
  ਮੋਹਨ ਆਕੇ ਫਿਰ ਵੀ ਸਭਨੂੰ ਕਿੱਸੇ ਪੰਜ ਦਰਿਆਵਾਂ ਦੇ।
- ਜ਼ੁਲਮਾਂ ਦੀ ਇਸ ਬੇਲਾ ਅੰਦਰ ਥਾਂ ਥਾਂ ਕਾਤਲ ਠੱਗ ਉਚੱਕੇ

ਵੰਡੀ ਸਾਰੀ ਧਰਤੀ ਬੈਠੇ ਵੰਡੀ ਬੋਲੀ ਵੀਰੇ ਮਾਂਵਾਂ।
ਵੰਡੇ ਨਾਨਕ ਤੇ ਮਰਦਾਨੇ, ਸਿੰਘ ਫਤਿਹ ਤੇ ਫਤਿਹ ਮੁਹੰਮਦ
ਰਾਮ ਰਹੀਮਾਂ ਦੀ ਇਸ ਵੰਡੀ ਵੰਡਿਆ ਪੰਜਾਂ ਹੀ ਦਰਿਆਵਾਂ।

- ਮੰਦਰ ਮਸਜਦ ਢਹਿ ਢਹਿ ਉਸਰੇ ਸਿਰ ਲੋਕਾਂ ਦੇ ਨੀਂਹੀਂ ਪਾ
ਰਹਿਬਰ ਫਿਰ ਹੁਣ ਵਰਤ ਰਹੇ ਨੇ ਓਹੋ ਹੀ ਸ਼ਬਦਾਵਲੀਆਂ।
- ਨਾਂ ਤੇਰੇ ਦਾ ਚੇਤਾ ਛੇੜੇ ਰਾਗਨੀਆਂ
ਦਰਸ ਤੇਰੇ ਦੀ ਲੋਚਾ ਪਾਵੇ ਛੁੱਮਣੀਆਂ।
- ਵਿੱਚ ਉਡੀਕਾਂ ਸ਼ਾਮੀਂ ਸੂਰਜ ਆ ਢਲਿਆ
ਕੰਧਾਂ ਵਾਂਗੂੰ ਯਾਦਾਂ ਨੇ ਹੈ ਆ ਵਲਿਆ।
- ਗ਼ਜ਼ਲਾਂ ਤੇ ਗੀਤ ਮੇਰੇ ਹੋਵਣਗੇ ਉਹ ਨਿਸ਼ਾਨੀ
ਬੋਲੀ ਮੇਰੀ ਜੋ ਦਿੱਤੇ ਯਾਰੋ ਉਧਾਰ ਮੈਨੂੰ।
- ਚਮਕੀ ਹੈ ਆਣ ਊਸ਼ਾ ਰੰਗਾਂ ਦੀ ਉਹ ਜੋ ਰਾਣੀ
ਲੈਕੇ ਉਧਾਰ ਆਈ ਜੀਕਣ ਨਿਖਾਰ ਤੇਰਾ।
- ਮਿਲਣਾ ਉਹ ਚੋਰੀ ਚੋਰੀ ਤੁਹਮਤ ਕਿਤੇ ਨਾ ਆਵੇ
ਪਾਤੀ ਫੜਾਕੇ ਛੇਤੀ ਖਿਸਕਣ ਦਾ ਕਰ ਇਸ਼ਾਰਾ।
- ਬੰਦੇ ਨੂੰ ਜੋ ਨਾ ਬੰਦਾ ਜਾਣੇ ਉਹ ਧਰਮ ਕੈਸਾ
ਜ਼ਾਹਰ ਨੂੰ ਛੋਡ ਟੋਲੇ ਮੜ੍ਹੀਆਂ ਮਸਾਨ ਅੰਦਰ।
- ਚਿੜੀਆਂ ਨੇ ਫੇਰ ਤੋੜਨਾ ਬਾਜ਼ਾਂ ਦੇ ਮਾਨ ਨੂੰ
ਚਾਰੋਂ ਤਰਫ ਤੋਂ ਉਠਣਾ ਐਸਾ ਤੁਫਾਨ ਹੈ।
ਮੁਮਕਿਨ ਹੈ ਐਨ ਮੁਮਕਿਨ ਜੀਵਣ ਹਰੇਕ ਥਾਂ
ਕਰਨੀ ਫਤਿਹ ਹੈ ਮੌਤ ਵੀ ਸਾਡਾ ਗੁਮਾਨ ਹੈ।
- ਸੁੰਨ ਮਸੁੰਨੇ ਆਂਗਣ ਦਿਲ ਦੇ ਖਿੜਦੀ ਯਾਦੀਂ ਮੌਲਸਰੀ
ਪਲ ਮਿਲਣੀ ਦਾ ਗੁਜ਼ਰ ਗਿਆ ਜੋ ਫੜਫੜ ਕੋਲ ਬਹਾਈਦਾ।
- ਜਾਂਦਾ ਹੈ ਯਾਰ ਬੁਝਦਾ ਦੀਪਕ ਸਰੀਰ ਵਾਲਾ
ਚਾਨਣ ਦੀ ਲੋੜ ਹਾਲੇ ਮੰਗਦਾ ਹੈ ਇਹ ਦੁਆਲਾ।
- ਸਾਰੇ ਅਦੀਬ ਸਾਡੇ ਦੇਕੇ ਗਏ ਜੋ ਸਾਨੂੰ
ਦੌਲਤ ਮਹਾਨ ਸਾਹਿਤ ਨਾਨਕ ਸੀ ਪਰ ਨਿਰਾਲਾ।
- ਪੰਛੀ ਹਵਾ ਦੇ ਝੰਬੇ ਵਾਂਗੂੰ ਹੈ ਹਾਲ ਮੇਰਾ
ਘਾਇਲ ਜੋ ਕਰ ਗਈ ਹੈ ਦਿਸਦੀ ਕਟਾਰ ਨਾਹੀਂ।
ਕਸ਼ਤੀ ਬਣਾ ਤੂੰ ਤਨ ਦੀ ਚੱਪੂ ਬਣਾ ਤੂੰ ਮਨ ਦਾ
ਬਿਨ ਹੌਸਲੇ ਦੇ ਸੰਧੂ ਹੋਣਾ ਤੂੰ ਪਾਰ ਨਾਹੀਂ।
- ਮੰਜ਼ਲ ਦੀ ਦੂਰੀ ਵਧ ਗਈ ਜਿੰਨੀ ਕੁ ਹੋਰ ਸੀ
ਓਨੀ ਹੀ ਤੇਜ਼ ਹੋ ਗਈ ਮੇਰੀ ਵੀ ਤੋਰ ਸੀ।
- ਜੀਵਨ ਦੇ ਸਭ ਹਨੇਰੇ ਛਟਦੇ ਨੇ ਪਲਕ ਝਪਕੇ

ਚਮਕੇ ਜਾਂ ਆ ਸਵੇਰਾ ਨ੍ਹੇਰੇ ਨੂੰ ਲੈ ਕਲਾਵੇ।

- ਸੋਚੋ ਜ਼ਰੂਰ ਬਹਿਕੇ ਨਾ ਵਕਤ ਬੀਤ ਜਾਵੇ
  ਕੋਈ ਉਪਾ ਤੇ ਕਰੀਏ ਧਰਤੀ ਨੂੰ ਜੋ ਬਚਾਵੇ।
- ਜੰਗਾਂ ਦਾ ਇਹ ਕੁਲਹਿਣਾ ਵਧਦਾ ਹੀ ਦੌਰ ਜਾਵੇ
  ਕੋਈ ਤੇ ਵਕਤ ਆਵੇ ਇਸ ਨੂੰ ਜੋ ਠੱਲ੍ਹ ਪਾਵੇ।
- ਲੋਕਾਂ ਦਾ ਰਾਜ ਆਖੇ ਦੁਨੀਆਂ ਤੇ ਮੈਂ ਲਿਆਉਣਾ
  ਗੋਲਾ ਬਰੂਦ ਚਿਣਕੇ ਨੀਹਾਂ ਬਣਾਈ ਫਿਰਦਾ।
- ਤੂੰ ਕਣੀ ਨੂੰ ਕਿਸ ਤਰ੍ਹਾਂ ਦਸ ਸਾਗਰਾਂ ਦਾ ਰੂਪ ਦੇਂ
  ਬੀਜ ਅੰਦਰ ਭੇਤ ਸਾਰੇ ਕਿਵ ਲਕੋ ਫਿਰ ਫੋਲਦਾ।
- ਅਪਣੇ ਲਹੂ ਦੀ ਲਾਟ ਨੂੰ ਚਾਨਣ ਬਣਾਓ ਦੋਸਤੋ
  ਅਕਲਾਂ ਤੇ ਇਲਮਾਂ ਆਸਰੇ ਸਾਥੀ ਜਗਾਓ ਦੋਸਤੋ।
- ਰਾਂਝੇ ਦਾ ਜਾ ਰਿਸ਼ਤਾ ਜੁੜਿਆ ਅਣਡਿੱਠੇ ਹੀ ਥਾਂਵਾਂ ਨਾਲ
  ਬਿਨ ਮਿਲਿਆਂ ਤਾਂ ਟੁਟ ਜਾਂਦੇ ਨੇ ਰਿਸ਼ਤੇ ਭੈਣ ਭਰਾਵਾਂ ਨਾਲ।
- ਨਿਰਮਲ ਮਲੂਕ ਸੁਪਨੇ ਸ਼ਬਦਾਂ ਦੇ ਪਹਿਣ ਵਸਤਰ
  ਦਿਲ ਨੂੰ ਨੇ ਆਣ ਲਾਉਂਦੇ ਕੈਸਾ ਹੁਸੀਨ ਲਾਰਾ।
- ਗ਼ਜ਼ਲਾਂ ਤੇ ਗੀਤ ਮੇਰੇ ਪਰਵਾਜ਼ ਵੀ ਨੇ ਭੁੱਲੇ
ਕੀਕਣ ਭਰਾਂ ਉਡਾਨਾਂ ਕਤਰੇ ਹੀ ਪਰ ਗਏ ਨੇ।
- ਕਟਾਕੇ ਪਰ ਵੀ ਸੋਚਦਾਂ ਮੈਂ ਸਾਥੀਆਂ 'ਚ ਜਾ ਰਲਾਂ
  ਤੇ ਪਿੰਜਰੇ ਨੂੰ ਤੋੜਕੇ ਮੈਂ ਤਾਰੀਆਂ ਲਗਾ ਸਕਾਂ।
- ਟੁੰਬੇ ਨਾ ਜੋ ਮਨਾਂ ਨੂੰ ਜੀਵਨ ਨਾ ਸੇਧ ਦੇਵੇ
  ਕਾਹਦੀ ਉਹ ਫਿਰ ਕਲਾ ਹੈ ਜਾਪੇ ਕਲ੍ਹਾ ਕਲੰਦਰ।
- ਜੋ ਧਰਮਾਂ ਦੇ ਨਾਂ ਤੇ ਫਲਾਵਣ ਹਨੇਰੇ
  ਉਹ ਆਖਣ ਗਰੀਬੀ ਨੂੰ ਰਬ ਦੀ ਹੈ ਮਾਇਆ।
- ਮੇਰੇ ਤੇ ਵਾਲ ਖਿਲਰੇ ਮੇਰੇ ਖ਼ਿਆਲ ਵਾਂਗੂੰ
  ਮੇਰੇ ਨਸੀਬ ਕਿੱਥੇ ਵਾਲਾਂ 'ਚ ਫੁਲ ਸਵਾਰਨੇ।
- ਫਿਰ ਯਾਦਾਂ ਦੀ ਵਾਛੜ ਆਈ ਨੈਣ ਮਿਰੇ ਨੇ ਸਿੱਲ੍ਹੇ ਸਿੱਲ੍ਹੇ
ਦਿਲ ਮੇਰੇ ਦੇ ਕੰਧਾਂ ਕੋਠੇ ਜਾਪਣ ਥਿੜਕੇ ਹਿੱਲ੍ਹੇ ਹਿੱਲ੍ਹੇ।
- ਗੰਗਾ ਜਲ ਤੇ ਆਬੇ ਜ਼ਮਜ਼ਮ ਪੀਕੇ ਵੇਖੇ
  ਉਸ ਚੋਂ ਮੈਨੂੰ ਹਰਮੰਦਰ ਦੇ ਪੈਣ ਭੁਲੇਖੇ।

- ਇਕ ਤੋਂ ਦੋ ਪੰਜਾਬ ਬਣਾਏ ਧਰਮਾਂ ਦੇ ਟਕਰਾਵਾਂ ਨੇ
  ਮੋਹਨ ਆਕੇ ਫਿਰ ਵੀ ਸਾਨੂੰ ਕਿੱਸੇ ਪੰਜ ਦਰਿਆਵਾਂ ਦੇ।
- ਮੁਲਕਾਂ ਦੀ ਵੰਡ ਯਾਰੋ ਕੀਤਾ ਸੀ ਘਾਣ ਐਸਾ
  ਜੜ੍ਹ ਹੀ ਪਕੜ ਨਾ ਪਾਏ ਉਮਰਾ ਹੀ ਮਾਤ ਗੁਜ਼ਰੀ।

- ਸੰਧੂ ਨਾ ਪਾ ਖਲਾਰਾ ਸ਼ੇਖੀ ਬਖੇਰ ਨਾਹੀਂ
  ਸ਼ਾਇਰ ਜੋ ਹੁਨਰ ਹਾਸਲ ਅਦਬੀ ਕਮਾਲ ਰੱਖੇ।

ਪ੍ਰੋ. ਸੰਧੂ ਆਪਣੀ ਜਨਮ ਭੂਮੀਂ ਤੋਂ ਵਿੱਛੜਕੇ ਉਸ ਨੂੰ ਯਾਦ ਕਰਦਾ ਹੈ ਪਰ ਉਹ ਮੇਜ਼ਬਾਨ ਦੇਸ਼ ਨੂੰ ਵੀ ਨਹੀਂ ਭੁੱਲਦਾ। ਉਸ ਦੀ ਵਤਨ ਪ੍ਰਤੀ ਹੁੱਬ ਬਾਰ ਬਾਰ ਸ਼ਿਅਰਾਂ ਵਿੱਚ ਝਲਕਦੀ ਹੈ।

ਜਦ ਵਤਨ ਦੀ ਯਾਦ ਆਵੇ ਕੀ ਕਰਾਂ
ਡੁਬ ਡੁਬਾਂਦੇ ਨੈਣ ਧੀਰਜ ਕਿਵ ਧਰਾਂ।
ਇਸ ਗਰਾਂ ਵੀ ਵੰਸ਼ ਮੇਰੀ ਵੱਸਦੀ
ਬੇੜੀਆਂ ਦੋਹਾਂ 'ਚ ਕੱਠਾ ਕਿਵ ਤਰਾਂ।

ਸੰਧੂ ਲੂਣ ਹਲਾਈ ਸ਼ਾਇਰ ਹੈ। ਜਿਸ ਵਤਨ ਵਿੱਚ ਜਾ ਵੱਸਿਆ ਹੈ ਉਸ ਪ੍ਰਤੀ ਵੀ ਆਭਾਰੀ ਹੈ:

ਅੰਨ ਪਾਣੀ ਏਸ ਥਾਂ ਵੀ, ਨਿੱਤ ਜੋ ਮੈਂ ਲੈ ਰਿਹਾਂ
ਕਰਜ਼ ਇਹ ਜੋ ਲੈ ਰਿਹਾਂ ਕਿਉ, ਨਾ ਚੁਕਾਵਾਂ ਦੋਸਤੋ।

ਉਹ ਸਾਰੀ ਧਰਤ ਨੂੰ ਧਰਤੀ ਮਾਂ ਕਹਿੰਦਾ ਹੈ ਤੇ ਧਰਤੀ ਤੇ ਪਈਆਂ ਲੀਕਾਂ ਨੂੰ ਰੱਦ ਕਰਦਾ ਹੈ:

ਇਹ ਵੀ ਮੇਰੀ ਉਹ ਵੀ ਮੇਰੀ, ਵੰਡ ਪਾਵਾਂ ਕਿੰਜ ਮੈਂ
ਧਰਤ ਮਾਂ ਤੇ ਹਰ ਜਗ੍ਹਾ ਤੇ, ਲੈ ਬਲਾਵਾਂ ਦੋਸਤੋ।

ਸਾਰੀ ਧਰਤੀ ਨੂੰ ਮਾਂ ਸਮਝਣ ਵਾਲੇ ਇਸ ਸ਼ਾਇਰ ਨੇ ਏਸੇ ਭਾਵਨਾ ਅਧੀਨ 2003 ਵਿੱਚ ਕੈਨੇਡਾ ਦੇ ਰਾਸ਼ਟਰੀ ਗੀਤ 'ਓ ਕੈਨੇਡਾ' ਦਾ ਪੰਜਾਬੀ ਰੂਪ ਤਿਆਰ ਕਰਕੇ ਕੈਨੇਡਾ ਭਰ ਵਿੱਚ ਨਾਮਨਾ ਖੱਟਿਆ ਜਿਸ ਤੇ ਸਾਨੂੰ ਸਾਰਿਆਂ ਨੂੰ ਬੜਾ ਮਾਨ ਹੈ। ਉਸ ਨੇ 'ਓ ਕੈਨੇਡਾ' ਦਾ ਹਿੰਦੀ ਤੇ ਉਰਦੂ ਰੂਪਾਂਤਰ ਤਿਆਰ ਕਰਕੇ ਇਕ ਹੋਰ ਮੱਲ ਮਾਰੀ ਹੈ। 2005 ਵਿੱਚ ਜਦ ਕੈਨੇਡਾ ਦਾ ਅਲਬਰਟਾ ਸੂਬਾ ਆਪਣਾ 100ਵਾਂ ਜਨਮ ਦਿਨ ਮਨਾ ਰਿਹਾ ਸੀ ਤਾਂ ਸ਼ਮਸ਼ੇਰ ਸਿੰਘ ਸੰਧੂ ਨੇ ਮੈਰੀ ਕੈਫਟਨਬੈਲਡ ਦੁਆਰਾ ਲਿਖੇ ਗੀਤ 'ਅਲਬਰਟਾ' ਦਾ ਬਹੁਤ ਖੂਬਸੂਰਤ ਪੰਜਾਬੀ ਰੂਪਾਂਤਰ ਤਿਆਰ ਕੀਤਾ। ਉਸ ਦੀਆਂ ਇਹ ਪ੍ਰਾਪਤੀਆਂ ਕੈਨੇਡਾ ਦੇ ਇਤਹਾਸ ਵਿੱਚ ਸਦਾ ਯਾਦ ਰੱਖੀਆਂ ਤੇ ਸਰਾਹੀਆਂ ਜਾਣਗੀਆਂ।

ਸ਼ਮਸ਼ੇਰ ਸਿੰਘ ਸੰਧੂ ਦਾ ਤਿਆਰ ਕੀਤਾ 'ਓ ਕੈਨੇਡਾ' ਦਾ ਪੰਜਾਬੀ ਰੂਪ ਕੈਨੇਡਾ ਦੇ ਅਰਕਾਈਵਜ਼ ਵਿੱਚ ਰੱਖਿਆ ਗਿਆ ਹੈ। ਇਸ ਤੋਂ ਇਲਾਵਾ 'ਓ ਕੈਨੇਡਾ' ਦਾ ਪੰਜਾਬੀ ਰੂਪ ਅਤੇ 'ਅਲਬਰਟਾ' ਦਾ ਪੰਜਾਬੀ ਅਨੁਵਾਦ ਅਲਬਰਟਾ ਅਸੈਂਬਲੀ ਦੇ ਸਥਾਈ ਰੀਕਾਰਡ ਤੇ ਰੱਖੇ ਗਏ ਹਨ ਜੋ ਪੰਜਾਬੀਆਂ, ਪੰਜਾਬੀ ਬੋਲੀ ਅਤੇ ਸੰਧੂ ਲਈ ਬੜੇ ਮਾਨ ਦੀ ਗੱਲ ਹੈ।

ਸੰਧੂ ਦੀ ਸੋਚ ਹੱਦਾਂ ਦਿਸਹੱਦਾਂ ਤੋਂ ਪਾਰ ਜਾਕੇ ਚੇਤਨ ਅੱਖ ਨਾਲ ਵੇਖਦੀ ਹੈ। ਉਹ ਸੰਸਾਰ ਵਿੱਚ ਵਾਪਰ ਰਹੀਆਂ ਘਟਨਾਵਾਂ ਪ੍ਰਤੀ ਨਿਰਾ ਸੁਚੇਤ ਹੀ ਨਹੀਂ ਸਗੋਂ ਉਹਨਾਂ ਨੂੰ ਸ਼ਿਅਰਾਂ ਵਿੱਚ ਢਾਲਦਾ ਹੈ। ਰਾਵਨਾਂ ਦੁਰਯੋਧਨਾਂ ਦੇ ਵੱਡੇ ਭਰਾ ਅਮਰੀਕਾ ਵੱਲੋਂ 'ਸੰਸਾਰ ਪੁਲਸੀਏ' ਦਾ ਰੋਲ ਉਸ ਨੂੰ ਰਤਾ ਨਹੀਂ ਭਾਉਂਦਾ:

ਲੋਕਤੰਤਰ ਦਾ ਮਖੌਟਾ, ਪਾ ਫਰੰਗੀ ਭੂਤਿਆ
ਅੱਗ ਤੇ ਅਸਪਾਤ ਵਰਤੇ, ਜਗਤ ਸਾਰਾ ਲੈ ਡਰਾ।
ਆਪ ਵਣਜੀ ਅੱਗਦਾ ਤੇ, ਖੁਦ ਕਰਾਵੇ ਅਮਨ ਇਹ
ਰਾਵਨਾਂ ਦੁਰਯੋਧਨਾਂ ਦਾ, ਲੱਗਦਾ ਵੱਡਾ ਭਰਾ।

ਜੰਗਾਂ ਗਲੀ ਗਲੀ ਹੁਣ ਜ਼ਾਲਮ ਨੇ ਰੁੱਧੀਆਂ ਨੇ
ਪੱਤੇ ਜ਼ਤੂਨ ਦੇ ਹੁਣ ਫੜਨੇ ਕੀ ਘੁੱਗੀਆਂ ਨੇ।
ਤਾਜਰ ਇਹ ਮੌਤ ਵਾਲੇ ਰਾਖੇ ਬਣੇ ਜਦੋਂ ਦੇ
ਬਸਤੀ ਵਿਰਾਨ ਹਰ ਥਾਂ ਮੌਤਾਂ ਹੀ ਉਗੀਆਂ ਨੇ।

ਅਮਰੀਕਾ ਵੱਲੋਂ ਈਰਾਕ ਤੇ ਹੋਏ ਹਮਲੇ ਨੂੰ ਵੇਖ ਸੰਧੂ ਕੂਕ ਉਠਿਆ:

ਫਿਰ ਫਰੰਗੀ ਕਰ ਵਖਾਇਆ, ਹੋਰ ਕਾਰਾ ਦੋਸਤੋ
ਘੁੱਗ ਵਸਦਾ ਦੇਸ ਢਾਇਆ, ਏਸ ਸਾਰਾ ਦੋਸਤੋ।
ਇਹ ਅਜ਼ਾਦੀ ਵੰਡਦਾ ਹੈ, ਸਾੜਕੇ ਘਰ ਬਾਰ ਨੂੰ
ਜ਼ੁਲਮ ਇਸ ਦਾ ਵਧ ਗਿਆ ਹੈ, ਬੇਸ਼ੁਮਾਰਾ ਦੋਸਤੋ।

ਪ੍ਰੋ. ਸੰਧੂ ਦੇ ਕਈ ਖ਼ੂਬਸੂਰਤ ਸ਼ਿਅਰ ਅੰਧਵਿਸ਼ਵਾਸ ਵਿਰੁੱਧ ਹਨ। ਉਹ ਧਰਮ ਦੇ ਪਰਦੇ ਹੇਠ ਲੁਕੇ ਅਧਰਮੀਆਂ ਨੂੰ ਆਢੇ ਹੱਥੀਂ ਲੈਂਦਾ ਹੈ:

ਮੰਦਰ ਮਸਜਦ ਮੱਲੀ ਬੈਠੈ, ਹਰ ਥਾਂ ਟੋਲੇ ਠੱਗਾਂ ਦੇ
ਤਾੜੀ ਲਾ ਕੇ ਬੈਠੇ ਸਾਰੇ, ਕਿਸ ਛਤਰੀ ਤੇ ਆਵੇਂਗਾ।

ਸੰਧੂ ਧਰਮ ਵਿਰੋਧੀ ਨਹੀਂ ਉਹ ਧਰਮ ਤੇ ਪਾਖੰਡ ਦਾ ਨਖੇੜਾ ਬਾਖ਼ੂਬੀ ਕਰਦਾ ਹੈ:

ਧਰਮ ਬਿਨ ਵੀ ਬੇਤੁਕੀ ਹੈ, ਜ਼ਿੰਦਗੀ ਤੂੰ ਜਾਣ ਲੈ
ਧਰਮ ਹੀ ਕਰਦਾ ਅਸਾਨੂੰ, ਵੀ ਸਮੇਂ ਦੇ ਹਾਨ ਦਾ।
ਜੋ ਅਸਾਨੂੰ ਵੱਖ ਕਰਦਾ, ਪਾੜਦਾ ਵਿਚ ਟੋਲਿਆਂ
ਇਸ ਤਰਾਂ ਦਾ ਵੱਖ ਵਾਦੀ, ਧਰਮ ਨਾ ਇਨਸਾਨ ਦਾ।

ਗੁਰਬਾਣੀ ਦੀ ਨਰੋਈ ਸੋਚ ਦਾ ਅਸਰ ਉਸ ਤੇ ਪ੍ਰਤੱਖ ਹੈ:

ਛੱਡ ਦੁਆਰੇ ਮੰਦਰ ਮਸਜਦ, ਜੇ ਤੂੰ ਉਸ ਨੂੰ ਪਾਣਾ ਹੈ

ਪਹਿਚਾਨ ਸ਼ਕਲ ਹਰ ਬੰਦੇ ਵਿਚ, ਜੋ ਉਸ ਚੋਜੀ ਧਾਰੀ ਹੈ।

ਉਹ ਔਕੜਾਂ ਤੇ ਮੁਸ਼ਕਲਾਂ ਦਾ ਟਾਕਰਾ ਕਰਨ ਤੇ ਹੌਸਲੇ ਦੀ ਜੋਤ ਜਗਾਉਣ ਲਈ ਪ੍ਰੇਰਦਾ ਹੈ ਤੇ ਅਮਨ ਦੀ ਲੋਚਾ ਕਰਦਾ ਹੈ:

ਜੋਤ ਸਾਹਸ ਦੀ ਜਗਾ ਤੂੰ, ਜੋਤ ਸਾਹਸ ਦੀ ਜਗਾ
ਰਾਹ ਬਿਖੜੇ ਹੋਣ ਤੇ ਵੀ, ਸਾਥੀਆ ਤੂੰ ਮੁਸਕਰਾ।
ਜਲ ਰਹੇ ਇਸ ਜਗਤ ਨੂੰ ਹੈ, ਲੋੜ ਅਮਨਾਂ ਦੀ ਬੜੀ
ਇਸ ਧੁਆਂਖੀ ਧਰਤ ਉੱਤੇ, ਮੀਂਹ ਅਮਨਾਂ ਦਾ ਵਸਾ।

ਉਹ ਸੌੜੇ ਘੇਰਿਆਂ ਨੂੰ ਤੋੜਕੇ ਮਾਨਵ ਜ਼ਾਤ ਲਈ ਰਾਹ ਉਜਲੇ ਕਰਨਾ ਲੋਚਦਾ ਹੈ:

ਯਾਦ ਰੱਖੇਗਾ ਜ਼ਮਾਨਾ, ਓਸ ਨੂੰ ਹੀ ਦੋਸਤਾ
ਰਾਹ ਮਾਨਵ ਦੇ ਲਈ ਜੋ, ਉੱਜਲੇ ਹੈ ਕਰ ਗਿਆ।

ਇੱਟਾਂ ਪੱਥਰਾਂ ਤੇ ਸੰਗਮਰਮਰ ਨਾਲ ਬਣੇ ਮਕਾਨ ਅਤੇ ਘਰ ਵਿਚਾਲੇ ਅੰਤਰ ਦਾ ਸੰਧੂ ਨੂੰ ਖ਼ੂਬ ਗਿਆਨ ਹੈ:

ਇਕ ਮਕਾਨੋ ਘਰ ਬਣਾਇਆ, ਸੀ ਜੁ ਤੇਰੇ ਸਾਥ ਨੇ ...
... ਨਾਮ ਉਸ ਦਾ ਮੈਂ ਤਦੇ ਸੀ, ਵਾਂਗ ਅਪਣੇ ਘਰ ਲਿਆ।

ਘਰ ਸਭਿਆਚਾਰ ਦੀ ਮੁਢਲੀ ਇਕਾਈ ਹੁੰਦਾ ਹੈ, ਘਰ ਆਦਮੀਂ ਦੇ ਖੰਭ ਹੁੰਦੇ ਹਨ। ਘਰ ਪ੍ਰਤੀ ਮੁਹੱਬਤ ਬਾਰੇ ਸੰਧੂ ਨੇ ਕਈ ਸ਼ਿਅਰ ਕਹੇ ਹਨ:

ਕਰ ਬਸੇਰਾ ਏਸ ਥਾਂ ਤੇ, ਆਲ੍ਹਣਾ ਤੂੰ ਲੈ ਬਣਾ
ਦਿਲ ਦਾ ਪੰਛੀ ਜੇਸ ਥਾਂ ਤੇ, ਭਰ ਉਡਾਰੀ ਆ ਗਿਆ।

ਪਦਾਰਥਵਾਦੀ ਰੁਚੀਆਂ ਦਾ ਗ੍ਰਸਿਆ ਮਨੁੱਖ ਵਧੇਰੇ ਖ਼ੁਦਗਰਜ਼ ਤੇ ਦੂਜਿਆਂ ਪ੍ਰਤੀ ਪੱਥਰ ਦਿਲ ਬਣਦਾ ਜਾ ਰਿਹਾ ਹੈ। ਸ਼ਾਇਰ ਸੰਧੂ ਚਾਹੁੰਦਾ ਹੈ ਕਿ ਬਰਛੇ ਨੇਜ਼ੇ ਤਜਕੇ ਵਾਂਸ ਦੀ ਉਸ ਪੋਰੀ ਨੂੰ ਬੰਸੀ ਬਣਾਉਣ ਦੀ ਲੋੜ ਹੈ ਜਿਸ ਵਿੱਚੋਂ ਮਿੱਠੇ ਸਵਰ ਨਿਕਲਣ:

ਪੱਥਰ ਬਣਦੇ ਜਾਂਦੇ ਦਿਲ ਦਾ, ਕਰਨਾ ਕੋਈ ਇਲਾਜ ਬਣੇ
ਤੱਜੋ ਨੇਜੇ ਬਰਛੇ ਛੇਦੋ, ਬੰਸੀ ਦੀ ਇਹ ਵਾਜ ਬਣੇ।

ਦਾਜ ਦੀ ਲਾਹਣਤ ਨੂੰ ਖ਼ਤਮ ਕਰਨ ਦਾ ਹੱਲ ਦੱਸਦਿਆਂ ਸ਼ਾਇਰ ਕਹਿੰਦਾ ਹੈ:

ਸਭ ਤੋਂ ਵੱਡਾ ਗਹਿਣਾ ਵਿਦਿਆ, ਧੀਆਂ ਨੂੰ ਜੋ ਦੇ ਸਕਦੇ
ਸਾਰੇ ਮਾਪੇ ਚਾਰਾ ਕਰੀਏ, ਵਿਦਿਆ ਧੀ ਦਾ ਦਾਜ ਬਣੇ।

ਸੰਸਾਰ ਪੱਧਰ ਤੇ ਵਸੋਂ ਪ੍ਰੀਵਰਤਨ ਸਦਕਾ ਸਾਰੀ ਦੁਨੀਆਂ ਇਕ ਪਿੰਡ ਸਮਾਨ ਬਣਦੀ ਜਾ ਰਹੀ ਜਿਸ ਵਿੱਚ ਇਨਸਾਨ ਦੇ ਸੈਂਕੜੇ ਧਰਮ, ਸਭਿਆਚਾਰ ਸਾਥੋਂ ਕੱਟੜਪਣ ਤਿਆਗਕੇ ਲਚਕੀਲੇ ਪਣ ਦੀ ਮੰਗ ਕਰਦੇ ਹਨ। ਕਿਸੇ ਕਿਸਮ ਦਾ ਵੀ ਕੱਟੜਪਣ ਮਾਨਵ ਲਈ ਸਦਾ ਘਾਤਕ ਹੈ ਤੇ ਘਾਤਕ ਰਿਹਾ ਹੈ:

ਤੋਤੇ ਰਟਨਾ ਦਾ ਨਾ ਕੋਈ, ਲਾਭ ਕਦੇ ਵੀ ਹੋਇਆ ਹੈ
ਕੱਟੜਪਣ ਨੇ ਇਸ ਦੁਨੀਆਂ ਤੇ, ਲੱਖਾਂ ਖਲਕਤ ਮਾਰੀ ਹੈ।

ਵੱਡ ਆਕਾਰੀ ਦੈਂਤ ਰੂਪ ਧਾਰੀ ਕੰਪਨੀਆਂ ਨਿੱਤ ਨਵੀਂਆਂ ਤਕਨੀਕਾਂ ਨਾਲ ਹਰੇਕ ਨੂੰ ਆਪਣਾ ਗੁਲਾਮ ਬਣਾਈ ਜਾ ਰਹੀਆਂ ਹਨ। ਐਥੋਂ ਤਕ ਕਿ ਉਹਨਾਂ ਦਾ ਯਤਨ ਹੈ ਕਿ ਕਿਰਸਾਨ ਬੀਜ ਵੀ ਆਪ ਪੈਦਾ ਨਾ ਕਰ ਸਕਣ ਅਤੇ ਉਸ ਲਈ ਵੀ ਕਿਸਾਨਾਂ ਨੂੰ ਉਹਨਾਂ ਤੇ ਹੀ ਨਿਰਭਰ ਕਰਨਾ ਪਵੇ:

ਛੇੜਿਆ ਕੀ ਸਿਲਸਲਾ ਹੈ, ਨਾਮ ਲੈ ਵਿਗਆਨ ਦਾ
ਬੀਜ ਵੀ ਹੁਣ ਖੁਹ ਰਿਹਾ ਹੈ, ਹੱਥ ਚੋਂ ਕਿਰਸਾਨ ਦਾ।

ਪਰ ਸਿਰ ਉਠਾਕੇ ਜੀਣ ਲਈ ਸਦਾ ਕੁਰਬਾਨੀਆਂ ਦੀ ਲੋੜ ਹੈ:

ਸਿਰ ਉਠਾਕੇ ਜੀਣ ਲਈ ਨੇ ਲਾਜ਼ਮੀਂ ਕੁਰਬਾਨੀਆਂ
ਸਿਦਕ ਸੰਧੂ ਇਸ ਤਰ੍ਹਾਂ ਹੈ ਰੂਪ ਚੰਡੀ ਧਾਰਦਾ।

ਧਰਤੀ ਤੇ ਜੰਗਾਂ ਕਾਰਣ ਅੱਜ ਅਮਨ ਦੇ ਬੁਧ ਵਰਗੇ ਫਲਾਸਫਰਾਂ ਤੇ ਪਿਕਾਸੋ ਵਰਗੇ ਕਲਾਕਾਰਾਂ ਨੂੰ ਵੀ ਕੋਈ ਨਹੀਂ ਪੁੱਛਦਾ:

ਕਬਰੀਂ ਪਿਆ ਪਿਕਾਸੋ ਬੁੱਧਾਂ ਦੇ ਹੋਏ ਟੋਟੇ
ਥਾਂ ਥਾਂ ਤੇ ਗੋਲੀਆਂ ਹੀ ਧਰਤੀ ਤੇ ਉਗੀਆਂ ਨੇ।

ਪ੍ਰੋ. ਸੰਧੂ ਉਚੇਰੀ ਚੇਤਨਤਾ ਦਾ ਸ਼ਾਇਰ ਹੈ। ਉਹ ਉਸ ਲੋਅ ਨੂੰ ਕਾਲਖ ਬ੍ਰਾਬਰ ਸਮਝਦਾ ਹੈ ਜੋ ਲੋਕਾਂ ਦੇ ਹਨੇਰੇ ਦੂਰ ਕਰਨ ਦੀ ਥਾਂ ਮਹਿਜ਼ ਦਿਖਾਵੇ ਮਾਤਰ ਹੈ:

ਮੇਲੇ ਤਾਂ ਦੀਵਿਆਂ ਦੇ ਕਬਰੀਂ ਵੀ ਆਣ ਲਗਦੇ
ਰਾਹਾਂ ਕਰੇ ਜੋ ਰੌਸ਼ਨ ਦੀਵੇ ਤੂੰ ਰੱਖ ਜਗਦੇ।

ਜਿਸ ਬਸ਼ਰ ਦੀ ਅੱਖ ਦਾ ਪਾਣੀ ਮਰ ਜਾਵੇ ਉਹ ਮਾਨਵੀ ਪ੍ਰੇਮ ਤੋਂ ਹੀਣਾ ਹੋ ਨਿਬੜਦਾ ਹੈ। ਨੈਣਾਂ ਦਾ ਨੀਰ ਜ਼ਿੰਦਗੀ ਦੀ ਕਦੂਰਤ ਨੂੰ ਧੋ ਕੱਢਦਾ ਹੈ:

ਨਿਰਮਲ ਅਕਾਸ਼ ਹੋਵੇ ਬਰਖਾ ਤੋਂ ਬਾਅਦ ਜੀਕਣ
ਧੋਵਣ ਗਿਲੇ ਗੁਜ਼ਾਰੀ ਨੈਣਾਂ ਦੇ ਨੀਰ ਖਾਰੇ।

ਜਦ ਆਦਮੀ ਦੇ ਸੁਪਨੇ ਮਰ ਜਾਂਦੇ ਹਨ ਤਾਂ ਉਸ ਕੋਲ ਬਾਕੀ ਕੁਛ ਵੀ ਨਹੀਂ ਰਹਿ ਜਾਂਦਾ:

ਦੱਸਾਂ ਕੀ ਹਾਲ ਤੈਨੂੰ ਡਾਢਾ ਬੁਰਾ ਹੈ ਹੋਇਆ
ਰੀਝਾਂ ਦੀ ਮੌਤ ਹੋਈ ਆਸਾਂ ਦਾ ਹੈ ਨੜੋਇਆ।

ਪ੍ਰੋ. ਸੰਧੂ ਦੀਆਂ ਗ਼ਜ਼ਲਾਂ ਵਿੱਚ ਹਰ ਉਹ ਖ਼ੂਬੀ ਆਪਣਾ ਜਲਵਾ ਵਿਖਾ ਰਹੀ ਹੈ ਜੋ ਕਿ ਵਧੀਆ ਗ਼ਜ਼ਲਾਂ ਵਿੱਚ ਹੋਣੀ ਲਾਜ਼ਮੀਂ ਹੁੰਦੀ ਹੈ। ਐਨੇ ਛੋਟੇ ਲੇਖ ਵਿੱਚ ਸਵਾ ਚਾਰ ਸੌ ਗ਼ਜ਼ਲਾਂ ਬਾਰੇ ਵਿਸਤਾਰ ਨਾਲ ਸਾਰੀਆਂ ਖ਼ੂਬੀਆਂ ਬਿਆਨ ਕਰਨਾ ਔਖਾ ਹੈ ਪਰ ਉਸ ਦੀਆਂ ਸਮੁੱਚੀਆਂ ਗ਼ਜ਼ਲਾਂ ਬਾਰੇ ਕੁਛ ਸਪਸ਼ਟ ਧਾਰਨਾਵਾਂ ਕਾਇਮ ਕੀਤੀਆਂ ਜਾ ਸਕਦੀਆਂ ਹਨ ਜਿਵੇਂ:

ਸਾਦਗੀ ਤੇ ਸਪਸ਼ਟਤਾ :

ਅੱਜਕਲ ਗ਼ਜ਼ਲ ਦੇ ਸ਼ਿਅਰਾਂ ਨੂੰ ਨਵੇਂ ਭਾਵ ਬੋਧ ਦਾ ਅਖੌਤੀ ਨਾਮ ਦੇ ਕੇ ਉਲਝਾਉਣ ਦਾ ਫੈਸ਼ਨ ਹੋ ਗਿਆ ਹੈ। ਜਦ ਸ਼ਿਅਰ ਦੇ ਅਰਥ ਸਾਦਗੀ ਭਰਪੂਰ ਨਹੀਂ ਰਹਿੰਦੇ ਤਦ ਉਸ ਗ਼ਜ਼ਲ ਤੇ ਅਖੌਤੀ ਅਲੋਚਕਾਂ ਤੇ ਖੜਪੈਂਚਾ ਵੱਲੋਂ ਵਾਹ ਵਾਹ ਕੀਤੀ ਜਾਂਦੀ ਹੈ। ਪਰ ਪਾਠਕ ਤੇ ਸਰੋਤੇ ਦੇ ਪੱਲੇ ਕੁਛ ਨਹੀਂ ਪੈਂਦਾ। ਸ਼ਾਇਰ ਸੰਧੂ ਦੇ ਸ਼ਿਅਰ ਸਰਲਤਾ, ਤਰਲਤਾ ਅਤੇ ਤਾਜ਼ਗੀ ਦੇ ਨਾਲ ਨਾਲ ਸਾਦਗੀ ਭਰਪੂਰ ਹਨ। ਉਹ ਵੱਡੇ ਵੱਡੇ ਵਿਸ਼ਿਆਂ ਨੂੰ ਵੀ ਸਰਲਤਾ ਨਾਲ ਪੇਸ਼ ਕਰਨ ਜਾਣਦਾ ਹੈ:

ਇਕ ਫੌਜ ਨ੍ਹੇਰਿਆਂ ਦੀ ਆਈ ਤੁਫਾਨ ਬਣਕੇ
ਕੁਛ ਨਾ ਵਗਾੜ ਹੋਇਆ ਉਸ ਤੋਂ ਵੀ ਰੌਸ਼ਨੀ ਦਾ।

ਏਥੇ ਵੇਖਣ ਵਾਲੀ ਗੱਲ ਇਹ ਹੈ ਕਿ ਸਾਦਗੀ ਵਿੱਚ ਵੀ ਕਲਾ ਗਾਇਬ ਨਹੀਂ ਹੁੰਦੀ ਤੇ ਨਾ ਹੀ ਸਪਾਟ ਬਿਆਨੀ ਕੀਤੀ ਮਿਲਦੀ ਹੈ।

ਸੁੰਦਰਤਾ ਭਰਪੂਰ ਬਿਆਨ:

ਸਾਹਿਤ ਦੇ ਤਿੰਨ ਜ਼ਰੂਰੀ ਲੱਖਣ ਮਿਥੇ ਗਏ ਹਨ; ਸਤਿਅਮ, ਸ਼ਿਵਮ ਤੇ ਸੁੰਦਰਮ। ਜਿਸ ਗ਼ਜ਼ਲ ਵਿੱਚ ਸੁੰਦਰਤਾ ਦੇ ਦਰਸ਼ਨ ਨਹੀਂ ਹੁੰਦੇ ਅਤੇ ਸ਼ਿਅਰ ਪਾਠਕ ਦੇ ਮਨ ਨੂੰ ਤਰੋਤਾਜ਼ਗੀ ਨਹੀਂ ਬਖ਼ਸ਼ਦੇ ਉਹ ਸ਼ਿਅਰ ਨਹੀਂ। ਪ੍ਰੋ. ਸੰਧੂ ਦੇ ਸਾਰੇ ਹੀ ਸ਼ਿਅਰ ਸੁੰਦਰ ਬਿਆਨੀ ਦਾ ਨਮੂਨਾ ਹਨ:

ਸੂਰਜ ਹੈ ਆਣ ਚੜ੍ਹਿਆ ਰੀਝਾਂ ਦੇ ਆ ਸਵੇਰੇ
ਮੁਸਕਾਨ ਇਕ ਅਨੂਠੀ ਖੋਲ੍ਹੇ ਨੇ ਭਾਗ ਮੇਰੇ।
ਨਸ਼ਿਆ ਗਿਆ ਹੈ ਸਾਰਾ ਮੇਰਾ ਤੇ ਸਭ ਚੁਫੇਰਾ
ਅਤਰਾਂ ਦੇ ਨਾਲ ਭਿੱਜੇ ਕੁੰਡਲ ਤੂੰ ਜਾਂ ਖਿਲੇਰੇ।

ਤਸ਼ਬੀਹ, ਤੁਲਨਾ ਜਾਂ ਉਪਮਾ ਅਲੰਕਾਰ :

ਕਿਸੇ ਵਸਤ ਜਾਂ ਵਰਤਾਰੇ ਨੂੰ ਕਿਸੇ ਹੋਰ ਵਸਤ ਜਾਂ ਵਰਤਾਰੇ ਨਾਲ ਤੁਲਨਾ ਦੇਣ ਦੀ ਕਲਾ ਨੂੰ ਉਪਮਾਂ ਅਲੰਕਾਰ ਕਹਿੰਦੇ ਹਨ। ਸੰਧੂ ਦੇ ਸ਼ਿਅਰਾਂ ਵਿੱਚ ਇਸ ਦੀ ਕਮਾਲ ਦੀ ਪੇਸ਼ਕਾਰੀ ਹੈ:

ਪੰਛੀ ਦੇ ਵਾਂਗ ਉਡਦਾ ਤੇ ਤੈਰਦਾ ਹੀ ਜਾਵੇ

ਤੇਰਾ ਖ਼ਿਆਲ ਆਵੇ ਤਕਦੀਰ ਮੁਸਕਰਾਵੇ।
ਪਰ ਵੀ ਨਾ ਮਾਰ ਸਕਦਾ ਉਸ ਥਾਂ ਤੇ ਹੋਰ ਕੋਈ
ਜਿਸ ਥਾਂ ਖ਼ਿਆਲ ਤੇਰਾ ਆਕੇ ਧਮਾਲ ਪਾਵੇ।

ਸੂਰਜ ਦੇ ਨਿੱਘ ਵਰਗਾ ਸਜਣਾ ਪਿਆਰ ਤੇਰਾ
ਜੀਵਨ ਨੂੰ ਹਰ ਦਿਸ਼ਾ ਤੋਂ ਰੌਸ਼ਨ ਪਿਆ ਬਣਾਵੇ।

ਕਾਲੇ ਬਦਲਾਂ ਦੇ ਜਦ ਕਿੰਗਰੇ, ਲਟਲਟ ਕਰਦੇ ਚਾਨਣ ਨਾਲ
ਜਾਪੇ ਜੀਕਣ ਲਸ਼ ਲਸ਼ ਕਰਦਾ, ਮੱਥਾ ਤੇਰਾ ਖੁੱਲ੍ਹੇ ਵਾਲ।

ਉਕਤ ਸ਼ਿਅਰਾਂ ਵਿੱਚ ਰੂਪਕ ਅਲੰਕਾਰ ਵੀ ਝਲਕਦਾ ਹੈ। ਉਸ ਨੇ ਬਹੁਤ ਸਾਰੇ ਸ਼ਿਅਰਾਂ ਵਿੱਚ ਐਸੇ ਗੁਣ ਪੈਦਾ ਕੀਤੇ ਹਨ:

ਚਾਨਣ ‘ਚ ਨ੍ਹਾਕੇ ਯਾਰਾ ਨਿਖਰੇ ਨੇ ਅੰਗ ਤੇਰੇ
ਫੁੱਲਾਂ ਦੀ ਸੇਜ ਉੱਤੇ ਉਤਰੇ ਜਿਵੇਂ ਸਵੇਰੇ।
ਕਲੀਆਂ ਦੇ ਵਾਂਗ ਖਿੜਦੀ ਮੁਖੜੇ ਬਹਾਰ ਤੇਰੇ
ਬੋਲਾਂ ਚੋਂ ਮਹਿਕ ਆਵੇ ਹਾਸਾ ਵੀ ਫੁੱਲ ਕੇਰੇ।

ਦਰਿਸ਼ ਚਿਤਰਨ ਜਾਂ ਮੰਜ਼ਰਕਸ਼ੀ:

ਬੜੀ ਵੇਰ ਸ਼ਾਇਰ ਆਪਣੇ ਅਨੂਠੇ ਸ਼ਬਦਾਂ ਰਾਹੀਂ ਧਰਤੀ ਦੇ ਕਿਸੇ ਟੁਕੜੇ ਦਾ, ਵਿਹਾਰ ਦਾ ਜਾਂ ਜ਼ਿੰਦਗੀ ਦੀ ਸਰਗਰਮੀਂ ਦਾ ਦ੍ਰਿਸ਼ ਇਨ ਬਿਨ ਪਾਠਕਾਂ ਦੇ ਸਾਹਮਣੇ ਲਿਆ ਦੇਵੇ ਤਾਂ ਕਾਵਿ ਵਿੱਚ ਇਹ ਗੁਣ ਪੈਦਾ ਹੁੰਦਾ ਹੈ। ਸੰਧੂ ਦੇ ਸ਼ਿਅਰਾਂ ਵਿੱਚ ਇਹ ਗੁਣ ਜ਼ਿਕਰ ਯੋਗ ਹੈ:

ਫੇਰ ਕਬੂਤਰ ਦਾ ਇਕ ਜੋੜਾ ਬੈਠਾ ਆਣ ਬਨੇਰੇ ਤੇ
ਮੇਰੀ ਨਾ ਤਨਹਾਈ ਜਾਵੇ ਕੋਹੇ ਸ਼ਾਮ ਸਵੇਰੇ ਤੇ।

ਤੇਰੀ ਛਵੀ ਹੀ ਨਜ਼ਰ ਆਵੇ ਹਰ ਜਗ੍ਹਾ
ਪਲ ਪਲ ਨਿਹਾਰਾਂ ਘਰ ‘ਚ ਤੇਰੀ ਜੋ ਵੀ ਸ਼ੈ।

ਵਿਅੰਗ ਜਾਂ ਤਨਜ਼ :

ਸ਼ਾਇਰੀ ਵਿੱਚ ਗੰਭੀਰ ਤਨਜ਼ ਜਾਂ ਵਿਅੰਗ ਦੀ ਖ਼ਾਸ ਥਾਂ ਹੁੰਦੀ ਹੈ। ਬੜੀ ਵੇਰ ਤਨਜ਼ ਦੀ ਪੇਸ਼ਕਾਰੀ, ਗੰਭੀਰ ਵਿਸ਼ੇ ਦੀ ਪੇਸ਼ਕਾਰੀ ਨੂੰ ਵੀ ਆਸਾਨ ਅਤੇ ਪਾਠਕ, ਸਰੋਤੇ ਨੂੰ ਝੰਜੋੜਣ ਵਾਲੀ ਹੋ ਜਾਂਦੀ ਹੈ। ਐਸੀ ਪੇਸ਼ਕਾਰੀ ਹੈ ਕਿ ਜੇਕਰ ਸਿੱਧੀ ਗੱਲ ਕੀਤੀ ਜਾਂਦੀ ਤਾਂ ਉਸਦਾ ਐਸਾ ਅਸਰ ਨਹੀਂ ਸੀ ਹੋਣਾ। ਜ਼ਰਾ ਵੇਖੋ:

ਕੈਸੀ ਤੇਹ ਮਿਟਾਵਣ ਖ਼ਾਤਰ, ਪੁੱਠੇ ਖੂਹ ਤੂੰ ਗੇੜ ਰਿਹੈਂ
ਰਾਹੇ ਜਾਂਦੇ ਜਾਣੇ ਬੁੱਝੇ, ਉਂਗਲੀ ਦੇਕੇ ਛੇੜ ਰਿਹੈਂ।

ਵਿਰੋਧਾਭਾਸ ਜਾਂ ਤਕਰਾਰ :

ਜਦ ਇਕ ਹੀ ਸ਼ਿਅਰ ਜਾਂ ਮਿਸਰੇ ਵਿੱਚ ਦੋ ਵਿਰੋਧੀ ਸ਼ਬਦ ਇਕ ਹੀ ਅਰਥ ਨੂੰ ਪਹੁੰਚਣ ਤਾਂ ਇਹ ਖ਼ੂਬੀ ਪੈਦਾ ਹੁੰਦੀ ਹੈ। ਜਿਵੇਂ ਸੰਧੂ ਦਾ ਸ਼ਿਅਰ ਹੈ:

ਜ਼ੁਲਮੋਂ ਸਿਤਮ ਕਰਦਾ ਰਿਹਾ ਹਰ ਵਕਤ ਹੀ ਤੇ ਇਹ ਸਮਾਂ
ਹਰ ਪ੍ਰੀਤ ਪਰ ਆਜ਼ਾਦ ਹੈ ਨਾ ਵਕਤ ਦੀ ਬਾਂਦੀ ਰਹੀ।

ਇਸ ਸ਼ਿਅਰ ਵਿੱਚ ਆਜ਼ਾਦ ਤੇ ਬਾਂਦੀ ਵਿਰੋਧੀ ਸ਼ਬਦ ਹਨ ਪਰ ਅਰਥ ਇਕੋ ਦਰਸਾਉਂਦੇ ਹਨ।

ਤਕਰਾਰ ਲਫ਼ਜ਼ੀ :

ਸਿਆਣੇ ਸ਼ਾਇਰ ਸ਼ਿਅਰ ਵਿੱਚ ਸੁੰਦਰਤਾ ਲਿਆਉਣ ਲਈ ਇਕ ਹੀ ਸ਼ਬਦ ਨੂੰ ਦੋ ਜਾਂ ਕਈ ਵਾਰ ਲਿਆਕੇ ਖ਼ੂਬਸੂਰਤੀ ਪੈਦਾ ਕਰਦੇ ਹਨ। ਇਹ ਖ਼ੂਬੀ ਸੰਧੂ ਵਿੱਚ ਵੀ ਹੈ ਜਿਵੇਂ:

ਜਾਣਦੈਂ ਤੂੰ ਜ਼ਾਤ ਇੱਕੋ ਏਸ ਮਾਨਵ ਜ਼ਾਤ ਦੀ
ਧਰਮ ਦੇ ਨਾਂ ਲੋਕ ਤੂੰ ਕਿਓ ਪਾੜਦਾ ਹੈਂ ਬੁਜ਼ਦਿਲਾ।

ਜਮ੍ਹਾਂ ਜਾਂ ਇਕਸਾਰਤਾ :

ਜਦ ਸ਼ਿਅਰ ਵਿੱਚ ਇਕ ਹੀ ਕਿਸਮ ਦੀਆਂ ਵਸਤਾਂ ਜਾਂ ਵਰਤਾਰਿਆ ਦਾ ਜ਼ਿਕਰ ਆਵੇ ਤਾਂ ਇਹ ਗੁਣ ਪੈਦਾ ਹੁੰਦਾ ਹੈ ਜਿਵੇਂ:

ਵਰਤ ਰੋਜ਼ੇ ਹੱਜ ਤੀਰਥ ਨਾ ਕਿਸੇ ਵੀ ਕੰਮ ਦੇ
ਜੇ ਨਹੀਂ ਕਿਰਦਾਰ ਤੇਰਾ ਸਾਂਝ ਭਾਈਵਾਲ ਦਾ।

ਪ੍ਰੋ. ਸੰਧੂ ਦੀ ਸ਼ਾਇਰੀ ਵਿੱਚ ਹੋਰ ਵੀ ਬਹੁਤ ਸਾਰੀਆਂ ਖ਼ੂਬੀਆਂ ਹਨ ਜਿਨ੍ਹਾਂ ਤੋਂ ਉਸ ਦੀ ਸ਼ਾਇਰੀ ਦੀ ਸਮਰਥਾ ਦਾ ਅੰਦਾਜ਼ਾ ਹੁੰਦਾ ਹੈ। ਉਸ ਦੇ ਕਈ ਸ਼ਿਅਰ ਮੁਹਾਵਰਾ ਬਣਨ ਦੇ ਯੋਗ ਹਨ। ਉਹ ਪ੍ਰਚਲਤ ਮਿੱਥਾਂ, ਮੁਹਾਵਰਿਆਂ ਅਤੇ ਇਤਹਾਸਿਕ ਪਾਤਰਾਂ ਨੂੰ ਬਹੁਤ ਖ਼ੂਬੀ ਨਾਲ ਵਰਤਦਾ ਹੈ। ਸਿਕੰਦਰ, ਸੀਜ਼ਰ, ਹਿਟਲਰ, ਪੋਰਸ, ਬਾਬਰ, ਗੁਰੂ ਨਾਨਕ, ਮਰਦਾਨਾ, ਗੁਰੂ ਗੋਬਿੰਦ ਸਿੰਘ, ਗੁਰੁ ਅਰਜਨ, ਮੀਆਂ ਮੀਰ, ਲਾਲੋ, ਰਾਮ, ਮੁਹੰਮਦ, ਬੁੱਧ, ਰਾਵਣ, ਦੁਰਯੋਧਨ, ਸੁਗਰੀਵ, ਬਾਲੀ, ਧੰਨਾ, ਕੋਹ ਤੂਰ, ਨਮਰੂਦ, ਈਸਾ, ਪਿਕਾਸੋ, ਭੀਲਣੀ ਦੇ ਬੇਰ, ਗੰਗਾ ਜਲ, ਆਬੇ ਜ਼ਮਜ਼ਮ, ਹੀਰ, ਰਾਂਝਾ, ਕੈਦੋਂ, ਮਿਰਜ਼ਾ, ਸਾਹਿਬਾਂ, ਸੁਹਣੀ, ਸ਼ੀਰੀਂ, ਫਰਹਾਦ, ਪੂਰਨ, ਝਨਾ, ਸੱਸੀ, ਪੁਨੂੰ,

ਕਲ੍ਹਾ ਕਲੰਦਰ, ਨੜੋਇਆ, ਸ਼ੇਖੀ ਬਖੇਰਨਾ, ਪੰਜ ਪਾਣੀਆਂ, ਬੁਰਦਾਂ, ਮਿਰਗ ਤਰਿਸ਼ਨਾ, ਔਂਸੀਆਂ, ਜਾਮੇਜਮ, ਆਰਤੀ ਦੇ ਦੀਵੇ, ਆਸਾਂ ਦੇ ਦੀਪ, ਬੇੜੀ ਮਲਾਹ ਦੇ ਬਾਝੋਂ, ਪੁਲਸਰਾਤ ਆਦਿ ਵਰਤ ਕੇ ਉਹ ਅਰਥ ਸੰਚਾਰਤਾ ਤੀਖਣ ਬਣਾ ਲੈਂਦਾ ਹੈ।

ਉਸ ਦੀਆਂ ਗ਼ਜ਼ਲਾਂ ਦੇ ਕਾਫੀਏ, ਰਦੀਫ ਨਵੇਂ ਤੋਂ ਨਵੇਂ ਹਨ। ਉਸ ਦੇ ਮਤਲੇ ਸੂਰਜ ਦੇ ਉਦੈ ਹੋਣ ਵਾਂਗ ਹਨ। ਉਸ ਦੀ ਸ਼ਬਦਾਵਲੀ ਅਸਰ ਭਰਪੂਰ ਤੇ ਅਰਥ ਸੰਚਾਰ ਵਾਲੀ ਹੈ। ਉਹ ਜੁਗਨੂੰ, ਦੀਵੇ, ਰਾਹ, ਸਮੁੰਦਰ, ਨਦੀਆਂ, ਨਫਰਤਾਂ, ਕਾਂਗ, ਬਾਜ਼, ਘੁੱਗੀਆਂ, ਜੰਗਲ, ਛਾਵਾਂ, ਦੁੱਪਾਂ, ਰੁੱਖ, ਬਰਫ, ਨਵਤਨੇ, ਪਰਿੰਦੇ, ਪਿੰਜਰੇ, ਡਾਲਰ, ਘੱਲੂ ਘਾਰੇ, ਦਰਸ, ਚਮਨ, ਕਹਿਕਸ਼ਾਂ, ਜੁਗਤ, ਮਿਸਲ, ਕਲੀਆਂ, ਮਹਿਕ, ਅੰਗਾਰ, ਇਲਮ, ਰਾਹਬਰ, ਰਾਹਜ਼ਨ, ਸਾਕਤੇ, ਰਮਤਾ, ਹੋਲੀ, ਨੈਣ ਮਮੋਲੇ, ਮਸਤ ਕਲੰਦਰ, ਦਨਦਨਾਂਦੇ, ਕਲਮ, ਕਸਕ, ਚੋਜੀ ਆਦਿ ਆਮ ਸ਼ਬਦਾਂ ਦੀ ਵਰਤੋਂ ਨਾਲ ਅਰਥਾਂ ਨੂੰ ਸਹਿਜ ਪਰਤ ਉੱਤੇ ਲੈ ਆਉਂਦਾ ਹੈ।

ਸੰਧੂ ਦੇ ਬਹਿਰ ਤੇ ਛੰਦ :

ਜਿਵੇਂ ਕਿ ਇਸ ਲੇਖ ਦੇ ਕਈ ਪੜਾਵਾਂ ਵਿੱਚ ਮੈਂ ਦਾਅਵਾ ਕੀਤਾ ਹੈ ਕਿ ਪ੍ਰੋ. ਸੰਧੂ ਦੀਆਂ ਇਹ ਸਮੁਚੀਆਂ 423 ਗ਼ਜ਼ਲਾਂ ਛੰਦਾਂ ਜਾਂ ਬਹਿਰਾਂ ਵਿੱਚ ਪੂਰੀਆਂ ਹਨ। ਲਗਦੀ ਵਾਹੇ ਉਹ ਬਹਿਰ ਟੁੱਟਣ ਨਹੀਂ ਦੇਂਦਾ। ਉਸਨੇ ਬਹਿਰ ਰਮਲ ਦੇ ਕਈ ਜ਼ਿਹਾਫੀ ਰੂਪ, ਹਜ਼ਜ ਸਾਲਿਮ ਅਤੇ ਜ਼ਿਹਾਫੀ, ਬਹਿਰ ਖ਼ਫੀਫ, ਮੁਜ਼ਾਰਿਆ, ਅਖਰਬ ਮਕਫੂਫ ਮਹਿਜ਼ੂਫ, ਰਮਲ ਮਕਸੂਰ ਅਤੇ ਹੋਰ ਕਈ ਬਹਿਰ ਬਾਖ਼ੂਬੀ ਨਿਭਾਏ ਹਨ। ਉਸ ਨੇ ਪਿੰਗਲ ਦੇ ਵੀ ਕਈ ਛੰਦ ਅਪਣਾਏ ਹਨ। ਉਸਦੀਆਂ ਸਾਰੀਆਂ ਗ਼ਜ਼ਲਾਂ ਦੇ ਬਹਿਰਾਂ ਦੀ ਵਿਆਖਿਆ ਲਈ ਤਾਂ ਇਕ ਹੋਰ ਲੇਖ ਦੀ ਲੋੜ ਹੈ ਅਲਬਤਾ ਮੈਂ ਪੁਸਤਕ ਦੀ ਪਹਿਲੀ ਤੇ ਆਖ਼ਰੀ ਗ਼ਜ਼ਲ ਦੇ ਇਕ ਇਕ ਸ਼ਿਅਰ ਦੀ ਤਕਤੀਹ ਕਰਕੇ ਆਪਣੀ ਗੱਲ ਦੀ ਪੁਸ਼ਟੀ ਕਰਾਂਗਾ। ਤਕਤੀਹ:

* ਗਾ ਜ਼ਿੰਦਗੀ ਦੇ ਗੀਤ ਤੂੰ ਬਾਂਕੀ ਰਬਾਬ ਵਾਂਗ
ਆਪਾ ਖਿੜੇਗਾ ਦੋਸਤਾ ਸੂਹੇ ਗੁਲਾਬ ਵਾਂਗ।

ਬਹਿਰ: ਮੁਜਾਰਿਆ ਮੁਸੱਮਨ ਅਖਰਬ ਮਕਫੂਫ
ਵਜ਼ਨ: ਮਫਊਲ ਫਾਇਲਾਤ ਮੁਫਾਈਲ ਫਾਇਲਾਤ
S S1 S 1 S1 1SS1 S 1 S1

| | | | | | | | | | | | | | |
|---|---|---|---|---|---|---|---|---|---|---|---|---|---|
| ਮਫ | ਊ | ਲ | ਫਾ | ਇ | ਲਾ | ਤ | ਮੁ | ਫਾ | ਈ | ਲ | ਫਾ | ਇ | ਲਾ | ਤ |
| S | S | 1 | S | 1 | S | 1 | 1 | S | S | 1 | S | 1 | S | 1 |
| ਗਾ | ਜ਼ਿੰ | ਦ | ਗੀ | ਦਿ | ਗੀ | ਤ | ਤੂੰ | ਬਾਂ | ਕੀ | ਰ | ਬਾ | ਬ | ਵਾਂ | ਗ |
| ਆ | ਪਾ | ਖਿ | ੜੇ | ਗਾ | ਦੋ | ਸ | ਤਾ | ਬਾਂ | ਕੀ | ਰ | ਬਾ | ਬ | ਵਾਂ | ਗ |

ਇਸ ਤਕਤੀਹ ਤੋਂ ਸਪਸ਼ਟ ਹੁੰਦਾ ਹੈ ਕਿ ਸ਼ਮਸ਼ੇਰ ਸਿੰਘ ਸੰਧੂ ਨੇ ਇਕ ਔਖੇ ਬਹਿਰ ਨੂੰ ਵੀ ਬੜੇ ਸਲੀਕੇ ਅਤੇ ਉੱਚੇ ਸ਼ਿਲਪ ਨਾਲ ਨਿਭਾਇਆ ਹੈ।

ਆਖ਼ਰੀ ਗ਼ਜ਼ਲ ਨੰਬਰ 423 ਦੇ ਬਹਿਰ ਦੀ ਤਕਤੀਹ:

- ਗੰਗਾ ਜਲ ਤੇ ਆਬੇ ਜ਼ਮਜ਼ਮ ਪੀਕੇ ਵੇਖੇ
  ਉਸ ਚੋਂ ਮੈਨੂੰ ਹਰਮੰਦਰ ਦੇ ਪੈਣ ਭੁਲੇਖੇ।

ਬਹਿਰ: ਮੁਤਦਾਰਿਕ (6 ਫੇਲੁਨ)

ਵਜ਼ਨ: ਫੇ+ਲੁਨ ਫੇ+ਲੁਨ ਫੇ+ਲੁਨ ਫੇ+ਲੁਨ ਫੇ+ਲੁਨ ਫੇ+ਲੁਨ

ਤਕਤੀਹ:

| | | | | | | | | | | | |
|---|---|---|---|---|---|---|---|---|---|---|---|
| ਫੇ+ਲੁਨ= | | ਫੇ+ਲੁਨ= | | ਫੇ+ਲੁਨ= | | ਫੇ+ਲੁਨ= | | ਫੇ+ਲੁਨ= | | ਫੇ+ਲੁਨ | |
| S | S | S | S | S | S | S | S | S | S | S | S |
| ਗੰ | ਗਾ | ਜਲ | ਤੇ | ਆ | ਬੇ | ਜ਼ਮ | ਜ਼ਮ | ਪੀ | ਕੇ | ਵੇ | ਖੇ |
| ਉਸ | ਚੋਂ | ਮੈਂ | ਨੂੰ | ਹਰਿ | ਮੰ | ਦਰ | ਦੇ | ਪੈ | ਣਭੁ | ਲੇ | ਖੇ |

ਇਸ ਗ਼ਜ਼ਲ ਦੇ ਵੀ ਸਾਰੇ ਸ਼ਿਅਰ ਬਹਿਰ ਵਿੱਚ ਹਨ।

ਉਪਰੋਕਤ ਚਰਚਾ ਪਿਛੋਂ ਅਸੀਂ ਇਸ ਸਿੱਟੇ ਉੱਤੇ ਪਹੁੰਚਣ ਦੇ ਸਮਰੱਥ ਹੋਏ ਹਾਂ ਕਿ ਸ਼ਮਸ਼ੇਰ ਸਿੰਘ ਸੰਧੂ ਇਕ ਸਫਲ ਪੰਜਾਬੀ ਗ਼ਜ਼ਲਕਾਰ ਹੈ ਜਿਸ ਦੀਆਂ ਗ਼ਜ਼ਲਾਂ ਵਿੱਚ ਉਹ ਸਾਰੇ ਗੁਣ ਹਨ ਜੋ ਵਧੀਆ ਗ਼ਜ਼ਲਾਂ ਵਿੱਚ ਹੋਣੇ ਲਾਜ਼ਮ ਹਨ ਅਤੇ ਇਹ ਵੀ ਕਿ ਉਹਦੀਆਂ ਗ਼ਜ਼ਲਾਂ ਦਾ ਸ਼ਿਲਪ ਅਤੇ ਤਕਨੀਕ, ਹੁਨਰ ਬਾਕਮਾਲ ਹੈ। ਉਸ ਦੀਆਂ ਗ਼ਜ਼ਲਾਂ ਵਿੱਚ ਬਹਿਰ ਵੀ ਪਰੀਪੂਰਨ ਹੈ।

ਉਸਤਾਦੀ ਨਜ਼ਰੀਏ ਤੋਂ ਜੇ ਕਰ ਨਿਕੀਆਂ ਮੋਟੀਆਂ ਉਕਾਈਆਂ ਨੂੰ ਛੱਡ ਦੇਈਏ ਤਾਂ ਪਾਠਕਾਂ ਵਾਸਤੇ ਸ਼ਮਸ਼ੇਰ ਸਿੰਘ ਸੰਧੂ ਦਾ ਇਹ 'ਗੀਤ ਤੋਂ ਸੁਲਗਦੀ ਲੀਕ ਤਕ' ਗ਼ਜ਼ਲ ਗ੍ਰੰਥ ਮਾਨਣ ਅਤੇ ਸਾਂਭਣ ਯੋਗ ਰਚਨਾ ਹੈ।


**ਸੁਲੱਖਣ ਸਿੰਘ ਸਰਹੱਦੀ**

ਮੀਤ ਪ੍ਰਧਾਨ, ਕੇਂਦਰੀ ਪੰਜਾਬੀ ਲਿਖਾਰੀ ਸਭਾ (ਰਜਿ)
ਸੀਨੀਅਰ ਮੀਤ ਪ੍ਰਧਾਨ, ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ
ਉਪ-ਸੰਪਾਦਕ: ਚਿਰਾਗ
ਉਪ-ਸੰਪਾਦਕ; ਪੰਜਾਬ ਰੰਗ
(ਪੱਛਮੀਂ ਪੰਜਾਬ ਦਾ ਸਰਕਾਰੀ ਸਾਹਿਤਕ ਮੈਗਜ਼ੀਨ)
ਫਾਊਂਡਰ ਪ੍ਰਧਾਨ, ਲੋਕ ਲਿਖਾਰੀ ਸਭਾ, ਕਾਦੀਆਂ

ਪਿੰਡ ਕੁਹਾੜ, ਡਾਕਖਾਨਾ ਡਿਹਰੀਵਾਲ ਦਰੋਗਾ, ਵਾਇਆ ਨਸ਼ਹਿਰਾ ਮੱਝਾ ਸਿੰਘ
ਜ਼ਿਲ੍ਹਾ ਗੁਰਦਾਸਪੁਰ- 143518 ਫੋਨ; 0187-426-5416,
0187- 268-7819 ਮੋਬਾਈਲ- 941-748-4337

# ਜਾਣ ਪਹਿਚਾਨ

ਨਾਮ ਸ਼ਮਸ਼ੇਰ ਸਿੰਘ ਸੰਧੂ
ਰੀਟਾਇਰਡ: ਪੀ.ਈ.ਐਸ (1) ਡਿਪਟੀ ਡਾਇਰੈਕਟਰ ਸਿਖਿਆ ਵਿਭਾਗ,ਪੰਜਾਬ।
ਵਿਦਿਅਕ ਯੋਗਤਾ: **M.A.; M.Ed.**
ਐਮ.ਏ. (ਪੰਜਾਬੀ ) 1957 ਗੌਰਮਿੰਟ ਕਾਲਜ, ਲੁਧਿਆਣਾ,
ਪੰਜਾਬ ਯੁਨੀਵਰਸਿਟੀ, ਚੰਡੀਗੜ੍ਹ।
ਐਮ.ਐਡ. 1960 ਗਾਂਧੀ ਵਿਦਿਆ ਮੰਦਰ, ਸਰਦਾਰ ਸ਼ਹਿਰ,
ਰਾਜਿਸਤਾਨ ਯੂਨੀਵਰਸਿਟੀ, ਜੈਪੁਰ।
ਮਾਤਾ: ਸਰਦਾਰਨੀ ਮਨਜੀਤ ਕੌਰ ਸੰਧੂ
ਪਿਤਾ: ਸਰਦਾਰ ਮੋਹਨ ਸਿੰਘ ਸੰਧੂ ਰੀ. ਐਸ.ਆਈ; ਪੁਲੀਸ
(ਬਾਨੀ: ਪੁਲੀਸ ਰੈਕਰੂਟ ਟ੍ਰੇਨਿੰਗ ਸੈਂਟਰ, ਜਹਾਨ ਖੇਲਾਂ, ਹੋਸ਼ਿਆਰਪੁਰ)
ਚਾਚਾ: ਸ. ਬਖਸ਼ੀਸ਼ ਸਿੰਘ ਸੰਧੂ, ਚਾਚੀ ਦਲਜੀਤ ਕੌਰ ਸੰਧੂ
ਜੀਵਾ ਭੇਡੀਆਂ, ਫੀਰੋਜ਼ਪੁਰ
ਜਨਮ ਸਥਾਨ:ਪਿੰਡ ਸਹਿਜਰਾ, ਤਹਿਸੀਲ ਕਸੂਰ, ਜ਼ਿਲਾ ਲਾਹੌਰ (ਹੁਣ ਜ਼ਿਲਾ ਕਸੂਰ)
ਸਹਿਜਰਾ ਖੇਮਕਰਨ ਤੋਂ 3 ਮੀਲ ਅਤੇ ਰੱਤੋਕੇ ਤੋਂ ਮਸਾਂ 1 ਮੀਲ ਪਾਕਿਸਤਾਨ ਵਿੱਚ ਹੈ
ਜਨਮ: 3 ਮਾਰਚ, 1937
ਵਿਛੜਿਆ ਵੀਰ: ਗੁਰਚਰਨ ਸਿੰਘ ਸੰਧੂ (1935–1950)
ਭੈਣਾਂ: 1–ਪਰਗਟਜੀਤ ਕੌਰ, ਪਤਨੀ ਕਰਨਲ ਕੁਲਵੰਤ ਸਿੰਘ ਬਾਠ, ਪਟਿਆਲਾ
2–ਸਿਮਰਨਜੀਤ ਕੌਰ, ਪਤਨੀ ਜਸਪਾਲ ਸਿੰਘ ਔਲਖ, ਅਮ੍ਰਿਤਸਰ
ਪਿਆਰ: 1955
ਸ਼ਾਦੀ: 3 ਦਸੰਬਰ, 1960
ਪਤਨੀ: ਪ੍ਰੋ. ਮੁਹਿੰਦਰ ਕੌਰ ਸੰਧੂ ਐਮ.ਏ; ਬੀ.ਐਡ.
(ਜਨਮ:23 ਅਕਤੂਬਰ 1937)
ਸੱਸ: ਸਰਦਾਰਨੀ ਕਰਤਾਰ ਕੌਰ ਪਨੂੰ
ਸਹੁਰਾ: ਸਰਦਾਰ ਸੋਹਣ ਸਿੰਘ ਸੀਤਲ (ਪਨੂੰ)
ਸਾਹਿਤ ਅਕੈਡਮੀ ਅਵਾਰਡ ਪ੍ਰਾਪਤ
ਸਾਲੇ: 1– ਰਵਿੰਦਰ ਸਿੰਘ ਪਨੂੰ ਕੈਲਗਰੀ
2– ਸੁਰਜੀਤ ਸਿੰਘ ਸੀਤਲ ਕੈਲਗਰੀ
3– ਡਾਕਟਰ ਰਘਬੀਰ ਸਿੰਘ ਸੀਤਲ, ਕੈਲਗਰੀ
ਔਲਾਦ: 1– ਹਰਪ੍ਰੀਤ ਸਿੰਘ ਸੰਧੂ **M.Sc.(Bio-Chemistry)** ਕੈਲਗਰੀ
ਨਹੁੰ–ਹਰਪ੍ਰੀਤ ਕੌਰ ਸੰਧੂ,
ਪੋਤੀਆਂ–ਨਵਰੀਤ ਕੌਰ, ਹਰਲੀਨ ਕੌਰ ਤੇ ਸਰੀਨਾ
2– ਪ੍ਰੋ. ਡਾ. ਜਸਜੀਤ ਕੌਰ ਰੰਧਾਵਾ **M.Sc; Ph.D.**
ਖ਼ਾਲਸਾ ਕਾਲਜ,ਅਮ੍ਰਿਤਸਰ
ਦਾਮਾਦ–ਡਾ: ਕੰਵਲਜੀਤ ਸਿੰਘ ਰੰਧਾਵਾ, **M.B.B.S**
ਦੋਹਤਾ–ਸਿਮਰਪਾਲ ਸਿੰਘ ਰੰਧਾਵਾ, ਦੋਹਤੀ–ਸਮਰੀਤ ਕੌਰ
3– ਦਮਨਮੀਤ ਸਿੰਘ ਸੰਧੂ **B. Com**– ਕੈਲਗਰੀ
ਨਹੁੰ– ਰਾਜਵਿੰਦਰ ਕੌਰ ਸੰਧੂ **M.Sc.(Physics) B.Ed.**
ਪੋਤੇ– ਚੇਤਨਬੀਰ ਸਿੰਘ ਸੰਧੂ ਤੇ ਅਜੈਬੀਰ ਸਿੰਘ ਸੰਧੂ